ਕਰਮ ਸਿੰਘ ਹਿਸਟੋਰੀਅਨ

ਦੀ

# ਇਤਿਹਾਸਕ ਖੋਜ

(ਸਿੱਖ ਰਾਜ ਪੂਰਬਲਾ ਸਮਾਂ)

ਭਾਗ ਤੀਜਾ

ਸੰਪਾਦਕ

ਹੀਰਾ ਸਿੰਘ 'ਦਰਦ'

ਪ੍ਰਕਾਸ਼ਕ

ਸਿੱਖ ਇਤਿਹਾਸ ਰੀਸਰਚ ਬੋਰਡ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ।

SikhBookClub.com

੧ੴ ਵਾਹਿਗੁਰੂ ਜੀ ਕੀ ਫ਼ਤਹ॥

# ਸ੍ਰ. ਕਰਮ ਸਿੰਘ ਹਿਸਟੋਰੀਅਨ ਦੀ

# ਇਤਿਹਾਸਕ ਖੋਜ

(ਸਿੱਖ ਰਾਜ ਦਾ ਪੂਰਬਲਾ ਸਮਾਂ)

## ਭਾਗ ੩

ਸੰਪਾਦਕ
ਹੀਰਾ ਸਿੰਘ 'ਦਰਦ'

ਸਿੱਖ ਇਤਿਹਾਸ ਰੀਸਰਚ ਬੋਰਡ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

SikhBookClub.com

ਪ੍ਰਕਾਸ਼ਕ:-
ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਸ੍ਰੀ ਅੰਮ੍ਰਿਤਸਰ।

ਜੁਲਾਈ, ੨੦੧੪ ੩,੦੦੦

ਛਾਪਣ ਵਾਲੇ :
ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ),
ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ। *ਪ੍ਰਿੰਟਰ:* ਸ. ਸੁਰਜੀਤ ਸਿੰਘ

ਟਾਈਪ ਸੈਟਿੰਗ : ਕੇ. ਐਸ. ਕੰਪਿਊਟਰ ਗਰਾਫਿਕਸ ੧੭੫, ਗੋਲਡਨ ਕਲਾਥ ਮਾਰਕੀਟ ਅੰਮ੍ਰਿਤਸਰ।

SikhBookClub.com

# ਤ ਤ ਕ ਰਾ


(ੳ) ਦੋ ਸ਼ਬਦ

(ਅ) ਚੌਥੀ ਸੰਸਕਰਣ ਦੀ ਆਰੰਭਿਕਾ

**ਪਛਾਣ**

| | |
|---|---|
| ੧- ਰੰਘਰੇਟੇ ਜਾਂ ਮਜ਼ਹਬੀ ਸਿੰਘ | ੫ |
| ੨- ਰਾਮਗੜ੍ਹੀਏ ਕੀਕੂੰ ਬਣੇ ? | ੯ |

**ਕੁਝ ਵਿਅਕਤੀ**

| | |
|---|---|
| ੩- ਚੌਧਰੀ ਲੰਗਾਹ | ੧੫ |
| ੪- ਬਾਬਾ ਦੀਪ ਸਿੰਘ ਜੀ ਸ਼ਹੀਦ | ੨੪ |
| ੫- ਭਾਈ ਤਾਰਾ ਸਿੰਘ ਜੀ ਸ਼ਹੀਦ | ੨੬ |
| ੬- ਸ੍ਰ: ਜੈ ਸਿੰਘ ਕੁਮੇਦਾਨ | ੩੯ |
| ੭- ਸਰਦਾਰਨੀ ਸਦਾ ਕੌਰ | ੪੧ |

**ਸਾਹਿਤ**

| | |
|---|---|
| ੮- ਇਤਿਹਾਸਕ ਵਾਰਾਂ | ੫੦ |
| ੯- ਵਾਰ ਸੰਧਾਂਵਾਲੀਆਂ | ੫੫ |
| ੧੦- ਕਵੀ ਸੁੰਦਰ ਦਾਸ 'ਆਰਾਮ' | ੭੫ |
| ੧੧- ਜੰਗਨਾਮਾ ਕਾਜ਼ੀ ਨੂਰਦੀਨ | ੭੭ |

**ਫੁਟਕਲ**

| | |
|---|---|
| ੧੨- ਮਿਰਜ਼ਾ ਸਾਹਿਬਾਂ ੧ | ੧੩੦ |
| ਮਿਰਜ਼ਾ ਸਾਹਿਬਾਂ ੨ | ੧੩੫ |
| ਮਿਰਜ਼ਾ ਸਾਹਿਬਾਂ ੩ | ੧੩੮ |
| ੧੩- ਸੋਹਣੀ ਮਹੀਂਵਾਲ | ੧੪੩ |
| ੧੪- ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਨ | ੧੪੮ |

**ਅੰਤਿਕਾ**

| | |
|---|---|
| ੧੫- ਰਾਣੀ ਜਿੰਦ ਕੌਰ | ੧੫੦ |


SikhBookClub.com

# ਚੌਥੇ ਸੰਸਕਰਣ ਦੀ ਆਰੰਭਿਕਾ

ਸ੍ਰ: ਕਰਮ ਸਿੰਘ ਹਿਸਟੋਰੀਅਨ ਦੀ ਰਚਨਾ 'ਇਤਿਹਾਸਕ ਖੋਜ' ਚਿਰੋਕਣੀ 'ਕਲਾਸਿਕ ਦਾ ਦਰਜਾ ਲੈ ਚੁਕੀ ਹੈ। ਇਸ ਦੇ ਤਿੰਨ ਸੰਸਕਰਣ ਪਾਠਕਾਂ ਅਤੇ ਵਿਦਵਾਨਾਂ ਵੱਲੋਂ ਖ਼ੂਬ ਸਲਾਹੇ ਗਏ ਹਨ। ਹੁਣ ਜਦ ਕਿ ਸਾਡੀਆਂ ਯੂਨੀਵਰਸਿਟੀਆਂ ਵਿਚ ਇਤਿਹਾਸ ਪੜ੍ਹਨ ਪੜ੍ਹਾਉਣ ਦਾ ਮਾਧਿਅਮ, ਪੰਜਾਬੀ ਭਾਸ਼ਾ ਪਰਵਾਣਿਤ ਹੋ ਚੁੱਕਾ ਹੈ—ਅਗਲਾ ਸੰਸਕਰਣ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਸ ਮੁੱਦੇ ਨੂੰ ਧਿਆਨ ਵਿਚ ਰੱਖ ਕੇ ਸਾਰੀ ਪੋਥੀ ਨੂੰ ਤਿੰਨ ਨਿੱਖੜਵੇਂ ਹਿੱਸਿਆਂ ਵਿਚ ਤਰਤੀਬ ਦਿੱਤੀ ਗਈ ਹੈ। ਅਜਿਹਾ ਕਰਦੇ ਸਮੇਂ ਮੂਲ-ਪਾਠ ਨੂੰ ਬਰਕਰਾਰ ਰੱਖਦੇ ਹੋਏ, ਸਾਰੀ ਸਮੱਗਰੀ ਨੂੰ ਇਸ ਤਰ੍ਹਾਂ ਤਰਤੀਬ ਦਿੱਤੀ ਗਈ ਹੈ ਕਿ ਪਹਿਲੇ ਭਾਗ ਵਿਚ 'ਸਿੱਖ ਰਾਜ ਪੂਰਬਲੀਆਂ ਘਟਨਾਵਾਂ ਆ ਜਾਣ, ਦੂਜੇ ਭਾਗ ਵਿਚ 'ਸਿੱਖ ਰਾਜ ਸਮੇਂ ਦੀਆਂ, ਘਟਨਾਵਾਂ ਬਾਰੇ ਵਾਕਫੀ ਅਤੇ ਤੀਜੇ ਭਾਗ ਵਿਚ ਸ੍ਰ: ਕਰਮ ਸਿੰਘ ਦੇ ਫੁਟਕਲ ਲੇਖ ਸਮੋ ਲਏ ਗਏ ਹਨ। ਅਜਿਹਾ ਕਰਦਿਆਂ ਕੁਝ ਥਾਵਾਂ 'ਤੇ ਲਿਖਤ ਨੂੰ ਕਾਲ ਕ੍ਰਮ ਦੇ ਅਨੁਕੂਲ ਅਗੇਤ-ਪਿਛੇਤ ਦੇਣੀ ਪਈ ਹੈ। ਦੋ ਨਵੇਂ ਲੇਖ ਵੀ ਜੋ ਸਰਦਾਰ ਜੀ ਦੇ ਲਿਖੇ ਹੱਥ ਆਏ, ਪ੍ਰਸੰਗ ਅਨੁਕੂਲ ਜੋੜ ਲਏ ਗਏ ਹਨ।

ਆਸ ਹੈ, ਇਸ ਨਵੇਂ ਸਰੂਪ ਵਿਚ ਇਹ ਰਚਨਾ ਪਾਠਕਾਂ ਅਤੇ ਖੋਜੀਆਂ ਨੂੰ ਪਸੰਦ ਆਏਗੀ।

**ਦੇਵਿੰਦਰ ਸਿੰਘ ਵਿਦਿਆਰਥੀ**
ਇੰਚਾਰਜ,
ਸਿੱਖ ਇਤਿਹਾਸ ਰੀਸਰਚ ਬੋਰਡ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜੁਲਾਈ ੧੯੯੭

SikhBookClub.com

# ੧

# ਰੰਘਰੇਟੇ ਯਾ ਮਜ਼੍ਹਬੀ ਸਿੰਘ[1]

ਸਿੱਖਾਂ ਦੀ ਬੋਲ-ਚਾਲ ਵਿਚ ਜਿਨ੍ਹਾਂ ਨੂੰ ਪਹਿਲੇ 'ਰੰਘਰੇਟੇ' ਕਹਿਆ ਕਰਦੇ ਸਨ, ਉਹੋ ਹੀ ਅੱਜ ਕਲ੍ਹ ਮਜ਼੍ਹਬੀ ਸਿੱਖ ਅਖਵਾਉਂਦੇ ਹਨ। ਚੌਧੇ (੧੮੫੭) ਦੇ ਗਦਰ ਸਮੇਂ ਜਦ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਫੌਜਾਂ ਦੀ ਲੋੜ ਪਈ ਤਾਂ ਰੰਘਰੇਟਿਆਂ ਦੇ ਨਾਲ ਚੂਹੜੇ ਵੀ ਭਰਤੀ ਕਰ ਲੀਤੇ ਗਏ ਅਤੇ ਸਭਸ ਦਾ ਨਾਮ ਅੰਮ੍ਰਿਤ ਛਕਾਉਣ ਯਾ ਨਾ ਛਕਾਉਣ ਤੋਂ ਮਗਰੋਂ ਮਜ਼੍ਹਬੀ ਸਿੰਘ ਹੋ ਗਿਆ।

ਰੰਘਰੇਟੇ ਕੌਣ ਹਨ? ਇਹ ਕਦ ਤੋਂ ਬਣੇ ਤੇ ਸਿੰਘਾਂ ਨਾਲ ਇਨ੍ਹਾਂ ਦਾ ਕੀ ਸਬੰਧ ਹੈ ? ਇਹਨਾਂ ਗੱਲਾਂ ਸੰਬੰਧੀ ਮੈਂ ਕੁਝ ਕੁ ਵਿਚਾਰ ਪੇਸ਼ ਕਰਦਾ ਹਾਂ-

ਸੱਚ ਪੁੱਛੋ ਤਾਂ ਸਿੱਖੀ, ਹਿੰਦੂਆਂ ਦੀ ਜ਼ਾਤ-ਬਰਾਦਰੀ ਅਤੇ ਮੰਨਤ-ਮਨੌਤ ਦੇ ਉਲਟ ਇਕ ਬਗਾਵਤ ਸੀ। ਸਤਿਗੁਰਾਂ ਨੇ ਨੀਚਾਂ ਨੂੰ ਵਡਿਆਇਆ ਅਤੇ ਵੱਡਿਆਂ ਦੇ ਜਾਤੀ-ਅਭਿਮਾਨ ਨੂੰ ਤੋੜਿਆ ਅਰਥਾਤ ਆਪ ਨੇ ਊਚ-ਨੀਚ ਦੀ ਵੰਡ ਉਡਾ ਦਿੱਤੀ ਅਤੇ ਕਰਮਾਂ ਤੋਂ ਵਡਿਆਈ ਦਾ ਅਸੂਲ ਕਾਇਮ ਕੀਤਾ।

ਜੱਟ ਇਕ ਕੌਮ ਹੈ ਜੋ ਮੱਧ ਏਸ਼ੀਆ ਵਲੋਂ ਹਿੰਦੁਸਤਾਨ ਵੱਲ ਵਧੀ। ਇਹਨਾਂ ਦੇ ਨਾਲ ਹੀ ਚੂਹੜੇ ਆਏ, ਜੋ ਜੱਟਾਂ ਵਰਗੇ ਹੀ ਵਹਿਸ਼ੀ ਤੇ ਉਨ੍ਹਾਂ ਦੀ ਹੀਮ-ਕੀਮ ਦੇ ਸਦਾ ਦੇ ਸਾਥੀ ਸਨ। ਹਿੰਦ ਦੀ ਵਸੋਂ ਨੇ ਹੀ ਜੱਟਾਂ ਨੂੰ ਨੀਚ ਨਹੀਂ ਸਮਝਿਆ, ਬਲਕਿ ਹਿੰਦੂਆਂ ਤੋਂ ਮੁਸਲਮਾਨ ਹੋ ਗਈਆਂ ਕੌਮਾਂ ਵੀ ਜੱਟਾਂ ਨੂੰ ਨੀਚ ਹੀ ਸਮਝਦੀਆਂ ਰਹੀਆਂ, ਹਾਲਾਂ ਕਿ ਮੁਸਲਮਾਨਾਂ ਵਿਚ ਊਚ-ਨੀਚ ਦਾ ਇਤਨਾ ਖਿਆਲ ਨਹੀਂ ਜਿਤਨਾ ਹਿੰਦੂਆਂ ਵਿਚ ਹੈ, ਪਰ ਬਲੋਚਿਸਤਾਨ ਵੱਲ ਦੇ ਮੁਸਲਮਾਨ ਅੱਜ ਤੀਕ ਜੱਟਾਂ ਨੂੰ ਨੀਚ ਸਮਝਦੇ ਹਨ।

ਹਿੰਦੁਸਤਾਨ ਦੇ ਕਿਸੇ ਹਿੰਦੂ ਨੂੰ ਪੁੱਛੋ, (ਜੋ ਬ੍ਰਾਹਮਣ ਨਾ ਹੋਵੇ) ਉਹ ਆਪਣੇ ਆਪ ਨੂੰ ਸੂਰਜ-ਬੰਸੀ ਜਾਂ ਚੰਦਰ-ਬੰਸੀ ਹੀ ਕਹਿੰਦਾ ਹੈ। ਇਹ ਰਾਜਪੂਤੀ ਘੁਮੰਡ ਸਰਦੇ-ਪੁਜਦੇ ਤਾਂ ਕਰਨ ਪਰ ਗਰੀਬਾਂ ਨੂੰ ਰਾਜਪੂਤੀ ਤੋਂ ਕੀ ਹਾਸਲ; ਗਰੀਬਾਂ ਨੂੰ ਜਦ ਰਿਸ਼ਤੇ ਨਾਤੇ ਨਾ ਮਿਲੇ ਤਾਂ ਉਹ ਜੱਟਾਂ ਦੇ ਨਾਤੇ ਲੈ ਲੈਂਦੇ ਰਹੇ ਅਤੇ ਇਸ ਤਰ੍ਹਾਂ ਉਹ ਰਾਜਪੂਤਾਂ ਤੋਂ ਡਿੱਗ ਕੇ ਜੱਟ ਹੋ ਜਾਂਦੇ ਰਹੇ। ਅੱਜ ਕਲ੍ਹ ਜੱਟਾਂ ਦੀ ਕਿਸੇ ਗੋਤ ਨੂੰ

---

੧ ਰਸਾਲਾ ਫੁਲਵਾੜੀ, ਜੁਲਾਈ ੧੯੨੮ ਈਸਵੀ।

SikhBookClub.com

ਲੈ ਲਵੋ ਸਭ ਆਪਣਾ ਪਿੱਛਾ ਰਾਜਪੂਤੀ ਵਿਚੋਂ ਹੀ ਕੱਢਦੇ ਹਨ।

ਪਤਾ ਨਹੀਂ, ਪੰਜਾਬ ਵਿਚ ਕੋਈ ਅਸਲ ਜੱਟ ਹੈ ਵੀ ਕਿ ਨਹੀਂ? ਇਸ ਵੇਲੇ ਜੋ ਜੱਟ ਨਜ਼ਰ ਆਉਂਦੇ ਹਨ ਇਹ ਸਭ ਵਿਗੜੇ ਹੋਏ ਰਾਜਪੂਤ ਹੀ ਹਨ ਪਰ ਕੁਝ ਵੀ ਹੋਵੇ, ਸਿੱਖੀ ਦੇ ਪ੍ਰਕਾਸ਼ ਤੋਂ ਪਹਿਲਾਂ ਇਹ ਨੀਚ ਸਨ ਅਤੇ ਅਛੂਤਾਂ ਵਿਚ ਗਿਣੇ ਜਾਂਦੇ ਸਨ।

ਚੂਹੜੇ ਜੱਟਾਂ ਤੋਂ ਵੀ ਨੀਚ ਸਨ ਪਰ ਜੱਟ ਸ਼ੂਦਰਾਂ ਦੇ ਸਿਰ ਉੱਤੇ ਸਨ ਅਤੇ ਚੂਹੜੇ ਸਭ ਸ਼ੂਦਰਾਂ ਤੋਂ ਹੇਠਾਂ। ਸ਼ਰੇਣੀ ਇਕ ਹੀ ਸੀ। ਛੱਤਰੀ ਵੰਸ਼ ਇਹਨਾਂ ਨੂੰ ਨੀਚ ਹੀ ਗਿਣਦੇ ਸਨ।

ਸਿੱਖੀ ਦਾ ਪ੍ਰਕਾਸ਼ ਹੋਇਆ ਅਤੇ ਜਾਤੀ ਅਭਿਮਾਨ ਦਾ ਜ਼ੋਰ ਟੁੱਟਣ ਲੱਗਾ। ਜਦ ਸ੍ਰੀ ਦਸਮੇਸ਼ ਜੀ ਨੇ ਸਿੱਖੀ ਨੂੰ ਪ੍ਰੀਖਿਆ ਦੀ ਕੁਠਾਲੀ ਵਿਚ ਢਾਲਿਆ ਤਾਂ ਇਕ ਖੱਤਰੀ ਤੋਂ ਬਿਨਾਂ ਚਾਰ ਸ਼ੂਦਰ ਹੀ ਪੂਰੇ ਉਤਰੇ। ਸਤਿਗੁਰੂ ਜੀ ਨੇ ਮਸੰਦਾਂ ਨੂੰ ਦੂਰ ਕੀਤਾ ਅਤੇ ਸਾਰੀ ਸੰਗਤ ਨੂੰ ਖਾਲਸਾ ਬਣਾ ਲਿਆ।

ਮੁਗ਼ਲਾਂ ਦੇ ਸਮੇਂ ਜੋ ਪਾਤਸ਼ਾਹ ਦਾ ਆਪਣਾ ਇਲਾਕਾ ਹੁੰਦਾ ਸੀ, ਉਸ ਨੂੰ 'ਖਾਲਸਾ' ਆਖਿਆ ਕਰਦੇ ਸਨ। ਸਤਿਗੁਰ ਜੀ ਨੇ ਮਸੰਦਾਂ ਨੂੰ ਹਟਾ ਕੇ ਸਾਰੀ ਸੰਗਤ ਖਾਲਸਾ ਕਰ ਲਈ ਅਤੇ ਖਾਲਸੇ ਦੇ ਮੋਹਰੀ ਇਹ ਪੰਜ ਪਿਆਰੇ ਹੋਏ, ਜਿਹਨਾਂ ਵਿਚੋਂ ਇਕ ਖੱਤਰੀ ਤੇ ਬਾਕੀ ਸ਼ੂਦਰ ਸਨ। ਖਾਲਸਾ ਪੰਥ ਜਾਤ ਬਰਾਦਰੀ ਦੇ ਉਲਟ ਇਕ ਭਾਰੀ ਬਗ਼ਾਵਤ ਸੀ।

ਇਸ ਤੋਂ ਪਹਿਲਾਂ ਜੋ ਚੂਹੜੇ ਸਿੱਖੀ ਮੰਡਲ ਵਿਚ ਆਉਂਦੇ ਸਨ। ਉਹ 'ਰੰਘਰੇਟੇ' ਅਖਵਾਉਂਦੇ ਸਨ। ਜਾਨ ਹਥੇਲੀ ਉੱਤੇ ਰੱਖ ਕੇ ਜਦ ਇਕ ਰੰਘਰੇਟਾ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲਿਆਇਆ ਤਾਂ ਸ੍ਰੀ ਦਸਮੇਸ਼ ਜੀ ਨੇ ਉਸ ਨੂੰ ਗੁਰੂ ਕਾ ਬੇਟਾ ਕਹਿ ਕੇ ਨਿਵਾਜਿਆ।

ਸ੍ਰੀ ਅਨੰਦਪੁਰ ਸਾਹਿਬ ਤੋਂ ਮਗਰੋਂ ਜਦ ਖਾਲਸੇ ਦੇ ਸਿਰ ਉੱਤੇ 'ਹੋਣੀ' ਕੂਕਣ ਲੱਗੀ ਤਾਂ ਸਿਰ ਦੇ ਮੁੱਲ ਸਿੱਖੀ ਹੋ ਗਈ। ਜਦ ਜੱਟ ਕੜਕੇ ਅਤੇ ਜੱਟਾਂ ਦੇ ਨਾਲ ਰੰਘਰੇਟੇ ਭੀ ਉੱਭਰੇ। ਖਾਲਸੇ ਦੀ ਕਤਲਾਮ ਹੁੰਦੀ ਸੀ, ਪਰ ਖਾਲਸਾ ਵਰ੍ਹਦੀਆਂ ਤਲਵਾਰਾਂ ਵਿਚ ਵਧਦਾ ਜਾਂਦਾ ਸੀ। ਬੰਦਾ ਬਹਾਦਰ ਤੋਂ ਲੈ ਕੇ ਖਾਨ ਬਹਾਦਰ ਦੇ ਮਰਨ ਤੀਕ ਤੀਹ ਵਰ੍ਹੇ ਜੋ ਬੀਤੇ ਹਨ[੨] ਖਾਲਸੇ ਲਈ ਇਹ ਭਾਰੀ ਮੁਸੀਬਤ ਦੇ ਦਿਨ ਸਨ। ਇਸ ਵੇਲੇ ਖਾਲਸੇ ਦੇ ਜੋ ਮੁਖੀ ਮੁਖੀ ਸੂਰਮੇ ਯਾ ਆਗੂ ਸਨ, ਉਹਨਾਂ ਵਿਚੋਂ ਇਕ ਆਗੂ ਬੀਰ ਸਿੰਘ ਰੰਘਰੇਟਾ ਵੀ ਸੀ।

ਜਦ ਖਾਲਸਾ ਥੋਹੜਾ ਸੀ ਤਾਂ ਲੰਗਰ ਇਕ ਥਾਂ ਹੁੰਦਾ ਸੀ, ਪਰ ਜਦ ਖਾਲਸਾ

---

*੨ ਸੰਮਤ ੧੭੧੬ ਈਸਵੀ ਤੋਂ ੧੭੪੬ ਈਸਵੀ ਤਕ।*

SikhBookClub.com

ਵਧਣ ਲੱਗਾ ਤਾਂ ਆਗੂਆਂ ਨੇ ਪ੍ਰਬੰਧ ਠੀਕ ਨਾ ਰਹਿੰਦਾ ਵੇਖ ਕੇ **ਖਾਲਸੇ ਦੇ ਪੰਜ ਜਥੇ ਕਰ ਦਿੱਤੇ। ਹਰ ਇਕ ਜਥੇ ਦਾ ਨਿਸ਼ਾਨ ਤੇ ਨਗਾਰਾ ਅੱਡ-ਅੱਡ ਸੀ ਅਤੇ ਇਹਨਾਂ ਦਾ ਲੰਗਰ ਵੀ ਅੱਡ-ਅੱਡ ਹੀ ਹੁੰਦਾ ਸੀ। ਇਕ ਜਥਾ ਸ਼ਹੀਦਾਂ ਤੇ ਨਿਹੰਗਾ ਦਾ ਹੋਇਆ। ਦੂਜਾ ਜਥਾ ਕਰਮ ਸਿੰਘ ਧਰਮ ਸਿੰਘ ਅੰਮ੍ਰਿਤਸਰੀਆਂ ਦਾ ਹੋਇਆ। ਤੀਜਾ ਜਥਾ ਦਸੌਂਧਾ ਸਿੰਘ ਗਿੱਲ ਦਾ ਹੋਇਆ। ਚੌਥਾ ਜਥਾ ਗੁਰ-ਅੰਸੀ ਬਾਵਿਆਂ ਦਾ ਹੋਇਆ ਅਤੇ ਪੰਜਵਾਂ ਜਥਾ ਬੀਰ ਸਿੰਘ ਰੰਘਰੇਟੇ ਦਾ।** ਇਹ ਸਭ ਸਕੇ ਭਰਾਵਾਂ ਵਾਂਗ ਰਹਿੰਦੇ ਸਨ। ਮੁਸੀਬਤ ਨੇ ਸਭ ਨੂੰ ਇਕ ਕਰ ਗੰਢਿਆ ਸੀ।

ਜਿਉਂ-ਜਿਉਂ ਖਾਲਸਾ ਕੜਕਦਾ ਗਿਆ 'ਦਲ' ਵਿਚ ਰੰਘਰੇਟਿਆਂ ਦੀ ਗਿਣਤੀ ਵੀ ਵਧਦੀ ਗਈ। ਜਦ **ਸੋਢੀ ਵਡਭਾਗ ਸਿੰਘ ਜੀ** ਨੇ ਖਾਲਸਾ ਜੀ ਦੀ ਸਹਾਇਤਾ ਨਾਲ ਜਲੰਧਰ ਮਾਰੀ ਤਾਂ ਸ੍ਰੀ **ਕਰਤਾਰਪੁਰ ਦੀ ਕਤਲਿਆਮ** ਕਰਵਾਈ ਅਤੇ ਹੁਕਮ ਦਿੱਤਾ ਕਿ **ਜੋ ਕੋਈ ਸਿੰਘ ਤੁਰਕਣੀ ਨੂੰ ਘਰ ਪਾਵੇਗਾ, ਉਹੋ ਦਰਗਾਹ ਵਿਚ ਕਬੂਲ ਹੋਵੇਗਾ। ਉਸ ਸਮੇਂ ਹਰ ਇਕ ਰੰਘਰੇਟੇ ਨੇ ਜਲੰਧਰ ਦੀ ਇਕ ਤੁਰਕਣੀ ਆਪਣੇ ਘਰ ਪਾਈ ਸੀ।**

ਮੁੱਕਦੀ ਗੱਲ ਇਹ ਕਿ ਰੰਘਰੇਟੇ ਹਰ ਔਕੜ ਸਮੇਂ ਖਾਲਸੇ ਦੇ ਨਾਲ ਰਹੇ ਅਤੇ ਖਾਲਸੇ ਨੇ ਇਹਨਾਂ ਨੂੰ ਆਪਣੀ ਦੇਹ-ਜਾਨ ਸਮਝਿਆ ਸੀ। ਅੰਮ੍ਰਿਤਸਰ ਜੀ ਦਾ ਇਸ਼ਨਾਨ ਵੱਡੇ ਭਾਗਾਂ ਦੀ ਗੱਲ ਸਮਝੀ ਜਾਂਦੀ ਸੀ। ਹਰ ਸਿੱਖ ਕਿਸੇ ਨਾ ਕਿਸੇ ਬਿਧ ਇਕ ਵਾਰ ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ ਕਰ ਹੀ ਲੈਂਦਾ ਸੀ, ਪਰ ਜਦ ਖਾਲਸੇ ਦੇ ਦਿਨ ਫਿਰੇ ਅਤੇ ਖਾਲਸਈ ਝੰਡੇ ਅਟਕ ਤੋਂ ਜਮਨਾ ਤੀਕ ਝੂਲਣ ਲੱਗੇ ਤਾਂ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ ਕੋਈ ਮਨਾਹੀ ਨਾ ਰਹੀ ਅਤੇ ਰੰਘਰੇਟਿਆਂ ਨੂੰ ਵੀ ਇਸ ਸਰੋਵਰ ਵਿਚ ਇਸ਼ਨਾਨ ਕਰਨ ਦੀ ਖੁੱਲ੍ਹ ਸੀ ਅਤੇ ਆਪਣੇ ਆਪ ਨੂੰ ਚੌਥੇ ਪੌੜੇ ਵਾਲੇ ਕਹਿੰਦੇ ਸਨ।

ਗਦਰ ਦੇ ਸਮੇਂ ਜਦ ਪੰਜਾਬ ਵਿਚੋਂ ਫੌਜਾਂ ਦੀ ਲੋੜ ਪਈ ਤਾਂ ਬਹੁਤ ਸਾਰੇ ਚੂਹੜੇ ਅੰਮ੍ਰਿਤ ਛਕ-ਛਕ ਕੇ ਭਰਤੀ ਹੁੰਦੇ ਗਏ। ਇਨ੍ਹਾਂ ਨੂੰ 'ਮਜ਼੍ਹਬੀ ਸਿੰਘ' ਆਖਦੇ ਸਨ। ਦਿੱਲੀ ਦੀ ਲੁੱਟ ਵੇਲੇ ਇਹ ਜਲੰਧਰ ਦੀ ਲੁੱਟ ਵਾਂਗ ਬਹੁਤ ਸਾਰੀਆਂ ਜ਼ਨਾਨੀਆਂ ਲੁੱਟ ਵਿਚ ਲੈ ਆਏ ਜਿਹਨਾਂ ਨੂੰ ਮਹਾਰਾਜਾ ਨਰਿੰਦਰ ਸਿੰਘ (ਪਟਿਆਲਾ) ਨੇ ਛੁਡਾਉਣਾ ਚਾਹਿਆ, ਪਰ ਅੰਗਰੇਜ਼ੀ ਮਸਲਿਹਤ ਨੇ ਆਗਿਆ ਨਾ ਦਿੱਤੀ ਕਿ ਆਪ ਐਸਾ ਕਰ ਸਕਣ।

ਗਦਰ ਤੋਂ ਮਗਰੋਂ ਫੌਜੀ ਭਰਤੀ ਵਿਚ ਮਜ਼੍ਹਬੀ ਸਿੰਘ ਇਕ ਅੱਡ ਹੀ ਗੋਤ ਬਣ ਗਈ, ਜੋ ਅੱਜ ਤੀਕ ਕਾਇਮ ਹੈ ਅਤੇ 'ਰੰਘਰੇਟਾ' ਪਦ ਵਰਤੋਂ ਵਿਚ ਆਉਣੋ ਰਹਿ ਗਿਆ।

ਮੈਂ ਜਦ ਪਿਛਲੇ ਇਤਿਹਾਸ ਵੱਲ ਨਜ਼ਰ ਮਾਰਦਾ ਹਾਂ ਤਾਂ ਹੈਰਾਨ ਹੁੰਦਾ ਹਾਂ ਕਿ

SikhBookClub.com

ਜਿਹਨਾਂ ਦੇ ਵੱਡ-ਵਡੇਰੇ ਇਹਨਾਂ ਰੰਘੇਟਿਆਂ ਨੂੰ ਆਪਣੇ ਪਾਸ ਭਰਾਵਾਂ ਵਾਂਗ ਬਿਠਾ ਕੇ ਖਾਂਦੇ-ਪੀਂਦੇ ਸਨ, ਉਹ ਅੱਜ ਉਹਨਾਂ ਨੂੰ ਖੂਹਾਂ ਉੱਤੇ ਵੀ ਚੜ੍ਹਨ ਨਹੀਂ ਦੇਂਦੇ। ਜੱਟਾਂ ਨੇ ਤਲਵਾਰਾਂ ਮਾਰੀਆਂ ਅਤੇ ਉਹ ਸਰਦਾਰ ਬਣ ਬੈਠੇ। ਅੱਜ ਤੋਂ ਡੇਢ ਸੌ ਸਾਲ ਪਹਿਲਾਂ ਜੇ ਕੋਈ ਮੁਗ਼ਲ ਯਾ ਪਠਾਣ ਸਰਦਾਰ ਸੁਣ ਲੈਂਦਾ ਕਿ ਫਲਾਣਾ ਸਿੱਖ 'ਸਰਦਾਰ' ਅਖਵਾਉਂਦਾ ਹੈ ਤਾਂ ਉਹ ਮੁੱਛਾਂ ਵਿਚ ਹੀ ਹੱਸ ਛੱਡਦਾ, ਪਰ ਅੱਜ ਓਹੋ ਸਰਦਾਰ ਹਨ ਅਤੇ ਉਹਨਾਂ ਹੀ ਮੁਗ਼ਲ ਪਠਾਣਾਂ ਦੀ ਔਲਾਦ ਇਹਨਾਂ ਨੂੰ ਸਨਮਾਨ ਨਾਲ 'ਸਰਦਾਰ ਜੀ' ਕਹਿੰਦੀ ਹੈ। ਦੁਨੀਆਂ ਵਿਚ ਤਲਵਾਰ ਦਾ ਕਿਤਨਾ ਬਲ ਹੈ।

ਪੀੜ੍ਹੀਓਂ ਪੀੜ੍ਹੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਦੇ ਸਮੇਂ ਜਦ ਨਾਦਰ ਨੇ ਦਿੱਲੀ[੩] ਮਾਰੀ ਅਤੇ ਇਕ ਡੋਲਾ ਮੰਗਿਆ ਤਾਂ ਮੁਗ਼ਲਾਂ ਦੇ ਰਿਵਾਜ ਅਨੁਸਾਰ ਨਾਦਰ ਨੂੰ ਕਿਹਾ ਗਿਆ ਕਿ ਉਹ ਆਪਣੀਆਂ ਸੱਤਾਂ ਪੀੜ੍ਹੀਆਂ ਦੇ ਨਾਮ ਦੱਸੇ।

ਉਸ ਨੇ ਕਹਿਆ: 'ਨਾਦਰ ਪੁੱਤਰ ਤਲਵਾਰ ਦਾ, ਪੁੱਤਰ ਤਲਵਾਰ ਦਾ, ਪੁੱਤਰ ਤਲਵਾਰ ਦਾ।' ਅਰਥਾਤ ਮੈਂ ਆਪਣੀ ਖਾਨਦਾਨੀ ਦੇ ਜ਼ੋਰ ਨਾਲ ਦਿੱਲੀ ਦਾ ਡੋਲਾ ਨਹੀਂ ਲੈ ਰਿਹਾ ਮੈਂ ਤਲਵਾਰ ਦੇ ਜ਼ੋਰ ਲੈ ਰਿਹਾ ਹਾਂ। ਮੇਰਾ ਖਾਨਦਾਨ ਮੇਰੀ ਤਲਵਾਰ ਹੈ।

ਜੇ ਕਰ ਜੱਟਾਂ ਵਾਂਗ ਰੰਘਰੇਟੇ ਵੀ ਆਪਣੀ ਮਿਸਲ ਬਣਾ ਲੈਂਦੇ ਤਾਂ ਅੱਜ ਇਹਨਾਂ ਨੂੰ ਵੀ ਕੋਈ ਚੂਹੜੇ ਨਾ ਆਖਦਾ ਅਤੇ ਇਹਨਾਂ ਨਾਲ ਮਿਲਣ-ਜੁਲਣ ਵਿਚ ਐਸਾ ਹੀ ਪਰੇਮ ਕੀਤਾ ਜਾਂਦਾ, ਜਿਹਾ ਕਿ ਅੱਜ ਕਲ੍ਹ ਜੱਟਾਂ ਨਾਲ ਕੀਤਾ ਜਾਂਦਾ ਹੈ। ਦੁਨੀਆਂ ਵਿਚ ਤਾਕਤ ਐਸੀ ਚੀਜ਼ ਹੈ।

---

੩ ਸੰਮਤ ੧੭੩੯ ਈਸਵੀ ਵਿਚ।

SikhBookClub.com

## ੨

# ਰਾਮਗੜ੍ਹੀਏ ਕੀਕੂੰ ਬਣੇ[1]

ਜਦ ਸੰਮਤ ੧੮੦੩ ਬਿਕ੍ਰਮੀ (੧੭੪੬ ਈਸਵੀ) ਵਿਚ ਘੱਲੂਘਾਰਾ[2] ਵਰਤਿਆ ਤਾਂ ਸਿੰਘਾਂ ਨੇ ਸੋਚਿਆ ਕਿ ਜੇ ਕਰ ਕੋਈ ਗੜ੍ਹੀ ਬਣਾਈ ਹੋਵੇ ਤਾਂ ਵੇਲੇ-ਕੁਵੇਲੇ ਕੰਮ ਆ ਜਾਵੇ। ਸੰਜੋਗ ਨਾਲ ਉਦੋਂ ਹੀ ਅਹਿਮਦ ਸ਼ਾਹ ਅਬਦਾਲੀ[3] ਲਾਹੌਰ ਵੱਲ ਆ ਵੜਿਆ ਅਤੇ ਪੰਜਾਬ ਨੂੰ ਲੁੱਟ-ਪੁੱਟ ਕੇ ਦਿੱਲੀ ਵੱਲ ਵਧਿਆ।

ਸਿੰਘਾਂ ਨੂੰ ਆਪਣੇ ਵੈਰੀਆਂ ਪਾਸੋਂ ਬਦਲਾ ਲੈਣ ਦਾ ਚੰਗਾ ਸਮਾਂ ਲੱਭਾ। ਪਹਿਲੇ ਨੂਰਦੀਨ ਦੀ ਸਰਾਏ ਮਾਰੀ, ਫੇਰ ਮਜੀਠਾ ਸੋਧਿਆ, ਮੁੜ ਛੀਨੇ ਦਾ ਘੇਰਾ ਘੱਤ ਕੇ ਕਰਮੇ ਚੌਧਰੀ ਨੂੰ ਕਤਲ ਕੀਤਾ। ਫਿਰ ਸਲਾਹ ਕੀਤੀ ਕਿ ਕਿਲ੍ਹਾ ਕੋਟ ਨਾ ਸਹੀ, ਕੋਈ ਰਾਉਣੀ ਹੀ ਬਣਾ ਲਈਏ, ਜਿਸ ਦੀ ਓਟ ਆਏ-ਗਏ ਵੈਰੀ ਨੂੰ ਤਾਂ ਰੋਕ ਸਕੀਏ, ਝਾੜਾਂ, ਝੱਲਾਂ ਦੀ ਓਟ ਨਾਲ ਕੁਝ ਨਹੀਂ ਬਣਦਾ।

ਕਿਲ੍ਹੇ ਦੀ ਫਸੀਲ ਤੋਂ ਬਾਹਰ ਜੋ ਛੋਟੀ ਛੋਟੀ ਕੱਚੀ ਕੰਧ ਹੁੰਦੀ ਹੈ, ਉਸ ਨੂੰ ਰਾਉਣੀ ਆਖਦੇ ਹਨ। ਦੁਸ਼ਮਣਾਂ ਤੋਂ ਆਪਣੇ ਬਚਾਉ ਲਈ ਜੋ ਛੋਟੀ ਛੋਟੀ ਕੱਚੀ ਕੰਧ ਕਰ ਲਈ ਜਾਵੇ, ਉਸ ਨੂੰ ਵੀ 'ਰਾਉਣੀ' ਹੀ ਆਖਦੇ ਹਨ। 'ਗੜ੍ਹੀ' 'ਕੋਟ' ਯਾ 'ਕਿਲ੍ਹਾ' ਹੋਰ ਚੀਜ਼ਾਂ ਹਨ। 'ਰਾਉਣੀ' ਐਵੇਂ ਸਿਰ ਲੁਕਾਉਣੀ ਹੀ ਹੁੰਦੀ ਹੈ।

ਖਾਲਸਾ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਇਕ 'ਰਾਉਣੀ' ਬਣਾਈ ਜਿਸ ਦਾ ਨਾਮ 'ਰਾਮ ਰਾਉਣੀ' ਰੱਖਿਆ, ਇਸ ਵਿਚ ਮਰ-ਭਰ ਕੇ ਪੰਜ ਸੌ ਜਵਾਨ ਸਮਾ ਸਕਦਾ ਸੀ। ਸੋ ਜਿਹਨਾਂ ਨੂੰ ਸ਼ਹੀਦੀ ਦਾ ਚਾਉ ਸੀ, ਉਹੋ ਹੀ ਇਸ ਰਾਮ-ਰਾਉਣੀ ਵਿਚ ਆਕੀ ਹੋ ਬੈਠੇ। ਓਧਰ ਅਹਿਮਦ ਸ਼ਾਹ ਨੂੰ ਹਾਰ ਹੋਈ ਅਤੇ ਲਾਹੌਰ ਦਾ ਹਾਕਮ ਮੀਰ ਮੰਨੂੰ ਹੋਇਆ। ਇਸ ਨੇ ਪੰਜਾਬ ਦਾ ਪ੍ਰਬੰਧ ਕਰ ਕੇ ਕੁਝ ਚਿਰ ਮਗਰੋਂ ਰਾਮ ਰਾਉਣੀ ਨੂੰ ਸਰ ਕਰਨ ਲਈ ਫੌਜਾਂ ਘੱਲੀਆਂ, ਜਿਹਨਾਂ ਵਿਚ ਅਦੀਨਾ ਬੇਗ ਵੀ ਸੀ।

ਸਿੰਘ ਡਟੇ ਰਹੇ, ਲੜਾਈਆਂ ਹੁੰਦੀਆਂ ਰਹੀਆਂ, ਪਰ ਅੰਤ ਨੂੰ ਅੰਦਰੋਂ ਰਸਦ

---

*੧ ਰਸਾਲਾ ਫੁਲਵਾੜੀ, ਮਈ ੧੯੨੮।*

*੨ ਇਸ ਘੱਲੂਘਾਰੇ ਤੋਂ ਮੁਰਾਦ ਪਹਿਲਾ ਛੋਟਾ ਘੱਲੂਘਾਰਾ ਹੈ।*

*੩ ਸੰ: ੧੭੪੮ ਵਿਚ ਅਹਿਮਦ ਸ਼ਾਹ ਦਾ ਪਹਿਲਾਂ ਹਮਲਾ ਹੋਇਆ।*

SikhBookClub.com

ਮੁੱਕ ਗਈ। ਸਿੰਘਾਂ ਸਲਾਹ ਕੀਤੀ ਕਿ 'ਰਾਉਣੀ' ਤੋਂ ਬਾਹਰ ਨਿਕਲ ਕੇ ਵੈਰੀ ਉੱਤੇ ਜਾ ਪਈਏ ਤੇ ਸ਼ਹੀਦ ਹੋ ਜਾਈਏ। ਸ੍ਰੀ ਅੰਮ੍ਰਿਤਸਰ ਦੀ ਧਰਤੀ ਉੱਤੇ ਸ਼ਹੀਦ ਹੋਣਾ ਭਾਗਾਂ ਵਾਲਿਆਂ ਦੇ ਹਿੱਸੇ ਆ ਸਕਦਾ ਹੈ।

ਭਰਾਵਾਂ ਸਣੇ ਜੱਸਾ ਸਿੰਘ ਜਦ ਸਿੰਘ ਸਜਿਆ ਤਾਂ ਨੰਦ ਸਿੰਘ ਸਾਂਘਣੀਏਂ ਦੇ ਜਥੇ ਵਿਚ ਆ ਰਲਿਆ। ਖਾਲਸਾ ਜੀ ਨੂੰ ਭਰਮ ਹੋ ਗਿਆ ਕਿ ਜੱਸਾ ਸਿੰਘ ਦੇ ਘਰ ਬੀਬੀ ਹੋਈ ਸੀ ਜੋ ਮਾਰ ਦਿੱਤੀ ਗਈ ਹੈ। ਕੁੜੀ ਮਾਰ ਨੂੰ ਖਾਲਸਾ ਜੀ ਲੰਗਰ ਵਿਚ ਨਹੀਂ ਵੜਨ ਦਿੰਦੇ ਸਨ। ਸੋ ਜੱਸਾ ਸਿੰਘ ਜਥੇ ਵਿਚੋਂ ਕੱਢਿਆ ਗਿਆ ਅਤੇ ਉਹ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਅਦੀਨਾ ਬੇਗ ਦਾ ਨੌਕਰ ਜਾ ਹੋਇਆ।

ਜਦ ਮੀਰ ਮਨੂੰ ਨੇ 'ਰਾਮ-ਰਉਣੀ' ਨੂੰ ਸਰ ਕਰਨ ਲਈ ਫੌਜਾਂ ਘੱਲੀਆਂ ਤਾਂ ਅਦੀਨਾ ਬੇਗ ਨਾਲ ਜੱਸਾ ਸਿੰਘ ਵੀ ਸੀ, ਜੋ ਆਪਣੇ ਸੌ ਸਵਾਰਾਂ ਨਾਲ ਅਦੀਨਾ ਬੇਗ ਵਲੋਂ ਹੋ ਕੇ ਸਿੰਘਾਂ ਨਾਲ ਲੜਨਾ ਸੀ। ਓਦੋਂ ਕਈ ਸਿੰਘ ਐਸੇ ਸਨ ਜੋ ਮੁਗਲਾਂ ਦੀ ਚਾਕਰੀ ਕਰਦੇ ਤੇ ਮੁਗਲਾਂ ਵਲੋਂ ਹੋ ਕੇ ਸਿੰਘਾਂ ਨਾਲ ਲੜਿਆ ਕਰਦੇ ਸਨ। ਐਸੇ ਸਿੰਘ ਨੂੰ 'ਚਕਰੈਲ' ਆਖਿਆ ਕਰਦੇ ਸਨ।

ਜਦ ਜੱਸਾ ਸਿੰਘ ਨੂੰ ਮਾਲੂਮ ਹੋਇਆ ਕਿ ਖਾਲਸਾ ਜੀ ਸ਼ਹੀਦ ਹੋਣ ਵਾਲੇ ਹਨ ਤਾਂ ਉਸ ਦਾ ਲਹੂ ਪੰਘਰ ਆਇਆ ਅਤੇ ਉਸ ਨੇ ਚਾਹਿਆ ਕਿ ਖਾਲਸਾ ਜੀ ਨਾਲ ਰਲ ਕੇ ਮੈਂ ਵੀ ਸ਼ਹੀਦ ਹੋ ਜਾਵਾਂ। ਸ਼ਹੀਦੀ ਦਾ ਅਜੇਹਾ ਚਾਉ ਹੁੰਦਾ ਸੀ।

ਜੱਸਾ ਸਿੰਘ ਨੇ ਤੀਰ ਨਾਲ ਅਰਦਾਸ ਬੰਨ੍ਹ ਕੇ ਖਾਲਸਾ ਜੀ ਵੱਲ ਘੱਲੀ। ਲਿਖਿਆ ਸੀ ਕਿ ਖਾਲਸਾ ਜੀ ਮੈਨੂੰ ਬਖਸ਼ ਲੈਣ, ਤਾਂ ਮੈਂ ਵੀ ਭਰਾਵਾਂ ਨਾਲ ਰਲ ਕੇ ਸ਼ਹੀਦ ਹੋਣ ਨੂੰ ਤਿਆਰ ਹਾਂ। ਸਿੰਘਾਂ ਨੇ ਇਹ ਗੱਲ ਮੰਨ ਲਈ ਅਤੇ ਤੀਰ ਨਾਲ ਉੱਤਰ ਬੰਨ੍ਹ ਕੇ ਜੱਸਾ ਸਿੰਘ ਦੇ ਡੇਰੇ ਵੱਲ ਘੱਲਿਆ। ਜੱਸਾ ਸਿੰਘ ਨੇ ਉਸੇ ਵੇਲੇ ਹਿਸਾਬ ਕਰਵਾ ਲਿਆ ਅਤੇ ਅਦੀਨਾ ਬੇਗ ਨਾਲੋਂ ਅੱਡ ਹੋ ਕੇ ਆਪਣੇ ਸਾਥੀਆਂ ਸਣੇ ਰਾਮ-ਰਾਉਣੀ ਵਿਚ ਆ ਵੜਿਆ।

ਸੰਜੋਗ ਐਸਾ ਹੋਇਆ ਕਿ ਓਦੋਂ ਹੀ ਅਹਿਮਦ ਸ਼ਾਹ[੪] ਪੰਜਾਬ ਵੱਲ ਵਧਿਆ ਅਤੇ ਮੀਰ ਮਨੂੰ ਨੇ ਆਪਣੀ ਸਾਰੀ ਸੈਨਾ 'ਰਾਮ ਰਾਉਣੀ' ਤੋਂ ਸਦਵਾ ਲਈ। ਸਰਦਾਰ ਰਤਨ ਸਿੰਘ ਜੀ ਨੇ ਆਪਣੇ 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ :-

'ਰਾਮ-ਰਾਉਣੀ ਰਾਮ ਗੜ੍ਹ ਭਯੋ ਉਸ ਦਿਨ ਤੇ ਮਸ਼ਹੂਰ।
ਠੋਕੇ, ਰਾਮਗੜ੍ਹੀਏ ਭਏ ਵੜੇ ਜੁ ਵਖਤ ਜ਼ਰੂਰ।

ਪਰ ਮੇਰੀ ਇਸ ਗੱਲ ਨਾਲ ਸੰਮਤੀ ਨਹੀਂ ਜੋ ਕੁਝ ਅਹਿਮਦ ਸ਼ਾਹ ਵਟਾਲੀਏ ਨੇ ਆਪਣੀ ਤਵਾਰੀਖ ਵਿੱਚ ਲਿਖਿਆ ਹੈ, ਮੈਨੂੰ ਉਹੋ ਠੀਕ ਪ੍ਰਤੀਤ ਹੁੰਦਾ ਹੈ।

---

*੪ ਜਦੋਂ ਦੂਜੀ ਵੇਰ ਅਹਿਮਦ ਸ਼ਾਹ ੧੭੫੧ ਈਸਵੀ ਵਿਚ ਆਇਆ।*

SikhBookClub.com

ਜਦ ਅਹਿਮਦ ਸ਼ਾਹ ਝਨਾਂ ਦੇ ਕੰਢਿਓਂ ਹੀ ਮੁੜ ਗਿਆ ਤਾਂ ਮੀਰ ਮਨੂੰ ਨੂੰ ਸ਼ਾਹ ਨਿਵਾਜ਼ ਖਾਂ ਨਾਲ ਲੜਾਈ ਕਰਨੀ ਪਈ, ਜੋ ਮੁਲਤਾਨ ਦਾ ਸੂਬਾ ਬਣਿਆ ਬੈਠਾ ਸੀ। ਮੀਰ ਮਨੂੰ ਦਾ ਦੀਵਾਨ ਕੌੜਾ ਮੱਲ ਸੀ। ਉਸ ਨੇ ਮੀਰ ਮਨੂੰ ਨੂੰ ਸਮਝਾ ਕੇ ਸਿੰਘਾਂ ਨਾਲ ਸੁਲ੍ਹਾ ਸਫਾਈ ਕਰਵਾ ਦਿੱਤੀ ਅਤੇ ਇਕ ਤਰ੍ਹਾਂ ਨਾਲ ਸਰਬੱਤ ਖਾਲਸਾ ਲਾਹੌਰ ਸਰਕਾਰ ਦੇ ਅਧੀਨ ਹੋ ਗਿਆ।

ਦੀਵਾਨ ਕੌੜਾ ਮੱਲ ਮੀਰ ਮਨੂੰ ਤੇ ਸਿੰਘਾਂ ਦੀ ਸੈਨਾ ਲੈ ਕੇ ਮੁਲਤਾਨ ਵੱਲ ਵਧਿਆ ਅਤੇ ਸ਼ਾਹ ਨਿਵਾਜ ਖਾਂ ਨੂੰ ਮਾਰ ਕੇ ਮੁਲਤਾਨ ਦਾ ਹਾਕਮ ਹੋ ਗਿਆ। ਸਿੰਘ ਜਗੀਰਦਾਰ ਬਣੇ ਰਹੇ ਅਤੇ ਤਿੰਨ ਸਾਲਾਂ ਵਿਚ ਇਤਨੇ ਤਕੜੇ ਹੋ ਗਏ ਕਿ ਜਦ ਸੰਮਤ ੧੮੦੮ ਬਿਕ੍ਰਮੀ (੧੭੫੧ ਈਸਵੀ) ਦੇ ਅੰਤ ਵਿਚ ਤੀਜੀ ਵਾਰ ਅਹਿਮਦ ਸ਼ਾਹ ਪੰਜਾਬ ਵੱਲ ਆਇਆ ਤਾਂ ਤੀਹ ਹਜ਼ਾਰ ਵਿਚੋਂ ਵੀਹ ਹਜ਼ਾਰ ਫੌਜ ਸਾਰੇ ਖਾਲਸੇ ਦੀ ਸੀ ਤੇ ਦਸ ਹਜ਼ਾਰ ਇਕੱਲੇ ਭੰਗੀਆਂ ਦੀ ਸੀ।

ਚੇਤ ਸੁਦੀ ਦੂਜ ਨੂੰ ਦੀਵਾਨ ਕੌੜਾ ਮੱਲ ਲੜਾਈ ਵਿਚ ਮਾਰਿਆ ਗਿਆ। ਜਿਸ ਕਰ ਕੇ ਮੀਰ ਮਨੂੰ ਦੀ ਹਾਰ ਤੇ ਅਹਿਮਦ ਸ਼ਾਹ ਦੀ ਜਿੱਤ ਹੋਈ ਅਤੇ ਸਿੰਘ ਆਪੋ ਆਪਣਿਆਂ ਬੁੰਗਿਆਂ ਨੂੰ ਚਲੇ ਗਏ। ਜਦ ਅਬਦਾਲੀ ਲਾਹੌਰੋਂ ਮੁੜ ਗਿਆ ਤਾਂ ਮੀਰ ਮਨੂੰ ਸਿੰਘਾਂ ਦਾ ਵੈਰੀ ਹੋ ਗਿਆ। ਡੇਢ ਸਾਲ ਤੀਕ ਇਸ ਨੇ ਸਿੰਘਾਂ ਦੀ ਕਤਲਾਮ ਕੀਤੀ। ਇਹ ਚੌਥੀ ਕਤਲਾਮ ਸੀ[੫]। ਪਹਿਲੀ ਕਤਲਾਮ ਅਬਦੁਲ ਸਮੱਦ ਖਾਂ ਨੇ ਬੰਦਾ ਬਹਾਦਰ ਤੋਂ ਮਗਰੋਂ ਕੀਤੀ, ਦੂਜੀ ਕਤਲਾਮ ਖਾਨ ਬਹਾਦਰ (ਸੂਬਾ) ਨੇ

*੫ ਬੰਦਾ ਬਹਾਦਰ ਦੇ ਸ਼ਹੀਦ ਹੋਣ ਸਮੇਂ ਦੇ ਮਗਰੋਂ ਸੂਬਾ ਅਬਦੁਲ ਸਮੱਦ ਖਾਨ ਸੀ, ਇਸ ਨੇ ਪਹਿਲਾਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕਤਲਾਮ ਕੀਤੀ। ੧੭੨੬ ਈ. ਵਿਚ ਖਾਨ ਬਹਾਦਰ ਜ਼ਕਰੀਆ ਖਾਨ ਪੰਜਾਬ ਦਾ ਸੂਬਾ ਬਣਿਆ। ਇਸ ਨੇ ਪਹਿਲਾਂ ਤਾਂ ਸਿੱਖਾਂ ਨਾਲ ਕੁਝ ਚਿਰ ਸੁਲਾਹ ਰੱਖੀ ਪਰ ੧੭੩੯ ਈਸਵੀ ਵਿਚ ਨਾਦਰ ਸ਼ਾਹ ਦੇ ਹਮਲੇ ਮਗਰੋਂ ਇਸ ਨੇ ਸਿੱਖਾਂ ਦੀ ਕਤਲਾਮ ਜ਼ੋਰ-ਸ਼ੋਰ ਨਾਲ ਕੀਤੀ। ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਕੇ ਫੌਜੀ ਦਸਤੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਬਾਹਰ ਭੇਜੇ। ਤੀਜੀ ਕਤਲਾਮ ਛੋਟੇ ਘੱਲੂਘਾਰੇ ਵਾਲੀ ਹੈ। ਲਖਪਤਿ ਰਾਇ ਸ਼ਾਹ ਨਿਵਾਜ ਦਾ ਦੀਵਾਨ ਸੀ। ਲਖਪਤਿ ਦਾ ਭਰਾ ਜਸਪਤਿ ਰਾਇ ਸਿੱਖਾਂ ਹੱਥੋਂ ਕਤਲ ਹੋ ਗਿਆ ਸੀ, ਜਿਸ ਉੱਤੇ ਲਖਪਤਿ ਰਾਏ ਨੇ ਸਹੁੰ ਖਾਧੀ ਸੀ ਕਿ ਮੈਂ ਸਿੱਖਾਂ ਦਾ ਖੁਰਾ-ਖੋਜ ਮੁਕਾ ਦਿਆਂਗਾ। ਸ਼ਾਹੀ ਫੌਜ ਲੈ ਕੇ ਉਸ ਨੇ ਛੋਟਾ ਘੱਲੂਘਾਰਾ ਕੀਤਾ, ਜਿਸ ਵਿਚ ...ਸਿੰਘ ਸ਼ਹੀਦ ਹੋਏ। ਚੌਥੀ ਵੱਡੀ ਕਤਲਾਮ ਮੀਰ ਮਨੂੰ ਨੇ ੧੭੫੨ ਈਸਵੀ ਵਿਚ ਅਰੰਭ ਕੀਤੀ। ਅਹਿਮਦ ਸ਼ਾਹ ਅਬਦਾਲੀ ਤੋਂ ਹਾਰ ਖਾ ਕੇ ਇਸ ਨੇ ਉਸ ਨਾਲ ਸੁਲਾਹ ਕਰ ਲਈ ਸੀ ਤੇ ਅਧੀਨਤਾਈ ਮੰਨ ਲਈ ਸੀ। ਹੁਣ ਇਸ ਨੇ ਫੈਸਲਾ ਕੀਤਾ ਕਿ ਪੰਜਾਬ ਵਿਚੋਂ ਸਿੰਘਾਂ ਦਾ ਕੰਡਾ ਕੱਢ ਦਈਏ। ਸਾਲ ਭਰ ਇਸ ਨੇ ਵੀ ਸਿੱਖਾਂ ਨੂੰ ਮੁਕਾਉਣ ਵਿਚ ਕੋਈ ਕਸਰ ਨਾ ਛੱਡੀ, ਪਰ ਸ਼ਹੀਦੀਆਂ ਪਾਉਣ ਲਈ ਤਿਆਰ ਰਹਿਣ ਵਾਲੇ ਅਮਰ ਹੁੰਦੇ ਹਨ, ਮੁੱਕ ਨਹੀਂ ਸਕਦੇ। ਆਖ਼ਰ ੧੭੫੩ ਈਸਵੀ ਨੂੰ ਮੀਰ ਮਨੂੰ ਮਰ ਗਿਆ ਤੇ ਸਿੰਘਾਂ ਨੂੰ ਬਦਲੇ ਲੈਣ ਤੇ ਵਧਣ ਦਾ ਸੁਨਹਿਰੀ ਮੌਕਾ ਮਿਲ ਗਿਆ। (ਐਡੀਟਰ)*

SikhBookClub.com

ਨਾਦਰਸ਼ਾਹ ਤੋਂ ਮਗਰੋਂ ਕੀਤੀ। ਤੀਜੀ ਕਤਲਾਮ ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਦੇ ਮਰਨ ਮਗਰੋਂ ਕੀਤੀ। ਅੰਤ ਜਦ ੨੪ ਕੱਤਕ ਸੰਮਤ ੧੮੧੦ ਬਿ: (੧੭੫੩ ਈਸਵੀ) ਨੂੰ ਮੀਰ ਮਨੂੰ ਮਰ ਗਿਆ ਤਾਂ ਸਿੰਘਾਂ ਨੂੰ ਸੁਖ ਦਾ ਸਾਹ ਆਇਆ।

ਹੁਣ ਫੇਰ ਤਿੰਨ ਸਾਲਾਂ ਤੀਕ (੧੭੫੩-੫੬ ਈਸਵੀ) ਪੰਜਾਬ ਵਿਚ ਰਾਮ-ਰੌਲਾ ਰਿਹਾ ਅਤੇ ਸਿੰਘ ਕੌੜੀ ਵੇਲ ਵਾਂਗ ਵਧਦੇ ਗਏ। ਅੰਤ ਸੰਮਤ ੧੮੧੩ (੧੭੫੬ ਈ:) ਵਿਚ ਅਹਿਮਦ ਸ਼ਾਹ ਚੌਥੀ ਵਾਰ ਆਇਆ ਅਤੇ ਦਿੱਲੀ ਤੀਕ ਵਧ ਕੇ ਹੋਲੀ ਦੇ ਤਿਉਹਾਰ ਸਮੇਂ ਮਥਰਾ ਦੀ ਕਤਲਾਮ ਜਾ ਕਰਵਾਈ। ਇਸ ਸਮੇਂ ਮੁਸਲਮਾਨਾਂ ਦੀ ਚੜ੍ਹ ਮਚੀ ਹੋਈ ਸੀ। ਅਬਦਾਲੀ ਦਿੱਲੀ ਨੂੰ ਲੁੱਟ-ਪੁੱਟ ਕੇ ਮੁੜਿਆ ਅਤੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਸੂਬਾ ਬਣਾ ਗਿਆ। ਇਹ ਗੱਲ ਅਰੰਭ ਸੰਮਤ ੧੮੧੪ ਬਿਕ੍ਰਮੀ (੧੭੫੭ ਈਸਵੀ) ਦੀ ਹੈ।

ਇਸ ਸਮੇਂ ਮੀਰ ਨਾਸਰ ਅਲੀ ਜਲੰਧਰੀਏ ਨੇ ਕਰਤਾਰਪੁਰ ਸਾਹਿਬ ਦੀ ਅਤੇ ਤੈਮੂਰ ਸ਼ਾਹ ਨੇ ਅੰਮ੍ਰਿਤਸਰ ਸਰੋਵਰ ਦੀ ਬੇ-ਅਦਬੀ ਕੀਤੀ। ਕਰਤਾਰਪੁਰ ਸਾਹਿਬ ਦੀ ਕਤਲਾਮ ਹੋਈ ਅਤੇ ਅੱਗ ਲਾ ਕੇ ਸਾਰਾ ਸ਼ਹਿਰ ਫੂਕ ਦਿੱਤਾ ਗਿਆ। ਸੋਢੀ ਵਡਭਾਗ ਸਿੰਘ ਜੀ ਲਾਚਾਰ ਹੋ ਕੇ ਪਹਾੜੀਂ ਚੜ੍ਹ ਗਏ। ਇਹੋ ਹਾਲ ਸ੍ਰੀ ਅੰਮ੍ਰਿਤਸਰ ਦਾ ਹੋਇਆ ਅਤੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਕੇ ਜੌਂ ਬੀਜ ਦਿੱਤੇ ਗਏ।......*

ਸੁੱਖ! ਹੁਣ ਤੈਮੂਰ ਸ਼ਾਹ ਦੀ ਹੋਣੀ ਆਈ। ਅਦੀਨਾ ਬੇਗ ਨੇ ਸਿੰਘਾਂ ਨਾਲ ਰਸਾਈ ਕਰ ਲਈ ਅਤੇ ਖਾਲਸਾ ਜੀ ਦੀ ਸਹਾਇਤਾ ਨਾਲ ਪਠਾਣੀ ਸੈਨਾ ਨੂੰ ਭਾਂਜ ਦਿੱਤੀ। ਸਿੰਘਾਂ ਨੇ ਸੱਜਰੇ ਬਦਲੇ ਲਏ, ਜਲੰਧਰ ਦੀ ਗੱਭੇ-ਵਾਢ ਕੀਤੀ ਅਤੇ ਸਾਰੇ ਦੁਆਬੇ ਵਿਚੋਂ ਤੈਮੂਰ ਸ਼ਾਹ ਦੀ ਹਕੂਮਤ ਉਠਾ ਦਿੱਤੀ। ਅਖੀਰ ਚੌਥੇ ਹੱਲੇ ਸਮੇਂ ਦੀ ਕਤਲਾਮ ਵਿਚ ਮਰਹੱਟੇ ਪੰਜਾਬ ਵੱਲ ਵਧ ਆਏ ਅਤੇ ਤੈਮੂਰ ਸ਼ਾਹ ਆਪਣੀ ਵਲਾਇਤ ਨੂੰ ਨੱਸ ਗਿਆ।

ਹੁਣ ਲਾਹੌਰ ਦਾ ਹਾਕਮ ਅਦੀਨਾ ਬੇਗ ਬਣਿਆ। ਸਭ ਤੋਂ ਪਹਿਲਾਂ ਇਸ ਨੇ ਫਿਲੌਰ ਦੇ ਪਾਸ ਕੁਤਬ ਸ਼ਾਹ ਰੁਹੇਲੇ ਤੇ ਜਮਾਲ ਖਾਂ ਮਲੇਰੀਏ ਨੂੰ ਭਾਂਜ ਦਿੱਤੀ ਅਤੇ ਫੇਰ ਸਿੰਘਾਂ ਦਾ ਪ੍ਰਬੰਧ ਕਰਨ ਲਈ ਬਟਾਲੇ ਡੇਰੇ ਆ ਲਾਏ। ਇਹ ਗੱਲ ਹਾੜ ਸੰਮਤ ੧੮੧੫ ਬਿਕਰਮੀ (ਜੂਨ ੧੭੫੮ ਈਸਵੀ) ਦੀ ਹੈ।

---

** ਇਸ ਥਾਂ ਅਗਲਾ ਅੰਸ਼ ਜੋ ਪਹਿਲੇ ਸੰਸਕਰਣਾਂ ਵਿਚ ਛਪਿਆ ਹੋਇਆ ਸੀ ਉਹ ਬਾਬਾ ਦੀਪ ਸਿੰਘ ਨਾਲ ਸੰਬੰਧਤ ਹੈ ਅਤੇ ਇਸ ਦਾ ਕੋਈ ਲੜ ਰਾਮਗੜ੍ਹੀਏ ਕੀਕੂੰ ਬਣੇ ਦੇ ਇਤਿਹਾਸ ਨਾਲ ਨਹੀਂ ਜੁੜਦਾ। ਇਸ ਲਈ ਉਕਤ ਅੰਸ਼ ਨਵੇਂ ਸਿਰਲੇਖ ਹੇਠ ਅੱਗੇ ਦਿੱਤਾ ਗਿਆ ਹੈ।*

SikhBookClub.com

ਪਿਛਲੇ ਦਿਨੀਂ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਜੀ ਫੇਰ 'ਰਾਉਣੀ' ਬਣਾ ਲਈ ਸੀ, ਇਸ ਦਾ ਨਾਮ ਹੁਣ 'ਰਾਮਗੜ੍ਹ' ਸੀ। ਅਦੀਨਾ ਬੇਗ ਪੰਜਾਬ ਦਾ ਵਸਨੀਕ ਤੇ ਸਿੰਘਾਂ ਦਾ ਚੰਗਾ ਭੇਤੀ ਸੀ, ਸੋ ਇਸ ਨੇ ਧਰਮਦਾਸ ਟੋਪੀ ਜੋਧਾ ਨਗਰੀਏ, ਸਰਨਦਾਸ ਜੰਡਿਆਲੀਏ, ਰਾਮੇ ਰੰਧਾਵੇ ਦੇ ਪੋਤੇ ਧਿਆਨ ਸਿੰਘ ਆਦਿ ਨੂੰ ਸ਼ਹਿ ਦਿੱਤੀ ਕਿ ਥਾਉਂ ਥਾਈਂ ਸਿੰਘਾਂ ਦੀ ਕਤਲਾਮ ਕੀਤੀ ਜਾਵੇ ਅਤੇ ਆਪਣੇ ਬਖਸ਼ੀ ਮਿਰਜ਼ਾ ਅਜੀਜ਼ ਨੂੰ ਬਹੁਤ ਸਾਰੀ ਸੈਨਾ ਦੇ ਕੇ ਸ੍ਰੀ ਅੰਮ੍ਰਿਤਸਰ ਵੱਲ ਘੱਲਿਆ। ਇਹ ਸਿੰਘਾਂ ਦੀ ਪੰਜਵੀ ਕਤਲਾਮ ਸੀ, ਪਰ ਹੁਣ ਦੀਆਂ ਐਸੀਆਂ ਕਤਲਾਮਾਂ ਸਿੰਘਾਂ ਦਾ ਕੁਝ ਵਿਗਾੜ ਨਹੀਂ ਸਕਦੀਆਂ ਸਨ।

ਇਸ ਸਮੇਂ ਰਿਆੜਕੀ ਵਿਚ ਨੰਦ ਸਿੰਘ ਸਾਂਘਣੀਏ ਤੇ ਅਮਰ ਸਿੰਘ ਕਿੰਗਰੇ ਦਾ ਬਹੁਤ ਜ਼ੋਰ ਸੀ। ਇਹ ਇਸ ਇਲਾਕੇ ਦੇ ਪਿੰਡਾਂ ਨੂੰ ਉਗਰਾਹ ਕੇ ਖਾਂਦੇ ਤੇ ਬੇਗੋਵਾਲ ਦੇ ਛਿਛਰਿਆਂ ਵਿਚ ਰਹਿਆ ਕਰਦੇ। ਨੰਦ ਸਿੰਘ ਸਾਂਘਣੀਏ ਦੇ ਨਾਲ ਜੱਸਾ ਸਿੰਘ ਆਦਿ ਸਨ ਤੇ ਅਮਰ ਸਿੰਘ ਕਿੰਗਰੇ ਨਾਲ ਜੈ ਸਿੰਘ, ਹਕੀਕਤ ਸਿੰਘ ਆਦਿ। ਜਦ ਰਿਆੜਕੀ ਵਿਚ ਜ਼ੋਰ ਜ਼ੁਲਮ ਹੋਣ ਲੱਗਾ ਤਾਂ ਜਥੇਦਾਰ ਨੰਦ ਸਿੰਘ ਸਾਂਘਣੀਏ ਨੇ ਗੁਰੂ ਕੀ ਨਗਰੀ ਜਾ ਕੇ ਸ਼ਹੀਦ ਹੋਣ ਦੀ ਸਲਾਹ ਕੀਤੀ। ਇਹ ਗੱਭਰੂ ਰਾਮਗੜ੍ਹ ਵਿਚ ਆਕੀ ਹੋ ਬੈਠੇ ਅਤੇ ਮੀਰ ਅਜ਼ੀਜ ਬਖਸ਼ੀ ਨਾਲ ਲੜਦੇ ਰਹੇ।

ਜੈ ਸਿੰਘ ਤੇ ਜੱਸਾ ਸਿੰਘ ਹਰ ਰੋਜ਼ ਬਾਹਰ ਨਿਕਲਦੇ ਅਤੇ ਵੈਰੀਆਂ ਨੂੰ ਮਾਰ ਕੁੱਟ ਕੇ ਲੁੱਟ ਪੁੱਟ ਕੇ ਅੰਦਰ ਆ ਜਾਂਦੇ। ਜੈ ਸਿੰਘ ਦੀ ਘੋੜੀ ਐਸੀ ਤਿੱਖੀ ਸੀ ਕਿ ਮੁਸਲਮਾਨ ਸਵਾਰ ਬਥੇਰਾ ਜ਼ੋਰ ਲਾਉਂਦੇ ਪਰ ਉਸ ਦੀ ਧੂੜ ਨੂੰ ਵੀ ਨਾ ਪੁੱਜ ਸਕਦੇ। ਅੰਤ ਬਰੂਦ ਨਾਲ ਬਖਸ਼ੀ ਨੇ ਕੰਧ ਉਡਾ ਦਿੱਤੀ ਪਰ ਸਿੰਘ ਐਸੇ ਅੜੇ ਕਿ ਬਖਸ਼ੀ ਦੀ ਕੁਝ ਪੇਸ਼ ਨਾ ਗਈ। ਕੱਤਕ ਵਿਚ ਅਦੀਨਾ ਬੇਗ ਮਰ ਗਿਆ ਅਤੇ ਹਾਕਮਾਂ ਨੂੰ ਆਪਣਾ ਫਿਕਰ ਪੈ ਗਿਆ। ਉਸ ਦਿਨ ਤੋਂ ਇਸ ਸਾਰੇ ਜੱਥੇ ਨੂੰ 'ਰਾਮਗੜ੍ਹੀਏ' ਕਹਿਣ ਲੱਗ ਪਏ।

ਅਦੀਨਾ ਬੇਗ ਦੇ ਮਰਨ ਤੋਂ ਮਗਰੋਂ ਦੇਸ਼ ਵਿਚ ਰਾਮ-ਰੌਲਾ ਪੈ ਗਿਆ ਤੇ ਸਿੰਘ ਫੇਰ ਪਹਿਲਾਂ ਵਾਂਗ ਹੀ ਆਕੀ ਹੋ ਬੈਠੇ। ਨੰਦ ਸਿੰਘ ਸਾਂਘਣੀਆਂ ਹੁਣ ਨੰਦ ਸਿੰਘ ਰਾਮਗੜ੍ਹੀਆ ਪ੍ਰਸਿੱਧ ਹੋਇਆ ਅਤੇ ਇਸ ਦੇ ਗੁਜ਼ਰ ਜਾਣ ਤੋਂ ਮਗਰੋਂ ਇਸ ਜਥੇ ਦਾ ਮਾਲਕ ਸਰਦਾਰ ਜੱਸਾ ਸਿੰਘ ਹੋਇਆ। ਅਮਰ ਸਿੰਘ ਕਿੰਗਰੇ ਤੋਂ ਮਗਰੋਂ ਇਸ ਜਥੇ ਦਾ ਮਾਲਕ ਜੈ ਸਿੰਘ ਘਨੱਈਆ ਹੋਇਆ। ਇਹ ਘਨੱਈਆ ਦੀ ਮਿਸਲ ਦਾ ਮਾਲਕ ਹੋਇਆ ਤੇ ਜੱਸਾ ਸਿੰਘ ਰਾਮਗੜ੍ਹੀਆ ਮਿਸਲ ਦਾ।

SikhBookClub.com

ਇਹ ਮਿਸਲਾਂ ਦਾ ਨਾਮ ਤਾਂ ਮਗਰੋਂ ਆ ਕੇ ਬਣਿਆ ਹੈ, ਉਸ ਸਮੇਂ ਇਹ ਦੋਵੇਂ ਜਥੇ ਇਕੱਠੇ ਹੀ ਰਹਿੰਦੇ ਸਨ ਅਤੇ ਇਹਨਾਂ ਦੀਆਂ ਮਾਰਾਂ ਤੇ ਇਲਾਕੇ ਵੀ ਇਕੱਠੇ ਹੀ ਸਨ। ਫੱਗਣ ਸੰਮਤ ੧੮੧੯ ਬਿਕ੍ਰਮੀ (ਸੰਨ ੧੭੬੨ ਈ:) ਵਿਚ ਇਹਨਾਂ ਨੇ ਬਟਾਲੇ ਉੱਤੇ ਸਾਂਝਾ-ਅੱਧ ਕਬਜ਼ਾ ਕੀਤਾ। ਇਸ ਤੋਂ ਪਹਿਲਾਂ ਕਸੂਰ ਉੱਤੇ ਵੀ ਇਹਨਾਂ ਦਾ ਸਾਂਝਾ-ਅੱਧ ਸੀ ਤੇ ਬਾਕੀ ਅਧੜੰਗੀਆਂ[੧] ਦਾ ਸੀ। ਜਦ ਜੱਸਾ ਸਿੰਘ ਨੇ ਬਟਾਲੇ ਦੇ ਇਲਾਕੇ ਦੀ ਆਮਦਨ ਦਾ ਹਿੱਸਾ ਜੈ ਸਿੰਘ ਨੂੰ ਨਾ ਦਿੱਤਾ, ਤਾਂ ਇਹਨਾਂ ਦਾ ਆਪੋ ਵਿਚ ਅਜੋੜ ਹੋ ਗਿਆ। ਤਦ ਤੋਂ ਜੱਸਾ ਸਿੰਘ ਦੇ ਹਮਾਇਤੀ ਰਾਮਗੜ੍ਹੀਏ ਅਖਵਾਉਣ ਲੱਗ ਪਏ ਤੇ ਜੈ ਸਿੰਘ ਦੇ ਹਮਾਇਤੀ ਘਨੱਈਏ।

---

੧ ਦੂਜੇ ਆਧੀ।

SikhBookClub.com

# ੩
# ਚੌਧਰੀ ਲੰਗਾਹ[੧]

ਪੱਟੀ ਅੰਦਰ ਚੌਧਰੀ ਢਿਲੋਂ ਲਾਲ ਲੰਗਾਹ ਸੁਹੰਦਾ।[੨]

ਸ੍ਰੀ ਅੰਮ੍ਰਿਤਸਰ ਤੋਂ ਅੱਠ ਕੋਹ ਦੱਖਣ ਵੱਲ ਚੁਭਾਲ (ਝਬਾਲ) ਨਾਮੇਂ ਇਕ ਪਿੰਡ ਹੈ, ਜਿਥੇ ਸਿੱਖੀ ਦਾ ਬੀਜ ਚੌਧਰੀ ਲੰਗਾਹ ਨੇ ਬੀਜਿਆ ਸੀ। ਇਹ ਪੱਟੀ ਦੇ ਇਲਾਕੇ ਦਾ ਚੌਧਰੀ, ਢਿੱਲੋਂ ਗੋਤ ਦਾ ਸ਼੍ਰੋਮਣੀ ਅਤੇ ਚੁਭਾਲ ਦਾ ਵਸਨੀਕ ਸੀ। ਅੱਜ ਤੀਕ ਇਸ ਦੀ ਔਲਾਦ 'ਬਾਬਾ ਲੰਗਾਹ' ਦੇ ਅਸਥਾਨ ਦੀ ਮਹਾਨਤਾ ਕਰਦੀ ਹੈ ਅਤੇ ਸਾਰੇ ਚੁਭਾਲ ਨੂੰ ਮਾਣ ਹੈ ਕਿ ਚੌਧਰੀ ਲੰਗਾਹ, ਮਾਈ ਭਾਗੋ, ਸਰਦਾਰ ਬਘੇਲ ਸਿੰਘ ਅਤੇ ਸਰਦਾਰ ਖਜ਼ਾਨ ਸਿੰਘ ਉਹਨਾਂ ਵਿਚੋਂ ਹੋਏ ਹਨ।

ਮੁਗਲਾਂ ਦੇ ਸਮੇਂ ਪੱਟੀ ਇਕ 'ਸਰਕਾਰ'* ਸੀ, ਜਿਸ ਤਰ੍ਹਾਂ ਕਿ ਸਰਹੰਦ ਇਕ ਸਰਕਾਰ ਸੀ। ਇਥੇ ਇਕ ਫੌਜਦਾਰ ਰਿਹਾ ਕਰਦਾ ਸੀ, ਜੋ ਅੱਜ ਕਲ੍ਹ ਦੇ ਕਮਿਸ਼ਨਰ ਦੇ ਬਰਾਬਰ ਹੁੰਦਾ ਸੀ। ਪੱਟੀ ਦੇ ਇਲਾਕੇ ਦਾ ਸਰਕਾਰੀ ਮਾਲੀਆ ਨੌਂ ਲੱਖ ਰੁਪਿਆ ਹੁੰਦਾ ਸੀ; ਇਸੇ ਕਰ ਕੇ ਅੱਜ ਤੀਕ ਇਸ ਨੂੰ ਨੌਂ ਲੱਖੀ ਪੱਟੀ ਆਖਦੇ ਹਨ। ਸਾਰਾ ਇਲਾਕਾ ਤਿੰਨਾਂ ਚੌਧਰੀਆਂ ਦੇ ਸਪੁਰਦ ਸੀ ਜੋ ਤਿੰਨ ਤਿੰਨ ਲੱਖ ਦੇ ਅਜ਼ਾਰੇ-ਦਾਰ ਹੁੰਦੇ ਸਨ। ਤਿੰਨ ਚੌਧਰੀ ਇਹ ਸਨ :- ਚੁਭਾਲੀਏ ਜੋ ਢਿਲੋਂ ਸਨ, ਨੁਸ਼ਹਿਰੀਏ ਜੋ ਪਨੂੰ ਸਨ, ਦੂਜੇ ਨੁਸ਼ਹਿਰੀਏ, ਜੋ ਸੰਧੂ ਸਨ।

ਉਸ ਸਮੇਂ ਇਹ ਚੌਧਰੀ ਆਪਣੇ ਆਪਣੇ ਇਲਾਕੇ ਦੇ ਔਂਧੇ-ਪਚੱਧੇ ਦੇ ਮਾਲਕ ਗਿਣੇ ਜਾਂਦੇ ਸਨ। ਇਨ੍ਹਾਂ ਦਾ ਕੰਮ ਤਿੰਨ ਲੱਖ ਰੁਪਿਆ ਹਰ ਸਾਲ ਤਾਰਨਾ ਹੁੰਦਾ ਸੀ। ਵਸੂਲ ਭਾਵੇਂ ਬਹੁਤਾ ਹੋਵੇ ਜਾਂ ਥੋਹੜਾ। ਇਹ ਆਪਣੇ ਇਲਾਕੇ ਦੇ ਪਿੰਡਾਂ ਨੂੰ ਉਜਾੜ ਜਾਂ ਵਸਾ ਸਕਦੇ ਸਨ। ਕਿਸੇ ਅਸਾਮੀ ਨੂੰ ਕੱਢ ਸਕਦੇ ਸਨ, ਫਾਹੇ ਦੇ ਸਕਦੇ ਸਨ ਜਾਂ ਕਤਲ ਕਰ ਸਕਦੇ ਸਨ, ਕਾਠ-ਕੁਹਾੜਾ** ਇਨ੍ਹਾਂ ਦਾ ਆਪਣਾ ਹੁੰਦਾ

---

*੧ ਰਸਾਲਾ ਫੁਲਵਾੜੀ, ਦਸੰਬਰ ੧੯੨੮। ੨ ਭਾਈ ਗੁਰਦਾਸ , ਵਾਰਾਂ*

** ਮੁਗਲ ਬਾਦਸ਼ਾਹਾਂ ਵੇਲੇ ਪਰਗਨੇ ਦੀ ਸਰਦਾਰੀ ਅਤੇ ਹਾਕਮ ਦਾ ਸਦਰ ਮੁਕਾਮ ਸਰਕਾਰ ਸੱਦੀਦਾ ਸੀ। (ਦੇਖੋ : ਮਹਾਕੋਸ਼, ਚੌਥੀ ਵਾਰ, ਭਾਸ਼ਾ ਵਿਭਾਗ, ੧੯੮੧, ਪੰਨਾ ੧੬੪)।*

*** ਕਾਠ ਕੈਦ ਕਰਨ ਦਾ ਇਕ ਯੰਤ੍ਰ ਸੀ ਅਤੇ ਕੁਹਾੜਾ ਕਤਲ ਦਾ। ਕਾਠ ਮਾਰਨਾ ਉਸੇ ਸਮੇ ਦਾ ਪ੍ਰਚਲਿਤ ਮੁਹਾਵਰਾ ਹੈ। (ਦੇਖੋ : ਉਪੱਰਲਾ, ਪੰਨਾ ੩੧੭)।*

SikhBookClub.com

ਸੀ, ਇਲਾਕੇ ਵਿਚੋਂ ਮਾਲੀਏ ਦੀ ਵਸੂਲੀ ਲਈ ਇਹਨਾਂ ਦੇ ਆਪਣੇ ਸਵਾਰ ਪਿਆਦੇ ਹੁੰਦੇ ਸਨ, ਇਲਾਕੇ ਦੇ ਸਾਰੇ ਜ਼ਿਮੀਂਦਾਰ ਇਨ੍ਹਾਂ ਦੀਆਂ ਅਸਾਮੀਆਂ ਤੇ ਰਈਅਤ ਗਿਣੇ ਜਾਂਦੇ ਸਨ।

ਇਹਨਾਂ ਚੌਧਰੀਆਂ ਦਾ ਬਹੁਤਾ ਵਾਹ ਜੁ ਮੁਸਲਮਾਨ ਹਾਕਮਾਂ ਨਾਲ ਰਹਿੰਦਾ ਸੀ, ਇਸ ਲਈ ਇਹ ਮੁਸਲਮਾਨਾਂ ਵਰਗੇ ਹੀ ਹੁੰਦੇ ਸਨ, ਜਿਵੇਂ ਅੱਜ ਕਲ੍ਹ ਦੇ ਵੱਡੇ ਵੱਡੇ ਅਹੁਦੇਦਾਰ ਆਪਣੀ ਰਹਿਤ ਬਹਿਤ ਵਿਚ ਅੰਗਰੇਜ਼ਾਂ ਵਰਗੇ ਹਨ ਚੌਧਰੀ ਲੰਗਾਹ ਦੇ ਪਿਤਾ ਦਾ ਨਾਮ ਅਬੁਲ ਖੈਰ ਸੀ ਅਤੇ ਔਲਾਦ ਵਿਚੋਂ ਸਕੰਦਰ, ਉਮਰੀ, ਹੋਸ਼ੰਗ, ਮੁਬਾਰਕ ਆਦਿ ਸਨ। ਇਹ ਸਾਰੇ ਨਾਮ ਮੁਸਲਮਾਨੀ ਨਾਮ ਹਨ। ਹੋਰ ਚੌਧਰੀ ਐਨੇ ਮੁਸਲਮਾਨ ਨਹੀਂ ਸਨ, ਜਿਤਨੇ ਕਿ ਚੁਭਾਲੀਏ ਸਨ, ਇਹ ਹਕੂਮਤ ਦੇ ਬਹੁਤੇ ਸਮੀਪੀ ਸਨ, ਅਕਬਰ ਦੇ ਸਮੇਂ ਜਦ ਮੈਹਰ ਮਿਠੇ ਦੀ ਪੁੱਤਰੀ ਨਾਲ ਅਕਬਰ ਦਾ ਵਿਆਹ ਹੋਇਆ ਅਤੇ ਸਾਰੇ ਪੰਜਾਬ ਦੇ ਮੁਖੀਏ ਚੌਧਰੀ ਕਾਂਗੜ ਸੱਦੇ ਗਏ ਤਾਂ ਉਸ ਸਮੇਂ ਮੀਰ ਮੰਗੋ ਨੇ ਸਾਰੇ ਚੌਧਰੀਆਂ ਦੀ ਪਤੇ ਸਤੇ ਦੀ ਜੋ ਵਾਰ ਕਹੀ ਸੀ ਉਸ ਵਿਚ ਚੁਭਾਲੀਆਂ ਦਾ ਜ਼ਿਕਰ ਕਰਦਿਆਂ ਹੋਇਆਂ ਉਸ ਨੇ ਕਹਿਆ ਸੀ :-

'ਢਿਲੋਂ ਅਤੇ ਚੁਗੱਤਾ ਦੋਸਤ।'

ਜਿਸ ਤੋਂ ਪਤਾ ਲੱਗਦਾ ਹੈ ਕਿ ਢਿਲਵਾਂ ਦੇ ਚੌਧਰੀਆਂ ਦੇ ਨਾਮ ਮੁਸਲਮਾਨੀ ਕਿਉਂ ਸਨ ?

ਚੌਧਰੀ ਲੰਗਾਹ ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਂ ਬਾਦਸ਼ਾਹਾਂ ਦਾ ਸਮਕਾਲੀ ਸੀ। ਕਾਂਗੜ ਦੇ ਇਕੱਠ ਸਮੇਂ ਹੋਰਨਾਂ ਚੌਧਰੀਆਂ ਨਾਲ ਇਹ ਵੀ ਕਾਂਗੜ ਗਿਆ ਸੀ। ਚੁਰਾਸੀ ਪਿੰਡ ਇਸ ਦੇ ਤੇ ਇਸ ਦੇ ਵਡੇਰਿਆਂ ਦੇ ਬੈ-ਖਰੀਦ ਇਸ ਪਾਸ ਸਨ, ਜੋ ਇਸ ਦੇ ਲੜਕੇ ਚੌਧਰੀ ਸਕੰਦਰ ਦੇ ਸਮੇਂ ਵਧ ਕੇ ਇਕ ਸੌ ਪੰਜ ਹੋ ਗਏ ਸਨ। ਇਹ ਸਰਵਰੀਆ ਸੀ, ਜਿਹਾ ਕਿ ਉਸ ਸਮੇਂ ਦੇ ਪੰਜਾਬ ਦੇ ਬਹੁਤੇ ਵਸਨੀਕ ਸਨ ਅਤੇ ਸਖੀ ਸਰਵਰ ਦਾ ਅਸਥਾਨ ਇਸ ਦੇ ਮਕਾਨ ਅੰਦਰ ਸੀ।

ਜਿਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਤਰਨ ਤਾਰਨ ਦੇ ਸਰੋਵਰ ਦਾ ਉੱਦਮ ਕੀਤਾ ਸੀ ਉਸ ਸਮੇਂ ਚੌਧਰੀ ਲੰਗਾਹ ਬੀਮਾਰ ਸੀ। ਸਖੀ ਸਰਵਰ ਦੀਆਂ ਸੁੱਖਣਾਂ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮਨੌਤਾਂ ਲੰਗਾਹ ਨੂੰ ਰਾਜ਼ੀ ਨਾ ਕਰ ਸਕੀਆਂ, ਅੰਤ ਇਸ ਦਾ ਖਿਆਲ ਸ੍ਰੀ ਪੰਚਮ ਪਾਤਸ਼ਾਹ ਜੀ ਵੱਲ ਗਿਆ। ਸ੍ਰੀ ਤਰਨ ਤਾਰਨ ਜੀ ਵਿਖੇ ਹਾਜ਼ਰ ਹੋਇਆ, ਸੁੱਖਣਾਂ ਸੁਖੀ ਕਿ ਜੇ ਮੈਂ ਰਾਜ਼ੀ ਹੋ ਜਾਵਾਂ ਤਾਂ ਆਪ ਦਾ ਸਿੱਖ ਹੋ ਜਾਵਾਂਗਾ। ਕਰਤਾਰ ਦੀ ਕੁਦਰਤ, ਕਿ ਚੌਧਰੀ ਲੰਗਾਹ ਰਾਜ਼ੀ ਹੋ ਗਿਆ ਅਤੇ ਫਿਰ ਇਹ ਸਿੱਖ ਹੋ ਗਿਆ।

SikhBookClub.com

## ਸਿੱਖੀ ਦੀ ਪ੍ਰੀਖਿਆ–

'ਸਿੱਖ ਹੋ ਕੇ ਚੌਧਰੀ ਲੰਗਾਹ ਨੇ ਇਹ ਨੇਮ ਧਾਰਿਆ ਕਿ ਤੜਕੇ ਹੀ ਦਹੀਂ ਦੀ ਮਟਕੀ ਸਿਰ ਉਤੇ ਰੱਖ ਕੇ ਨੰਗੀਂ ਪੈਰੀਂ ਸ੍ਰੀ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ' ਅਤੇ ਸਤਿਗੁਰੂ ਜੀ ਦੇ ਦਾਹੜੇ ਦੇ ਅਸ਼ਨਾਨ ਲਈ ਦਹੀਂ ਦੀ ਭੇਟਾ ਕਰ ਕੇ ਅਤੇ ਦਰਸ਼ਨ ਕਰ ਕੇ ਤਦ ਕੁਝ ਅੰਨ ਪਾਣੀ ਮੂੰਹ ਪਾਉਂਦਾ। ਸ੍ਰੀ ਤਰਨ ਤਾਰਨ ਦੇ ਪਾਸ ਤੀਕ ਚੌਧਰੀ ਲੰਗਾਹ ਦਾ ਇਲਾਕਾ ਸੀ। ਠੱਟੀ ਅਤੇ ਖਾਰਾ ਪਿੰਡ ਚੌਧਰੀ ਜੀ ਨੇ ਹੀ ਆਬਾਦ ਕੀਤੇ ਸਨ। ਗੁਰੂ ਜੀ ਦਾ ਫੇਰ ਇਹ ਨੇਮ ਹੋ ਗਿਆ ਕਿ ਆਪ ਸਾਰਾ ਦਿਨ ਤਾਂ ਸ੍ਰੀ ਤਰਨ ਤਾਰਨ ਕਾਰ ਕਰਵਾਉਂਦੇ ਅਤੇ ਸ਼ਾਮ ਨੂੰ ਖਾਰੇ ਪਿੰਡ ਜਾ ਰਹਿੰਦੇ। ਚੁਭਾਲੋਂ ਸ੍ਰੀ ਤਰਨ ਤਾਰਨ ਕੋਈ ਛੇ ਕੁ ਕੋਹ ਦੀ ਵਿਥ ਉਤੇ ਸੀ। ਚੌਧਰੀ ਲੰਗਾਹ ਰੋਜ਼ ਤੜਕੇ ਦਹੀਂ ਦੀ ਮਟਕੀ ਲੈ ਕੇ ਆਉਂਦਾ ਅਤੇ ਦਰਸ਼ਨ ਕਰ ਕੇ ਫਿਰ ਚੁਭਾਲ ਨੂੰ ਮੁੜ ਜਾਂਦਾ। ਇਸ ਤਰ੍ਹਾਂ ਬਹੁਤ ਸਮਾਂ ਲੰਘ ਗਿਆ। ਅੰਤ ਸਤਿਗੁਰੂ ਜੀ ਨੇ ਸਿੱਖ ਦੀ ਪ੍ਰੀਖਿਆ ਕਰਨੀ ਚਾਹੀ। ਜਦ ਦਰਸ਼ਨ ਕਰ ਕੇ ਚੌਧਰੀ ਲੰਗਾਹ ਚੁਭਾਲ ਨੂੰ ਮੁੜ ਗਿਆ ਤਾਂ ਕੁਝ ਚਿਰ ਮਗਰੋਂ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਨੂੰ ਚਲੇ ਗਏ। ਚੌਧਰੀ ਲੰਗਾਹ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਉਹ ਸਦਾ ਵਾਂਗ ਅਗਲੇ ਭਲਕ ਤੜਕੇ ਉਠਿਆ ਅਤੇ ਦਹੀਂ ਦੀ ਮਟਕੀ ਸਿਰ ਉਤੇ ਰੱਖ ਕੇ ਨੰਗੇ ਪੈਰੀਂ (ਮੁੜ) ਸਤ੍ਰਿਗਰੂ ਜੀ ਦੇ ਦਰਸ਼ਨਾਂ ਨੂੰ ਤੁਰ ਪਿਆ।

ਸ੍ਰੀ ਤਰਨ ਤਾਰਨ ਪੁੱਜ ਕੇ ਪਤਾ ਲੱਗਾ ਕਿ ਸਤਿਗੁਰੂ ਜੀ ਕਲ੍ਹ ਦੇ ਸ੍ਰੀ ਅੰਮ੍ਰਿਤਸਰ ਗਏ ਹੋਏ ਹਨ। ਆਪ ਭੁੱਖੇ-ਭਾਣੇ ਨੰਗੀਂ ਪੈਰੀਂ ਸ੍ਰੀ ਅੰਮ੍ਰਿਤਸਰ ਵੱਲ ਵਗ ਤੁਰੇ, ਅੱਗੇ ਸਤਿਗੁਰੂ ਜੀ ਨੇ ਰਾਹ ਵਿਚ ਆਦਮੀ ਬਿਠਾ ਰਖਿਆ ਸੀ ਕਿ ਜਦ ਲੰਗਾਹ ਆਵੇ ਤਾਂ ਸਾਨੂੰ ਅੱਗੋਂ ਹੀ ਪਤਾ ਕਰ ਦਿੱਤਾ ਜਾਵੇ। ਸੋ ਚੌਧਰੀ ਲੰਗਾਹ ਜਦ ਗੁਰੂ ਕੇ ਮਹਿਲਾਂ ਪਾਸ ਪੁੱਜਾ ਤਾਂ ਪਤਾ ਲੱਗਾ ਕਿ ਸਤਿਗੁਰੂ ਜੀ ਥੋਹੜਾ ਹੀ ਚਿਰ ਹੋਇਆ ਹੈ ਕਿ ਸੁਆਰ ਹੋ ਕੇ ਸ੍ਰੀ ਤਰਨ ਤਾਰਨ ਚਲੇ ਗਏ ਹਨ। ਚੌਧਰੀ ਲੰਗਾਹ ਆਪਣੇ ਨੇਮ ਦਾ ਬੱਧਾ ਭੁੱਖਾ-ਭਾਣਾ ਦਹੀਂ ਦੀ ਮਟਕੀ ਚੁੱਕੀ ਨੰਗੀ ਪੈਰੀਂ ਸ੍ਰੀ ਤਰਨ ਤਾਰਨ ਵੱਲ ਵਗ ਪਿਆ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਹਾਜ਼ਰ ਹੋ ਕੇ ਦਹੀਂ ਦੀ ਮਟਕੀ ਭੇਟਾ ਜਾ ਕੀਤੀ।

ਅੱਜ ਆਪ ਨੂੰ ਲਗਭਗ ਪੰਝੀ ਤੀਹ ਕੋਹ ਦਾ ਪੈਂਡਾ ਕਰਨਾ ਪਿਆ ਸੀ ਪਰ ਜਦ ਤੀਕ ਆਪ ਸਤਿਗੁਰੂ ਜੀ ਦੇ ਦਰਸ਼ਨ ਨਾ ਕਰ ਲਏ ਆਪ ਨੇ ਅੰਨ-ਪਾਣੀ ਮੂੰਹ ਨਾ ਪਾਇਆ। ਸਤਿਗੁਰੂ ਜੀ ਬੜੇ ਖੁਸ਼ ਹੋਏ। ਐਡੇ ਵੱਡੇ ਆਦਮੀ ਦਾ ਐਸਾ ਸਿਦਕ, ਭਰੋਸਾ ਕੋਈ ਮਾਮੂਲੀ ਜਿਹੀ ਗੱਲ ਨਹੀਂ ਸੀ। ਸਤਿਗੁਰੂ ਜੀ ਨੇ ਆਪ ਨੂੰ ਗਲ ਨਾਲ ਲਾਇਆ ਅਤੇ ਬਚਨ ਕੀਤਾ ਕਿ ਲੰਗਾਹ ਤੇਰੀ ਘਾਲ ਪੂਰੀ ਹੋ ਗਈ। ਹੁਣ ਤੂੰ ਰੋਜ਼ ਨਾ ਆਇਆ ਕਰ। ਅਸੀਂ ਤੈਨੂੰ ਤੇਰੇ ਘਰ ਹੀ ਦਰਸ਼ਨ ਦੇ ਦਿਆ ਕਰਾਂਗੇ। ਇਸ ਤੋਂ

SikhBookClub.com

ਮਗਰੋਂ ਚੌਧਰੀ ਕਿਸੇ ਦਿਨ ਦਿਹਾਰ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੁੰਦਾ ਰਿਹਾ, ਪਰ ਰੋਜ਼ ਦਾ ਹਾਜ਼ਰ ਹੋਣਾ ਛੱਡ ਦਿੱਤਾ। ਸਤਿਗੁਰੂ ਜੀ ਦੇ ਪਸ਼ੂਆਂ ਲਈ ਆਪਣੀ ਬੀੜ ਦਾ ਇਕ ਟੁਕੜਾ ਅੱਡ ਕਰ ਦਿੱਤਾ। ਜਿਥੇ ਬਾਬਾ ਬੁੱਢਾ ਜੀ ਰਹਿੰਦੇ ਤੇ ਸਤਿਗੁਰੂ ਜੀ ਦੇ ਮਾਲ ਦੀ ਰਖਵਾਲੀ ਕਰਦੇ, ਇਸ ਨੂੰ ਅੱਜ ਕਲ੍ਹ "ਬਾਬੇ ਬੁੱਢੇ ਦੀ ਬੀੜ" ਆਖਦੇ ਹਨ ਜੋ ਚੁਭਾਲੋਂ ਦੋ ਕੁ ਕੋਹ ਦੀ ਵਿੱਥ 'ਤੇ ਹੈ। ਇਥੇ ਹੀ ਬਾਬਾ ਬੁੱਢਾ ਜੀ ਨੇ ਛੇਵੀਂ ਪਾਤਸ਼ਾਹੀ ਜੀ ਦੀ ਬਾਬਤ ਮਾਤਾ ਗੰਗਾ ਜੀ ਨੂੰ ਵਰ ਦਿੱਤਾ ਸੀ।

## ਜੱਟ ਦਾ ਜਟਊ-ਪੁਣਾ-

ਚੌਧਰੀ ਲੰਗਾਹ ਐਸਾ ਸਿੱਖ ਹੋਇਆ ਕਿ ਉਸ ਨੇ ਆਪਣਾ ਸਭ ਕੁਝ ਸਤਿਗੁਰੂ ਜੀ ਦੇ ਅਰਪਣ ਕਰ ਦਿੱਤਾ, ਪਰ ਜੱਟ ਤੋਂ ਆਪਣਾ ਜਟਊ-ਪੁਣਾ ਨਾ ਛੱਡਿਆ ਗਿਆ। ਜੋ ਸ਼ਾਹੀ ਸੜਕ ਦਿੱਲੀ ਤੋਂ ਲਾਹੌਰ ਨੂੰ ਜਾਂਦੀ ਸੀ, ਚੁਭਾਲ ਉਸ ਉਤੇ ਹੀ ਵੱਸਦਾ ਸੀ, ਇਸ ਲਈ ਇਸ ਸੜਕ ਦੇ ਲਾਂਭ-ਚਾਂਭ ਦਾ ਬਹੁਤ ਸਾਰਾ ਇਲਾਕਾ ਚੌਧਰੀ ਲੰਗਾਹ ਦਾ ਸੀ ਜਿਸ ਵਿਚੋਂ ਕੁੱਝ ਅਬਾਦ ਸੀ ਤੇ ਕੁਝ ਅਜੇ ਬੀੜ ਹੀ ਪਿਆ ਸੀ। ਇਸ ਬੀੜ ਵਿਚੋਂ ਹੀ ਇਕ ਚੱਕ ਦੀ ਜ਼ਮੀਨ ਅੱਡ ਕਰ ਕੇ ਆਪਣੀ ਲੜਕੀ ਉਮਰੀ ਨੂੰ ਦੇ ਦਿੱਤੀ ਸੀ, ਜਿਥੇ ਅੱਜ ਕਲ੍ਹ ਉਸ ਦੀ ਔਲਾਦ ਵਸਦੀ ਹੈ। ਇਸ ਪਿੰਡ ਦਾ ਨਾਮ 'ਲਾਲੂ ਘੁੰਮਣ' ਹੈ।

ਘੋੜਿਆਂ ਦੇ ਇਕ ਪਠਾਣ ਸੌਦਾਗਰ ਨੇ ਵੇਖਿਆ ਕਿ ਘੋੜਿਆਂ ਦੇ ਪਾਲਣ ਲਈ ਸ਼ਾਹੀ ਸੜਕ ਦੇ ਕੰਢੇ ਉਤੇ ਇਹ ਬੜਾ ਸੋਹਣਾ ਇਲਾਕਾ ਹੈ, ਜਿਥੇ ਰੋਹੀ ਵਗਦੀ ਹੈ ਤੇ ਘਾਹ ਹਰਾ ਰਹਿੰਦਾ ਹੈ। ਪਰ ਉਸ ਨੂੰ ਆਸ ਨਹੀਂ ਸੀ ਕਿ ਚੌਧਰੀ ਲੰਗਾਹ ਉਸ ਨੂੰ ਜ਼ਮੀਨ ਦੇਵੇਗਾ। ਉਹ ਸਤਿਗੁਰ ਅਰਜਨ ਦੇਵ ਜੀ ਪਾਸ ਪੁੱਜਾ ਅਤੇ ਬੀੜ ਦੇ ਕੁਝ ਕੁ ਟੁਕੜੇ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕੋਈ ਗੱਲ ਨਹੀਂ, ਹੁਣ ਜਦ ਚੌਧਰੀ ਲੰਗਾਹ ਆਵੇਗਾ ਤਾਂ ਅਸੀਂ ਉਸ ਪਾਸੋਂ ਬੀੜ ਦਾ ਇਕ ਟੁਕੜਾ ਤੁਸਾਨੂੰ ਲੈ ਦੇਵਾਂਗੇ।

ਕੁਝ ਦਿਨ ਮਗਰੋਂ ਚੌਧਰੀ ਲੰਗਾਹ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਫਲਾਣੇ ਪਠਾਣ ਸੌਦਾਗਰ ਨੂੰ ਘੋੜੇ ਪਾਲਣ ਲਈ ਬੀੜ ਦਾ ਇਕ ਟੁਕੜਾ ਦੇ ਦਿੱਤਾ ਜਾਵੇ। ਸਤਿਗੁਰੂ ਜੀ ਨੂੰ ਕਦੀ ਚਿੱਤ ਚੇਤਾ ਵੀ ਨਹੀਂ ਸੀ ਕਿ ਲੰਗਾਹ ਜਿਹਾ ਸਿੱਖ ਸਾਡੇ ਬਚਨ ਦੀ ਉਲੰਘਣਾ ਕਰੇਗਾ। ਲੰਗਾਹ ਨੇ ਜ਼ਮੀਨ ਦੇਣੋਂ ਨਾਂਹ ਕਰ ਦਿੱਤੀ।

ਸਤਿਗੁਰ ਜੀ ਨੇ ਫੇਰ ਬਚਨ ਕੀਤਾ- 'ਕਮਲਿਆ! ਅਸੀਂ ਕਹਿੰਦੇ ਹਾਂ ਕਿ ਜ਼ਮੀਨ ਦੇ ਦੇਹ।'

ਅੱਗੋਂ ਚੌਧਰੀ ਲੰਗਾਹ ਨੇ ਉੱਤਰ ਦਿੱਤਾ:-

SikhBookClub.com

'ਸਤਿਗੁਰ ਜੀ! ਇਹ ਤਨ, ਮਨ, ਧਨ ਸਭ ਆਪ ਦਾ ਹੈ, ਆਪ ਕੋਈ ਸੇਵਾ ਫੁਰਮਾਓ, ਜਿਸ ਨੂੰ ਮੈਂ ਕਰਾਂ। ਮੈਂ ਜਾਣਦਾ ਹਾਂ ਕਿ ਆਪ ਦੇ ਬਚਨ ਖਾਲੀ ਨਹੀਂ ਜਾਣਗੇ। ਮੈਂ ਕਮਲਾ ਜ਼ਰੂਰ ਹੋ ਜਾਵਾਂਗਾ, ਪਰ ਜੇ ਜ਼ਮੀਨ ਦੀ ਗੱਲ ਕਹੋ ਤਾਂ ਮੈਂ ਦਾਤਰੀ ਦੇ ਨੁੱਕੇ ਉਤੇ ਪਾਉਣ ਜੋਗੀ ਵੀ ਜ਼ਮੀਨ ਨਹੀਂ ਦੇ ਸਕਦਾ।'

## ਸਤਿਗੁਰੂ ਜੀ ਨੇ ਬਚਨ ਕੀਤਾ–

'ਲੰਗਾਹ! ਜਿਸ ਜ਼ਮੀਨ ਦਾ ਤੂੰ ਮਾਣ ਕਰਦਾ ਹੈਂ, ਕੀ ਪਤਾ ਹੈ ਕਿ ਉਸ ਉਤੇ ਤੇਰੀ ਮੜ੍ਹੀ ਵੀ ਬਣੇਗੀ ਕਿ ਨਹੀਂ।'

ਇਹ ਸਤਿਗੁਰੂ ਜੀ ਦਾ ਹੱਦ ਦਰਜੇ ਦੀ ਕਰੋਪਤਾ ਦਾ ਬਚਨ ਸੀ, ਪਰ ਲੰਗਾਹ ਨੇ ਫੇਰ ਵੀ ਜ਼ਮੀਨ ਦੇਣੋਂ ਨਾਂਹ ਕੀਤੀ ਅਤੇ ਸਿੱਧ ਕਰ ਦਿੱਤਾ ਕਿ ਜੱਟ ਜ਼ਮੀਨ ਨੂੰ ਕਿਸ ਨਜ਼ਰ ਨਾਲ ਵੇਖਦੇ ਹਨ ਅਤੇ ਉਹਨਾਂ ਦੇ ਦਿਲਾਂ ਉਤੇ ਜ਼ਮੀਨ ਦੀ ਕੀ ਕੁਝ ਕਦਰ ਹੈ। ਇਹੋ ਜੱਟ ਜਦ ਪੰਜਾਬ ਦੇ ਮਾਲਕ ਹੋਏ ਤਾਂ ਇਹਨਾਂ ਨੇ ਪਰੰਪਰਾ ਦੇ ਰਿਵਾਜ ਨੂੰ ਤੋੜ ਕੇ ਜ਼ਮੀਨ ਦੀ ਮਾਲਕੀ ਜ਼ਮੀਨ ਦੇ ਵਾਹੁਣ ਵਾਲਿਆਂ ਨੂੰ ਦੇ ਦਿੱਤੀ। ਤਦ ਤੋਂ ਹੀ ਪੰਜਾਬ ਖੁਸ਼ਹਾਲ ਹੋਣ ਲੱਗ ਪਿਆ। ਪੰਜਾਬ ਦੇ ਸਿਰ ਉਤੇ ਸਿੱਖਾਂ ਦਾ ਇਹ ਐਡਾ ਅਹਿਸਾਨ ਹੈ ਕਿ ਕਦੇ ਨਹੀਂ ਉਤਰ ਸਕਦਾ। ਪੰਜਾਬ ਇਸੇ ਕਰ ਕੇ ਖੁਸ਼ਹਾਲ ਹੈ ਕਿ ਇਥੇ ਜ਼ਮੀਨ ਦੇ ਵਾਹੁਣ ਵਾਲੇ ਜ਼ਮੀਨ ਦੇ ਮਾਲਕ ਹਨ ਅਤੇ ਬਾਕੀ ਹਿੰਦੁਸਤਾਨ ਇਸੇ ਕਰ ਕੇ ਕੰਗਾਲ ਹੈ ਕਿ ਉਥੇ ਪੁਰਾਣੇ ਰਿਵਾਜ ਅਨੁਸਾਰ ਜ਼ਮੀਨ ਦੇ ਮਾਲਕ ਹੋਰ ਤੇ ਜ਼ਮੀਨ ਨੂੰ ਵਾਹੁਣ ਵਾਲੇ ਹੋਰ ਹਨ।

## ਚੌਧਰੀ ਲੰਗਾਹ ਦਾ ਸਿੱਖੀ ਪਿਆਰ–

ਅਕਬਰ ਤੋਂ ਮਗਰੋਂ ਜਹਾਂਗੀਰ ਦਾ ਸਮਾਂ ਆਇਆ ਅਤੇ ਖੁਸਰੋ ਆਪਣੇ ਪਿਤਾ ਦੇ ਉਲਟ ਹੋ ਕੇ ਪੰਜਾਬ ਵਿਚ ਆਕੀ ਹੋ ਬੈਠਾ। ਸ਼ਾਹੀ ਫੌਜਾਂ ਆਈਆਂ, ਖੁਸਰੋ ਨੂੰ ਹਾਰ ਹੋਈ ਅਤੇ ਉਸ ਸਮੇਂ ਦੇ ਰਿਵਾਜ ਅਨੁਸਾਰ ਖੁਸਰੋ ਦੇ ਸਾਰੇ ਹਾਮੀਆਂ ਨੂੰ ਫਾਹੇ ਲਾ ਦਿੱਤਾ ਗਿਆ। ਐਸੇ ਰਾਜ-ਰੌਲੇ ਦੇ ਸਮੇਂ ਕਈ ਬੇ-ਦੋਸ਼ੇ ਵੀ ਮਾਰੇ ਜਾਇਆ ਕਰਦੇ ਸਨ। ਜਿਸ ਵੱਲ ਕਿਸੇ ਨੇ ਉਂਗਲੀ ਕਰ ਦਿੱਤੀ, ਉਹ ਪੁੱਛ-ਗਿੱਛ ਤੋਂ ਬਿਨਾਂ ਹੀ ਮਾਰਿਆ ਜਾਂਦਾ ਹੈ।

ਸਤਿਗੁਰੂ ਜੀ ਉਤੇ ਇਲਜ਼ਾਮ ਲਾਇਆ ਗਿਆ ਕਿ ਆਪ ਵੀ ਖੁਸਰੋ ਦੇ ਹਾਮੀਆਂ ਵਿਚੋਂ ਸਨ। ਸਮੇਂ ਦੇ ਰਿਵਾਜ ਅਨੁਸਾਰ ਹੁਕਮ ਹੋ ਗਿਆ ਕਿ ਆਪ ਦੇ ਬਾਲ ਬੱਚੇ ਪਰਿਵਾਰ ਫੜ ਲਏ ਜਾਣ, ਮਾਲ ਮਤਾ, ਜਾਇਦਾਦ ਜ਼ਬਤ ਕੀਤੀ ਜਾਵੇ ਅਤੇ ਆਪ ਜੀ ਨੂੰ ਮਾਰ ਦਿੱਤਾ ਜਾਵੇ ਭਾਵੇਂ ਜਹਾਂਗੀਰ ਨੇ ਇਹ ਹੁਕਮ ਭੁੱਲ ਨਾਲ ਦਿੱਤਾ ਸੀ ਅਤੇ ਇਹ ਸਾਰਾ ਕਾਰਾ ਚੰਦੂ ਨੇ ਕਰਵਾਇਆ ਸੀ, ਪਰ ਇਸ ਵਿਚ ਕੋਈ ਸੰਦੇਹ ਨਹੀਂ ਕਿ ਉਸ ਸਮੇਂ ਸਤਿਗੁਰੂ ਜੀ ਬਾਗੀ ਦੇ ਹਮਾਇਤੀ ਸਮਝ ਕੇ ਫੜੇ

SikhBookClub.com

ਗਏ ਸਨ।

ਉਸ ਸਮੇਂ ਜੋ ਪੰਜ ਸਿੱਖ ਸਤਿਗੁਰੂ ਜੀ ਨਾਲ ਲਾਹੌਰ ਗਏ, ਉਹਨਾਂ ਵਿਚੋਂ ਇਕ ਚੌਧਰੀ ਲੰਗਾਹ ਵੀ ਸੀ। ਚੌਧਰੀ ਲੰਗਾਹ ਦਾ ਇਸ ਸਮੇਂ ਸਤਿਗੁਰੂ ਜੀ ਦੇ ਨਾਲ ਜਾਣਾ, ਉਸ ਦੀ ਆਪਣੀ ਜਾਨ, ਆਪਣੀ ਜਾਇਦਾਦ, ਆਪਣੀ ਚੌਧਰਾਇਤ ਅਤੇ ਆਪਣੇ ਸਭ ਕੁਝ ਨੂੰ ਖ਼ਤਰੇ ਵਿਚ ਪਾਉਣਾ ਸੀ। ਚੌਧਰੀ ਲੰਗਾਹ ਨੇ ਆਪਣਾ ਸਭ ਕੁਝ ਖਤਰੇ ਵਿਚ ਪਾਇਆ, ਪਰ ਸਤਿਗੁਰ ਜੀ ਦਾ ਸਾਥ ਨਾ ਛੌਡਿਆ। ਜ਼ਰਾ ਕੁ ਗੌਹ ਕੀਤਿਆਂ ਪਤਾ ਲੱਗ ਜਾਂਦਾ ਹੈ ਕਿ ਚੌਧਰੀ ਲੰਗਾਹ ਦੀ ਇਹ ਕਿੱਡੀ ਵੱਡੀ ਕੁਰਬਾਨੀ ਸੀ।

ਪਰ ਅਜੇ ਇਹ ਕੁਰਬਾਨੀ ਦੀ ਪਰਖ ਹੋਰ ਹੋਣੀ ਸੀ। ਜਹਾਂਗੀਰ ਦਾ ਸਮਾਂ ਲੰਘ ਗਿਆ ਅਤੇ ਉਸ ਦੇ ਮਰਦਿਆਂ ਹੀ ਦੇਸ਼ ਵਿਚ ਰਾਜ-ਰੌਲਾ ਪੈ ਗਿਆ। ਸ਼ਾਹ ਜਹਾਂ ਉਸ ਸਮੇਂ ਦੱਖਣ ਵੱਲ ਸੀ। ਪੰਜਾਬ ਦੇ ਹਾਕਮ ਕਈ ਕਾਰਨਾਂ ਕਰ ਕੇ ਸਤਿਗੁਰੂ ਹਰਿਗੋਬਿੰਦ ਜੀ ਨਾਲ ਲਗਦੇ ਸਨ। ਬਦਲੇ ਦਾ ਸੋਹਣਾ ਵੇਲਾ ਸੀ। ਇਸ ਲਈ ਸ੍ਰੀ ਅੰਮ੍ਰਿਤਸਰ ਉੱਤੇ ਸ਼ਾਹੀ ਫੌਜਾਂ ਚੜ੍ਹ ਆਈਆਂ। ਤਿੰਨ ਦਿਨ ਲੜਾਈ ਹੋਈ ਭਾਵੇਂ ਸ਼ਾਹੀ ਫੌਜਾਂ ਨੂੰ ਹਾਰ ਹੋਈ, ਪਰ ਲਾਚਾਰ ਹੋ ਕੇ ਸ੍ਰੀ ਗੁਰੂ ਜੀ ਨੂੰ ਅੰਮ੍ਰਿਤਸਰ ਨੂੰ ਛਡਣਾ ਪਿਆ, ਜੋ ਸ਼ਾਹੀ ਸੈਨਾ ਹੱਥੋਂ ਲੁੱਟਿਆ ਉਜਾੜਿਆ ਗਿਆ।

ਸਤਿਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਦਾ ਦਿਨ ਮਿਥਿਆ ਹੋਇਆ ਸੀ। ਹੋਰ ਸਭ ਤਿਆਰੀਆਂ ਕੀਤੀਆਂ ਹੋਈਆਂ ਸਨ ਕਿ ਸ਼ਾਹੀ ਸੈਨਾ ਚੜ੍ਹ ਆਈ। ਲੜਾਈ ਦਾ ਤੀਜਾ ਦਿਨ ਸੀ, ਸ਼ਾਮ ਨੂੰ ਜਨੇਤ ਨੇ ਸ੍ਰੀ ਅੰਮ੍ਰਿਤਸਰ ਪੁੱਜਣਾ ਸੀ ਅਤੇ ਸਾਰੇ ਪਰਿਵਾਰ ਨੂੰ ਫਿਕਰ ਸੀ ਕਿ, ਕੀ ਦਾ ਕੀ ਹੋ ਗਿਆ ਅਤੇ ਪਤਾ ਨਹੀਂ ਅਜੇ ਹੋਰ ਕੀ ਹੋਣਾ ਹੈ!

ਹੁਣ ਸਤਿਗੁਰੂ ਜੀ ਨੇ ਚੁਤਰਫੀਂ ਨਜ਼ਰ ਦੁੜਾਈ। ਚੇਤੇ ਰਹੇ ਕਿ ਹਕੂਮਤ ਦੀ ਨਜ਼ਰ ਵਿਚ ਸਤਿਗੁਰੂ ਜੀ ਬਾਗੀ ਸਨ ਅਤੇ ਜੋ ਵੀ ਆਪ ਦਾ ਹਮਾਇਤੀ ਸੀ ਸੋ ਵੀ ਰਾਜ-ਧਰੋਹੀ ਸੀ। ਐਸੇ ਰਾਜ-ਰੌਲੇ ਦੇ ਸਮੇਂ ਸਰਦੇ-ਪੁਜਦੇ ਆਦਮੀ ਸਦਾ ਅੱਡ ਹੀ ਰਿਹਾ ਕਰਦੇ ਹਨ, ਕਿਉਂ ਜੋ ਉਹਨਾਂ ਨੂੰ ਡਰ ਹੁੰਦਾ ਹੈ ਕਿ ਸਾਡੀਆਂ ਜਾਇਦਾਦਾਂ ਜ਼ਬਤ ਨਾ ਹੋ ਜਾਣ। ਰਾਜ-ਰੌਲਿਆਂ ਵਿਚ ਕੇਵਲ ਗਰੀਬ ਆਦਮੀ ਹੀ ਨਿਧੜਕ ਹੋ ਕੇ ਹਿੱਸਾ ਲਿਆ ਕਰਦੇ ਹਨ, ਪਰ ਸਤਿਗੁਰੂ ਜੀ ਨੂੰ ਇਸ ਵੇਲੇ ਲੋੜ ਸੀ, ਕਿਸੇ ਤਕੜੇ ਆਦਮੀ ਦੀ, ਜੋ ਆਪ ਦੇ ਪਰਿਵਾਰ ਨੂੰ ਪਨਾਹ ਦੇਵੇ। ਬਰਾਤ ਨੂੰ ਸੰਭਾਲੇ ਅਤੇ ਅਨੰਦ-ਕਾਰਜ ਨੂੰ ਸਿਰੇ ਚੜ੍ਹਾਵੇ। ਸਤਿਗੁਰੂ ਜੀ ਨੇ ਚੁਤਰਫੀਂ ਨਜ਼ਰ ਦੁੜਾਈ। ਤਕੜੇ ਤਕੜੇ ਆਦਮੀ ਸਿੱਖ ਸਨ ਪਰ ਐਸ ਕਰੜੇ ਵੇਲੇ ਪੁੱਜਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ ਸੀ। ਅੰਤ ਨੂੰ ਸਤਿਗੁਰ ਜੀ ਦੀ ਨਜ਼ਰ ਚੌਧਰੀ ਲੰਗਾਹ ਉਤੇ ਆ ਕੇ ਟਿਕੀ। ਆਪ ਨੂੰ ਨਿਸ਼ਚਾ ਸੀ ਕਿ ਚੌਧਰੀ ਲੰਗਾਹ ਸਾਥੋਂ ਕਿਸੇ ਗੱਲ ਦਾ ਸੰਕੋਚ

SikhBookClub.com

ਨਹੀਂ ਕਰੇਗਾ। ਇਤਬਾਰੀ ਆਦਮੀਆਂ ਨੂੰ ਹੁਕਮ ਦਿੱਤਾ ਗਿਆ ਕਿ ਮਹਿਲਾਂ ਨੂੰ ਤੇ ਪਰਿਵਾਰ ਨੂੰ ਰਥਾਂ ਵਿਚ ਬੈਠਾ ਕੇ ਚੌਧਰੀ ਲੰਗਾਹ ਪਾਸ ਚੁਭਾਲ ਲੈ ਜਾਵੇ। ਜਨੇਤ ਵੱਲ ਆਦਮੀ ਘੱਲ ਦਿੱਤਾ ਕਿ ਸ੍ਰੀ ਅੰਮ੍ਰਿਤਸਰ ਦੀ ਥਾਂ ਚੁਭਾਲ ਪੁੱਜੋ ਅਤੇ ਆਪ ਸ਼ਾਹੀ ਸੈਨਾ ਨਾਲ ਲੜਦੇ ਰਹੇ। ਜਦ ਸੂਰਜ ਡੁੱਬ ਗਿਆ ਤਾਂ ਆਪ ਲੜਾਈ ਛੱਡ ਕੇ ਚੁਭਾਲ ਨੂੰ ਚਲੇ ਗਏ ਅਤੇ ਸ਼ਹਿਰ ਨੂੰ ਸ਼ਾਹੀ ਸੈਨਾ ਨੇ ਲੁੱਟ ਖਾਧਾ।

ਕੋਈ ਸਵਾ ਪਹਿਰ ਰਾਤ ਗਈ ਹੋਵੇਗੀ ਕਿ ਸਤਿਗੁਰੂ ਜੀ ਚੁਭਾਲ ਅੱਪੜੇ। ਅੰਮ੍ਰਿਤ ਵੇਲੇ ਬੀਬੀ ਵੀਰੋ ਦਾ ਅਨੰਦ ਕਾਰਜ ਕੀਤਾ ਅਤੇ ਸੂਰਜ ਚੜ੍ਹਦਿਆਂ ਹੀ ਜਨੇਤ ਤੋਰ ਦਿੱਤੀ ਗਈ ਅਤੇ ਆਪ ਸਣੇ ਪਰਿਵਾਰ ਡਰੋਲੀ ਨੂੰ ਚਲੇ ਗਏ। ਸਿੱਖ ਇਤਿਹਾਸ ਦਾ ਇਹ ਪਹਿਲਾ ਅਨੰਦ ਕਾਰਜ ਹੈ ਜੋ ਗੁਰ ਮਰਿਯਾਦਾ ਅਨੁਸਾਰ ਹੋਇਆ। ਅੱਜ ਤੀਕ ਉਸ ਸ਼ੁਭ ਦਿਨ ਚੌਹਾਂ ਲਾਵਾਂ ਦਾ ਪਾਠ ਕਰ ਕੇ ਚੁਭਾਲ ਵਿਚ ਇਸ ਕਾਰਜ ਦੀ ਯਾਦਗਾਰ ਮਨਾਈ ਜਾਂਦੀ ਹੈ।

ਇਹ ਅਨੰਦ ਕਾਰਜ ਚੌਧਰੀ ਲੰਗਾਹ ਨੇ ਆਪਣੇ ਮਹਿਲਾਂ ਵਿਚ ਕਰਵਾਇਆ ਸੀ। ਜਿਥੇ ਅੱਜ ਕਲ੍ਹ ਗੁਰਦੁਆਰਾ ਹੈ ਅਤੇ ਉਸ ਦੇ ਪਾਸ ਹੀ ਚੌਧਰੀ ਲੰਗਾਹ ਦੇ ਢਹਿ ਢੇਰੀ ਮਕਾਨਾਂ ਦੇ ਨਿਸ਼ਾਨ ਹਨ। ਜਿਥੇ ਕਦੀ ਮਾਝੇ ਦੇ ਸ਼ੇਰ ਵਸਦੇ ਅਤੇ ਤਿੰਨ ਲੱਖ ਦੇ ਇਲਾਕੇ ਉਤੇ ਹਕੂਮਤ ਕੀਤਾ ਕਰਦੇ ਸਨ।

ਸਤਿਗੁਰ ਜੀ ਤਾਂ ਸ਼ਾਹੀ ਸੈਨਾ ਦੀ ਪਹੁੰਚ ਤੋਂ ਪਰੇਡੇ ਅੱਪੜ ਚੁੱਕੇ ਸਨ, ਪਰ ਬੁੱਢੇ ਚੌਧਰੀ ਲੰਗਾਹ ਦਾ ਤੇ ਚੁਭਾਲ ਦਾ ਕੀ ਹਾਲ ਹੋਇਆ ਇਸ ਬਾਬਤ ਸਾਨੂੰ ਕੋਈ ਪਤਾ ਨਹੀਂ। ਕੁਝ ਭੀ ਹੋਵੇ ਇਸ ਵਿਚ ਕੁਝ ਸੰਦੇਹ ਨਹੀਂ ਕਿ ਚੌਧਰੀ ਲੰਗਾਹ ਨੇ ਸਿੱਖੀ ਸਿਦਕ ਦਾ ਇਕ ਨਮੂਨਾ ਕਾਇਮ ਕਰ ਦਿੱਤਾ ਸੀ ਅਤੇ ਮਾਲੂਮ ਹੁੰਦਾ ਹੈ ਕਿ ਇਸ ਤੋਂ ਮਗਰੋਂ ਛੇਤੀ ਹੀ ਆਪ ਗੁਜ਼ਰ ਗਏ ਹੋਣਗੇ।

## ਚੌਧਰੀ ਲੰਗਾਹ ਦੇ ਆਖਰੀ ਦਿਨ–

ਜਦ ਚੌਧਰੀ ਦਾ ਅੰਤ ਸਮਾਂ ਨੇੜੇ ਆਇਆ ਤਾਂ ਆਪ ਕਮਲੇ ਹੋ ਗਏ ਅਤੇ ਚੁਭਾਲੋਂ ਸਿੱਧੇ ਢਿੱਲਵੀਂ ਅੱਪੜੇ, ਜੋ ਕਿ ਬਿਆਸਾ ਦੇ ਖੱਬੇ ਕੰਢੇ ਅੱਜ ਕਲ੍ਹ ਰੇਲ ਦਾ ਸਟੇਸ਼ਨ ਹੈ। ਢਿੱਲਵੀਂ ਜਾ ਕੇ ਆਪ ਸਮਾ ਗਏ। ਮੁਗਲਾਂ ਦੇ ਸਮੇਂ ਇਹ ਰਿਵਾਜ ਸੀ ਕਿ ਜਿਸ ਪਿੰਡ ਦੀ ਜੂਹ ਵਿਚ ਕਿਸੇ ਦੀ ਮੜ੍ਹੀ ਬਣੇ ਉਸ ਦੀ ਔਲਾਦ ਉਸ ਪਿੰਡ ਵਿਚੋਂ ਹਿੱਸਾ ਲੈ ਸਕਦੀ ਸੀ।

ਢਿਲਵਾਂ ਵਾਲਿਆਂ ਨੂੰ ਫਿਕਰ ਪਿਆ ਕਿ ਜੇ ਕਰ ਚੌਧਰੀ ਲੰਗਾਹ ਨੂੰ ਅਸਾਂ ਆਪਣੀ ਜੂਹ ਵਿਚ ਫੂਕਿਆ ਤਾਂ ਚੌਧਰੀ ਲੰਗਾਹ ਦੀ ਔਲਾਦ ਸਾਡੇ ਪਿੰਡ ਵਿਚੋਂ ਹਿੱਸਾ ਆ ਲਊ। ਸੋ ਉਨ੍ਹਾਂ ਨੇ ਸਲਾਹ ਕਰ ਕੇ ਲੋਥ ਨੂੰ ਦਰਿਆਓਂ ਪਾਰ ਬੇਲੇ ਵਿਚ ਦੂਜੇ ਪਿੰਡ ਦੀ ਜੂਹ ਵਿਚ ਸੁੱਟ ਦਿੱਤਾ। ਹੁਣ ਜਦ ਦੂਜੇ ਪਿੰਡ ਵਾਲਿਆਂ ਨੂੰ ਪਤਾ ਲੱਗਾ, ਤਾਂ ਉਹਨਾਂ ਨੂੰ ਵੀ ਉਹੋ ਡਰ ਸੀ ਸੋ ਉਹ ਲੋਥ ਨੂੰ ਚੁੱਕ ਕੇ ਢਿਲਵਾਂ ਦੀ ਜੂਹ

SikhBookClub.com

ਵਿਚ ਸੁੱਟ ਗਏ।

ਪਤਾ ਨਹੀਂ, ਇਸ ਤਰ੍ਹਾਂ ਲੋਥ ਕਿਤਨੀ ਵਾਰ ਸੁੱਟੀ-ਪਸੁੱਟੀ ਗਈ। ਅੰਤ ਦੋਹਾਂ ਪਿੰਡਾਂ ਦੇ ਮੁਖੀਆਂ ਨੇ ਬੈਠ ਕੇ ਸਲਾਹ ਕੀਤੀ ਕਿ ਚੁਭਾਲੀਏ ਜਰਵਾਣੇ ਹਨ। ਉਨ੍ਹਾਂ ਨੂੰ ਜੇ ਪਤਾ ਲੱਗ ਗਿਆ ਕਿ ਸਾਡੇ ਚੌਧਰੀ ਦੀ ਲੋਥ ਦੀ ਐਸੀ ਨਿਰਾਦਰੀ ਕੀਤੀ ਗਈ ਹੈ ਤਾਂ ਉਹ ਜਣ-ਬੱਚਾ ਘਾਣ ਪੀੜ ਦੇਣਗੇ, ਚੰਗੀ ਗੱਲ ਇਹੋ ਹੈ ਕਿ ਲੋਥ ਦਾ ਸਸਕਾਰ ਕਰ ਦਿੱਤਾ ਜਾਵੇ।

ਸੋ ਸਲਾਹ ਕਰ ਕੇ ਦਰਿਆ ਦੇ ਵਿਚਾਲੇ ਜੋ ਬਰੇਤੀ ਸੀ ਉਥੇ ਚੌਧਰੀ ਲੰਗਾਹ ਦਾ ਸਸਕਾਰ ਕੀਤਾ ਗਿਆ। ਇਹ ਥਾਂ ਕਿਸੇ ਪਿੰਡ ਦੀ ਨਹੀਂ ਸੀ। ਦਰਿਆ ਦਾ ਚੜ੍ਹਾਉ ਆਇਆ ਅਤੇ ਸਭ ਕੁਝ ਰੋੜ੍ਹ ਕੇ ਲੈ ਗਿਆ।

ਇਸ ਤਰ੍ਹਾਂ ਸਤਿਗੁਰੂ ਜੀ ਦੇ ਬਚਨ ਪੂਰੇ ਹੋਏ ਕਿ ਚੌਧਰੀ ਲੰਗਾਹ ਕਮਲਾ ਵੀ ਹੋ ਗਿਆ ਅਤੇ ਜਿਸ ਜ਼ਮੀਨ ਦਾ ਉਸ ਨੂੰ ਐਤਨਾ ਮਾਣ ਸੀ, ਉਸ ਵਿਚੋਂ ਰਤਾ ਭਰ ਜ਼ਮੀਨ ਉਸ ਦੀ ਮੜ੍ਹੀ ਲਈ ਵੀ ਨਾ ਮਿਲ ਸਕੀ।

**ਚੌਧਰੀ ਲੰਗਾਹ ਦੀ ਔਲਾਦ–**

ਚੌਧਰੀ ਲੰਗਾਹ ਦੇ ਦੋ ਪੁੱਤਰ-ਸਿਕੰਦਰ ਅਤੇ ਜਮਸਤ ਅਤੇ ਇਕ ਪੁੱਤਰੀ ਉਮਰੀ ਨਾਮੇ ਸੀ। ਬੀਬੀ ਉਮਰੀ ਦੀ ਸ਼ਾਦੀ ਕਰ ਕੇ ਉਸ ਨੂੰ ਚੁਭਾਲ ਦੇ ਪਾਸ ਹੀ ਇਕ ਚੱਕ ਬੰਨ੍ਹ ਦਿੱਤਾ। ਜੋ ਅੱਜ ਕਲ੍ਹ ਲਾਲੂ ਘੁੰਮਣ ਦੇ ਨਾਮ ਤੋਂ ਇਕ ਤਕੜਾ ਪਿੰਡ ਹੈ। ਜਮਸਤ ਦੇ ਨਾਮ ਉਤੇ ਜਮਸਤ ਪੁਰਾ ਅਬਾਦ ਕੀਤਾ ਸੀ-ਇਸ ਦੀ ਔਲਾਦ ਜਮਸਤ ਪੁਰੇ, ਠੱਟੀ ਖਾਰੇ ਤੇ ਚੁਭਾਲ ਵਿਚ ਵੱਸਦੀ ਸੀ। ਸਿਕੰਦਰ ਚੌਧਰੀ ਹੋਇਆ ਤੇ ਬੜਾ ਪ੍ਰਤਾਪ ਵਾਲਾ ਹੋਇਆ। ਇਸ ਨੇ ਹੋਰ ਪਿੰਡ ਬੈਖਰੀਦ ਕਰ ਕੇ ਕੁਲ ਪਿੰਡ ੧੦੫ ਕਰ ਲਏ।

ਸਿਕੰਦਰ ਦਾ ਇਕੋ ਪੁੱਤਰ ਮੁਬਾਰਕ ਸੀ ਜੋ ਔਰੰਗਜ਼ੇਬ ਦਾ ਸਮਕਾਲੀ ਸੀ। ਜਦ ਦਾਰਾ ਸ਼ਿਕੋਹ ਔਰੰਗਜ਼ੇਬ ਪਾਸੋਂ ਨੱਸ ਕੇ ਲਾਹੌਰ ਆਇਆ ਅਤੇ ਟਾਕਰੇ ਦੀਆਂ ਤਿਆਰੀਆਂ ਕਰਨ ਲੱਗਾ ਤਾਂ ਉਸ ਨੇ ਆਪਣੀ ਸਹਾਇਤਾ ਲਈ ਸਤਿਗੁਰੂ ਹਰਿ ਰਾਇ ਜੀ ਨੂੰ ਸੱਦਿਆ ਸੀ। ਸਤਿਗੁਰੂ ਜੀ ਆਪਣੇ ਬਾਈ ਸੌ ਸਵਾਰਾਂ ਨਾਲ ਲਾਹੌਰ ਸਨ ਅਤੇ ਚੌਧਰੀ ਮੁਬਾਰਕ ਵੀ ਉਸ ਸਮੇਂ ਆਪਣੇ ਸਵਾਰਾਂ ਸਣੇ ਸਤਿਗੁਰੂ ਜੀ ਦੇ ਨਾਲ ਸੀ। ਕਰਨਾ ਕਰਤਾਰ ਦਾ, ਕਿ ਦਾਰਾ ਸ਼ਿਕੋਹ ਡਰ ਕੇ ਅੱਗੋਂ ਹੀ ਮੁਲਤਾਨ ਨੂੰ ਨੱਸ ਗਿਆ ਅਤੇ ਸਤਿਗੁਰੂ ਜੀ ਸਿਆਲਕੋਟ ਦੇ ਇਲਾਕੇ ਵੱਲ ਹਟ ਗਏ, ਕਿਉਂ ਜੁ ਕੀਰਤਪੁਰ ਵਲ ਦੇ ਸਾਰੇ ਰਾਹ ਔਰੰਗਜ਼ੇਬੀ ਸੈਨਾ ਨਾਲ ਭਰੇ ਪਏ ਸਨ। ਜਦ ਪੰਜਾਬ ਵਿਚੋਂ ਇਹ ਗਮ ਰੌਲਾ ਹਟ ਗਿਆ ਤਾਂ ਸਾਰੇ ਆਪੋ ਆਪਣੀ ਥਾਈਂ ਵਾਪਸ ਚਲੇ ਗਏ।

SikhBookClub.com

ਔਰੰਗਜ਼ੇਬ ਤੋਂ ਮਗਰੋਂ ਜਦ ਪੰਜਾਬ ਵਿਚ ਖਾਲਸੇ ਦੀ ਕਤਲਾਮ ਹੋਣ ਲੱਗੀ ਤਾਂ ਇਲਾਕੇ ਦੇ ਚੌਧਰੀ ਹੀ ਸਿੱਖਾਂ ਦੀ ਕਤਲਾਮ ਕਰਦੇ ਸਨ[੨]। ਉਸ ਸਮੇਂ ਚੁਭਾਲੀਏ ਚੌਧਰੀਆਂ ਇਸ ਕੰਮ ਵਿਚ ਹਿੱਸਾ ਨਹੀਂ ਲਿਆ ਅਤੇ ਮਾਲੂਮ ਹੁੰਦਾ ਹੈ ਕਿ ਇਸੇ ਜੁਰਮ ਵਿਚ ਚੁਭਾਲੀਆਂ ਦੀ ਚੁਧਰਾਇਤ ਖੁਸ ਗਈ। ਉਂਜ ਇਹ ਚੌਧਰੀ ਹੀ ਅਖਵਾਉਂਦੇ ਸਨ, ਪਰ ਚੂੰਕਿ ਸਿੰਘਾਂ ਦੇ ਹਾਮੀ ਸਨ, ਇਸ ਲਈ ਸਾਰੇ ਸਰਕਾਰੇ ਦਰਬਾਰੇ ਕੁਝ ਇੱਜ਼ਤ ਨਹੀਂ ਸੀ। ਦੂਜੇ ਚੌਧਰੀ ਸਿੰਘਾਂ ਨੂੰ ਮਾਰਦੇ ਤੇ ਮੌਜਾਂ ਕਰਦੇ ਸਨ। ਚੁਭਾਲੀਏ ਚੌਧਰੀਆਂ ਦਾ ਇਲਾਕਾ ਪਨਾਹ ਦਾ ਇਲਾਕਾ ਸੀ ਅਤੇ ਮਿਸਲਾਂ ਸਮੇਂ ਦੇ ਵੱਡੇ ਵੱਡੇ ਮੁਖੀਏ ਇਸ ਇਲਾਕੇ ਦੇ ਹੋਏ ਹਨ।

ਪੰਜਾਬ ਦੇ ਸਭ ਚੌਧਰੀਆਂ ਵਿਚੋਂ ਚੁਭਾਲੀਏ ਚੌਧਰੀ ਹੀ ਉਹ ਹਨ, ਜੋ ਸਿੰਘ ਸਜ ਕੇ ਖਾਲਸਾ ਦਲ ਦੇ ਨਾਲ ਰਲੇ ਅਤੇ ਮੁਗਲ ਸਰਕਾਰ ਦੇ ਉਲਟ ਤਲਵਾਰਾਂ ਮਾਰਦੇ ਰਹੇ। ਭਾਵੇਂ ਖਾਲਸੇ ਦੀ ਚੜ੍ਹਦੀ ਕਲਾ ਵੇਲੇ ਬਾਕੀ ਚੌਧਰੀ ਵੀ ਡਰਦੇ ਮਾਰੇ ਸਿੰਘ ਸਜ ਗਏ, ਪਰ ਵਗਦੀਆਂ ਤਲਵਾਰਾਂ ਵੇਲੇ ਸਿੰਘ ਕੇਵਲ ਚੁਭਾਲੀਏ ਹੀ ਸਜੇ।

ਚੌਧਰੀ ਮੁਬਾਰਕ ਤੋਂ ਮਗਰੋਂ ਸਿੱਖ-ਇਤਿਹਾਸ ਵਿਚ ਮਾਈ ਭਾਗੋ ਦਾ ਨਾਮ ਆਉਂਦਾ ਹੈ, ਜੋ ਚੌਧਰੀ ਲੰਗਾਹ ਦੇ ਛੋਟੇ ਭਰਾ ਪੇਰੋ ਸ਼ਾਹ ਦੀ ਔਲਾਦ ਵਿਚੋਂ ਸੀ ਅਤੇ ਜਿਹਨਾਂ ਨੇ ਮੁਕਤਸਰ ਸਾਹਿਬ ਦੇ ਜੁੱਧ ਵਿਚ ਨਾਮ ਖੱਟਿਆ ਸੀ। ਇਸ ਤੋਂ ਮਗਰੋਂ ਮਿਸਲਾਂ ਦੇ ਸਮੇਂ ਸਰਦਾਰ ਬਘੇਲ ਸਿੰਘ ਜੀ ਦਾ ਨਾਮ ਆਉਂਦਾ ਹੈ, ਜੋ ਕਰੋੜਾ ਸਿੰਘੀਏ ਮਿਸਲ ਦੇ ਮਾਲਕ ਸਨ ਅਤੇ ਦਿੱਲੀ ਦੇ ਗੁਰਦੁਆਰਿਆਂ ਦੀ ਸੇਵਾ ਕਰਨ ਕਰ ਕੇ ਜਗਤ ਪ੍ਰਸਿੱਧ ਹਨ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਸਰਦਾਰ ਖਜ਼ਾਨ ਸਿੰਘ ਜੀ ਹੋਏ ਹਨ ਜੋ ਮਨਕੇਰੇ ਦੇ ਸੂਬੇ ਸਨ। ਇਹਨਾਂ ਸਾਰਿਆਂ ਦੇ ਹਾਲ ਫਿਰ ਦਿੱਤੇ ਜਾਣਗੇ। ਆਪਣਿਆਂ ਇਹਨਾਂ ਵਡੇਰਿਆਂ ਉਤੇ ਚੁਭਾਲ ਜਿਤਨਾ ਵੀ ਮਾਣ ਕਰੇ ਥੋਹੜਾ ਹੈ।

ਇਹਨਾਂ ਉਤੇ ਸਭਸ ਖਾਲਸੇ ਨੂੰ ਮਾਣ ਹੈ। ਮੈਨੂੰ ਮਾਣ ਹੈ ਕਿ ਮੇਰਾ ਪਿੱਛਾ ਚੁਭਾਲ ਦਾ ਹੈ (ਭਾਵੇਂ ਮੈਂ ਚੁਭਾਲ ਤੋਂ ਕੋਈ ਸੌ ਕੋਹ ਦੂਰ ਵੱਸ ਰਿਹਾ ਹਾਂ) ਅਤੇ ਮੈਂ ਬਾਬਾ ਲੰਗਾਹ ਦੀ ਉਲਾਦ ਵਿਚੋਂ ਹਾਂ।

---

*੨ ਉਸ ਸਮੇਂ ਸਿੰਘਾਂ ਦੀ ਫੋਲਾ-ਫਾਲੀ ਬਾਬਤ ਜੋ ਹੁਕਮ ਚੌਧਰੀਆਂ ਪਾਸ ਆਉਂਦੇ ਸਨ, ਉਨ੍ਹਾਂ ਵਿਚੋਂ ਇਕ ਪਰਵਾਨਾ ਨੁਸ਼ਹਿਰੇ ਪਨੂੰ ਦੇ ਚੌਧਰੀਆਂ ਪਾਸ ਹੈ।*

SikhBookClub.com

# ੪

## ਬਾਬਾ ਦੀਪ ਸਿੰਘ ਜੀ ਸ਼ਹੀਦ[1]

ਬਾਬਾ ਦੀਪ ਸਿੰਘ ਜੀ ਦਮਦਮੇ ਸਾਹਿਬ ਰਹਿੰਦੇ ਸਨ ਜੋ ਵੇਲੇ ਕੁਵੇਲੇ ਲਈ ਸਿੰਘਾਂ ਦੀ ਚੰਗੀ ਠਾਹਰ ਸੀ। ਆਪ ਨੇ ਸ੍ਰੀ ਦਸਮੇਸ਼ ਜੀ ਦੀ ਬਾਣੀ ਨੂੰ ਇਕੱਠਾ ਕਰਨ ਦਾ ਉਦਮ ਕੀਤਾ। ਜੋ ਬਾਣੀ ਮਿਲੀ, ਇਕ ਸੈਚੀ ਵਿਚ ਕਰ ਕੇ ਸ੍ਰੀ ਦਸਮ ਗ੍ਰੰਥ ਜੀ ਦੀ ਬੀੜ ਤਿਆਰ ਕਰ ਦਿੱਤੀ। ਇਸ ਸਮੇਂ ਜਦ ਆਪ ਇਸ ਤੁਕ ਉਤੇ ਅਪੜੇ :-

*'ਹਾਲ ਫਕੀਰਾਂ ਦਾ ਕਹਿਣਾ।'*

ਤਾਂ ਆਪ ਦੇ ਮਨ ਵਿਚ ਆਈ ਕਿ ਸਿੱਖੀ ਵਿਚ ਫਕੀਰੀ ਤਾਂ ਆਈ ਨਹੀਂ ਮੁਰੀਦੀ ਜ਼ਰੂਰ ਆਈ ਹੈ, ਸੋ ਜੇ ਕਰ ਇਸ ਤੁਕ ਦੀ ਥਾਂ ਇਹ ਹੋ ਜਾਵੇ :-

*'ਹਾਲ ਮੁਰੀਦਾਂ ਦਾ ਕਹਿਣਾ।"*

ਤਾਂ ਚੰਗਾ ਹੈ ਆਪ ਨੇ ਆਪਣਾ ਇਹ ਖਿਆਲ ਸੰਗਤ ਅੱਗੇ ਪੇਸ਼ ਕੀਤਾ ਤਾਂ ਸੰਗਤ ਨੇ ਕਿਹਾ ਕਿ ਗੁਰੂ ਜੀ ਦੀ ਬਾਣੀ ਨੂੰ ਕੋਈ ਬਦਲ ਨਹੀਂ ਸਕਦਾ। ਜੇ ਐਸਾ ਕਰਨਾ ਹੈ ਤਾਂ ਸੀਸ ਦੇ ਕੇ ਕਰੋ। ਬਾਬਾ ਦੀਪ ਸਿੰਘ ਜੀ ਨੇ ਇਹ ਗੱਲ ਮੰਨ ਲਈ ਅਤੇ ਸੀਸ ਭੇਟ ਦਾ ਬਚਨ ਕਰ ਕੇ 'ਫਕੀਰਾਂ' ਦੀ ਥਾਂ 'ਮੁਰੀਦਾਂ' ਕਰ ਦਿੱਤਾ।

ਬਾਬਾ ਦੀਪ ਸਿੰਘ ਜੀ ਨੇ ਕਿਹਾ, ਜਿਥੇ ਪੰਥ ਹੁਕਮ ਕਰੂ, ਅਸੀਂ ਆਪਣਾ ਸੀਸ ਲਾ ਦੇਵਾਂਗੇ, ਇਹ ਸਿਰ ਅੱਜ ਤੋਂ ਪੰਥ ਦਾ ਹੈ। ਤਦ ਤੋਂ ਸਾਰੇ ਆਪ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਆਖਣ ਲੱਗ ਪਏ। ਕਈ ਵਰ੍ਹੇ ਗੁਜ਼ਰ ਗਏ ਪਰ ਪੰਥ ਨੂੰ ਆਪ ਦੇ ਸੀਸ ਦੀ ਲੋੜ ਨਾ ਪਈ। ਜਦ ਜੁੱਧ[2] ਵਿਚ ਤੈਮੂਰ ਸ਼ਾਹ ਨੇ ਅੰਮ੍ਰਿਤਸਰ ਸਰੋਵਰ ਦੀ ਬੇਅਦਬੀ ਕੀਤੀ ਤਾਂ ਸੰਗਤ ਨੇ ਹੁਕਮ ਕੀਤਾ ਕਿ ਸੀਸ ਭੇਟ ਦੇਵੋ। ਸ਼ਹੀਦ ਬਾਬਾ ਦੀਪ ਸਿੰਘ ਜੀ ਇਕੱਲੇ ਹੀ ਅੰਮ੍ਰਿਤਸਰ ਵਲ ਤੁਰ ਪਏ। ਆਪ ਨੇ ਕਿਸੇ ਨੂੰ ਆਪਣੇ ਨਾਲ ਨਾ ਲਿਆ। ਅਰਦਾਸਾ ਸੋਧਿਆ ਅਤੇ ਕਮਰਕਸਾ ਕਰ ਲਿਆ। ਇਹ ਕਮਰਕਸਾ ਗੁਰੂ ਦੀ ਨਗਰੀ ਗੁਰੂ ਕੇ ਸ਼ਹੀਦ ਹੋ ਕੇ ਖੁਲ੍ਹਣਾ ਸੀ। ਸ਼ਹੀਦੀ ਦੀ ਚਾਹ ਵਾਲੇ ਆਪ ਤੋਂ ਆਪ ਰਾਹ ਵਿਚ ਰਲਦੇ ਗਏ। ਸ੍ਰੀ ਅੰਮ੍ਰਿਤਸਰ

---

*੧ ਇਹ ਲੇਖ ਪਤਾ ਨਹੀਂ ਕਿਸ ਕਾਰਨ 'ਰਾਮਗੜ੍ਹੀਏ ਕੀਕੂ ਬਣੇ' ਦੇ ਵਿਚਕਾਰ ਜੁੜਿਆ ਹੋਇਆ ਸੀ। ਪ੍ਰੰਤੂ ਉਸ ਲੇਖ ਦੀ ਵਸਤੂ ਨਾਲ ਇਸ ਲੇਖ ਦਾ ਸੰਬੰਧ ਕਿਸੇ ਤਰ੍ਹਾਂ ਜੋੜਨਾ ਸੰਭਵ ਨਹੀਂ ਸੀ। ਇਸ ਲਈ ਉਸ ਨੂੰ ਉਥੋਂ ਵੱਖ ਕਰ ਕੇ ਵਖਰੇ ਸਿਰਲੇਖ ਹੇਠ ਦਿੱਤਾ ਗਿਆ ਹੈ।*

*੨ ਮੁਰਾਦ ੧੮੧੪ ਬਿਕ੍ਰਮੀ ਤੋਂ (੧੭੫੭ ਈਸਵੀ)*

SikhBookClub.com

ਪਠਾਣੀ ਫੌਜਾਂ ਪਈਆਂ ਸਨ। ਇਸ ਜਥੇ ਦਾ ਟਾਕਰਾ ਹੋਇਆ ਅਤੇ ਸਾਰਾ ਜਥਾ ਸ਼ਹੀਦ ਹੋ ਗਿਆ। ਗੁਰੂ ਕੀ ਨਗਰੀ ਦੇ ਚੱਪੇ ਚੱਪੇ ਉਤੇ ਸ਼ਹੀਦਾਂ ਦਾ ਲਹੂ ਡੁੱਲ੍ਹਾ ਹੋਇਆ ਹੈ।

ਬਾਬਾ ਦੀਪ ਸਿੰਘ ਜੀ ਸ਼ਹੀਦ ਹੋ ਗਏ ਤੇ ਸਦਾ ਲਈ ਤੁਕ ਨੂੰ ਬਦਲ ਗਏ ਪਰ ਸੱਚ ਇਹ ਹੈ :-

*ਹਾਲ ਫਕੀਰਾਂ ਦਾ ਕਹਿਣਾ।*
*ਤੇ*
*ਹਾਲ ਮੁਰੀਦਾਂ ਦਾ ਕਹਿਣਾ।*

ਇਨਾਂ ਦੋਹਾਂ ਤੁਕਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ ਪਰ ਸੂਰਮੇ ਨੇ ਸਿਰ ਦੇ ਕੇ ਅੱਖਰ ਪਲਟਿਆ ਸੀ। ਸਿਰ ਦੇਣਾ, ਸਿਰ ਆਪਣਾ ਨਾਂ ਸਮਝਣਾ, ਸਿਰ ਪੰਥ ਦਾ ਸਮਝਣਾ ਅਤੇ ਪੰਥ ਦੇ ਹੁਕਮ ਪੁਰ ਸਿਰ ਦੇ ਦੇਣਾ, ਬਿਨਾਂ ਇਸ ਖਿਆਲ ਦੇ ਕਿ ਇਸ ਸਿਰ ਦੇਣ ਦਾ ਕੁਝ ਸਿੱਟਾ ਵੀ ਨਿਕਲੂ ਕਿ ਨਾ, ਇਹ ਕੋਈ ਮਾਮੂਲੀ ਗੱਲ ਨਹੀਂ। ਤਦੇ ਤਾਂ 'ਫਕੀਰਾਂ' ਦੀ ਥਾਂ 'ਮੁਰੀਦਾਂ' ਹੋਇਆ। (ਸਾਧਾਰਣ ਰੂਪ ਵਿਚ ਦਸਮ ਗ੍ਰੰਥ ਦੀ ਬਾਣੀ ਕੱਠੀ ਕਰਨ ਦਾ ਜਸ ਭਾਈ ਮਨੀ ਸਿੰਘ ਜੀ ਨਾਲ ਜੋੜਿਆ ਜਾਂਦਾ ਹੈ। ਕਰਮ ਸਿੰਘ ਜੀ ਨੇ ਆਪਣਾ ਆਧਾਰ ਨਹੀਂ ਦੱਸਿਆ।)

SikhBookClub.com

# ੫

## ਭਾਈ ਤਾਰਾ ਸਿੰਘ ਜੀ ਸ਼ਹੀਦ[1]

*(ਇਹ ਲੇਖ ਸਰਦਾਰ ਕਰਮ ਸਿੰਘ ਜੀ ਦੀ ੧੯੦੮ ਦੀ ਖੋਜ ਹੈ, ਸ੍ਰ: ਕਰਮ ਸਿੰਘ ਜੀ ਦੇ ਅਕਾਲ ਚਲਾਣੇ ਮਗਰੋਂ ਉਸ ਦੇ ਸਪੁੱਤਰ ਰਣਬੀਰ ਸਿੰਘ ਪਾਸੋਂ ਪ੍ਰਾਪਤ ਕਰ ਕੇ ਫੁਲਵਾੜੀ ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਹੋ ਸਕਦਾ ਹੈ ਕਿ ਇਸ ਵਿਚ ਕੁਝ ਘਾਟਾ ਹੋਵੇ। ਇਤਿਹਾਸਕਾਰ ਇਸ ਉਤੇ ਵਧੇਰੇ ਚਾਨਣ ਪਾ ਸਕਣਗੇ। ਐਡੀਟਰ)*

ਮਾਝੇ ਵਿਚ 'ਡੱਲ' ਅਤੇ 'ਵਾਂ' ਦੋ ਉੱਘੇ ਪਿੰਡ ਹਨ, ਜਿਥੇ ਬੁੱਟਰ ਜੱਟਾਂ ਦੀ ਵਸੋਂ ਹੈ। ਵਾਂ ਪਿੰਡ ਪਹਿਲੋਂ ਤੇਲੀਆਂ ਦੀ ਮਾਲਕੀ ਸੀ ਪਰ ਉਹਨਾਂ ਤੋਂ ਮਗਰੋਂ ਇਹ ਪਿੰਡ ਖਤ੍ਰੀਆਂ ਦੇ ਹੱਥ ਆ ਗਿਆ। ਜਦ ਇਹ ਵੀ ਕਮਜ਼ੋਰ ਹੋ ਗਏ ਤਾਂ ਈਚੋ-ਗਿੱਲ ਦੇ ਬੁੱਟਰਾਂ ਨੇ ਇਹ ਪਿੰਡ ਖੜੀਆਂ ਦੇ ਹੱਥ ਆ ਗਿਆ। ਜਦ ਇਹ ਵੀ ਕਮਜੋਰ ਹੋ ਗਏ ਤਾਂ ਈਚੋ-ਮਿੱਲ ਦੇ ਬੁੱਟਰਾਂ ਨੇ ਇਹ ਪਿੰਡ ਆ ਸਾਂਭਿਆ ਸੁ ਉਦੋਂ ਦੇ ਇਹ ਹੀ ਮਾਲਕ ਹਨ।

ਰਾਵੀ ਕੰਢੇ ਇਕ ਰਾਣੀਆਂ ਪਿੰਡ ਵਸਦਾ ਹੈ ਜਿਸ ਦੇ ਪਾਸ ਹੀ ਦੂਜਾ ਪਿੰਡ ਈਂਚੋ-ਗਿੱਲ ਹੈ, ਇਹ ਪਿੰਡ ਮੁੱਢ ਤੋਂ ਹੀ ਰਾਠ ਜੱਟਾਂ ਦੀ ਵਸੋਂ ਰਿਹਾ ਹੈ, ਜਿਸ ਤਰ੍ਹਾਂ ਮਾਲ ਚਾਰਨ ਲਈ ਸਰਹਾਲੀ ਮਸ਼ਹੂਰ ਹੈ, ਇਸੇ ਤਰ੍ਹਾਂ ਇਸੇ ਕੰਮ ਲਈ ਈਚੋ-ਗਿਲ ਵੀ ਉੱਘਾ ਹੈ, ਇਥੋਂ ਦੇ ਬੁੱਟਰ ਜੱਟਾਂ ਨੇ ਜਦ ਵਾਂ ਪਿੰਡ ਦੇ ਖੱਤਰੀ ਕਮਜ਼ੋਰ ਵੇਖੇ ਤਾਂ ਪਹਿਲੋਂ ਡੱਲ ਪਿੰਡ ਖੋਹ ਲਿਆ ਅਤੇ 'ਵਾਂ' ਪਿੰਡ ਵੀ ਸਾਂਭ ਬੈਠੇ, ਚੂੰਕਿ ਇਹ ਦੋਵੇਂ ਪਿੰਡ ਲਾਗੋ-ਲਾਗੀ ਹੀ ਹਨ, ਇਸ ਲਈ ਆਮ ਆਦਮੀ 'ਡੱਲ-ਵਾਂ' ਹੀ ਆਖਦੇ ਹਨ।

'ਵਾਂ' ਪਿੰਡ ਦੀਆਂ ਪੱਤੀਆਂ ਵਿਚੋਂ ਇਕ ਡੱਲੇ ਦੀ ਪੱਤੀ ਹੈ, ਜਿਸ ਵਿਚ ਇਕ ਚੱਘਾ ਨਾਮੇ ਜ਼ਿਮੀਂਦਾਰ ਹੋਇਆ ਹੈ। ਇਸ ਦੇ ਤਿੰਨ ਪੁੱਤਰ ਸਨ-ਮਾਹੀ, ਜੈਤਾ ਤੇ ਗੁਰਦਾਸ। ਇਸ ਦੇ ਛੋਟੇ ਪੁੱਤਰ ਗੁਰਦਾਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅੰਮ੍ਰਿਤ ਛਕ ਕੇ ਸਿੰਘਾਂ ਦਾ ਸਾਥ ਕੀਤਾ ਅਤੇ ਬੰਦੇ ਬਹਾਦਰ ਦੇ ਸਮੇਂ ਦੀਆਂ ਲੜਾਈਆਂ ਵਿਚ ਬਹੁਤ ਸਾਰਾ ਹਿੱਸਾ ਲਿਆ। ਗੁਰੂ ਜੀ ਨੇ ਪੰਜ ਪੁੱਤਰ ਬਖਸ਼ੇ-ਤਾਰਾ ਸਿੰਘ, ਭਾਗ ਸਿੰਘ, ਸੰਗਤ ਸਿੰਘ, ਨੱਥੂ ਸਿੰਘ ਤੇ ਕੱਥੂ ਸਿੰਘ।

ਸਾਰਿਆਂ ਨਾਲੋਂ ਵੱਡਾ ਤਾਰਾ ਸਿੰਘ ਸੀ, ਜੋ ਲਗ-ਭਗ ਸੰਮਤ ੧੭੫੯ ਨੂੰ

---

*੧ ਰਸਾਲਾ ਫੁਲਵਾੜੀ, ਮਈ ੧੯੩੪ ਈਸਵੀ।*

SikhBookClub.com

ਪੈਦਾ ਹੋਇਆ ਅਤੇ ਭਾਈ ਮਨੀ ਸਿੰਘ ਜੀ ਦੇ ਹੱਥੋਂ ਅੰਮ੍ਰਿਤ ਛਕ ਕੇ ਸਿੰਘ ਸਜਿਆ। ਪਿੰਡ ਦੇ ਪਾਸ ਹੀ ਇਹਨਾਂ ਦੇ ਖੇਤ ਸਨ, ਜਿਨ੍ਹਾਂ ਵਿਚੋਂ ਇਕ ਵਿਚ ਤਾਰਾ ਸਿੰਘ ਜੀ ਨੇ ਜਬਰ-ਜੰਗ ਵਾੜਾ ਵਲਿਆ ਹੋਇਆ ਸੀ। ਉਸ ਸਮੇਂ ਪਿੰਡ ਗਿਰਦੇ ਬੜੇ ਬੜੇ ਜੰਡ ਕਰੀਰ ਅਤੇ ਮਲ੍ਹੇ ਸਨ ਅਤੇ ਇਨ੍ਹਾਂ ਨਾਲ ਹੀ ਵਾੜਾ ਵਲਿਆ ਹੋਇਆ ਸੀ, ਐਤਨਾ ਵੱਡਾ ਕਿ ਸਵਾਰ ਘੋੜੀ ਕੁਦਾ ਕੇ ਟੱਪ ਨਹੀਂ ਸਕਦਾ ਸੀ। ਇਸ ਵਾੜੇ ਦਾ ਕੇਵਲ ਇਕ ਹੀ ਫਲ੍ਹਾ ਸੀ, ਜੋ ਅੰਦਰੋਂ ਬੰਦ ਹੋ ਜਾਂਦਾ ਅਤੇ ਇਸ ਵਿਚ ਕੁਝ ਕੁ ਕੁੱਲੀਆਂ ਛੰਨਾਂ ਜਹੀਆਂ ਸਨ, ਜਿਨ੍ਹਾਂ ਸਾਹਮਣੇ ਇਕ ਵੱਡਾ ਸਾਰਾ ਟੋਇਆ ਸੀ, ਜਿਸ ਵਿਚ ਚੜ੍ਹਦੇ ਸਿਆਲ ਜੰਡਾਂ ਦੇ ਵੱਡੇ ਵੱਡੇ ਮੁੱਢ ਸੁੱਟ ਕੇ ਅੱਗ ਲਾ ਦਿੱਤੀ ਜਾਂਦੀ ਅਤੇ ਇਹ ਟੋਆ ਇਤਨਾ ਵੱਡਾ ਅਤੇ ਮੁੱਢ ਐਡੇ ਵੱਡੇ ਵੱਡੇ ਪਾਏ ਜਾਂਦੇ ਕਿ ਇਕ ਵਾਰ ਦਾ ਮਘਿਆ ਹੋਇਆ ਅੰਗੀਠਾ ਸਾਰਾ ਸਿਆਲ ਠੰਢਾ ਨਾ ਹੁੰਦਾ। ਜਦ ਕਦੀ ਮਾਰ ਧਾੜ ਕਰ ਕੇ ਸਿੰਘ ਵਾਪਸ ਆਉਂਦੇ ਤਾਂ ਪਾਸ ਦੇ ਮੁੱਢਾਂ ਨਾਲ ਘੋੜੀਆਂ ਦੀਆਂ ਲਗਾਮਾਂ ਅੜਾ ਕੇ ਰਤਾ ਕੁ ਅੱਗ ਦਾ ਸੇਕਾ ਲੈ ਲੈਂਦੇ ਅਤੇ ਭਾਈ ਤਾਰਾ ਸਿੰਘ ਦੇ ਲੰਗਰ ਵਿਚੋਂ ਪ੍ਰਸ਼ਾਦ ਛਕ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਕਿਸੇ ਹੋਰਸ ਸ਼ਿਕਾਰ ਦੇ ਮਗਰ ਲੱਗ ਜਾਂਦੇ।

ਭਾਈ ਤਾਰਾ ਸਿੰਘ ਜੀ ਬੜੇ ਖਾੜਕੂ ਸਿੰਘ ਸਨ ਅਤੇ ਆਪ ਦਾ ਵਾੜਾ ਆਏ ਗਏ ਸਿੰਘ ਲਈ ਬਹੁਤ ਸੋਹਣੀ ਠਾਹਰ ਸੀ। ਆਪ ਦਾ ਲੰਗਰ ਦਿਨੇ ਰਾਤ ਚੱਲਦਾ ਅਤੇ ਹਰ ਇਕ ਆਉਂਦਾ ਜਾਂਦਾ ਸਿੰਘ ਇਥੋਂ ਪ੍ਰਸ਼ਾਦ ਛਕਦਾ। ਜਦ ਕਦੀ ਕੋਈ ਜਥਾ ਕਿਧਰੋਂ ਮਾਰ ਧਾੜ ਕਰ ਕੇ ਆਉਂਦਾ ਤਾਂ ਲੁੱਟ ਦਾ ਕੁਝ ਹਿੱਸਾ ਲੰਗਰ ਵਿਚ ਵੀ ਪਾ ਜਾਂਦਾ। ਇਸ ਤਰ੍ਹਾਂ ਸਿੰਘ ਆਪ ਹੀ ਲੰਗਰ ਚਲਾਉਂਦੇ ਅਤੇ ਆਪ ਹੀ ਛਕ ਛਕਾ ਜਾਂਦੇ, ਪਰ ਇਸੇ ਠਾਹਰ ਦੇ ਹੋਣ ਕਰਕੇ ਤਾਰਾ ਸਿੰਘ ਦਾ ਨਾਮ ਸਾਰੇ ਮਾਝੇ ਵਿਚ ਉੱਘਾ ਹੋ ਗਿਆ ਅਤੇ ਇਲਾਕੇ ਦੇ ਖਾੜਕੂ ਸਿੰਘ ਆਪ ਦੇ ਮੇਲੀ ਗੇਲੀ ਬਣ ਗਏ।

ਜਦ ਦਾ ਬੰਦਾ ਬਹਾਦਰ ਦੜਕਿਆ, ਹਰ ਇਕ ਸਿੰਘ ਬਾਗੀ ਖਿਆਲ ਕੀਤਾ ਜਾਂਦਾ ਸੀ। ਅਬਦੁਲ ਸਮੰਦ ਖ਼ਾਂ ਲਾਹੌਰ ਦੇ ਨਾਜ਼ਮ ਨੇ ਆਪਣੇ ਪਹਿਲੇ ਦਿਨਾਂ ਵਿਚ ਸਿੰਘਾਂ ਦੇ ਰੱਜ ਕੇ ਆਹੂ ਲਾਹੇ ਅਤੇ ਲਗਦੀ ਵਾਹ ਸਭ ਸਿੰਘ ਆਪਣੀ ਵਲੋਂ ਮੁਕਾ ਦਿੱਤੇ। ਪਰ ਜਦ ਐਸ਼ਾਂ ਵਿਚ ਪੈ ਗਿਆ ਅਤੇ ਕਸੂਰ ਦੇ ਖੇਸ਼ਗੀ ਪਠਾਣ ਲਾਹੌਰ ਦੇ ਬੂਹਿਆਂ ਤੀਕ ਲੁੱਟ ਮਾਰ ਕਰਨ ਲੱਗ ਪਏ ਤਾਂ ਸਾਰੇ ਦੇਸ਼ ਵਿਚ ਰਾਮ ਰੌਲਾ ਪੈ ਗਿਆ। ਹਰ ਪਿੰਡੋਂ ਕਟਕ ਨਿਕਲਦੇ ਤੇ ਵਾਹਰਾਂ ਪੈਂਦੀਆਂ, ਅੱਜ ਕਿਤੇ ਪਾਸਣਾ ਪਿਆ ਹੈ, ਕਲ੍ਹ ਕੋਈ ਪਿੰਡ ਜਾ ਘੇਰਿਆ ਹੈ, ਰੋਜ਼ ਮਾਰਾਂ ਧਾੜਾਂ ਹੁੰਦੀਆਂ ਪਰ ਨਾਜ਼ਮ ਦੇਸ਼ ਦਾ ਕੋਈ ਪ੍ਰਬੰਧ ਨਾ ਕਰ ਸਕਦਾ। ਝੱਬਦੇ ਹੀ ਅਬਦੁਲ ਸਮਦ ਖਾਂ ਲਾਹੌਰੋਂ ਮੁਲਤਾਨ ਦਾ ਹਾਕਮ ਨੀਯਤ ਕੀਤਾ ਅਤੇ ਲਾਹੌਰ ਦੀ ਹਕੂਮਤ ਉਸ

SikhBookClub.com

ਦੇ ਪੁੱਤਰ ਖਾਨ ਬਹਾਦਰ ਨੂੰ ਦਿੱਤੀ ਗਈ। ਇਸ ਨੇ ਆਉਂਦੇ ਸਾਰ ਹੀ ਦੇਸ਼ ਵਿਚ ਠੱਲ੍ਹ ਪਾ ਦਿੱਤੀ।

ਭੱਟੀਆਂ ਦੀ ਅਲਖ ਮੁਕਾਉਣ ਲਈ ਦੀਵਾਨ ਕੌੜਾ ਮੱਲ ਨੂੰ ਘੱਲਿਆ ਜਿਸ ਨੇ ਜਾਂਦਿਆਂ ਹੀ ਉਨ੍ਹਾਂ ਨੂੰ ਭਾਂਜ ਦੇ ਕੇ ਉਹਨਾਂ ਦਾ ਖੁਰਾ ਖੋਜ ਮਿਟਾ ਦਿੱਤਾ। ਮਾਝੇ ਦਾ ਵੱਡਾ ਧੜਵੈਲ ਲਸ਼ਕਰੀ ਨਾਮੀ ਗਿੱਲ ਜੱਟ ਫੌਜਾਂ ਘੱਲ ਕੇ ਫੜ ਮੰਗਵਾਇਆ ਅਤੇ ਲਾਹੌਰ ਆਪਣੇ ਸਾਹਮਣੇ ਮਰਵਾ ਦਿੱਤਾ। ਇਸੇ ਤਰ੍ਹਾਂ ਔਲੀਆ ਪੁਰ ਦੇ ਧਾੜਵੀਆਂ ਦਾ ਹਾਲ ਕੀਤਾ। ਇਹ ਹਾਲ ਵੇਖ ਕੇ ਉਸਮਾਨ ਖਰਲ ਅਤੇ ਲੱਖਾਂ ਵੱਟੂ ਆਪੇ ਹੀ ਤਾਬੇਦਾਰ ਹੋ ਗਏ ਅਤੇ ਲਾਹੌਰ ਆ ਮੰਡੀਆਂ ਪਾਈਆਂ। ਕਈ ਕਈ ਸਿਰ ਕੱਢਵੇਂ ਸਿੰਘਾਂ ਨੂੰ ਵੀ ਜਗੀਰਾਂ ਦਿੱਤੀਆਂ ਗਈਆਂ ਅਤੇ ਇਸੇ ਤਰ੍ਹਾਂ ਦੇਸ਼ ਵਿਚ ਠੰਢ-ਠਢੌਰਾ ਕੀਤਾ ਗਿਆ।

ਕਟਕ ਚੜ੍ਹਨੇ ਤੇ ਵਾਹਰਾਂ ਨਿਕਲਣੀਆਂ ਤਾਂ ਭਾਵੇਂ ਬੰਦ ਹੋ ਗਈਆਂ, ਪਰ ਮਾਰੇ ਧਾੜੇ ਨਾ ਹੀ ਹਟੇ। ਸਿੰਘਾਂ ਨੂੰ ਛੋਟੇ ਛੋਟੇ ਸ਼ਾਹੀ ਹਾਕਮ ਲੱਗਦੀ ਵਾਹ ਪਿੰਡਾਂ ਵਿਚ ਨਹੀਂ ਰਹਿਣ ਦੇਂਦੇ ਸਨ, ਇਸ ਲਈ ਇਹ ਘਰ ਬਾਰ ਛੱਡ ਕੇ ਮਾਰਾਂ ਧਾੜਾਂ ਉਤੇ ਹੀ ਹੋ ਜਾਂਦੇ। ਤਾਰਾ ਸਿੰਘ ਜੀ ਦਾ ਵਾੜਾ ਇਹਨਾਂ ਦਾ ਇਕ ਭਾਰਾ ਅੱਡਾ ਸੀ ਅਤੇ ਲਾਂਭ ਚਾਂਭ ਦੇ ਦੜਕਵੇਂ ਸਿੰਘ ਫਿਰ ਤੁਰ ਕੇ ਸਦਾ ਹੀ ਇਥੇ ਆ ਰਹਿੰਦੇ।

'ਵਾਂ' ਪਿੰਡ ਦੀ ਰੂਪੋ ਦੀ ਪੱਤੀ ਵਿਚ ਇਕ ਜੋਧਾ ਨਾਮੀ ਜੱਟ ਹੋਇਆ ਹੈ, ਜੋ ਆਪ ਤਾਂ ਭਾਵੇਂ ਸਿੰਘ ਨਹੀਂ ਸਜਿਆ ਸੀ, ਪਰ ਇਸ ਦੇ ਤਿੰਨ ਪੁੱਤਰ ਅਮਰ ਸਿੰਘ, ਅਮੀਂ ਸਿੰਘ ਤੇ ਕੌਇਰ ਸਿੰਘ ਅੰਮ੍ਰਿਤਧਾਰੀ ਸਿੰਘ ਸਨ। ਕੌਇਰ ਸਿੰਘ, ਤਾਰਾ ਸਿੰਘ ਦਾ ਗੂੜ੍ਹਾ ਮਿੱਤਰ ਸੀ, ਇਸ ਲਈ ਇਹ ਸਦਾ ਉਨ੍ਹਾਂ ਦੇ ਨਾਲ ਹੀ ਰਹਿੰਦਾ। ਇਸੇ ਪੱਤੀ ਦਾ ਇਕ ਹੋਰ ਜ਼ਿਮੀਂਦਾਰ ਬਿਹਾਰੀ ਸੀ ਜਿਸ ਦੇ ਵੱਡੇ ਪੁੱਤਰ ਦੇਸੂ ਸਿੰਘ ਅੰਮ੍ਰਿਤਧਾਰੀ ਸਨ, ਉੱਤਮ ਸਿੰਘ ਤੇ ਉਸ ਦਾ ਛੋਟਾ ਭਾਈ ਬਖਤੂ, ਜਿਸ ਨੇ ਅਜੇ ਛੋਟੀ ਉਮਰ ਹੋਣ ਕਰ ਕੇ ਅੰਮ੍ਰਿਤ ਨਹੀਂ ਛਕਿਆ ਸੀ। ਛੇਤੀ ਹੀ ਇਸ ਜਹਾਨ ਤੋਂ ਗੁਜ਼ਰ ਗਏ ਅਤੇ ਦੇਸੂ ਸਿੰਘ, ਜਿਸ ਨੇ ਗੁਰਦਾਸ ਸਿੰਘ ਦੇ ਨਾਲ ਅੰਮ੍ਰਿਤ ਛਕਿਆ ਸੀ, ਕੇਵਲ ਇਸ ਦੇ ਘਰ ਇਕ ਇਕਲੌਤਾ ਪੁੱਤਰ ਵਧਾਵਾ ਸਿੰਘ ਨਾਮੇਂ ਸੀ, ਸੋ ਇਹ ਵਧਾਵਾ ਸਿੰਘ ਵੀ ਤਾਰਾ ਸਿੰਘ ਜੀ ਦੇ ਨਾਲ ਹੀ ਰਲ ਗਿਆ।

ਸੰਮਤ ੧੭੮੯ ਬਿ: ਦੀ ਗੱਲ ਹੈ ਕਿ ਮਾਲੀ ਸਿੰਘ ਅਤੇ ਗੁਰਬਖਸ਼ ਸਿੰਘ ਨਾਲ ਸਾਹਿਬ ਰਾਇ ਦਾ ਫਸਾਦ ਹੋ ਪਿਆ। ਇਹ ਦੋਵੇਂ ਸਿੰਘ ਭੜਾਣੇਂ ਦੇ ਵਸਨੀਕ ਸਨ ਅਤੇ ਸਾਹਿਬ ਰਾਇ ਭੜਾਂਣੇਂ ਪਾਸ ਵਸਦੇ ਨੁਸ਼ਹਿਰੇ ਪਿੰਡ ਦਾ ਵਸਨੀਕ ਅਤੇ ਇਸ ਸਾਰੇ ਤਪੇ ਦਾ ਚੌਧਰੀ ਸੀ। ਉਸ ਸਮੇਂ ਚੌਧਰੀਆਂ ਦਾ ਬੜਾ ਜ਼ੋਰ ਹੁੰਦਾ ਸੀ। ਇਸ ਲਈ ਸਾਹਿਬ ਰਾਇ, ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨਾਲ ਜਾਣ ਕੇ ਇੱਟ ਖੜੱਕਾ ਰੱਖਦਾ ਤੇ ਏਨ੍ਹਾਂ ਦੀਆਂ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਛੱਡ

SikhBookClub.com

ਛੱਡਦਾ। ਘੋੜੀਆਂ ਕੁਝ ਤਾਂ ਚਰਦੀਆਂ ਅਤੇ ਕੁਝ ਵਾਲੋ ਝਾੜਦੀਆਂ, ਕੁਝ ਖਾਂਦੀਆਂ ਤੇ ਬਾਕੀ ਦੀ ਪੈਲੀ ਭਾਵੇਂ ਕੌਰ ਹੋਵੇ ਭਾਵੇਂ ਪਿਆਈ ਹੋਈ, ਲਤਾੜ ਲਤਾੜ ਕੇ ਹੀ ਵੈਰਾਨ ਕਰ ਛੱਡਦੀਆਂ। ਜ਼ਿਮੀਂਦਾਰ ਹੋਰ ਦੁਖ ਤਾਂ ਝਲ ਲੈਂਦਾ ਹੈ, ਪਰ ਖੇਤੀ ਵੈਰਾਨ ਹੁੰਦੀ ਵੇਖ ਕੇ ਰਹਿ ਨਹੀਂ ਸਕਦਾ। ਸਿੰਘਾਂ ਨੇ ਚੌਧਰੀ ਨੂੰ ਘੋੜੀਆਂ ਸਾਂਭ ਕੇ ਰੱਖਣ ਲਈ ਕਿਹਾ ਪਰ ਅੱਗੋ ਲੋਹਾ-ਲਾਖਾ ਹੋ ਕੇ ਚੋਧਰੀ ਬੋਲਿਆ ਕਿ ਮੈਂ ਤੁਹਾਡਾ ਲਿਹਾਜ ਕਰਦਾ ਰਿਹਾ ਹਾਂ ਜੋ ਤੁਸਾਂ ਨੂੰ ਕਤਲ ਨਹੀਂ ਕਰਵਾ ਦਿੱਤਾ, ਭਲਾ ਹੁਣ ਹੀ ਨਹੀਂ ਮੈਂ ਤੁਹਾਡੇ ਕੇਸਾਂ ਦੇ ਰੱਸੇ ਬਣਾ ਕੇ ਉਹਨਾਂ ਘੋੜੀਆਂ ਨੂੰ ਬੰਨ੍ਹਾਂਗਾ।

ਭੁਸੇ ਪਿੰਡ ਵਿਚ ਦੋ ਰਾਠ ਜੱਟ ਅਮਰ ਸਿੰਘ ਤੇ ਬਘੇਲ ਸਿੰਘ ਸਕੇ ਭਰਾ ਰਿਹਾ ਕਰਦੇ ਸਨ। ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨੇ ਆਪਣੀ ਵਿਥਿਆ ਇੰਨ੍ਹਾਂ ਨੂੰ ਕਹਿ ਸੁਣਾਈ। ਇਹਨਾਂ ਨੂੰ ਕਿਹਾ ਕਿ ਘੋੜੀਆਂ ਤਾਂ ਅਸੀਂ ਵੀ ਲੈ ਆਉਂਦੇ ਹਾਂ ਪਰ ਮਗਰੋਂ ਚੌਧਰੀ ਨੇ ਤੰਗ ਕਰਨਾ ਹੈ। ਜਦ ਬਹੁਤ ਵਿਚਾਰ ਕੀਤੀ ਤਾਂ ਇਹ ਸਲਾਹ ਠਹਿਰੀ ਕਿ ਕਦ ਤੀਕ ਸਿਰ ਸੁੱਟੀ ਚੌਧਰੀ ਦਾ ਜ਼ੁਲਮ ਸਹੀ ਲਵਾਂਗੇ। ਅੰਤ ਨੂੰ ਇਕ ਦਿਨ ਤਾਂ ਸਾਹਮਣੇ ਹੋਣਾ ਹੀ ਹੈ ਸੁ ਇਹ ਵਿਚਾਰ ਕੇ ਇਹਨਾਂ ਦੋਹਾਂ ਸਿੰਘਾਂ ਨੇ ਆਪਣੇ ਟੱਬਰਾਂ ਨੂੰ ਪੇਕੇ ਘਰੀਂ ਘਲ ਦਿੱਤਾ ਕਿ ਚੌਧਰੀ ਖਵਾਰ ਨਾ ਕਰੇ ਅਤੇ ਚੌਧਰੀ ਦੀਆਂ ਘੋੜੀਆਂ ਫੜ ਕੇ ਭੁਸੇ ਪਿੰਡ ਦੇ ਸਿੰਘ ਲਖਮੀਰ ਸਿੰਘ ਦੇ ਹਵਾਲੇ ਕਰ ਆਏ।

ਵਲਟੋਹੇ ਪਿੰਡ ਪਾਸ ਇਕ ਘਰਯਾਲਾ ਪਿੰਡ ਹੈ, ਜਿਥੋਂ ਦਾ ਵਸਨੀਕ ਲਖਮੀਰ ਸਿੰਘ ਮਾਝੇ ਦਾ ਮਸ਼ਹੂਰ ਰਸੇ-ਫੜ* ਸੀ। ਇਸ ਦੇ ਮੇਲੀ-ਗੇਲੀ ਵੱਗਾਂ ਦੇ ਵੱਗ ਹੱਕ ਕੇ ਇਸ ਪਾਸ ਛੱਡ ਜਾਂਦੇ ਅਤੇ ਇਹ ਦਰਿਆ ਟਪਾ ਕੇ ਮਾਲਵੇ ਵਿਚ ਵੇਚ ਆਉਂਦਾ, ਜਦ ਸਾਹਿਬ ਰਾਇ ਦੀਆਂ ਘੋੜੀਆਂ ਇਸ ਪਾਸ ਪੁੱਜੀਆਂ ਤਾਂ ਇਹ ਉਹਨਾਂ ਨੂੰ ਸ੍ਰ: ਆਲਾ ਸਿੰਘ ਜੀ ਪਟਿਆਲੇ ਵਾਲੇ ਪਾਸ ਵੇਚ ਆਇਆ ਅਤੇ ਵੱਟਕ ਦਾ ਰੁਪਿਆ ਤਾਰਾ ਸਿੰਘ ਜੀ ਦੇ ਲੰਗਰ ਵਿਚ ਆ ਪਾਇਆ। ਓਧਰੋਂ ਭੜਾਣੀਏਂ ਤੇ ਭੁੱਸਿਆਂ ਦੇ ਸਿੰਘ ਘੋੜੀਆਂ ਕੱਢਦੇ ਹੀ ਤਾਰਾ ਸਿੰਘ ਜੀ ਪਾਸ ਆ ਗਏ, ਕਿਉਂਕਿ ਇਸ ਠਾਹਰ ਤੋਂ ਬਿਨਾਂ ਇਹਨਾਂ ਨੂੰ ਬਚਾਉ ਦੀ ਹੋਰ ਕੋਈ ਜਗ੍ਹਾਂ ਨਹੀਂ ਦਿਸਦੀ ਸੀ।

ਚੌਧਰੀ ਨੂੰ ਵੀ ਪਤਾ ਸੀ ਕਿ ਘੋੜੀਆਂ ਕਿਧਰ ਗਈਆਂ ਹਨ, ਉਹ ਕੁਝ ਕੁ ਆਦਮੀ ਆਪਣੇ ਨਾਲ ਲੈ ਕੇ ਖੋਜ ਨੱਪਦਾ-ਨੱਪਦਾ ਤਾਰਾ ਸਿੰਘ ਜੀ ਦੇ ਵਾੜੇ ਪਾਸ ਆ ਗਿਆ ਅਤੇ ਆਉਂਦਿਆਂ ਹੀ ਆਖਿਆ ਕਿ ਚੋਰਾਂ ਦੀਆਂ ਬਾਹਵਾਂ ਮੈਨੂੰ ਫੜਾ ਦਿਓ। ਤਾਰਾ ਸਿੰਘ ਜੀ ਨੇ ਕਿਹਾ ਕਿ ਚੋਰ ਤੂੰ ਹੈਂ ਜੋ ਜ਼ੋਰ ਕਰਦਾ ਹੈਂ, ਸਾਡੇ ਪਾਸ ਤੇਰਾ ਚੋਰ ਕੋਈ ਨਹੀਂ। ਦੁਵੱਲਿਓਂ ਗੱਲ ਵਧਦੀ ਗਈ ਅਤੇ ਦੋਹਾਂ ਧਿਰਾਂ ਵਿਚ ਲੜਾਈ ਹੋ ਪੈਣ ਵਾਲੀ ਸੀ ਕਿ ਸਾਹਿਬ ਰਾਇ ਆਪਣਾ ਬਚਾਉ ਕਰ ਕੇ ਖਿਸਕ

* ਚੋਰੀ ਦੇ ਡੰਗਰ ਸੰਭਾਲਣ ਵਾਲਾ।

SikhBookClub.com

ਗਿਆ ਅਤੇ ਇਸ ਤਰ੍ਹਾਂ ਆਪਣੀ ਜਾਨ ਬਚਾ ਲਈ।

ਇਹਨੀਂ ਦਿਨੀਂ ਚੁਭਾਲ, ਨੁਸ਼ਹਿਰਾ ਪੰਨੂੰਆਂ ਤੇ ਨੁਸ਼ਹਿਰਾ ਸੰਧੂਆਂ ਦੇ ਚੌਧਰੀ ਮਾਝੇ ਦੀ ਧੁੰਨੀ 'ਪੱਟੀ' ਜਾ ਕੇ ਟਕੇ ਤਾਰਿਆ ਕਰਦੇ ਸਨ ਅਤੇ ਪੱਟੀ ਹੀ ਇਸ ਇਲਾਕੇ ਦਾ ਫੌਜਦਾਰ ਰਿਹਾ ਕਰਦਾ ਸੀ। ਸਾਹਿਬ ਰਾਇ ਸਿੱਧਾ ਪੱਟੀ ਗਿਆ ਅਤੇ ਫੌਜਦਾਰ ਨੂੰ ਜਾ ਕੇ ਆਖਿਆ ਕਿ ਮਾਮਲਾ ਉਗਰਾਹੁਣ ਜਿੱਥੇ ਅਸੀਂ ਜਾਂਦੇ ਹਾਂ, ਅੱਗੋਂ ਲੋਕੀਂ ਆਖਦੇ ਹਨ ਕਿ ਮਾਮਲਾ ਤਾਂ ਸਿੰਘ ਉਗਰਾਹ ਕੇ ਲੈ ਗਏ ਹਨ, ਅਸੀਂ ਹੋਰ ਕਿਥੋਂ ਦੇਈਏ। ਐਸੀਆਂ ਵੈਸੀਆਂ ਹੋਰ ਗੱਲਾਂ ਲਾ-ਬੁਝਾ ਕੇ ਚੌਧਰੀ ਨੇ ਇਹ ਸਲਾਹ ਦਿੱਤੀ ਕਿ ਜੇ ਕਰ ਤਾਰਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਫੜ ਲਿਆ ਜਾਵੇ ਤਦ ਦੇਸ਼ ਵਿਚ ਠੰਡ-ਠੰਢੌਰਾ ਹੋ ਸਕਦਾ ਹੈ।

ਇਹ ਗੱਲ ਸੁਣਦਾ ਹੀ ਫੌਜਦਾਰ ਅੱਸੀ ਪਿਆਦੇ ਤੇ ਪੰਜਾਹ ਸਵਾਰ ਲੈ ਕੇ ਰਾਤੋ-ਰਾਤ 'ਵਾਂ' ਵੱਲ ਵਗਿਆ ਕਿ ਦਿਨ ਹੋਣ ਤੋਂ ਪਹਿਲਾਂ ਹੀ ਸੁੱਤੇ ਸ਼ੇਰਾਂ ਨੂੰ ਜਾ ਨੱਪੀਏ। ਸਵਾ ਪਹਿਰ ਦਾ ਤੜਕਾ ਸੀ ਕਿ ਬਘੇਲ ਸਿੰਘ ਇਕ ਹੱਥ ਗੜਵਾ, ਦੂਜੇ ਹੱਥ ਨੇਜ਼ਾ ਅਤੇ ਗਾਤਰੇ ਤਲਵਾਰ ਪਾਈ ਜੰਗਲ-ਪਾਣੀ ਹੋਣ ਲਈ ਵਾੜਿਓਂ ਬਾਹਰ ਨਿਕਲਿਆ। ਸਾਹਮਣੇ ਸਵਾਰ ਦੇਖ ਕੇ ਪੁੱਛਿਆ ਕਿ ਤੁਸੀਂ ਕੌਣ ਹੋ? ਸਾਹਿਬ ਰਾਇ ਨੇ ਆਵਾਜ਼ ਪਛਾਣ ਕੇ ਫੌਜਦਾਰ ਨੂੰ ਕਿਹਾ ਕਿ ਪੁਆੜੇ ਦੀ ਜੜ੍ਹ ਇਹੋ ਹੈ ਸੋ ਓਸੇ ਵੇਲੇ ਉਸ ਤੇ ਹੱਲਾ ਕੀਤਾ ਗਿਆ। ਬਘੇਲ ਸਿੰਘ ਨੇ ਵਾੜੇ ਵੱਲ ਪਿੱਛੇ ਹਟਣਾ ਯਾ ਮੱਦਦ ਲਈ ਸਿੰਘਾਂ ਨੂੰ ਸੱਦਣਾ ਕਾਇਰਤਾ ਸਮਝੀ, ਇਕੱਲਾ ਹੀ ਨੇਜ਼ਾ ਸੰਭਾਲ ਕੇ ਸਵਾਰਾਂ ਨੂੰ ਉੜੰਬਣ ਲੱਗ ਪਿਆ। ਵਾੜੇ ਦੇ ਉਦਾਲੇ-ਉਦਾਲੇ ਸੰਘਣੇ ਜੰਡ ਕਰੀਰ ਸਨ, ਇਸ ਲਈ ਸਵਾਰਾਂ ਦੀ ਕੋਈ ਪੇਸ਼ ਨਾ ਜਾਂਦੀ ਸੀ, ਹੌਲੀ-ਹੌਲੀ ਜਦ ਲਗ-ਪਰ ਸਾਰੇ ਸਵਾਰ ਅਤੇ ਫੌਜਦਾਰ ਦਾ ਭਤੀਜਾ ਬਘੇਲ ਸਿੰਘ ਦੇ ਹੱਥੋਂ ਮਾਰੇ ਗਏ ਤੇ ਅੱਸੀ ਪੈਦਲ ਵੀ ਮਗਰੋਂ ਅੱਪੜ ਪਏ ਅਤੇ ਉਹਨਾਂ ਆਉਂਦਿਆਂ ਹੀ ਬੰਦੂਕਾ ਮਰ ਕਰ ਦਿੱਤੀਆਂ। ਚਾਨਣੀ ਰਾਤ ਹੋਣ ਕਰ ਕੇ ਲੁਕ ਲੁਕਾ ਤਾਂ ਕੋਈ ਸੀ ਹੀ ਨਹੀਂ, ਇਕ ਗੋਲੀ ਸਿੰਘ ਜੀ ਦੇ ਪੱਟ ਵਿਚ ਆ ਲੱਗੀ, ਪਰ ਆਪ ਨੇ ਹਿੰਮਤ ਅਜੇ ਵੀ ਨਾ ਹਾਰੀ ਅਤੇ ਨੇਜ਼ਾ ਤਾਣ ਵੈਰੀਆਂ ਵੱਲ ਵਧੇ। ਬੰਦੂਕਾਂ ਦੀ ਆਵਾਜ਼ ਨੇ ਵਾੜੇ ਅੰਦਰਲੇ ਸਿੰਘਾਂ ਨੂੰ ਖਬਰਦਾਰ ਕਰ ਦਿੱਤਾ ਅਤੇ ਉਹ ਸਮਝ ਗਏ ਕਿ ਬਾਹਰ ਭਾਣਾ ਵਰਤ ਗਿਆ ਹੈ। ਹੁੰਮ ਹੁਮਾ ਕੇ ਸਾਰੇ ਬਾਹਰ ਨਿਕਲੇ ਅਤੇ ਵਧ ਕੇ ਵੈਰੀ ਨਾਲ ਦੋ ਹੱਥ ਕਰਨ ਹੀ ਵਾਲੇ ਸਨ ਕਿ ਕਾਇਰ ਸਿਪਾਹੀ ਪਿੱਛੇ ਨੂੰ ਭੱਜ ਗਏ ਅਤੇ ਭੱਜਣ ਲੱਗੇ ਕਿਸੇ ਕਾਇਰ ਦੀ ਗੋਲੀ ਨਾਲ ਬਘੇਲ ਸਿੰਘ ਜੀ ਅਕਾਲ ਚਲਾਣਾ ਕਰ ਗਏ।

ਫੌਜਦਾਰ ਤਾਂ ਜਿਉਂ ਨੱਠਿਆ ਕੰਬੋਂ ਕੀ ਮਾੜੀ ਜਾ ਸਾਹ ਲਿਆ, ਉਥੇ ਹੀ ਸਾਰੇ ਸਿਪਾਹੀ ਜਾ ਰਲੇ। ਫਿਰ ਸਾਰਾ ਢੂੰਮ ਛਢਾਣ ਲਾਹੌਰ ਵੱਲ ਵਗ ਤੁਰਿਆ ਅਤੇ ਖਾਲ

SikhBookClub.com

ਬਹਾਦਰ ਪਾਸ ਜਾ ਕੇ ਐਸਾ ਸੱਚ ਝੂਠ ਮਾਰਿਆ ਕਿ ਆਪਣੀ ਕਾਇਰਤਾ ਲੁਕਾਉਣ ਲਈ ਸਿੰਘਾਂ ਦੀ ਐਤਨੀ ਤਾਕਤ ਦੱਸੀ ਕਿ ਦਰਬਾਰ ਵਿਚ ਇਸੇ ਗੱਲ ਦਾ ਚਰਚਾ ਹੋਣ ਲੱਗ ਪਿਆ। ਕਾਜ਼ੀ ਨੇ ਕਿਹਾ ਕਿ ਜਿਥੇ ਇਹਨਾਂ ਦਾ ਲਹੂ ਡੁੱਲ੍ਹਦਾ ਹੈ ਉਥੇ ਇਹ ਹੋਰ ਹੋ ਪੈਂਦੇ ਹਨ, ਇਸ ਲਈ ਚੰਗੀ ਗੱਲ ਇਹ ਹੈ ਕਿ ਫੜ ਕੇ ਲਾਹੌਰ ਲੈ ਆਂਦੇ ਜਾਣ ਅਤੇ ਮੂੰਗਲੀਆਂ ਨਾਲ ਉਹਨਾਂ ਦੇ ਸਿਰ ਫੇਹ ਸੁੱਟੇ ਜਾਣ। ਪਾਸੋਂ ਇਕ ਨੇ ਕਿਹਾ ਕਿ ਆਪ ਹੀ ਜਾ ਕੇ ਫੜ ਲਿਆਓ, ਫਿਰ ਤਾਂ ਪਾਣੀ ਫਿਰ ਗਿਆ।

ਖਾਨ ਬਹਾਦਰ ਨੇ ਇਸ ਮੁਹਿੰਮ ਦੀ ਸਰਦਾਰੀ ਆਪਣੇ ਚੁਣਵੇਂ ਅਮੀਰ ਮੋਮਨ ਖਾਂ ਨੂੰ ਦਿੱਤੀ ਅਤੇ ੨੨੦੦ ਸਵਾਰ , ੪੦ ਜੰਬੂਰੇ, ੪ ਰਹਿਕਲੇ ਅਤੇ ੫ ਹਾਥੀ ਉਸ ਨਾਲ ਕਰ ਦਿੱਤੇ। ਉਸ ਨੇ ਧੌਂਸਾ ਮਾਰ ਕੇ ਦਿੱਲੀ ਦਰਵਾਜ਼ੇ ਡੇਰਾ ਆਣ ਕੀਤਾ ਅਤੇ ਸਵਾਰ ਭਰਤੀ ਕਰਨ ਲੱਗ ਪਿਆ। ਉਸ ਸਮੇਂ ਇਹੋ ਰਿਵਾਜ ਸੀ ਜਦ ਕੋਈ ਅਮੀਰ ਕਿਸੇ ਮੁਹਿੰਮ ਲਈ ਤਿਆਰ ਹੁੰਦਾ ਤਾਂ ਧੌਂਸਾ ਮਾਰ ਕੇ ਸ਼ਹਿਰੋਂ ਬਾਹਰ ਡੇਰਾ ਕਰ ਲੈਂਦਾ ਅਤੇ ਲੋੜ ਮੂਜਬ ਫੌਜ ਭਰਤੀ ਕਰ ਕੇ ਆਪਣੀ ਮੁਹਿੰਮ ਨੂੰ ਸਿਰੇ ਚਾੜ੍ਹਨ ਲਈ ਉਹ ਉਸ ਪਾਸੇ ਤੁਰ ਪੈਂਦਾ।

ਏਧਰ ਤਾਂ ਇਹ ਗੱਲ ਹੋਈ, ਉਧਰ ਤਾਰਾ ਸਿੰਘ ਜੀ ਨੇ ਆਪਣੇ ਮੇਲੀਆਂ-ਜੋਲੀਆਂ ਨੂੰ ਸੁਨੇਹੇ ਘਲਵਾ ਦਿਤੇ ਕਿ ਤੁਸੀਂ ਸ਼ਹੀਦ ਹੋਣ ਲਈ ਕਹਿੰਦੇ ਸਉ, ਸੁ ਉਹ ਵੇਲਾ ਹੁਣ ਆ ਗਿਆ ਹੈ। ਇਹ ਸੁਨੇਹਾ ਪੁੱਜਦਿਆਂ ਹੀ ਬਹੁਤ ਸਾਰੇ ਸਿੰਘ ਤਾਰਾ ਸਿੰਘ ਜੀ ਪਾਸ ਆਣ ਇਕੱਠੇ ਹੋਏ ਅਤੇ ਲੜਾਈ ਕਰਨ ਦੀ ਸਲਾਹ ਕਰਨ ਲੱਗੇ।

ਅੰਤ ਨੂੰ ਇਹ ਫੈਸਲਾ ਹੋਇਆ ਕਿ ਅਜੇ ਤੀਕ ਤਾਂ ਸਾਡੀ ਜਿੱਤ ਹੈ, ਲਾਹੌਰੋਂ ਆਈ ਫੌਜ ਦਾ ਟਾਕਰਾ ਕਰਨਾ ਕਠਿਨ ਹੈ। ਇਸ ਲਈ ਇਸ ਹਨੇਰੀ ਦੇ ਬੁੱਲੇ ਨੂੰ ਅੱਗੋ ਪਿੱਛੇ ਹੋ ਕੇ ਲੰਘਾ ਲੈਣਾ ਚਾਹੀਦਾ ਹੈ, ਸ਼ਾਹੀ ਫੌਜ ਮੈਦਾਨ ਖਾਲੀ ਵੇਖ ਕੇ ਆਪੇ ਹੀ ਲਾਹੌਰ ਮੁੜ ਜਾਏਗੀ।

ਇਹ ਵਿਚਾਰ ਕਰ ਕੇ ਸਾਰਾ ਵਹੀਰ ਮਾਲਵੇ ਵੱਲ ਤੁਰ ਪਿਆ। ਉਸ ਸਮੇਂ ਸਤਲੁਜ ਬਹਾਦਰ ਨਗਰ ਪਾਸ ਵਗਦਾ ਹੁੰਦਾ ਸੀ ਅਤੇ ਇਹੋ ਹੀ ਨਗਰ ਦਾ ਪੱਤਣ ਸਦਾਉਂਦਾ ਸੀ। ਜਦ ਵਹੀਰ ਇਥੇ ਅੱਪੜਿਆ ਅਤੇ ਦਰਿਆ ਪਾਰ ਕਰਨ ਦੀ ਤਿਆਰੀ ਕੀਤੀ, ਤਾਂ ਤਾਰਾ ਸਿੰਘ ਨੇ ਆਖਿਆ ਕਿ ਗੁਰੂ ਜੀ ਦੀ ਆਗਿਆ ਤਾਂ ਲੈ ਲਈਏ, ਪਤਾ ਨਹੀਂ, ਗੁਰੂ ਜੀ ਕੀ ਹੁਕਮ ਕਰਦੇ ਹਨ। ਆਪ ਦੇ ਗਾਤਰੇ 'ਦਸ ਗ੍ਰੰਥੀ' ਦੀ ਪੋਥੀ ਹੁੰਦੀ ਸੀ, ਉਸ ਨੂੰ ਖੋਲ੍ਹ ਕੇ ਜਦ ਤੁਕ ਲਈ ਤਾਂ ਇਹ ਤੁਕ ਨਿਕਲੀ :-

*ਜੌਂ ਕਹੂੰ ਕਾਲ ਤੇ ਭਾਜ ਕੇ ਬਾਚੀਅਤ,*
*ਤੋ ਕਿਹ ਕੁੰਟ ਕਹੋ ਭਜਿ ਜਈਯੈ।।*

SikhBookClub.com

*ਆਗੋ ਹੂੰ ਕਾਲ ਧਰੇ ਅਸਿ ਗਾਜਤ,*
*ਛਾਜਤ ਹੈ ਜਿੱਹ ਤੇ ਨਸ ਅਈਯੈ॥*
*ਐਸੋ ਨ ਕੈ ਗਯੋ ਕੋਈ ਸੁ ਦਾਵ ਰੇ,*
*ਜਾਹਿ ਉਪਾਵ ਸੁ ਆਪ ਬਚਈਯੈ॥*
*ਜਾ ਤੇ ਨ ਛੂਟੀਐ ਮੂੜ ਕਹੂੰ,*
*ਹਸਿ ਤਾ ਕੀ ਨ ਕਿਉ ਸਰਣਾਗਤਿ ਜਈਯੈ॥ ੯੬॥*

*(ਬਚਿੱਤ੍ਰ ਨਾਟਕ)*

ਤਾਰਾ ਸਿੰਘ ਜੀ ਨੇ ਕਹਿਆ ਕਿ ਸਾਨੂੰ ਤਾਂ ਸ਼ਹੀਦ ਹੋਣ ਦਾ ਹੀ ਹੁਕਮ ਹੈ, ਅਸੀਂ ਪਾਰ ਨਹੀਂ ਜਾਂਦੇ, ਪਿੱਛੇ ਨੂੰ ਮੁੜਦੇ ਹਾਂ, ਜਿਸ ਜਿਸ ਨੂੰ ਜਾਨ ਪਿਆਰੀ ਹੈ, ਉਹ ਲੰਘ ਜਾਵੇ ਅਤੇ ਜਿਸ ਨੇ ਸ਼ਹੀਦ ਹੋਣਾ ਹੈ ਉਹ ਸਾਡੇ ਨਾਲ ਮੁੜ ਪਵੇ। ਇਹ ਗੱਲ ਸੁਣ ਕੇ ਸਭ ਸਾਥੀ ਪਾਰ ਨੂੰ ਚਲੇ ਗਏ ਤੇ ਕੇਵਲ ਅਠਾਰਾਂ ਸਿੰਘ ਹੀ ਤਾਰਾ ਸਿੰਘ ਜੀ ਨਾਲ ਮੁੜੇ। ਉਹਨਾਂ ਬੀਰਾਂ ਦੇ ਨਾਮ ਇਹ ਹਨ-

ਵਧਾਵਾ ਸਿੰਘ, ਕੌਇਰ ਸਿੰਘ 'ਵਾਂ' ਪਿੰਡ ਦੇ, ਸ਼ਾਹੀ ਸਿੰਘ ਬ੍ਰਾਹਮਣ ਝਲੀਆਂ ਦਾ, ਸੂਰਾ ਸਿੰਘ ਤਰਖਾਣ ਖਾਲੜੇ ਦਾ, ਲਖਬੀਰ ਸਿੰਘ ਸੰਧੂ ਘਰਿਆਲੇ ਦਾ, ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਸੰਧੂ ਭੜ੍ਹਾਣੇ ਦੇ, ਭੀਮ ਸਿੰਘ ਤੇ ਬਾਦਲ ਸਿੰਘ ਰਤੋ ਕਿਆਂ ਦੇ, ਮੇਘ ਸਿੰਘ ਗਿੱਲ ਮੰਦਰਾਂ ਦਾ, ਹਾਤਾ ਸਿੰਘ ਚੂੰਘਾਂ ਦਾ, ਬੁਲਾਕਾ ਸਿੰਘ ਸੇਖੋਂ ਸਾਂਘਣੇ ਦਾ, ਜੋਧ ਸਿੰਘ ਬਾਜਵਾ ਨਾਰੋਵਾਲ ਦਾ, ਬਘੇਲ ਸਿੰਘ ਦਾ ਭਰਾ ਅਮਰ ਸਿੰਘ ਢਿੱਲੋਂ ਹੁੱਸਿਆਂ ਦਾ, ਸਮੁੰਦ ਸਿੰਘ ਤੇ ਲਾਭ ਸਿੰਘ ਮੁਲਤਾਨੀਆਂ ਅਤੇ ਭੋਗਾ ਸਿੰਘ ਤੇ ਸਾਲ ਸਿੰਘ ਪਸ਼ੌਰੀਏ। ਪਿਛਲੇ ਚੌਹਾਂ ਸਿੰਘਾਂ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਆਪਣੇ 'ਪੰਥ ਪ੍ਰਕਾਸ਼' ਵਿਚ ਮਲਵਈ ਸਿੱਖ ਬਣਾ ਦਿੱਤਾ ਹੈ, ਸੋ ਇਹ ਉਹਨਾਂ ਦੀ ਭੁੱਲ ਹੈ।

ਸਿੰਘਾਂ ਨੇ 'ਵਾਂ' ਵਾਪਸ ਆ ਕੇ ਇਹ ਥੰਮ ਘੜਾ ਕੇ ਗੱਡ ਦਿੱਤਾ ਅਤੇ ਇਕ ਬੱਕਰਾ ਝਟਕਾ ਕੇ ਨਗਾਰਾ ਮੜ੍ਹ ਲਿਆ ਕਿ ਵੇਲੇ ਕੁਵੇਲੇ ਅੱਗੇ ਪਿਛੇ ਗਏ ਨੂੰ ਖਬਰ ਕੀਤੀ ਜਾ ਸਕੇ।

ਉਧਰ ਲਾਹੌਰ ਵਿਚ ਇਹ ਖਬਰ ਘਰ ਘਰ ਉੱਡ ਗਈ ਕਿ ਇਹ ਫੌਜ ਸਿੰਘਾਂ ਨਾਲ ਲੜਨ ਲਈ ਤਿਆਰ ਹੋ ਰਹੀ ਹੈ। ਜੋ ਸਿੰਘ ਸ਼ਾਹੀ ਫੌਜ ਵਿਚ ਨੌਕਰ ਸਨ, ਉਹਨਾਂ ਨੇ ਹਜ਼ੂਰਾ ਸਿੰਘ ਨੂੰ ਕਿਹਾ ਕਿ ਸਿੰਘਾਂ ਨੂੰ ਇਸ ਮੁਹਿੰਮ ਦੀ ਖਬਰ ਕਰ ਦੇਣੀ ਚਾਹੀਦੀ ਹੈ, ਕਿਤੇ ਅਨਭੋਲ ਹੀ ਨਾ ਮਾਰੇ ਜਾਣ। ਸੋ ਹਜ਼ੂਰਾ ਸਿੰਘ ਰਾਤੋ-ਰਾਤ 'ਵਾਂ' ਪਿੰਡ ਅੱਪੜਿਆ ਅਤੇ ਵਾੜੇ ਦਾ ਫਲ੍ਹਾ ਬੰਦ ਵੇਖ ਕੇ, ਬਾਹਰੋਂ ਹੀ ਫਤਹਿ ਬੁਲਾਈ, ਅੰਦਰੋਂ ਸਿੰਘਾਂ ਨੇ ਅਵਾਜ਼ ਪਛਾਣ ਕੇ ਅੰਦਰ ਲੰਘਾ ਲਿਆ ਅਤੇ ਅੰਗੀਠੇ ਪਾਸ ਬਿਠਾ ਕੇ ਹਾਲ-ਹਵਾਲ ਪੁੱਛਿਆ। ਉਸ ਨੇ ਕਿਹਾ ਕਿ ਸਵੇਰੇ ਫੌਜ ਨੇ ਕੂਚ ਕਰਨਾ ਹੈ,

SikhBookClub.com

ਤੁਸੀਂ ਦੋ ਕੁ ਦਿਨ ਲਾਂਭੇ-ਚਾਂਭੇ ਹੋ ਜਾਓ, ਫੌਜ ਫਿਰ ਫਿਰਾ ਕੇ ਆਪੇ ਹੀ ਮੁੜ ਜਾਏਗੀ। ਤਾਰਾ ਸਿੰਘ ਜੀ ਨੇ ਉਸ ਦਾ ਧੰਨਵਾਦ ਕੀਤਾ ਅਤੇ ਆਖਿਆ ਕਿ ਅਸੀਂ ਸ਼ਹੀਦ ਹੋਣ ਲਈ ਤਿਆਰ ਬੈਠੇ ਹਾਂ, ਭੱਜ ਕੇ ਕਿਤੇ ਨਹੀਂ ਜਾ ਸਕਦੇ। ਇਹ ਗੱਲ ਸੁਣ ਕੇ ਹਜ਼ੂਰਾ ਸਿੰਘ ਪਿੱਛੇ ਨੂੰ ਮੁੜ ਪਿਆ ਅਤੇ ਰਾਤੋ-ਰਾਤ ਫੌਜ ਵਿਚ ਜਾ ਰਲਿਆ।

ਮੋਮਨ ਖਾਂ ਨੇ ਸੋਚਿਆ ਕਿ ਰਾਤੋ-ਰਾਤ ਸੁੱਤਿਆਂ ਨੂੰ ਜਾ ਨੱਪਣਾ ਹੀ ਅਕਲ ਦਾ ਕੰਮ ਹੈ ਜੇ ਦਿਨ ਚੜ੍ਹ ਗਿਆ ਤਾਂ ਸਾਡੇ ਬਹੁਤ ਸਾਰੇ ਆਦਮੀ ਮਾਰੇ ਜਾਣਗੇ। ਇਸ ਲਈ ਸੂਰਜ ਡੁਬਦਿਆਂ ਹੀ ਕੂਚ ਕਰ ਦਿੱਤਾ ਅਤੇ ਰਾਤ ਢਲਦੀ ਨੂੰ 'ਘਵਿੰਡ' ਗਿਰਦੇ ਆ ਗਏ। ਇਸੇ ਪਿੰਡ ਨੂੰ ਘੇਰ ਲੈਂਦੇ ਹਾਂ ਆਪੇ ਕੋਈ ਸੂਹੀਆ ਬਣ ਜਾਊ। ਇਹ ਵਿਚਾਰ ਕੇ ਸਾਰੇ ਪਿੰਡ ਨੂੰ ਘੇਰ ਲਿਆ। ਪਿੰਡ ਦਾ ਨੰਬਰਦਾਰ ਸੁੱਜਾ ਨਾਮੇ ਇਕ ਉੱਪਲ ਜੱਟ ਸੀ, ਉਹ ਫੌਜ ਦੇ ਆਉਣ ਤੇ ਹੀ ਸਮਝ ਗਿਆ ਸੀ ਕਿ ਇਹ ਕਿਸੇ ਪਾਸੇ ਦੀ ਮੁਹਿੰਮ ਹੈ। ਉਸ ਨੇ ਆਪਣੇ ਭਰਾ ਨੂੰ ਤਾਂ ਤਾਰਾ ਸਿੰਘ ਜੀ ਵੱਲ ਘੱਲਿਆ ਕਿ ਉਹਨਾਂ ਨੂੰ ਖਬਰਦਾਰ ਕਰ ਦਿਓ ਅਤੇ ਆਪ ਮੋਮਨ ਖਾਂ ਪਾਸ ਆ ਕੇ ਸੂਹੀਆ ਬਣ ਗਿਆ ਅਤੇ ਫੌਜ ਆਪਣੇ ਮਗਰ ਲਾ ਲਈ। ਦਿਲ ਵਿਚ ਇਹ ਸੀ ਕਿ ਫੌਜ ਨੂੰ ਰਤਾ ਕੁ ਐਧਰ-ਉਧਰ ਫੇਰ ਕੇ ਚਿਰ ਲਾ ਦਿਆਂ, ਇਸ ਨਾਲ ਸਿੰਘਾਂ ਨੂੰ ਖਬਰਦਾਰ ਹੋ ਕੇ ਭੱਜ ਜਾਣ ਦਾ ਸਮਾਂ ਮਿਲ ਜਾਏਗਾ।

ਇਹ ਨੀਤ ਧਾਰ ਕੇ ਉਹ ਫੌਜ ਨੂੰ ਡੱਲ ਪਿੰਡ ਵਲ ਲੈ ਗਿਆ ਅਤੇ ਆਖਿਆ ਕਿ ਐਸ ਵੇਲੇ ਤਾਰਾ ਸਿੰਘ ਇਸ ਪਿੰਡ ਵਿਚ ਹੈ। ਇਹ ਆਖ ਕੇ ਆਪ ਖਿਸਕ ਗਿਆ। ਇਸ ਦੇ ਭਾਈ ਨੇ ਜਦ ਤਾਰਾ ਸਿੰਘ ਜੀ ਨੂੰ ਸ਼ਾਹੀ ਫੌਜ ਦੇ ਆਉਣ ਦੀ ਖਬਰ ਦਿੱਤੀ ਅਤੇ ਭੱਜ ਜਾਣ ਲਈ ਕਿਹਾ ਤਾਂ ਉਹਨਾਂ ਨੇ ਇਸ ਦੀ ਤੇ ਇਸ ਦੇ ਭਰਾ ਦੀ ਬੜੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਤੁਸਾਂ ਨੇ ਜ਼ਿਮੀਂਦਾਰ ਭਰਾ ਹੋਣ ਦਾ ਹੱਕ ਪੂਰਾ ਕਰ ਦਿੱਤਾ ਹੈ, ਪਰ ਸਾਡੀ ਮਰਜ਼ੀ ਭੱਜਣ ਦੀ ਨਹੀਂ, ਸ਼ਹੀਦ ਹੋਣ ਦੀ ਹੈ।

ਡੱਲ ਪਿੰਡ ਦਾ ਮੁਖੀਆ ਇਕ ਬੁਲਾਕੀ ਸੀ, ਉਸ ਨੇ ਤੜਕਸਾਰ ਪਿੰਡ ਦੇ ਉਦਾਲੇ ਸਵਾਰਾਂ ਦੇ ਪਰ੍ਹੇ ਵੇਖ ਕੇ ਪਿੰਡ ਦੇ ਆਦਮੀਆਂ ਨੂੰ ਖਬਰਦਾਰ ਕਰ ਦਿੱਤਾ ਕਿ ਆਪੋ ਆਪਣੀ ਥਾਂ ਉਤੇ ਤਕੜੇ ਹੋ ਰਹੋ ਅਤੇ ਜੇ ਕਰ ਕੋਈ ਸਵਾਰ ਗਲ ਪਵੇ ਤਾਂ ਉਸ ਨੂੰ ਮੱਤ ਵੀ ਬੇਸ਼ਕ ਦੇ ਦੇਣੀ। ਆਪ ਸਿੱਧਾ ਮੋਮਨ ਖਾਂ ਵੱਲ ਗਿਆ ਅਤੇ ਸਵਾਰਾਂ ਦਾ ਪਿੰਡ ਨੂੰ ਘੇਰ ਲੈਣ ਦਾ ਕਾਰਨ ਪੁੱਛਿਆ।

ਮੋਮਨ ਖਾਂ ਨੇ ਕਿਹਾ ਤਾਰਾ ਸਿੰਘ ਧਾੜਵੀ ਦਾ ਇਹ ਪਿੰਡ ਹੈ, ਅਸੀਂ ਉਸ ਨੂੰ ਫੜਨ ਆਏ ਹਾਂ। ਬੁਲਾਕੀ ਨੇ ਕੰਨਾਂ ਉਤੇ ਹੱਥ ਧਰ ਕੇ, 'ਹਜ਼ੂਰ'! ਸਾਡਾ ਤੇ ਉਸ ਦਾ ਸਬੰਧ ਹੀ ਕੀ, ਅਸੀਂ ਤਾਂ ਆਪ ਦੀ ਰੱਈਯਤ ਹਾਂ। ਉਸ ਦਾ ਟਿਕਾਣਾ ਅਜੇ ਇਥੋਂ ਦੋ

SikhBookClub.com

ਕੋਹ ਪਰ੍ਹੇ ਪਰ੍ਹੇ ਹੈ, ਘਵਿੰਡਾਂ ਦੇ ਨੰਬਰਦਾਰ ਦਾ ਸਾਡੇ ਨਾਲ ਵੈਰ ਹੈ, ਇਸ ਲਈ ਉਹ ਆਪ ਨੂੰ ਇਸ ਪਾਸੇ ਲੈ ਆਇਆ ਹੈ।

ਇਸ ਦੇ ਨਾਲ ਹੀ ਆਪਣੇ ਨਾਲ ਦੇ ਆਦਮੀਆਂ ਨੂੰ ਬੁਲਾਕੀ ਨੇ ਕਿਹਾ ਕਿ ਪਿੰਡ ਵਿਚੋਂ ਕਿਸੇ ਘਰ ਰਿੜਕਣਾ ਨਾ ਪਵੇ, ਸਭ ਦੁੱਧ ਦਹੀਂ ਸ਼ਾਹੀ ਫੌਜ ਨੂੰ ਅੱਜ ਖਿਲਾਇਆ ਪਿਲਾਇਆ ਜਾਵੇ। ਫੌਜ ਨੂੰ ਸਾਰੀ ਰਾਤ ਦਾ ਉਨੀਂਦਰਾ ਸੀ ਉਹ ਦੁੱਧ ਦਹੀਂ ਵੇਖ ਕੇ ਬੜੇ ਖੁਸ਼ ਹੋਏ, ਥੋੜ੍ਹਾ ਜਿਹਾ ਆਟਾ ਵੀ ਮਿਲਿਆ ਪਰ ਜਦ ਹੋਰ ਮੰਗਿਆ ਤਾਂ ਬੁਲਾਕੀ ਨੇ ਅਰਜ਼ ਕੀਤੀ ਕਿ- ਹਜ਼ੂਰ! ਆਟਾ ਇਸ ਦੇਸ ਕਿਥੇ? ਅਸੀਂ ਤਾਂ ਡੇਲੇ ਖਾ ਖਾ ਗੁਜ਼ਾਰਾ ਕਰਦੇ ਹਾਂ, ਸੋ ਉਹਨਾਂ ਨਾਲ ਕੋਠੀਆਂ ਭਰੀਆਂ ਪਈਆਂ ਹਨ, ਜਿੰਨੇ ਕਹੋ ਲਿਆ ਦਿੰਦੇ ਹਾਂ।

ਉਸ ਸਮੇਂ ਕਣਕ ਆਦਿ ਅਨਾਜ ਇਤਨੇ ਆਮ ਨਹੀਂ ਸਨ, ਜਿਤਨੇ ਅੱਜ ਕਲ੍ਹ ਹਨ। ਸਾਰਾ ਮਾਝਾ ਜੰਡਾਂ ਕਰੀਰਾਂ ਦਾ ਘਰ ਹੁੰਦਾ ਸੀ, ਇਸ ਲਈ ਡੇਲੇ ਬਹੁਤ ਹੋਇਆ ਕਰਦੇ ਸਨ। ਸਾਰੇ ਆਦਮੀ ਇਹਨਾਂ ਨਾਲ ਹੀ ਆਪਣੀਆਂ ਕੋਠੀਆਂ ਭਰ ਲੈਂਦੇ ਅਤੇ ਅਨਾਜ ਦੀ ਥਾਂ ਇਹਨਾਂ ਨੂੰ ਹੀ ਖਾਂਦੇ। ਚਰਾਦਾਂ ਬਹੁਤ ਹੋਣ ਕਰ ਕੇ ਲਵੇਰਾ ਬੇ-ਓੜਕਾ ਹੁੰਦਾ ਸੀ ਇਸ ਲਈ ਬਹੁਤਿਆਂ ਦਾ ਗੁਜ਼ਾਰਾ ਦੁੱਧ ਘਿਉ ਉਤੇ ਹੁੰਦਾ। ਜਦ ਕਿਸੇ ਘਰ ਵਿਆਹ-ਸ਼ਾਦੀ ਹੁੰਦੀ ਤਾਂ ਮੁੰਡੇ ਕੱਛਾਂ ਮਾਰਦੇ ਫਿਰਦੇ ਕਿ ਅੱਜ ਅਸੀਂ ਕਣਕ ਦੇ ਮੰਡੇ ਖਾਵਾਂਗੇ। ਐਸੇ ਸਮੇਂ ਬਿਨਾਂ ਕਣਕ ਦੀ ਰੋਟੀ ਕਿਸੇ ਭਾਗਾਂ ਵਾਲੇ ਨੂੰ ਹੀ ਮਿਲਦੀ ਹੁੰਦੀ ਸੀ, ਆਮ ਆਦਮੀ ਜੁਆਰ ਬਾਜਰੇ ਦਾ ਆਟਾ ਹੀ ਵਰਤਦੇ ਹੁੰਦੇ ਸਨ। ਉਸ ਸਮੇਂ ਇਸ ਇਲਾਕੇ ਦੀ ਠੀਕ ਉਹੋ ਹਾਲਤ ਸੀ ਜੋ ਬਾਰ ਅਬਾਦ ਹੋਣ ਤੋਂ ਪਹਿਲਾਂ ਲਾਇਲਪੁਰ ਤੇ ਸਰਗੋਧੇ ਦੀ ਬਾਰ ਦੇ ਵਸਨੀਕਾਂ (ਜਾਂਗਲੀਆਂ) ਦੀ ਸੀ।

ਤੁਰਕਾਂ ਨੇ ਰਸਦ-ਪਾਣੀ ਮਿਲਦਾ ਵੇਖ ਕੇ ਉਥੇ ਹੀ ਡੇਰਾ ਕਰ ਦਿੱਤਾ ਅਤੇ ਖਾਣ-ਪੀਣ ਦੇ ਆਹਰ ਵਿਚ ਰੁਝ ਗਏ। ਉਸ ਸਮੇਂ ਇਕ ਬੁੱਢਾ ਤੁਰਕ ਅੱਖ ਬਚਾ ਕੇ ਤਾਰਾ ਸਿੰਘ ਜੀ ਦੇ ਵਾੜੇ ਪਾਸ ਆ ਗਿਆ ਅਤੇ ਆਖਿਆ ਕਿ ਸ਼ਾਹੀ ਫੌਜ ਆ ਗਈ ਹੈ। ਤੁਸੀਂ ਇਹ ਜਗ੍ਹਾ ਛੱਡ ਕੇ ਇਹਨਾਂ ਝਾੜੀਆਂ ਵਿਚ ਰਾਤ ਦੀ ਰਾਤ ਲੁਕ ਜਾਓ, ਇਹ ਜਗ੍ਹਾ ਖਾਲੀ ਵੇਖ ਕੇ ਜਦ ਅਸੀਂ ਮੁੜ ਜਾਵਾਂਗੇ ਤੁਸਾਂ ਫੇਰ ਇਥੇ ਹੀ ਆ ਜਾਣਾ। ਐਵੇਂ ਕਿਉਂ ਆਪਣੀਆਂ ਜਾਨਾਂ ਗਵਾਉਂਦੇ ਹੋ ਅਤੇ ਸਾਡੇ ਵਿਚੋਂ ਵੀ ਕਈਆਂ ਨੂੰ ਮਾਰਦੇ ਹੋ।

ਉਸ ਸਮੇਂ ਦਿਨ ਦਾ ਚੜ੍ਹਾ ਹੋਣ ਵਾਲਾ ਸੀ, ਤਾਰਾ ਸਿੰਘ ਜੀ ਆਪਣੀ ਹੱਥੀਂ ਸਭ ਨੂੰ ਕੋਸੀ ਇਸ਼ਨਾਨ ਕਰਵਾ ਰਹੇ ਸਨ। ਸ਼ਹੀਦ ਹੋਣ ਤੋਂ ਪਹਿਲਾਂ ਇਤਨਾ ਟਹਿਲਾ ਤਾਂ ਕਰ ਲਈਏ।

ਬੁੱਢੇ ਤੁਰਕ ਦੀਆਂ ਗੱਲਾਂ ਸੁਣ ਕੇ ਆਪ ਹੱਸ ਪਏ ਅਤੇ ਆਖਿਆ-ਖਾਨ ਜੀ!

SikhBookClub.com

ਤੁਸੀਂ ਮੌਤ ਤੋਂ ਨਾ ਡਰੋ, ਅਸੀਂ ਤੁਹਾਨੂੰ ਮਾਰਾਂਗੇ ਅਤੇ ਅਸਾਂ ਤਾਂ ਸ਼ਹੀਦ ਹੋਣਾ ਹੀ ਹੈ, ਇਸ ਲਈ ਇਸ ਜਗ੍ਹਾ ਨੂੰ ਕਦਾਚਿਤ ਵੀ ਨਹੀਂ ਛੱਡ ਸਕਦੇ।

ਅਸਲ ਗੱਲ ਇਹ ਹੈ ਕਿ ਸਿੰਘਾਂ ਦੇ ਨਾਮ ਤੋਂ ਤੁਰਕ ਪਏ ਡਰਦੇ ਸਨ, ਉਹ ਖੁੱਲ੍ਹੇ ਮੈਦਾਨ ਇਨ੍ਹਾਂ ਨਾਲ ਲੜਨਾ ਪਸੰਦ ਨਹੀਂ ਸਨ ਕਰਦੇ। ਹਰ ਇਕ ਨੂੰ ਆਪਣੇ ਮਰ ਜਾਣ ਦਾ ਹੀ ਡਰ ਰਹਿੰਦਾ ਸੀ, ਇਸ ਕਰ ਕੇ ਲੜਾਈ ਵਿਚ ਵੀ ਉਹਨਾਂ ਪਾਸੋਂ ਕੁਝ ਨਹੀਂ ਸਰਦਾ ਸੀ। ਲਗਭਗ ਸਾਰੀਆਂ ਮੁਹਿੰਮਾਂ ਚਪੋਲ ਦੀ ਸ਼ਕਲ ਵਿਚ ਹੀ ਹੁੰਦੀਆਂ, ਰਾਤੋ-ਰਾਤ ਧਾਵਾ ਕਰ ਕੇ ਜਾ ਪੈਂਦੇ ਅਤੇ ਸੁੱਤਿਆਂ ਪਿਆਂ ਨੂੰ ਹੀ ਜਾ ਨੱਪਦੇ ਪਰ ਜਿਹਨਾਂ ਨੂੰ ਕੋਈ ਨਾ ਕੋਈ ਖਬਰ ਦੇਣ ਵਾਲਾ ਹੁੰਦਾ ਉਹ ਕਦੀ ਵੀ ਸ਼ਾਹੀ ਸੈਨਾ ਦੇ ਕਾਬੂ ਨਾ ਆਉਂਦੇ। ਫੌਜ ਆਈ ਸੁਣ ਕੇ ਆਸ ਪਾਸ ਦੇ ਜੰਗਲ ਵਿਚ ਖਿੰਡਰ ਜਾਂਦੇ ਅਤੇ ਫੌਜ ਦੇ ਸਰਦਾਰ ਵੀ ਮੈਦਾਨ ਖਾਲੀ ਵੇਖ ਕੇ ਲਾਹੌਰ ਨੂੰ ਮੁੜਨ ਦੀ ਕਰਦੇ। ਸਭ ਨਿਮਕ-ਹਰਾਮ ਸਨ ਅਤੇ ਕੋਈ ਅਮੀਰ ਤਨੋ-ਮਨੋ ਹੋ ਕੇ ਆਪਣੇ ਮਾਲਕ ਦਾ ਕੰਮ ਨਹੀਂ ਕਰਦਾ ਸੀ।

ਇਹ ਗੱਲ ਬਿਲਕੁਲ ਸੱਚ ਹੈ ਕਿ ਜੇ ਕਰ ਸਿੰਘ ਵਾੜਾ ਛੱਡ ਕੇ ਪਾਸ ਦੇ ਕਰੀਰਾਂ ਵਿਚ ਹੋ ਜਾਂਦੇ ਤਾਂ ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਹੋਣਾ ਸੀ। ਬੇ-ਇੰਤਜ਼ਾਮੀ ਐਤਨੀ ਸੀ ਕਿ ਪਿੰਡਾਂ ਦੇ ਲੋਕੀਂ ਸ਼ਾਹੀ ਫੌਜ ਨਾਲੋਂ ਸਿੰਘਾਂ ਦਾ ਡਰ ਬਹੁਤ ਮੰਨਦੇ ਅਤੇ ਲਗਦੀ ਵਾਹ ਉਹਨਾਂ ਨੂੰ ਪਲ ਪਲ ਦੀ ਖਬਰ ਦੇਂਦੇ ਰਹਿੰਦੇ।

ਜਦ ਸਭ ਸਿੰਘਾਂ ਕੇਸੀ ਇਸ਼ਨਾਨ ਕਰ ਲਿਆ ਅਤੇ ਹਥਿਆਰ ਸਜਾ ਕੇ ਸ਼ਹੀਦੀ ਲਈ ਤਿਆਰ ਹੋ ਗਏ ਤਾਂ ਨਵੇਂ ਮੜ੍ਹੇ ਧੌਂਸੇ ਨੂੰ ਜ਼ੋਰ ਨਾਲ ਵਜਾਇਆ। ਧੌਂਸੇ ਦੀ ਅਵਾਜ਼ ਸੁਣ ਕੇ ਮੋਮਨ ਖਾਂ ਸਮਝ ਗਿਆ ਕਿ ਸਿੰਘ ਮਰਨ ਮਾਰਨ ਲਈ ਤਿਆਰ ਬੈਠੇ ਹਨ। ਫੌਜ ਖਾਣ ਪੀਣ ਤੋਂ ਵਿਹਲੀ ਹੋ ਗਈ ਸੀ, ਧੌਂਸੇ ਦੀ ਸੇਧ ਉਪਰ ਤੁਰ ਪਈ ਅਤੇ ਸੂਰਜ ਦੀਆਂ ਰਿਸ਼ਮਾਂ ਅਜੇ ਧਰਤੀ ਉਤੇ ਪਈਆਂ ਹੀ ਸਨ ਕਿ ਸ਼ਾਹੀ ਫੌਜ ਸਿੰਘਾਂ ਦੇ ਅੱਡੇ ਪਾਸ ਪੁੱਜ ਗਈ। ਸਿੰਘ ਵੀ ਵਾੜਿਓਂ ਬਾਹਰ ਨਿਕਲ ਕੇ ਜੰਡ ਕਰੀਰਾਂ ਦੀ ਓਟ ਵਿਚ ਖੜੋਤੇ ਹੋਏ ਸਨ, ਆਉਂਦੇ ਸਾਰ ਹੀ ਲੜਾਈ ਮਚ ਪਈ।

ਤੁਰਕਾਨੀ ਫੌਜ ਵਧਦੀ ਦੇਖ ਕੇ ਪਹਿਲੋਂ ਪਹਿਲ ਬੁਲਾਕਾ ਸਿੰਘ ਸੇਖੋਂ ਜੱਟ ਸਾਂਘਣੇ ਪਿੰਡ ਦਾ ਅੱਗੇ ਵਧਿਆ ਅਤੇ ਲੱਗਾ ਤੀਰਾਂ ਦੀ ਵਾੜ ਝਾੜਨ। ਫਿਰ ਤਲਵਾਰ ਧੂਹੀ ਅਤੇ ਸ਼ਾਹੀ ਸੈਨਾ ਵਿਚ ਜਾ ਵੜਿਆ। ਕਈ ਮਾਰੇ ਅਤੇ ਕਈਆਂ ਦੇ ਵਾਰ ਝੱਲੇ ਅਤੇ ਅੰਤ ਨੂੰ ਛਾਤੀ ਵਿਚ ਇਕ ਤੀਰ ਲੱਗਣ ਕਰ ਕੇ ਆਪ ਸ਼ਹੀਦ ਹੋ ਗਿਆ। ਸਿੰਘਾਂ ਪਾਸ ਕੋਈ ਬੰਦੂਕ ਕੰਮ ਦੀ ਨਹੀਂ ਸੀ ਅਤੇ ਸੋਨੇ ਉਤੇ ਸੁਹਾਗਾ ਇਹ ਕਿ ਬਾਰੂਦ ਦਾ ਵੀ ਸਦਾ ਘਾਟਾ ਰਹਿੰਦਾ। ਟਿੰਡਾਂ ਵਿਚ ਬਰੂਦ ਪਾ ਕੇ ਮੋਢੇ ਉਤੇ ਹੀ ਸੁੱਟ ਲੈਂਦੇ ਜੇ ਕਰ ਠੋਕਰ ਲੱਗ ਕੇ ਟਿੰਡ ਟੁੱਟ ਜਾਂਦੀ ਤਾਂ ਉਤਨਾ

SikhBookClub.com

ਵੀ ਹੱਥੋਂ ਜਾਂਦਾ।

ਫਿਰ ਵੀ ਜੋ ਕੁਝ ਸਿੰਘਾਂ ਤੋਂ ਹੋ ਸਕਿਆ ਉਹ ਕਰੀ ਹੀ ਗਏ। ਬੁਲਾਕਾ ਸਿੰਘ ਦੇ ਡਿੱਗਦੇ ਹੀ ਤੱਕੀ ਖਾਂ ਆਪਣੇ ਸਵਾਰਾਂ ਦਾ ਦਸਤਾ ਲੈ ਕੇ ਸਿੰਘਾਂ ਦੇ ਸਿਰ ਉਤੇ ਆ ਪੁੱਜਾ। ਤਾਰਾ ਸਿੰਘ ਜੀ ਸਭ ਦੇ ਅੱਗੇ ਆ ਖੜੋਤੇ ਸਨ। ਇਸ ਲਈ ਤਲਵਾਰ ਦਾ ਪਹਿਲਾ ਵਾਰ ਆਪ ਉਤੇ ਹੋਇਆ। ਆਪ ਵਾਰ ਬਚਾ ਕੇ ਫੁਰਤੀ ਨਾਲ ਵਧੇ ਅਤੇ ਖਾਨ ਦੇ ਘੋੜੇ ਦੀਆਂ ਵਾਗਾਂ ਜਾ ਫੜੀਆਂ। ਤੱਕੀ ਖਾਂ ਲੋਹੇ ਵਿਚ ਡੁੱਬਾ ਹੋਇਆ ਸੀ ਅਤੇ ਸਿਵਾਏ ਮੂੰਹ ਤੋਂ ਉਸ ਦੇ ਸਾਰੇ ਅੰਗ ਲੋਹੇ ਵਿਚ ਲੁਕੇ ਹੋਏ ਸਨ। ਇਸ ਲਈ ਸਿੰਘ ਜੀ ਨੇ ਨੇਜ਼ਾ ਤਾਣ ਕੇ ਉਸ ਦੇ ਮੂੰਹ ਉਤੇ ਮਾਰਿਆ। ਨੇਜ਼ਾ ਵੱਜਦਿਆਂ ਹੀ ਲਹੂ ਦਾ ਫੁਹਾਰਾ ਨਿਕਲ ਤੁਰਿਆ ਅਤੇ ਖਾਨ ਜੀ ਸਣੇ ਆਪਣੇ ਦਸਤੇ ਦੇ ਪਿੱਛੇ ਹੋ ਨੱਠ ਗਏ। ਅਗੋਂ ਮੋਮਨ ਖਾਂ ਵਧਦਾ ਆਉਂਦਾ ਸੀ ਉਸ ਨੇ ਲਹੂ ਵਗਦਾ ਵੇਖ ਕੇ ਹਾਸੇ ਨਾਲ ਆਖਿਆ, "ਕਿ ਖਾਂ ਜੀ! ਪਾਨ ਖਾਂਦੇ ਹੋ? ਤੱਕੀ ਖਾਂ ਨੇ ਆਖਿਆ, "ਹਾਂ ਜੀ, ਤਾਰਾ ਸਿੰਘ ਦੇਂਦਾ ਹੈ ਆਪ ਵੀ ਵਧ ਕੇ ਲੈ ਲਵੋ।"

ਇਹ ਹਾਲ ਵੇਖ ਕੇ ਚੇਲੇ ਨੇ ਹਥਵਾਨ ਨੂੰ ਆਖਿਆ ਕਿ ਹਾਥੀ ਅੱਗੇ ਵਧਾਵੇ। ਅੱਗੋਂ ਭੀਮ ਸਿੰਘ ਸ਼ੇਰ ਵਾਂਗੂੰ ਹਾਥੀ ਉੱਤੇ ਝਪਟਿਆ। ਇਹ ਰੱਤੋ-ਕਿਆਂ ਦਾ ਰਾਠ ਮੱਝੀਆਂ ਦਾ ਦੁੱਧ ਪੀ ਪੀ ਕੇ ਐਸਾ ਬਲੀ ਬਣਿਆ ਹੋਇਆ ਸੀ ਕਿ ਚੱਲਦੇ ਹਾਥੀ ਨੂੰ ਖੜਾ ਕਰ ਲੈਣਾ ਇਸ ਦੇ ਅੱਗੇ ਵੱਡੀ ਗੱਲ ਨਹੀਂ ਸੀ। ਅੱਜ ਕਲ੍ਹ ਵੀ ਇਸ ਸ਼ਹੀਦਾਂ ਦੀ ਧਰਤੀ ਵਿਚ ਐਸੇ ਐਸੇ ਬਲੀ ਪਏ ਹਨ ਜੋ ਘੜਸਾਲੇ ਦੇ ਖੂਹ ਦਾ ਸਾਰਾ ਸਮਾਨ ਲੱਠੋਂ ਫੜ ਕੇ ਚੁੱਕ ਲੈਂਦੇ ਹਨ ਅਤੇ ਜਦ ਉਹਨਾਂ ਵਿਚੋਂ ਕਿਸੇ ਦਾ ਬਲ ਪਰਖਣ ਲਈ ਖੂਹ ਦੀ ਮਾਲ੍ਹ ਨੂੰ ਪਾਸ ਉਗੇ ਰੁੱਖ ਦੀਆਂ ਖੂਹ ਵਿਚ ਗਈਆਂ ਜੜ੍ਹਾਂ ਨਾਲ ਰੱਸੇ ਨਾਲ ਜਕੜ ਦਿੱਤਾ ਗਿਆ ਤਾਂ ਉਹ ਬਲੀ ਰੱਸਾ ਤੋੜ ਕੇ ਸਾਰੇ ਸਮਾਨ ਨੂੰ ਚੁੱਕ ਖੜੋਂਦਾ। ਭੀਮ ਸਿੰਘ ਸੱਚ ਮੁੱਚ ਦਾ ਹੀ ਭੀਮ ਸੀ। ਉਸ ਨੇ ਹਾਥੀ ਨੂੰ ਕੰਨੋਂ ਫੜ ਕੇ ਖੜਾ ਕੀਤਾ ਅਤੇ ਉਸੇ ਆਸਰੇ ਉਸ ਉਤੇ ਚੜ੍ਹ ਤਲਵਾਰ ਖਿੱਚ ਕੇ ਮਹਾਵਤ ਉੱਤੇ ਮਾਰੀ। ਉਸ ਨੇ ਜੀ-ਭਿਆਣੇ ਤਲਵਾਰ ਅੱਗੇ ਅੰਕਸ ਕਰ ਦਿੱਤਾ, ਜਿਸ ਉੱਤੇ ਵੱਜ ਕੇ ਤਲਵਾਰ ਦੋ ਟੋਟੇ ਹੋ ਗਈ, ਪਰ ਸਿੰਘ ਜੀ ਨੇ ਉਸ ਟੋਟੇ ਨਾਲ ਜਦ ਦੂਜਾ ਵਾਰ ਕੀਤਾ ਤਾਂ ਮਹਾਵਤ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ।

ਇਹ ਵੇਖ ਕੇ ਤਾਰਾ ਸਿੰਘ ਜੀ ਨੇ ਲਖਬੀਰ ਸਿੰਘ ਘਰਿਆਲੀਏ ਨੂੰ ਆਖਿਆ ਕਿ ਜਦ ਮੱਝੀਆਂ ਚਾਰਦੇ ਹੁੰਦੇ ਸਾਂ ਤਾਂ ਤੂੰ ਦੋ ਦੋ ਇਕੱਠੀਆਂ ਟੱਪ ਜਾਂਦਾ ਸੈਂ, ਹੁਣ ਹੱਥ ਵਿਖਾਉਣ ਦਾ ਵੇਲਾ ਹੈ, ਛੇਤੀ ਨਾਲ ਅੱਗੇ ਵਧ। ਲਖਮੀਰ ਸਿੰਘ ਨੇਜ਼ਾ ਤਾਣ ਕੇ ਕੁੱਦ ਕੇ ਚੇਲੇ ਉੱਤੇ ਜਾ ਪਿਆ ਅਤੇ ਨੇਜ਼ਾ ਮਾਰ ਕੇ ਉਸ ਦਾ ਮੋਢਾ ਚੀਰ ਦਿੱਤਾ। ਮਗਰੋਂ ਹੀ ਦੋ ਹੋਰ ਸਿੰਘ ਜਾ ਪਏ ਅਤੇ ਚੇਲਾ ਮਾਰ ਕੇ ਹਾਥੀ ਆਪਣੀ ਵੱਲ ਹਿੱਕ ਲਿਆਏ ਪਰ ਤਾਰਾ ਸਿੰਘ ਜੀ ਨੇ ਹਾਥੀ ਨੂੰ ਕੀ ਕਰਨਾ ਸੀ ਓਸੇ ਵੇਲੇ ਤੁਰਕਾਂ ਵੱਲ

SikhBookClub.com

ਹੱਕ ਦਿੱਤਾ ਅਤੇ ਆਪ ਪੈਦਲ ਹੀ ਲੜਾਈ ਦਾ ਰੰਗ ਦੇਖਦੇ ਰਹੇ।

'ਵਾਂ' ਦੇ ਪਾਸ ਹੀ ਕੁਰਬਾਨ ਪਿੰਡ ਹੈ ਇਥੋਂ ਦੇ ਦੋ ਸਿੱਖ ਗੱਡਾ ਤੋਰ ਕੇ ਕੱਲਰ ਲੈਣ ਲਈ 'ਵਾਂ' ਵੱਲ ਆਏ ਕਿ ਕੱਲਰ ਲਿਜਾ ਕੇ ਕਣਕ ਦੀਆਂ ਪੈਲੀਆਂ ਵਿਚ ਰੂੜੀ ਪਾਵਾਂਗੇ, ਜਦ ਉਹ ਪਿੰਡ ਪਾਸ ਪੁੱਜੇ ਤਾਂ ਲੋਕਾਂ ਪਾਸੋਂ ਸਿੰਘਾਂ ਦੇ ਸ਼ਹੀਦ ਹੋਣ ਦੇ ਮਨਸੂਬੇ ਅਤੇ ਸ਼ਾਹੀ ਸੈਨਾ ਨਾਲ ਲੜਾਈ ਕਰਨ ਦਾ ਹਾਲ ਸੁਣਿਆ। ਇਕ ਭਰਾ ਨੇ ਦੂਜੇ ਭਰਾ ਨੂੰ ਆਖਿਆ ਕਿ ਲੈ ਭਈ ਗੱਡਾ, ਮੈਂ ਤਾਂ ਚੱਲ ਕੇ ਸ਼ਹੀਦ ਹੁੰਦਾ ਹਾਂ, ਇਹ ਤਾਂ ਬੜਾ ਸੋਹਣਾ ਮੌਕਾ ਮਿਲਿਆ ਹੈ। ਦੂਜੇ ਨੇ ਆਖਿਆ ਮੈਂ ਪਿਛੇ ਮੁੜ ਕੇ ਕੀ ਕਰਨਾ ਹੈ, ਮੈਂ ਵੀ ਸ਼ਹੀਦ ਹੋਣਾ ਹੈ, ਚਲ ਮੈਂ ਵੀ ਤੇਰਾ ਸਾਥੀ ਹਾਂ।

ਸੋ ਦੋਹਾਂ ਨੇ ਜੁਪੀ ਜੁਪਾਈ ਗੱਡ ਤਾਂ ਉਥੇ ਹੀ ਛੱਡੀ ਅਤੇ ਜਿਧਰ ਲੜਾਈ ਹੋ ਰਹੀ ਸੀ, ਉਧਰ ਸਦਾ ਅੰਗ-ਸੰਗ ਰਹਿਣ ਵਾਲੀਆਂ ਤਲਵਾਰਾਂ ਧੂਹ ਕੇ ਜਾ ਪਏ। ਅਗਲੇ ਪਾਸਿਓਂ ਤਾਂ ਤਾਰਾ ਸਿੰਘ ਜੀ ਤੁਰਕਾਂ ਨਾਲ ਜੁਟੇ ਹੋਏ ਸਨ, ਪਿਛਲੇ ਪਾਸਿਓਂ ਇਹਨਾਂ ਨੇ ਗੱਭੇ-ਵਾਢ ਅਰੰਭ ਦਿੱਤੀ ਅਤੇ ਮਾਰਦੇ ਵੱਢਦੇ ਅੰਤ ਨੂੰ ਸਿੰਘਾਂ ਨਾਲ ਜਾ ਰਲੇ। ਸਭ ਨੇ ਗੱਜ ਕੇ ਜੈਕਾਰਾ ਗਜਾਇਆ ਅਤੇ ਪਿਛੇ ਹਟਕੇ ਵੈਰੀ ਉੱਤੇ ਜ਼ੋਰ ਨਾਲ ਜਾ ਪਏ। ਚੂੰਕਿ ਇਹ ਕੁਰਬਾਨੀਏ ਬੀਰ ਮੈਦਾਨ ਵਿਚ ਹੀ ਚੜ੍ਹ ਗਏ ਸਨ, ਇਸ ਲਈ ਅੱਜ ਤੀਕ ਇਹਨਾਂ ਦੇ ਪਵਿੱਤਰ ਨਾਮਾਂ ਦਾ ਪਤਾ ਨਹੀਂ ਲੱਗ ਸਕਿਆ।

ਜਦ ਮੋਮਨ ਖਾਂ ਨੇ ਵੇਖਿਆ ਕਿ ਤੱਕੀ ਖਾਂ ਵੀ ਭਾਂਜ ਖਾ ਆਇਆ ਅਤੇ ਦੂਜੇ ਦਸਤੇ ਨੂੰ ਵੀ ਪਿੱਛੇ ਹੀ ਹਟਣਾ ਪਿਆ ਤਾਂ ਉਸ ਨੇ ਕੁਦਲ ਪੁਰ ਦੇ ਦੋ ਵਸਨੀਕ ਪੂਰਬੀਏ ਮਨਸਾ ਰਾਮ ਅਤੇ ਦਇਆ ਰਾਮ ਨੂੰ ਸੱਦ ਕੇ ਆਖਿਆ ਕਿ ਹੁਣ ਤੁਸੀਂ ਆਪਣੇ ਦਸਤੇ ਲੈ ਕੇ ਜੁਟੋ। ਇਹਨਾਂ ਨੇ ਆਉਂਦੇ ਸਾਰ ਹੀ ਲੜਾਈ ਦਾ ਰੰਗ ਬਦਲ ਦਿੱਤਾ, ਭੱਜੇ ਜਾਂਦੇ ਸਿਪਾਹੀ ਮੁੜ ਪਏ ਅਤੇ ਦਿਲ ਕਰੜਾ ਕਰ ਕੇ ਸਿੰਘਾਂ ਨਾਲ ਜੁਟ ਪਏ। ਸਿੰਘਾਂ ਦੀ ਨਾ ਕੋਈ ਸੈਨਾ ਸੀ ਅਤੇ ਨਾ ਹੀ ਕੋਈ ਕਿਲ੍ਹਾ, ਜਿਸ ਕਰ ਕੇ ਬਰਾਬਰ ਦਾ ਟਾਕਰਾ ਹੁੰਦਾ। ਗਿਣਤੀ ਦੇ ਆਦਮੀ ਸਨ, ਇਸ ਲਈ ਕਦ ਤੀਕ ਲੜਾਈ ਨਿਭ ਸਕਦੀ ਸੀ। ਜੰਡਾਂ ਕਰੀਰਾਂ ਦੀ ਓਟ ਲਈ ਲੜੀ ਜਾਂਦੇ ਸਨ ਅਤੇ ਮੌਕਾ ਤਾੜ ਕੇ ਘਮਸਾਨ ਵੀ ਮਚਾ ਦੇਂਦੇ ਸਨ। ਕੁਝ ਤਾਂ ਤੱਕੀ ਖਾਂ ਦੇ ਦਸਤੇ ਦੀ ਭੇਟਾ ਹੋਏ, ਕੁਝ ਚੇਲੇ ਦੇ ਦਸਤੇ ਨੇ ਸ਼ਹੀਦ ਕੀਤੇ, ਰਹਿੰਦੇ ਪੂਰਬੀਆਂ ਨਾਲ ਜੁਟੇ ਰਹੇ। ਆਖਿਰ ੨੧ ਜੋਧਿਆਂ ਨੇ ਕਦ ਤੀਕ ਜੁਟੇ ਰਹਿਣਾ ਸੀ, ਇਕ ਇਕ ਕਰ ਕੇ ਚੜ੍ਹਦੇ ਗਏ ਅਤੇ ਦਿਨ ਡੁੱਬਣ ਤੋਂ ਪਹਿਲਾਂ ਹੀ ਸਾਰੇ ਸ਼ਹੀਦ ਹੋ ਗਏ। ਕਿਸੇ ਇਕ ਨੇ ਭੀ ਕਦਮ ਪਿੱਛੇ ਨਹੀਂ ਸੁੱਟਿਆ, ਸਗੋਂ ਸ਼ੇਰਾਂ ਵਾਂਗ ਆਪਣੇ ਥਾਂ ਉੱਤੇ ਅੜੇ ਰਹੇ। ਜਦ ਸਭ ਸਿੰਘ ਚੜ੍ਹਾਈ ਕਰ ਗਏ ਅਤੇ ਕੇਵਲ ਇਕ ਸਿੰਘ ਹੀ ਬਾਕੀ ਰਹਿ ਗਿਆ, ਉਦੋਂ ਦਿਨ ਅਜੇ ਦੋ ਕੁ ਘੜੀਆਂ ਰਹਿੰਦਾ ਸੀ, ਉਸ ਵੇਲੇ ਇਹ ਵੀ ਸ਼ਹੀਦ ਹੋ ਗਿਆ ਅਤੇ ਜੰਗ ਦੀ ਸਮਾਪਤੀ ਹੋ ਗਈ। ਤੁਰਕਾਂ ਨੇ ਸਭ ਸਿੰਘਾਂ

SikhBookClub.com

ਦੇ ਸੀਸ ਕੱਟ ਲਏ ਅਤੇ ਜਿੱਤ ਦੇ ਨਗਾਰੇ ਵਜਾਉਂਦੇ ਖੁਸ਼ੀ ਖੁਸ਼ੀ ਲਾਹੌਰ ਨੂੰ ਮੁੜੇ। ਇਹ ਸਾਕਾ ਮਾਘ ਵਦੀ ੪ ਸੰਮਤ ੧੭੮੯ ਬਿਕ੍ਰਮੀ ਨੂੰ ਹੋਇਆ ਸੀ (ਦਸੰਬਰ ੧੭੩੨ ਈਸਵੀ)।

ਸ਼ਹੀਦ ਤਾਰਾ ਸਿੰਘ ਜੀ ਇਸ ਸਮੇਂ ਭਰ ਜਵਾਨ ਅਤੇ ੩੦ ਕੁ ਬਰਸ ਦੀ ਉਮਰ ਦੇ ਸਨ। ਆਪ ਨੇ ਇਸ ਉਮਰ ਤੀਕ ਵਿਆਹ ਨਹੀਂ ਕੀਤਾ ਸੀ, ਇਸੇ ਲਈ ਆਪ ਦੀ ਔਲਾਦ ਨਹੀਂ ਚਲੀ। 'ਵਾਂ' ਪਿੰਡ ਦੇ ਵਸਾਵਾ ਸਿੰਘ ਅਤੇ ਕੋਇਰ ਸਿੰਘ ਜੀ ਵੀ ਆਪ ਜੈਸੇ ਹੀ ਸਨ, ਸ਼ਹੀਦਾਂ ਦੀ ਯਾਦਗਾਰ ਲਈ 'ਵਾਂ' ਪਿੰਡ ਦੀਆਂ ਔਰਤਾਂ ਅੱਜ ਤੀਕ ਹਨੇਰੇ ਪੱਖ ਦੀ ਥਈ ਰੱਖਦੀਆਂ ਹਨ। ਜਿਸ ਜਗ੍ਹਾ ਸਿੰਘ ਸ਼ਹੀਦ ਹੋਏ ਸਨ, ਉਥੇ ਅੱਜ ਕਲ੍ਹ 'ਸ਼ਹੀਦ ਗੰਜ' ਬਣਿਆ ਹੋਇਆ ਹੈ। ਸਾਰੇ ਸਿੰਘ ਚਾਰ ਵਿਘਿਆਂ ਵਿਚ ਹੀ ਸ਼ਹੀਦ ਹੋਏ ਸਨ, ਇਸ ਲਈ ਉਸ ਜਗ੍ਹਾ ਨੂੰ ਪਵਿੱਤਰ ਜਾਣ ਕੇ ਉਸ ਦੇ ਉਦਾਲੇ-ਉਦਾਲੇ ਕੰਧ ਕੱਢੀ ਹੋਈ ਹੈ ਅਤੇ ਕੋਈ ਆਦਮੀ ਇਤਨੇ ਅਸਥਾਨ ਵਿਚ ਮੰਜੀ ਉੱਪਰ ਨਹੀਂ ਸੌਂਦਾ, ਸਭ ਜ਼ਮੀਨ ਉੱਤੇ ਹੀ ਸੌਂਦੇ ਹਨ।

ਰੂਪੋ ਕੀ ਪੱਤੀ ਵਿਚੋਂ ਹੀ ਭਾਈ ਦਲ ਸਿੰਘ ਜੀ ਹੋਏ ਹਨ, ਜਿਨ੍ਹਾਂ ਨੇ ਦਮਦਮੇ ਸਾਹਿਬ ਜਾ ਕੇ ਵਿਦਿਆ ਹਾਸਲ ਕੀਤੀ ਸੀ। ਆਪ ਤਕੜੇ ਲਿਖਾਰੀ ਅਤੇ ਬਾਣੀ ਦੇ ਪਰੇਮੀ ਸਨ। ਆਪ ਦੇ ਹੱਥਾਂ ਦਾ ਲਿਖਿਆ ਹੋਇਆ ਦਸਮ ਗ੍ਰੰਥ ਅੱਜ ਤੀਕ ਇਸ ਸ਼ਹੀਦ ਗੰਜ ਵਿਚ ਹੈ। ਇਹ ਸ਼ਹੀਦ ਗੰਜ ਬਣਾਇਆ ਵੀ ਆਪ ਨੇ ਹੀ ਸੀ। ਇਸ ਦੇ ਮਗਰੋਂ ਆਪ ਦਾ ਸੇਵਕ ਇਕ ਸਿੰਘ ਮਹੰਤ ਹੋਇਆ ਅਤੇ ਉਹਨਾਂ ਤੋਂ ਮਗਰੋਂ ਉਨ੍ਹਾਂ ਦੇ ਗੁਰ-ਭਾਈ ਅਤੇ ਸਕੇ ਭਾਈ ਮਹੰਤ ਹਨ। ਅਤੁੱਟ ਲੰਗਰ ਚੱਲਦਾ ਹੈ ਅਤੇ ਇਰਦ-ਗਿਰਦ ਦੇ ਗੁਰਦੁਆਰਿਆਂ ਵਿਚ ਇਸ ਸ਼ਹੀਦ ਗੰਜ ਜੈਸਾ ਲੰਗਰ ਕਿਤੇ ਵੀ ਨਹੀਂ ਚਲਦਾ।

SikhBookClub.com

੬

## ਸੰਖੇਪ ਜੀਵਨ

# ਸਰਦਾਰ ਜੈ ਸਿੰਘ ਕੁਮੇਦਾਨ ਚੁਭਾਲ[੧]

ਸਰਦਾਰ ਜੈ ਸਿੰਘ ਜੀ ਕੁਮੇਦਾਨ ਸਰਦਾਰ ਮੋਹਰ ਸਿੰਘ ਜੀ ਦੇ ਪੁੱਤਰ ਤੇ ਸਰਦਾਰ ਮੁਸੱਦਾ ਸਿੰਘ ਜੀ ਦੇ ਪੋਤੇ ਸਨ। ਆਪ ਦੀਆਂ ਰਗਾਂ ਵਿਚ ਉਨ੍ਹਾਂ ਸੂਰਬੀਰ ਸਿੰਘਾਂ ਦਾ ਲਹੂ ਗੇੜੇ ਲਾਉਂਦਾ ਸੀ, ਜਿਹਨਾਂ ਨੇ ਸ੍ਰੀ ਅੰਮ੍ਰਿਤਸਰ ਜੀ ਤੋਂ ਉੱਠ ਕੇ ਸਰਹੰਦ ਨੂੰ ਜਾ ਸੋਧਿਆ ਸੀ।

ਸਰਦਾਰ ਬਘੇਲ ਸਿੰਘ ਜੀ ਚੁਭਾਲੀਏ ਖਾਲਸਾ ਪੰਥ ਦੇ ਪ੍ਰਸਿੱਧ ਸਰਦਾਰ ਤੇ ਕਰੋੜਾ ਸਿੰਘੀ ਮਿਸਲ ਦੇ ਮਸ਼ਹੂਰ ਜਥੇਦਾਰ ਹੋਏ ਹਨ। ਆਪ ਦੀ ਮਿਸਲ ਵਿਚ ਚੁਭਾਲੀਏ, ਰਸੂਲਪੁਰੀਏ, ਜਾਮਾ ਰਾਈਏ ਤੇ ਕਲਸੀਏ ਆਦਿ ਤਕੜੇ-ਤਕੜੇ ਮਿਸਲਦਾਰਾਂ ਦੇ ਜਥੇ ਸਨ, ਜਿਹਨਾਂ ਨੇ ਸੰਮਤ ੧੮੨੦ ਬਿ: ਵਿਚ ਸਰਹੰਦ ਨੂੰ ਮਾਰ ਕੇ ਉਧਰ ਦੇ ਬਹੁਤ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ ਸੀ। ਜਿਸ ਇਲਾਕੇ ਦੀ ਜਾਗੀਰ ਅੱਜ ਤਕ ਉਹਨਾਂ ਦੀ ਔਲਾਦ ਖਾਂਦੀ ਰਹੀ ਹੈ।

ਉਨ੍ਹਾਂ ਵਿਚੋਂ ਇਕ ਦੀ ਔਲਾਦ ਵਿਚੋਂ ਸਰਦਾਰ ਮੁਸੱਦਾ ਸਿੰਘ ਜੀ ਹੋਏ ਹਨ, ਜੋ ਮਹਾਰਾਜਾ ਰਣਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਵੇਲੇ ਲਾਹੌਰ ਦਰਬਾਰ ਦੇ ਨੌਕਰ ਹੋ ਕੇ ਕੁਮੇਦਾਨ ਹੋ ਗਏ ਸਨ। ਲਾਹੌਰ ਦਰਬਾਰ ਦੇ ਸਮੇਂ ਚੁਭਾਲੀਆਂ ਦਾ ਖਾਸ ਜ਼ੋਰ ਸੀ। ਫੌਜ ਵਿਚ ਲਗਭਗ ਅੱਧਾ ਪਿੰਡ ਨੌਕਰ ਸੀ। ਕਈ ਸਰਦਾਰ ਸਨ, ਕਈ ਗੜ੍ਹ ਕਪਤਾਨ ਤੇ ਥਾਣੇਦਾਰ ਸਨ, ਇਕ ਘਰਾਣਾ ਵਕੀਲਾਂ ਦਾ ਸੀ, ਜੋ ਅੰਗਰੇਜ਼ਾਂ ਦੇ ਏਜੰਟਾਂ ਪਾਸ ਲਾਹੌਰ ਦਰਬਾਰ ਦੀ ਵਕਾਲਤ ਕਰਦਾ ਸੀ। ਇਸ ਤਰ੍ਹਾਂ ਛੋਟੀਆਂ ਛੋਟੀਆਂ ਅਸਾਮੀਆਂ ਤੋਂ ਲੈ ਕੇ ਵੱਡੇ ਵੱਡੇ ਅਹੁਦਿਆਂ ਤੀਕ ਚੁਭਾਲੀਏ ਨੌਕਰ ਸਨ। ਸਰਦਾਰ ਮੁਸੱਦਾ ਸਿੰਘ ਜੀ ਦਾ ਪੁੱਤਰ ਸਰਦਾਰ ਮੋਹਰ ਸਿੰਘ ਚੰਗੇ ਰਸੂਖ ਵਾਲਾ ਸਰਦਾਰ ਸੀ। ਜਦ ਸਰਦਾਰ (ਮਹਾਰਾਜਾ ਰਣਜੀਤ ਸਿੰਘ) ਨੇ ਕਸ਼ਮੀਰ ਨੂੰ ਸਰ ਕੀਤਾ ਤਾਂ ਅਦਲਗੜ੍ਹ ਆਦਿ ਦੇ ਤਅੱਲਕਿਆਂ ਦੀ ਥਾਣੇਦਾਰੀ ਇਸ ਨੂੰ ਦਿੱਤੀ ਗਈ। ਫਿਰ ਜਦ ਪਸ਼ੌਰ ਦਾ ਇਲਾਕਾ ਸਰ ਕੀਤਾ ਤੇ ਮੌਕੇ-ਮੌਕੇ ਸਿਰ ਨਵੇਂ ਕਿਲ੍ਹੇ ਬਣਾਏ ਗਏ ਤਾਂ 'ਦਰਬੰਦ' ਦਾ ਕਿਲ੍ਹਾ ਸਰਦਾਰ ਮੋਹਰ ਸਿੰਘ ਜੀ ਦੇ ਪ੍ਰਬੰਧ ਹੇਠ

---

*੧ਰਸਾਲਾ ਫੁਲਵਾੜੀ, ਇਤਿਹਾਸ ਨੰਬਰ, ਜਨਵਰੀ ੧੯੩੦ ਈ: ਪੰਨਾ ੩੪੦।*

SikhBookClub.com

ਤਿਆਰ ਹੋਇਆ। ਸਰਕਾਰ ਵਲੋਂ ਆਪ ਨੂੰ ਪੋਠੋਹਾਰ ਦੇ ਇਲਾਕੇ ਵਿਚ 'ਭਾਲ' ਅਤੇ 'ਮੋਹੜਾ' ਜਗੀਰ ਵਲੋਂ ਮਿਲੇ ਹੋਏ ਸਨ।

ਸਰਦਾਰ ਜੈ ਸਿੰਘ ਜੀ ਕੁਮੇਦਾਨ ਆਪ ਦੇ ਸਪੁੱਤਰ ਸਨ। ਆਪ ਆਪਣੇ ਸਮੇਂ ਖਾਲਸਾ ਫੌਜ ਵਿਚ ਕੁਮੇਦਾਨ ਦੇ ਅਹੁਦੇ ਤੀਕ ਅੱਪੜ ਪਏ ਸਨ, ਜੋ ਅੱਜ ਕਲ੍ਹ ਦੇ ਕਰਨੈਲ ਦੇ ਬਰਾਬਰ ਅਹੁਦਾ ਹੈ। ਜਦ ਖ਼ਾਲਸਾ ਫੌਜਾਂ ਨੇ ਸਤਲੁਜ ਟਪ ਕੇ ਅੰਗਰੇਜ਼ਾਂ ਨਾਲ ਜਾ ਮੱਥਾ ਲਾਇਆ ਤਾਂ ਉਸ ਸਮੇਂ ਆਪ ਵੀ ਉਹਨਾਂ ਲੜਾਈਆਂ ਵਿਚ ਹਿੱਸਾ ਲੈਂਦੇ ਰਹੇ ਅਤੇ ਜਦ ਪੰਜਾਬ ਵਿਚ ਅੰਗਰੇਜ਼ੀ ਰਾਜ ਆਇਆ ਤਾਂ ਉਸ ਸਮੇਂ ਦੇ ਅਣਖੀ ਸਿੰਘਾਂ ਵਾਂਗ ਆਪ ਨੇ ਨਵੇਂ ਹਾਕਮਾਂ ਦੀ ਨੌਕਰੀ ਕਰਨੋਂ ਨਾਂਹ ਕਰ ਦਿੱਤੀ ਤੇ ਸੌ ਕੁ ਸਾਲ ਦੀ ਉਮਰ ਭੋਗ ਕੇ ਚੁਭਾਲ ਚਲਾਣਾ ਕਰ ਗਏ।

ਆਪ ਦੇ ਤੇ ਆਪ ਦੇ ਵੱਡਿਆਂ ਦੇ ਹਾਲ ਲਿਖਣ ਦੀ ਇਹ ਥਾਂ ਨਹੀਂ। ਜੇਕਰ ਲਾਹੌਰ ਦਰਬਾਰ ਦੇ ਸਮੇਂ ਦੀਆਂ ਪੁਰਾਣੀਆਂ ਲਿਖਤਾਂ ਦੇ ਆਧਾਰ ਉੱਤੇ ਹਾਲ ਲਿਖੇ ਜਾਣ ਤਾਂ ਇਹ ਸਤਰਾਂ ਵੱਧ ਕੇ ਲੇਖ ਬਣ ਜਾਣਗੀਆਂ। ਇਥੇ ਕੇਵਲ ਇਹ ਦੱਸਣ ਦੀ ਲੋੜ ਹੈ ਕਿ ਸਰਦਾਰ ਜੈ ਸਿੰਘ ਜੀ ਕੁਮੇਦਾਨ ਦਾ ਸੰਬੰਧ ਕਿਸ ਖਾਨਦਾਨ ਨਾਲ ਸੀ ਅਤੇ ਲਾਹੌਰ ਦਰਬਾਰ ਦੇ ਸਮੇਂ ਸਿੰਘ ਸਰਦਾਰਾਂ ਦੀ ਕੀ ਪੋਸ਼ਿਸ਼ ਹੁੰਦੀ। ਸਿੱਧਾ ਦਾੜ੍ਹਾ ਹੁੰਦਾ ਸੀ, ਗਲ ਵਿਚ ਕੰਠਾ, ਹੱਥਾਂ ਵਿਚ ਕੰਙਣ ਤੇ ਕੰਨੀਂ ਤੁੰਗਲ ਹੁੰਦੇ ਸਨ। ਦਸਤਾਰ ਦਾ ਇਕ ਲੜ ਮੋਢਿਆਂ ਉਤੇ ਖਿੱਲਰ ਕੇ ਖਾਸ ਸ਼ੋਭਾ ਦਿਆ ਕਰਦਾ ਸੀ। ਉਸ ਸਮੇਂ ਦੇ ਸਿੱਖ ਸਰਦਾਰਾਂ ਤੇ ਫੌਜੀ ਅਫਸਰਾਂ ਦੀ ਕੀ ਪੁਸ਼ਾਕ ਹੁੰਦੀ ਸੀ, ਇਸ ਦਾ ਅੰਦਾਜ਼ਾ ਸ੍ਰ: ਜੈ ਸਿੰਘ ਜੀ ਕੁਮੇਦਾਨ ਦੀ ਪੋਸ਼ਿਸ਼ ਤੋਂ ਲਾਇਆ ਜਾ ਸਕਦਾ ਸੀ।

ਸੂਰਬੀਰ ਸਰਦਾਰ ਜੈ ਸਿੰਘ ਜੀ ਕੁਮੇਦਾਨ (ਕਰਨੈਲ) ਦੀ ਇਹ ਪੁਰਾਤਨ ਤੇ ਪੁਰਾਣੇ ਜ਼ਮਾਨੇ ਦੀ ਆਰਟ ਦੇ ਨਮੂਨੇ ਦੀ ਵਧੀਆਂ ਤਸਵੀਰ ਉਹਨਾਂ ਦੇ ਸਕੇ ਪੜੋਤਰੇ ਸ੍ਰੀਮਾਨ ਸਰਦਾਰ ਗੁਰਬਖਸ਼ ਸਿੰਘ ਜੀ ਸ਼ਮਸ਼ੇਰ ਚੁਭਾਲੀਆ ਮੈਨੇਜਰ ਫੁਲਵਾੜੀ ਪਾਸੋਂ ਇਹਨਾਂ ਦੇ ਪੁਰਾਣੇ ਰੀਕਾਰਡ (Record) ਵਿਚੋਂ ਪ੍ਰਾਪਤ ਹੋਈ ਹੈ।

SikhBookClub.com

# ੭
# ਸਰਦਾਰਨੀ ਸਦਾ ਕੌਰ[1]

ਫਿਰੋਜ਼ਪੁਰ ਦੇ ਜ਼ਿਲ੍ਹੇ ਵਿਚ ਰਾਉਕੇ ਇਕ ਸਰਦਾਰਾਂ ਦਾ ਪਿੰਡ ਹੈ, ਜਿਥੇ ਮਿਸਲਾਂ ਦੇ ਸਮੇਂ ਕੋਈ ਦਸੌਂਧਾ ਸਿੰਘ ਨਾਮੇ ਸਰਦਾਰ ਰਿਹਾ ਕਰਦਾ ਸੀ। ਇਸ ਦੀ ਇਕ ਲੜਕੀ ਸਦਾ ਕੌਰ ਨਾਮੇ ਸੀ, ਜਿਸ ਦਾ ਵਿਆਹ ਇਸ ਨੇ ਸ੍ਰ: ਜੈ ਸਿੰਘ ਘਨੱਯੇ ਦੇ ਲੜਕੇ ਗੁਰਬਖਸ਼ ਸਿੰਘ ਜੀ ਨਾਲ ਕਰ ਦਿੱਤਾ। ਗੁਰਬਖਸ਼ ਸਿੰਘ ਜੀ ਦੀ ਉਮਰ ਇਸ ਸਮੇਂ ਕੇਵਲ ਨੌਂ ਸਾਲ ਦੀ ਸੀ, ਜਦ ਉਹ ਪੰਝੀ ਸਾਲ ਦਾ ਹੋਇਆ ਤਾਂ ਇਕ ਲੜਾਈ ਵਿਚ ਮਾਰਿਆ ਗਿਆ ਅਤੇ ਸਦਾ ਕੌਰ ਵਿਧਵਾ ਹੋ ਗਈ, ਇਸ ਸਮੇਂ ਸਦਾ ਕੌਰ ਦੇ ਕੁੱਛੜ ਇਕ ਲੜਕੀ ਸੀ।

ਘੱਨਯਾ ਦੀ ਮਿਸਲ ਕਿਸੇ ਸਮੇਂ ਸਭ ਮਿਸਲਾਂ ਤੋਂ ਜ਼ੋਰਾਵਰ ਮਿਸਲ ਸੀ। ਸਰਦਾਰ ਜੈ ਸਿੰਘ ਨੇ ਬਟਾਲਾ ਆਪਣੀ ਰਾਜਧਾਨੀ ਬਣਾ ਕੇ ਦੂਰ ਦੂਰ ਤਕ ਦੇ ਇਲਾਕੇ ਸਰ ਕੀਤੇ ਸਨ ਅਤੇ ਇਕ ਸਮੇਂ ਕਾਂਗੜੇ ਤੋਂ ਲੈ ਕੇ ਮੁਲਤਾਨ ਤੱਕ ਇਸ ਦਾ ਰਾਜ ਹੋ ਗਿਆ ਸੀ। ਪਹਿਲੇ ਦਿਨਾਂ ਵਿਚ ਘਨੱਯੇ ਤੇ ਰਾਮਗੜ੍ਹੀਏ ਰਲ ਕੇ ਲੜਾਈਆਂ ਕਰਦੇ ਸਨ ਅਤੇ ਘਨੱਯਾਂ ਦੇ ਗਵਾਂਢ ਹੀ ਰਾਮਗੜ੍ਹੀਆਂ ਦਾ ਸੱਤ ਲੱਖ ਦਾ ਇਲਾਕਾ ਸੀ। ਜਦ ਪਹਿਲੀ ਵਾਰ ਸਿੰਘਾਂ ਨੇ ਕਸੂਰ ਨੂੰ ਸਰ ਕੀਤਾ ਤਾਂ ਇਹ ਦੋਵੇਂ ਮਿਸਲਾਂ ਇਕੱਠੀਆਂ ਹੀ ਸਨ ਅਤੇ ਲੁੱਟ ਦਾ ਮਾਲ ਇਕੱਠਾ ਵੰਡਿਆ ਕਰਦੇ ਸਨ। ਰਾਮਗੜ੍ਹੀਆਂ ਦੇ ਦੀਵਾਨ ਦਿਲਾ ਰਾਮ ਦੀ ਹਵੇਲੀ ਵਿਚੋਂ ਕਈ ਲੱਖਾਂ ਦਾ ਮਾਲ ਲੈ ਆਂਦਾ, ਪਰ ਘਨੱਯਾਂ ਨੂੰ ਹਿੱਸਾ ਨਾ ਦਿੱਤਾ, ਜਿਸ ਕਰ ਕੇ ਇਨ੍ਹਾਂ ਦੋਹਾਂ ਮਿਸਲਾਂ ਦੀ ਅਜੋੜ ਹੋ ਗਈ।

ਜੱਸਾ ਸਿੰਘ ਰਾਮਗੜ੍ਹੀਆ ਬੜਾ ਬਹਾਦਰ ਸੂਰਮਾ ਸੀ, ਕਾਂਗੜੇ ਤੋਂ ਪਹਾੜੀ ਰਾਜੇ ਸਾਰੇ ਇਸ ਦੇ ਤਹਿਤ ਸਨ ਅਤੇ ਦੋ ਲੱਖ ਰੁਪਯਾ ਵਰ੍ਹੇ ਦਾ ਜੱਸਾ ਸਿੰਘ ਨੂੰ ਦਿਆ ਕਰਦੇ ਸਨ। ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸ਼ੁਕਰਚੱਕੀਆ ਅਤੇ ਜੈ ਸਿੰਘ ਘਨੱਯਾ ਵਾਰੋ ਵਾਰੀ ਇਕ ਇਕ ਵਾਰੀ ਏਸ ਪਾਸੋਂ ਭਾਂਜਾਂ ਖਾ ਚੁੱਕੇ ਸਨ, ਇਸ ਕਰਕੇ ਇਨਾਂ ਸਾਰਿਆਂ ਰਲ ਕੇ ਜੱਸਾ ਸਿੰਘ ਪਾਸੋਂ ਵੈਰ ਲੈਣਾ ਚਾਹਿਆ। ਪਹਾੜੀ ਰਾਜੇ, ਸ਼ੁਕਰਚੱਕੀਏ, ਆਹਲੂਵਾਲੀਏ ਅਤੇ ਘਨੱਯੇ ਚਾਰ ਸਾਲ ਜੱਸਾ ਸਿੰਘ ਨਾਲ ਲੜਦੇ ਰਹੇ, ਅੰਤ ਬਹੁਤਿਆਂ ਦੀ ਜਿੱਤ ਹੋਈ, ਜੱਸਾ ਸਿੰਘ ਦਾ ਸਾਰਾ ਇਲਾਕਾ ਜੈ ਸਿੰਘ ਨੇ ਨੱਪ ਲਿਆ ਅਤੇ ਉਸ ਨੂੰ ਪਟਿਆਲੇ ਵੱਲ ਕੱਢ ਦਿੱਤਾ।

*੧. ਸਿੰਘ ਸਭਾ ਪਤ੍ਰਿਕਾ, ਸੰਪਾ. ਗਿ: ਗੁਰਦਿੱਤ ਸਿੰਘ, ਸ੍ਰੀ ਅੰਮ੍ਰਿਤਸਰ ਅਪ੍ਰੈਲ ੧੯੭੭ ਪੰਨਾ ੧੧੫.*

SikhBookClub.com

ਇਸ ਸਮੇਂ ਜੈ ਸਿੰਘ ਦੀ ਤਾਕਤ ਸਭ ਦੇ ਉਤੇ ਦੀ ਸੀ। ਸਭ ਪਹਾੜੀ ਰਾਜੇ ਇਸ ਨੂੰ ਟਕੇ ਦੇਂਦੇ ਸਨ ਅਤੇ ਕਾਂਗੜੇ ਤੋਂ ਲੈ ਕੇ ਮੁਲਤਾਨ ਤੀਕ ਇਸ ਦਾ ਰਾਜ ਸੀ, ਜਦ ਚੜ੍ਹਤ ਸਿੰਘ ਗੁਜਰ ਗਿਆ ਤਾਂ ਇਸ ਦੇ ਇਕਲੌਤੇ ਪੁੱਤਰ ਮਹਾਂ ਸਿੰਘ ਨੂੰ ਜੈ ਸਿੰਘ ਨੇ ਹੀ ਪਾਲਿਆ ਸੀ, ਜੈ ਸਿੰਘ ਨੇ ਹੀ ਸੰਗਰੂਰ ਇਸ ਦਾ ਵਿਆਹ ਕੀਤਾ, ਪਰ ਜਦ ਇਹ ਦੜਕਿਆ ਤਾਂ ਜੈ ਸਿੰਘ ਨਾਲ ਹੀ ਵੈਰ ਵਿਹਾਝ ਲਿਆ। ਜੰਮੂ ਦਾ ਰਾਜਾ ਜੈ ਸਿੰਘ ਦੇ ਟਕੇ ਭਰਦਾ ਸੀ, ਪਰ ਸਭ ਕੁਝ ਜਾਣਦਿਆਂ ਹੋਇਆ ਮਹਾਂ ਸਿੰਘ ਨੇ ਸੰਮਤ ੧੮੪੦ ਬਿਕਰਮੀ ਵਿਚ ਜੰਮੂ ਨੂੰ ਜਾ ਲੁਟਿਆ। ਜੈ ਸਿੰਘ ਨੂੰ ਬੜਾ ਗੁੱਸਾ ਆਇਆ ਕਿ ਕਲ੍ਹ ਦਾ ਹੱਥੀਂ ਪਾਲਿਆ ਛੋਕਰਾ ਕੁਛੜ ਬਹਿ ਕੇ ਦਾੜ੍ਹੀ ਖੋਹਣ ਲੱਗਾ ਹੈ ਅਖਵਾ ਘੱਲਿਆ ਕਿ ਜੰਮੂ ਦੀ ਲੁੱਟ ਦਾ ਯਾ ਤਾਂ ਇਕ ਕਰੋੜ ਰੁਪਿਆ ਦੇ ਦੇਹ, ਨਹੀਂ ਤਾਂ ਸਾਰੇ ਇਲਾਕੇ ਤੋਂ ਹੱਥ ਧੋਣਾ ਪਊ।

ਮਹਾਂ ਸਿੰਘ ਜੈ ਸਿੰਘ ਦੀ ਤਾਕਤ ਨੂੰ ਜਾਣਦਾ ਸੀ, ਪਰ ਇਕ ਕਰੋੜ ਰੁਪਿਆ ਉਹ ਕਿਥੋਂ ਦੇਂਦਾ। ਸੰਮਤ ੧੮੪੧ ਬਿਕ੍ਰਮੀ ਦੀ ਦੀਵਾਲੀ ਨੂੰ ਸਾਰੇ ਸਰਦਾਰ ਅੰਮ੍ਰਿਤਸਰ ਇਕੱਠੇ ਹੋਏ ਅਤੇ ਮਹਾਂ ਸਿੰਘ ਮਠਿਆਈ ਦਾ ਥਾਲ ਲੈ ਕੇ ਜੈ ਸਿੰਘ ਪਾਸੋਂ ਮਾਫੀ ਮੰਗਣ ਆਇਆ, ਪਰ ਜੈ ਸਿੰਘ ਮੂੰਹ ਉਤੇ ਚਾਦਰ ਲੈ ਕੇ ਪੈ ਰਿਹਾ ਅਤੇ ਮਹਾਂ ਸਿੰਘ ਚਾਰ ਘੜੀਆਂ ਹੱਥ ਬੰਨ੍ਹੀ ਖੜੋਤਾ ਰਿਹਾ। ਜਦ ਅੱਕ ਕੇ ਮਹਾਂ ਸਿੰਘ ਆਪਣੇ ਡੇਰੇ ਚਲਿਆ ਗਿਆ, ਤਾਂ ਜੈ ਸਿੰਘ ਨੇ ਅਖਵਾ ਘੱਲਿਆ ਕਿ ਜਦ ਤੀਕ ਇਕ ਕਰੋੜ ਰੁਪਿਆ ਜੰਮੂ ਦੀ ਲੁਟ ਦਾ ਨਾ ਤਾਰੋਗੇ, ਅੰਮ੍ਰਿਤਸਰੋਂ ਬਾਹਰ ਪੈਰ ਨਹੀਂ ਪੁੱਟਣ ਦਿਆਂਗਾ।

ਮਹਾਂ ਸਿੰਘ ਡਰ ਗਿਆ, ਉਸ ਨੇ ਉਸੇ ਵੇਲੇ ਆਪਣੇ ਸਾਕ ਨਕੱਈਆਂ ਨੂੰ ਸਹਾਇਤਾ ਲਈ ਲਿਖਿਆ। ਜੱਸਾ ਸਿੰਘ ਸਤਲੁਜ ਕੰਢੇ ਪੁੱਜਾ ਹੋਇਆ ਸੀ, ਉਸ ਨੂੰ ਸੁਨੇਹਾ ਘਲਿਆ ਕਿ ਜੈ ਸਿੰਘ ਪਾਸੋਂ ਵੈਰ ਲੈਣ ਦਾ ਹੁਣ ਸਮਾਂ ਹੈ। ਪਹਾੜੀ ਰਾਜਿਆਂ ਨੂੰ ਅਖਵਾ ਘਲਿਆ ਕਿ ਰਲ ਕੇ ਆਕੀ ਹੋ ਜਾਉ ਅਤੇ ਜਿਤਨੇ ਕੁ ਘਨਯੇ ਮਿਸਲਦਾਰ ਜੈ ਸਿੰਘ ਹੱਥੋਂ ਅੱਕੇ ਹੋਏ ਸਨ, ਆਪਣੀ ਵੱਲ ਕਰ ਲਏ।

ਜਦ ਇਸ ਤਰ੍ਹਾਂ ਆਪਣੇ ਡੌਲਿਆਂ ਵਿਚ ਜ਼ੋਰ ਵੇਖਿਆ, ਤਾਂ ਧੌਂਸਾਂ ਵਜਾ ਕੇ ਅੰਮ੍ਰਿਤਸਰੋਂ ਮਜੀਠੇ ਵਲ ਕੂਚ ਕਰ ਦਿੱਤਾ। ਜੈ ਸਿੰਘ ਨੇ ਆਪਣੇ ਮਿਸਲਦਾਰਾਂ ਨੂੰ ਕਿਹਾ ਕਿ, ਇਹ ਛੋਕਰਾ ਜਾਣ ਨਾ ਪਾਵੇ, ਬੰਨ੍ਹ ਕੇ ਮੇਰੇ ਪਾਸ ਲੈ ਆਓ। ਅੰਮ੍ਰਿਤਸਰੋਂ ਮਜੀਠੇ ਦੇ ਵਿਚਕਾਰ ਨਾਗਾਂ ਸੋਹੀਆਂ ਦੇ ਪਾਸ ਲੜਾਈ ਹੋਈ, ਪਰ ਮਹਾਂ ਸਿੰਘ ਨੂੰ ਕੋਈ ਨਾ ਫੜ ਸਕਿਆ।

ਇਤਨੇ ਵਿਚ ਜੈ ਸਿੰਘ ਨੂੰ ਖਬਰ ਪੁੱਜੀ, ਕਿ ਜੱਸਾ ਸਿੰਘ ਰਾਮਗੜ੍ਹੀਏ ਬਟਾਲੇ ਦੇ ਇਲਾਕੇ ਨੂੰ ਲੁਟ ਰਿਹਾ ਹੈ, ਸੰਸਾਰ ਚੰਦ ਪਹਾੜਾਂ ਵਲੋਂ ਆ ਰਿਹਾ ਹੈ, ਅਮਰ ਸਿੰਘ ਬੱਘੇ ਤੇ ਫਤਹਿ ਸਿੰਘ ਘਨੱਯੇ ਵਰਗੇ ਜ਼ੋਰਾਵਰ ਮਿਸਲਦਾਰ ਮਹਾਂ ਸਿੰਘ ਨਾਲ

SikhBookClub.com

ਰਲ ਗਏ ਹਨ। ਇਹ ਸੁਣ ਕੇ ਬੁੱਢਾ ਸਰਦਾਰ ਸ਼ੇਰ ਵਾਂਗ ਗੁੱਸਾ ਖਾ ਕੇ ਉਠਿਆ, ਆਪ ਤਾਂ ਮਹਾਂ ਸਿੰਘ ਦੇ ਸਾਹਮਣੇ ਹੋਇਆ ਅਤੇ ਆਪਣੇ ਇਕਲੌਤੇ ਪੁੱਤਰ ਗੁਰਬਖਸ਼ ਸਿੰਘ ਨੂੰ ਜੱਸਾ ਸਿੰਘ ਦੇ ਟਾਕਰੇ ਲਈ ਘੱਲਿਆ।

ਬਟਾਲਿਓਂ ਚਾਰ ਕੋਹ ਦੀ ਵਿੱਥ ਉਤੇ ਜਾਹਦਪੁਰ ਘਨੱਯਾਂ ਤੇ ਰਾਮਗੜ੍ਹੀਆਂ ਦੀ ਲੜਾਈ ਹੋਈ। ਅਜੇ ਲੜਾਈ ਲੱਗੀ ਹੀ ਸੀ, ਕਿ ਗੋਲੀ ਲਗਣ ਕਰਕੇ ਗੁਰਬਖਸ਼ ਸਿੰਘ ਮਾਰਿਆ ਗਿਆ। ਫੌਜ ਨੂੰ ਭਾਂਜ ਪੈ ਗਈ। ਰਾਮਗੜ੍ਹੀਆਂ ਨੇ ਬਟਾਲਾ ਜਾ ਘੇਰਿਆ। ਸਦਾ ਕੌਰ ਨੰਗੇ ਪੈਰੀਂ ਉਥੋਂ ਭੱਜੀ ਅਤੇ ਸੋਹੀਆਂ ਦੇ ਕਿਲ੍ਹੇ ਆ ਕੇ ਦਮ ਲਿਆ। ਜਦ ਇਹ ਸੁਣਾਉਣੀ ਜੈ ਸਿੰਘ ਨੇ ਸੁਣੀ, ਤਾਂ ਤੀਰਾਂ ਦਾ ਭੱਥਾ ਖਾਲੀ ਕਰ ਕੇ ਰਣ ਵਿਚ ਜਾ ਖੜੋਤਾ ਅਤੇ ਰੋ ਰੋ ਕੇ ਆਖਣ ਲੱਗਾ, "ਮੈਨੂੰ ਤੀਰ ਮਾਰ ਕੇ ਮਾਰ ਦਿਓ, ਮੈਂ ਹੁਣ ਕਿਸ ਲਈ ਜੀਵਾਂ"। ਇਹ ਹਾਲ ਵੇਖ ਕੇ ਕਿਸੇ ਵੈਰੀ ਦਾ ਹੌਂਸਲਾ ਨਾ ਪਿਆ ਕਿ ਬੁੱਢੇ ਸਰਦਾਰ ਉਤੇ ਵਾਰ ਕਰ ਸਕੇ।

ਜੈ ਸਿੰਘ ਦਾ ਸਾਰਾ ਇਲਾਕਾ ਖੁੱਸ ਗਿਆ। ਕੁਝ ਮਹਾਂ ਸਿੰਘ ਨੇ ਨੱਪ ਲਿਆ, ਬਾਕੀ ਜੱਸਾ ਸਿੰਘ ਨੇ, ਪਹਾੜੀ ਇਲਾਕਾ ਸੰਸਾਰ ਚੰਦ ਨੇ, ਕੇਵਲ ਕਾਂਗੜੇ ਦਾ ਕਿਲ੍ਹਾ ਅਜੇ ਤੀਕ ਸਰ ਨਹੀਂ ਹੋਇਆ ਸੀ। ਜੈ ਸਿੰਘ ਤਾਂ ਪੁੱਤ ਦੀ ਮੌਤ ਮਗਰੋਂ ਅੱਧ ਪਚੱਧ ਪਾਗਲ ਹੋ ਗਿਆ ਸੀ, ਸਦਾ ਕੌਰ ਨੇ ਸਾਰੇ ਕੰਮ ਨਜਿੱਠੇ। ਮਹਾਂ ਸਿੰਘ ਦੀ ਸਰਦਾਰਨੀ ਮਾਈ ਮਲਵੈਣ ਜਵਾਲਾ ਮੁਖੀ ਦਰਸ਼ਨਾਂ ਨੂੰ ਚਲੀ ਗਈ ਸੀ, ਸਦਾ ਕੌਰ ਨੇ ਉਥੇ ਜਾ ਕੇ ਆਪਣੀ ਲੜਕੀ ਮਤਾਬ ਕੌਰ ਦਾ ਨਾਤਾ ਉਸ ਦੇ ਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤਾ, ਇਸ ਤਰ੍ਹਾਂ ਮਹਾਂ ਸਿੰਘ ਆਪਣੀ ਵੱਲ ਕਰ ਲਿਆ। ਕਾਂਗੜੇ ਦਾ ਕਿਲ੍ਹਾ ਸੰਸਾਰ ਚੰਦ ਨੂੰ ਦੇ ਕੇ ਆਪਣੇ ਵੱਲ ਕਰ ਲਿਆ ਅਤੇ ਆਪਣੀ ਤੇ ਇਨਾਂ ਦੋਹਾਂ ਦੀ ਸੈਨਾ ਲੈ ਕੇ ਰਾਮਗੜ੍ਹੀਆਂ ਨਾਲ ਮੱਥਾ ਜਾ ਲਾਇਆ। ਥੋੜ੍ਹੇ ਚਿਰ ਵਿਚ ਹੀ ਬਟਾਲਾ ਆਦਿ ਕਈ ਇਲਾਕੇ ਉਨਾਂ ਪਾਸੋਂ ਖੋਹ ਲਏ ਅਤੇ ਰਾਜ ਸਾਜ ਦਾ ਚੰਗਾ ਢੰਗ ਬਣਾ ਲਿਆ।

ਸੁਲ੍ਹਾ ਹੋਣ ਤੋਂ ਤੀਜੇ ਸਾਲ ਮਹਾਂ ਸਿੰਘ ਗੁਜਰ ਗਿਆ। ਇਸ ਗੱਲ ਦਾ ਜੈ ਸਿੰਘ ਨੂੰ ਬੜਾ ਅਫਸੋਸ ਲੱਗਾ। ਉਸ ਨੇ ਥੋੜ੍ਹੇ ਚਿਰ ਮਗਰੋਂ ਆਪਣੀ ਪੋਤੀ ਦਾ ਵਿਆਹ ਰਣਜੀਤ ਸਿੰਘ ਨਾਲ ਕਰ ਦਿੱਤਾ ਅਤੇ ਉਸੇ ਸਾਲ ਆਪ ਵੀ ਗੁਜਰ ਗਿਆ।

ਹੁਣ ਰਾਜ ਸਾਜ ਦਾ ਸਾਰਾ ਭਾਰ ਸਦਾ ਕੌਰ ਦੇ ਸਿਰ ਪਿਆ। ਜੈ ਸਿੰਘ ਦੀ ਦੂਜੀ ਸਰਦਾਰਨੀ ਰਾਜ ਕੌਰ ਨਾਮੇ ਸੀ, ਜਿਸ ਤੋਂ ਦੋ ਪੁੱਤਰ ਗੁਰਬਖਸ਼ ਸਿੰਘ ਦੇ ਮਰਨ ਮਗਰੋਂ ਹੋਏ ਸਨ। ਸੋ ਅੱਧੀ ਰਿਆਸਤ ਰਾਜ ਕੌਰ ਨੇ ਸਾਂਭ ਲਈ ਅੱਧੀ ਸਦਾ ਕੌਰ ਨੇ। ਆਪਣੀ ਰਿਆਸਤ ਤੋਂ ਬਿਨਾਂ ਸਦਾ ਕੌਰ ਨੂੰ ਰਣਜੀਤ ਸਿੰਘ ਦੀ ਰਿਆਸਤ ਦਾ ਵੀ ਖਿਆਲ ਰਖਣਾ ਪੈਂਦਾ ਸੀ, ਜਿਸ ਦੀ ਉਮਰ ਉਸ ਸਮੇਂ ਕੇਵਲ

SikhBookClub.com

ਨੌਂ ਸਾਲ ਦੀ ਸੀ।

ਸਦਾ ਕੌਰ ਨੇ ਬਟਾਲੇ ਤੋਂ ਬਾਹਰ ਇਕ ਪੱਕਾ ਕਿਲ੍ਹਾ ਬਣਾ ਕੇ ਆਪਣੀ ਰਾਜਧਾਨੀ ਨੂੰ ਪੱਕਾ ਕਰ ਲਿਆ, ਫਿਰ ਸੰਮਤ ੧੮੫੩ ਬਿ: ਵਿਚ ਰਾਮਗੜ੍ਹੀਆਂ ਨਾਲ ਲੜਾਈ ਦੀ ਤਿਆਰੀ ਕੀਤੀ। ਆਪਣੇ ਮਤਰੇਏ ਪੁੱਤ੍ਰ ਨਿਧਾਨ ਸਿੰਘ ਤੇ ਭਾਗ ਸਿੰਘ, ਜੈਮਲ ਸਿੰਘ ਫਤਹਿਗੜ੍ਹੀਆ, ਤਾਰਾ ਸਿੰਘ ਗੈਬਾ, ਖੁਸ਼ਾਲ ਸਿੰਘ ਪੁਰੀਆ, ਬਘੇਲ ਸਿੰਘ ਝੁਬਾਲੀਆ ਅਤੇ ਭਾਗ ਸਿੰਘ ਆਹਲੂਵਾਲੀਏ ਆਦਿ ਸਰਦਾਰਾਂ ਨੂੰ ਨਾਲ ਲੈ ਕੇ ਪਹਿਲਾਂ ਤਾਂ ਮਾਝੇ ਵਿਚੋਂ ਰਾਮਗੜ੍ਹੀਆਂ ਨੂੰ ਬਾਹਰ ਕੀਤਾ, ਫਿਰ ਦਵਾਬੇ ਦੇ ਸਾਰੇ ਇਲਾਕੇ ਖੋਹ ਲਏ ਅਤੇ ਅੰਤ ਨੂੰ ਬਿਆਸਾ ਦੇ ਕੰਢੇ ਮਿਆਣੀ ਦੇ ਕਿਲ੍ਹੇ ਜੱਸਾ ਸਿੰਘ ਨੂੰ ਘੇਰ ਲਿਆ। ਰਣਜੀਤ ਸਿੰਘ ਵੱਲ ਵੀ ਲਿਖ ਦਿੱਤਾ ਕਿ ਫੌਜਾਂ ਲੈ ਕੇ ਝੱਟ ਪੱਟ ਆਓ।

ਸਰਦਾਰ ਰਣਜੀਤ ਸਿੰਘ ਝੱਟ ਪੱਟ ਅੰਮ੍ਰਿਤਸਰ ਪੁੱਜਾ। ਸਦਾ ਕੌਰ ਵੀ ਉਸ ਨੂੰ ਲੈਣ ਲਈ ਅੰਮ੍ਰਿਤਸਰ ਆ ਗਈ। ਉਸ ਸਮੇਂ ਅੰਮ੍ਰਿਤਸਰ ਬਾਬਾ ਸਾਹਿਬ ਸਿੰਘ ਜੀ ਬੇਦੀ ਆਏ ਹੋਏ ਸਨ। ਜੱਸਾ ਸਿੰਘ ਰਾਮਗੜ੍ਹੀਏ ਨੇ ਬਾਬਾ ਜੀ ਪਾਸ ਆਪਣਾ ਆਦਮੀ ਘੱਲਿਆ ਕਿ ਸਦਾ ਕੌਰ ਨੇ ਮੇਰਾ ਸਾਰਾ ਇਲਾਕਾ ਖੋਹ ਕੇ ਮੈਨੂੰ ਡਾਢਾ ਤੰਗ ਕੀਤਾ ਹੋਇਆ ਹੈ, ਲੜਨ ਦੀ ਮੇਰੇ ਵਿਚ ਹਿੰਮਤ ਨਹੀਂ ਰਹੀ, ਕਿਸੇ ਤਰ੍ਹਾਂ ਸੁਲ੍ਹਾ ਕਰਵਾ ਦਿਓ।

ਜਦ ਰਣਜੀਤ ਸਿੰਘ ਬਾਬਾ ਜੀ ਪਾਸ ਮੱਥਾ ਟੇਕਣ ਆਇਆ, ਤਾਂ ਆਪ ਨੇ ਗੁੱਸੇ ਹੋ ਕੇ ਕਿਹਾ ਕਿ ਗੁਰੂ ਕੇ ਸਿੰਘ ਹੋ ਕੇ ਤੁਹਾਡੀ ਅਕਲ ਨੂੰ ਕੀ ਹੋ ਗਿਆ ਹੈ, ਜੋ ਆਪੋ ਵਿਚ ਪਏ ਲੜਦੇ ਹੋ, ਧਿਕਾਰ ਹੈ ਤੁਸਾਡੇ ਉਤੇ, ਕਸੂਰ ਵਿਚ ਰੋਜ ਗਊਆਂ ਤੇ ਹਿੰਦੂ ਮਾਰੀ ਦੇ ਹਨ ਉਨਾਂ ਨਾਲ ਤਾਂ ਕੋਈ ਲੜਦਾ ਨਹੀਂ ਪਰ ਆਪੋ ਵਿਚ ਲੜ ਲੜ ਕੇ ਮਰ ਰਹੇ ਹੋ। ਤੁਸੀਂ ਸਦਾ ਕੌਰ ਨੂੰ ਸਮਝਾਓ, ਅਸੀਂ ਰਾਮਗੜ੍ਹੀਆਂ ਨੂੰ ਇਥੇ ਸੱਦ ਕੇ ਸੁਲ੍ਹਾ ਕਰਵਾ ਦਿੰਦੇ ਹਾਂ। ਇਥੋਂ ਸਾਰੇ ਕਸੂਰ ਵੱਲ ਕੂਚ ਕਰੋ ਅਤੇ ਪਠਾਣਾਂ ਨੂੰ ਸਰ ਕਰਕੇ ਮੁਲਤਾਨ ਜਾਂ ਪਿਸ਼ਾਵਰ ਵੱਲ ਵਧੋ, ਅਸੀਂ ਤੁਹਾਡੇ ਨਾਲ ਰਹਾਂਗੇ, ਦੱਸੋ ਕੀ ਸਲਾਹ ਹੈ ?

ਪਾਸੋਂ ਦਲ ਸਿੰਘ ਤੇ ਜੋਧ ਸਿੰਘ ਨੇ ਆਖਿਆ ਮਹਾਰਾਜ ਜੀ, ਜੋ ਕੁਝ ਆਪਨੇ ਕਹਿਆ, ਠੀਕ ਹੈ, ਅਸੀਂ ਸਰਦਾਰਨੀ ਜੀ ਨੂੰ ਸਮਝਾ ਵੇਖਾਂਗੇ। ਜਦ ਲੋਢੇ ਵੇਲੇ ਉਨਾਂ ਸਦਾ ਕੌਰ ਨੂੰ ਜਾ ਕੇ ਇਹ ਗੱਲਾਂ ਦੱਸੀਆਂ, ਤਾਂ ਉਸ ਨੇ ਕਿਹਾ ਜੱਸਾ ਸਿੰਘ ਦੇ ਆਦਮੀ ਬਾਬਾ ਜੀ ਪਾਸ ਆਏ ਹੋਣਗੇ, ਤਦੇ ਆਪ ਉਨਾਂ ਵੱਲ ਦੀ ਗੱਲ ਕਰਦੇ ਹਨ। ਜਦ ਤੀਕ ਜੱਸਾ ਸਿੰਘ ਦਾ ਪੁੱਤਰ ਜੋਧ ਸਿੰਘ ਮੇਰੇ ਹੱਥੋਂ ਮਾਰਿਆ ਨਹੀਂ ਜਾਂਦਾ ਅਤੇ ਜੱਸਾ ਸਿੰਘ ਦੀ ਨੂੰਹ ਮੇਰੇ ਵਾਂਗ ਰੰਡੀ ਨਹੀਂ ਹੋ ਬਹਿੰਦੀ, ਤਦ ਤੀਕ ਮੈਂ ਸੁਲ੍ਹਾ ਨਹੀਂ ਕਰਾਂਗੀ। ਇਸ ਵੇਲੇ ਮੈਂ ਉਹ ਐਸੇ ਘੇਰੇ ਹੋਏ ਹਨ ਕਿ ਕੀ ਮਜਾਲ ਜੋ ਕਿਲ੍ਹੇ

SikhBookClub.com

ਵਿਚੋਂ ਸਿਰ ਉੱਚਾ ਕਰ ਜਾਣ।

ਗੱਲ ਕੀ, ਸਦਾ ਕੌਰ ਤੜਕੇ ਹੀ ਰਣਜੀਤ ਸਿੰਘ ਨੂੰ ਲੈ ਕੇ ਮਿਆਣੀ ਵੱਲ ਚਲੀ ਗਈ ਅਤੇ ਬਾਬਾ ਜੀ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸਵੇਰੇ ਜੱਸਾ ਸਿੰਘ ਦੇ ਆਦਮੀ ਨੇ ਸਾਰੀ ਗੱਲ ਬਾਬਾ ਜੀ ਨੂੰ ਜਾ ਦੱਸੀ। ਉਨ੍ਹਾਂ ਨੇ ਕਿਹਾ, "ਜੱਸਾ ਸਿੰਘ ਨੂੰ ਕਹਿਣਾ ਕਿ ਹੌਸਲੇ ਨਾਲ ਕਿਲ੍ਹੇ ਵਿਚ ਬੈਠਾ ਰਹੇ ਗੁਰੂ ਜੀ ਆਪੇ ਹੀ ਕੰਮ ਸਾਰ ਦੇਣਗੇ।"

ਕਰਤਾਰ ਦੀ ਕੁਦਰਤ ਐਸੀ ਹੋਈ ਕਿ ਤੀਜੇ ਦਿਨ ਰਾਤ ਵੇਲੇ ਐਸਾ ਹੜ੍ਹ ਆਇਆ ਕਿ ਸਦਾ ਕੌਰ ਦੀ ਬਹੁਤ ਸਾਰੀ ਫੌਜ ਰੁੜ੍ਹ ਗਈ। ਦਿਨ ਹੁੰਦਿਆਂ ਹੀ ਰਣਜੀਤ ਸਿੰਘ ਰਾਮਨਗਰ ਨੂੰ ਚਲਿਆ ਗਿਆ। ਨਿਧਾਨ ਸਿੰਘ ਤੇ ਭਾਗ ਸਿੰਘ ਸੋਹੀਆਂ ਨੂੰ ਮੁੜ ਪਏ, ਜੈਮਲ ਸਿੰਘ ਫਤਹਿਗੜ੍ਹੀਆ ਗਿਆ ਅਤੇ ਬਾਕੀ ਹਮੈਤੀ ਵੀ ਖਿਸਕ ਗਏ। ਲਚਾਰ ਹੋ ਕੇ ਸਦਾ ਕੌਰ ਵੀ ਬਟਾਲੇ ਨੂੰ ਮੁੜ ਗਈ।

ਸਦਾ ਕੌਰ ਦੇ ਦਿਲੋਂ ਅਜੇ ਵੀ ਗੱਚ ਨਾ ਗਿਆ। ਉਹ ਜਦ ਸੋਚਦੀ ਕਿ ਮੇਰੇ ਸਿਰ ਦਾ ਸਾਂਈ ਇਨ੍ਹਾਂ ਰਾਮਗੜ੍ਹੀਆਂ ਨੇ ਮਾਰਿਆ ਹੈ, ਤਾਂ ਉਸ ਦੇ ਢਿੱਡ ਵਿਚ ਮਵਾਤੇ ਬਲ ਬਲ ਉਠਦੇ। ਕੁਝ ਸਾਲਾਂ ਮਗਰੋਂ ਜਦ ਜੱਸਾ ਸਿੰਘ ਗੁਜਰ ਗਿਆ, ਤਾਂ ਇਹ ਜੋਧ ਸਿੰਘ ਦੇ ਗਲ ਜਾ ਪਈ, ਜੋਧ ਸਿੰਘ ਨੇ ਵਡਾਲੇ ਲਾਗੇ ਇਸ ਦਾ ਟਾਕਰਾ ਕੀਤਾ, ਪਰ ਹਾਰ ਖਾਧੀ। ਜੋਧ ਸਿੰਘ ਤਾਂ ਹੱਥ ਨਾ ਆਇਆ, ਪਰ ਉਸ ਦਾ ਸਾਰਾ ਡੇਰਾ ਸਦਾ ਕੌਰ ਦੇ ਕਾਬੂ ਆ ਗਿਆ।

ਸਦਾ ਕੌਰ ਮਰਦੇ ਦਮ ਤੀਕ ਰਾਮਗੜ੍ਹੀਆਂ ਦੀ ਵੈਰਨ ਰਹੀ। ਜਦ ਰਣਜੀਤ ਸਿੰਘ ਦੜਕਿਆ ਅਤੇ ਲਾਹੌਰ ਸਰ ਕਰਕੇ ਮਹਾਰਾਜਾ ਬਣ ਗਿਆ ਤੇ ਇਸ ਨੇ ਆਖ ਕੇ ਰਾਮਗੜ੍ਹੀਆਂ ਦਾ ਸਾਰਾ ਇਲਾਕਾ ਜ਼ਬਤ ਕਰਵਾ ਦਿੱਤਾ। ਇਸ ਦੇ ਮਤਰੇਏ ਪੁੱਤਰ ਜੋ ਆਪ ਹੁਦਰੇ ਹੋ ਕੇ ਮਿਆਣੀਓਂ ਆਪਣੀਆਂ ਫੌਜਾਂ ਮੋੜ ਲਿਆਏ ਸਨ। ਉਨਾਂ ਦਾ ਇਲਾਕਾ ਵੀ ਜ਼ਬਤ ਕਰਵਾ ਦਿੱਤਾ। ਇਸ ਤੋਂ ਬਿਨਾਂ ਹੋਰ ਜੋ ਨਿੱਕਾ ਮੋਟਾ ਵੈਰੀ ਸੀ, ਜਦ ਤੀਕ ਸਾਰਿਆਂ ਦੇ ਇਲਾਕੇ ਨਾ ਖੁਹਾ ਲਏ, ਇਸ ਬੰਦੀ ਨੇ ਸਬਰ ਨਾ ਕੀਤਾ। ਸੱਚ ਮੁੱਚ, ਜ਼ਨਾਨੀ ਦਾ ਵੈਰ ਕੇਡਾ ਡਾਢਾ ਵੈਰ ਹੈ।

ਜਦ ਤੋਂ ਰਾਜ ਸਦਾ ਕੌਰ ਨੇ ਸਾਂਭਿਆ, ਕਿਸੇ ਗਵਾਂਢੀ ਨੂੰ ਇਸ ਨਾਲ ਲੜਾਈ ਕਰਨ ਦਾ ਹੌਸਲਾ ਨਾ ਪਿਆ। ਸਾਰੇ ਸਗੋਂ ਆਪ ਡਰਦੇ ਸਨ, ਕਿ ਇਹ ਸਾਡੇ ਗਲ ਨਾ ਆ ਪਵੇ। ਆਪਣੇ ਗਵਾਂਢੀ ਰਾਮਗੜ੍ਹੀਆਂ ਵੱਲੋਂ ਹਟ ਕੇ ਇਹ ਪਹਾੜੀਆਂ ਵੱਲ ਝੁਕੀ। ਰਾਜਾ ਨੂਰ ਪੁਰ ਤੇ ਸੰਸਾਰ ਚੰਦ ਕਟੌਚ ਫੌਜਾਂ ਲੈ ਕੇ ਅੱਗੋਂ ਟੱਕਰੇ ਅਤੇ ਕਰੜੀ ਲੜਾਈ ਕਰਕੇ ਸਦਾ ਕੌਰ ਨੂੰ ਮੋੜ ਦਿੱਤਾ। ਸਦਾ ਕੌਰ ਨੇ ਉਸੇ ਵੇਲੇ ਰੰਜੀਤ ਸਿੰਘ ਨੂੰ ਸਹਾਇਤਾ ਲਈ ਲਿਆ ਅਤੇ ਦੋਹਾਂ ਨੂੰ ਭਜਾ ਕੇ ਨੂਰ ਪੁਰੀਏ ਦੇ ਕਿਲ੍ਹੇ ਨੁਸ਼ਹਿਰੇ ਨੂੰ ਜਾ ਘੇਰਿਆ। ਜਦ ਇਹ ਸਰ ਹੋ ਗਿਆ ਤਾਂ ਆਪਣੀ ਫੌਜ ਦੇ ਸਪੁਰਦ ਕਰਕੇ

SikhBookClub.com

ਬਟਾਲੇ ਨੂੰ ਮੁੜ ਆਈ।

ਸਭ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹਨ, ਕਿ ਸਦਾ ਕੌਰ ਇਕ ਪੌੜੀ ਸੀ, ਜਿਸ ਦੇ ਆਸਰੇ ਰਣਜੀਤ ਸਿੰਘ ਮਹਾਰਾਜੇ ਦੀ ਪਦਵੀ ਤੀਕ ਪੁੱਜਾ। ਨਿੱਕੀ ਉਮਰ ਵਿਚ ਇਸ ਨੇ ਪੁੱਤਾਂ ਵਾਂਗ ਉਸ ਦੀ ਰਾਖੀ ਕੀਤੀ। ਕਈ ਵਾਰ ਚੱਠਿਆਂ ਨੇ ਬਾਲਕ ਸਰਦਾਰ ਨੂੰ ਰਾਮ ਨਗਰ ਘੇਰ ਲਿਆ, ਪਰ ਸਦਾ ਕੌਰ ਸਦਾ ਵੇਲੇ ਸਿਰ ਪੁੱਜ ਕੇ ਉਸ ਨੂੰ ਬਚਾਉਂਦੀ ਰਹੀ। ਜਦ ਜਦ ਜਮਾਨ ਸ਼ਾਹ ਪੰਜਾਬ ਆਇਆ ਅਤੇ ਸਿੱਖ ਸਰਦਾਰ ਆਪਣੇ ਇਲਾਕੇ ਛੱਡ ਛੱਡ ਕੇ ਜੰਗਲਾਂ ਤੇ ਪਹਾੜਾਂ ਨੂੰ ਜਾਂਦੇ ਰਹੇ, ਸਦਾ ਕੌਰ ਰਣਜੀਤ ਸਿੰਘ ਨੂੰ ਮੁਕੇਰੀਆਂ ਦੇ ਪਾਸ ਆਪਣੇ ਕਿਲ੍ਹੇ ਅਟੱਲਗੜ੍ਹ ਵਿਚ ਪਨਾਹ ਦਿੰਦੀ ਅਤੇ ਉਸ ਦੇ ਮਾਲ ਮਤਾਹ ਨੂੰ ਸਾਂਭ ਕੇ ਰਖਦੀ ਰਹੀ।

ਸੰਮਤ ੧੮੫੬ ਵਿਚ ਜਦ ਲਾਹੌਰ ਲਿਆ, ਤਾਂ ਸਦਾ ਕੌਰ ਨਾਲ ਸੀ, ਜਦ ਕੁਝ ਮਹੀਨਿਆਂ ਮਗਰੋਂ ਗੁਲਾਬ ਸਿੰਘ ਭੰਗੀ ਆਪਣੇ ਮਿਸਲਦਾਰ ਲੈ ਕੇ ਮਹਾਰਾਜੇ ਨਾਲ ਲੜਨ ਆਇਆ, ਤਾਂ ਤਿੰਨ ਮਹੀਨੇ ਭਸੀਣ ਲਾਗੇ ਮਹਾਰਾਜ ਦੇ ਨਾਲ ਹੋ ਕੇ ਇਹ ਲੜਦੀ ਰਹੀ। ਫਿਰ ਜਦ ਸਾਹਿਬ ਸਿੰਘ ਗੁਜਰਾਤੀਏ ਨੇ ਗੁਜਰਾਂਵਾਲਾ ਆ ਘੇਰਿਆ ਤਾਂ ਇਸੇ ਨੇ ਜਾ ਕੇ ਸੁਲ੍ਹਾ ਕਰਵਾਈ, ਜਦ ਮਹਾਰਾਜਾ ਨੇ ਸੁਜਾਨਪੁਰ ਦਾ ਕਿਲ੍ਹਾ ਘੇਰਿਆ, ਤਾਂ ਇਸ ਨੇ ਸਹਿਜੇ ਹੀ ਕਿਲ੍ਹਾ ਦਵਾ ਦਿੱਤਾ। ਗੱਲ ਕੀ, ਪਹਿਲੇ ਦਿਨਾਂ ਦੀਆਂ ਲੜਾਈਆਂ ਭੜਾਈਆਂ ਵਿਚ ਸਦਾ ਕੌਰ ਪੂਰੀ ਪੂਰੀ ਮਦਦ ਕਰਦੀ ਰਹੀ ਅਤੇ ਇਸ ਦੇ ਨਾਲ ਹੋਣ ਕਰਕੇ ਮਹਾਰਾਜਾ ਦੀਆਂ ਮੁਹਿੰਮਾਂ ਛੇਤੀ ਸਰ ਹੋ ਜਾਂਦੀਆਂ ਰਹੀਆਂ।

ਇਸੇ ਦੀ ਧੀ ਮਤਾਬ ਕੌਰ ਜਾਣਦੀ ਸੀ ਕਿ ਮਹਾਰਾਜਾ ਜੀ ਮੇਰੀ ਮਾਤਾ ਦੀ ਸਹਾਇਤਾ ਨਾਲ ਹੀ ਐਡੇ ਵੱਡੇ ਬਣੇ ਹਨ, ਇਸ ਲਈ ਉਸ ਦੇ ਮਨ ਵਿਚ ਮਹਾਰਾਜਾ ਜੀ ਦਾ ਉਤਨਾ ਭੈਅ ਨਹੀਂ ਸੀ, ਜਿਤਨਾ ਕਿ ਹੋਣਾ ਚਾਹੀਦਾ ਸੀ, ਇਸ ਗਲੋਂ ਮਹਾਰਾਜਾ ਜੀ ਉਸ ਨਾਲ ਗੁੱਸੇ ਰਹਿੰਦੇ ਸਨ। ਦੂਜਾ ਮਹਾਰਾਜਾ ਜੀ ਦੇ ਮਨ ਨੂੰ ਮੋਰਾਂ ਨੇ ਕਾਬੂ ਕੀਤਾ ਹੋਇਆ ਸੀ, ਉਹ ਭਲਾ ਮਤਾਬ ਕੌਰ ਦੀ ਬਾਤ ਕਦ ਪੁੱਛਦੇ ਹੋਣਗੇ। ਸੰਮਤ ੧੮੫੯ ਬਿਕ੍ਰਮੀ ਵਿਚ ਮਤਾਬ ਕੌਰ ਦੇ ਇਕ ਸ਼ਾਹਜ਼ਾਦਾ ਹੋਇਆ ਸੀ, ਪਰ ਉਹ ਡੇਢ ਕੁ ਸਾਲ ਦਾ ਹੋ ਕੇ ਮਰ ਗਿਆ। ਇਸ ਤੋਂ ਮਗਰੋਂ ਸੰਮਤ ੧੮੬੪ ਬਿਕ੍ਰਮੀ ਵਿਚ ਸ਼ਾਹਜ਼ਾਦਾ ਸ਼ੇਰ ਸਿੰਘ ਤੇ ਤਾਰਾ ਸਿੰਘ ਜੌੜੇ ਹੋਏ। ਮਤਾਬ ਕੌਰ ਇਸ ਸਮੇਂ ਬਟਾਲੇ ਸੀ, ਜਦ ਇਹ ਰਤਾ ਕੁ ਵੱਡੇ ਹੋਏ ਤਾਂ ਸਦਾ ਕੌਰ ਇਹਨਾਂ ਨੂੰ ਨਾਲ ਲੈ ਕੇ ਹਰਿਦਵਾਰ ਇਸ਼ਨਾਨ ਨੂੰ ਚਲੀ ਗਈ। ਰਾਹ ਵਿਚ ਸਰਧਨੇ ਵਾਲੀ ਸਿਮਰੂ ਬੇਗਮ ਨੂੰ ਮਿਲੀ, ਉਸ ਨਾਲ ਕਪੜੇ ਵਟਾ ਕੇ ਭੈਣ ਬਣੀ ਅਤੇ ਇਸ਼ਨਾਨ ਕਰਕੇ ਬਟਾਲੇ ਨੂੰ ਮੁੜ ਆਈ।

ਇਹਨਾਂ ਗੱਲਾਂ ਦੀ ਮਹਾਰਾਜ ਜੀ ਨੂੰ ਵੀ ਖਬਰ ਲਗ ਗਈ, ਆਪ ਨੂੰ ਸ਼ੱਕ ਤਾਂ

SikhBookClub.com

ਅੱਗੇ ਹੀ ਸੀ, ਹੁਣ ਤਾਂ ਹੋਰ ਵੀ ਵਧ ਗਿਆ। ਪਿੱਛੇ ਜਿਹੇ ਹੀ ਸਰਕਾਰ ਅੰਗ੍ਰੇਜ਼ੀ ਤੇ ਮਹਾਰਾਜਾ ਜੀ ਦੀ ਮਿਤ੍ਰਾਚਾਰੀ ਦਾ ਅਹਿਦ ਹੋਇਆ ਸੀ, ਜਿਸ ਦਵਾਰਾ ਮਹਾਰਾਜਾ ਜੀ ਨੂੰ ਸਤਲੁਜ ਪਾਰ ਦੇ ਇਲਾਕੇ ਸਰ ਕਰਨੋਂ ਰੋਕਿਆ ਗਿਆ ਸੀ। ਸਦਾ ਕੌਰ ਦੇ ਬੇਗਮ ਸਿਮਰੂ ਨਾਲ ਮਿਲਣ ਤੋਂ ਅਹਿਲਕਾਰਾਂ ਨੇ ਇਹ ਪੱਟੀ ਪੜ੍ਹਾਈ, ਕਿ ਆਪ ਦੀ ਸੱਸ ਲਾਂਭ-ਲਾਂਭ ਕੋਈ ਪ੍ਰਬੰਧ ਕਰਦੀ ਫਿਰਦੀ ਹੈ ਅਤੇ ਆਪ ਨੂੰ ਮਹਾਰਾਜਾ ਨਹੀਂ ਮੰਨਦੀ, ਹੋ ਸਕਦਾ ਹੈ ਕਿ ਬੇਗਮ ਸਿਮਰੂ ਦੀ ਰਾਹੀਂ ਅੰਗਰੇਜ਼ਾਂ ਨਾਲ ਕੋਈ ਗੱਲ ਕਰ ਆਈ ਹੋਵੇ।

ਮਹਾਰਾਜਾ ਜੀ ਦਾ ਮਤਾਬ ਕੌਰ ਨਾਲ ਅੱਗੇ ਹੀ ਪਿਆਰ ਨਹੀਂ ਸੀ, ਇਸ ਗੱਲ ਨਾਲ ਰਹਿੰਦ ਖੂੰਹਦ ਹੀ ਜਾਂਦੀ ਰਹੀ। ਵਿਚਾਰੀ ਇਸੇ ਹਾਲ ਬਿਮਾਰ ਹੋ ਗਈ ਅਤੇ ਕੱਤਕ ਸੰਮਤ ੧੮੬੬ ਬਿਕ੍ਰਮੀ ਵਿਚ ਅੰਮ੍ਰਿਤਸਰ ਗੁਜਰ ਗਈ ਸਦਾ ਕੌਰ ਦੋਹਾਂ ਸ਼ਾਹਜ਼ਾਦਿਆਂ ਨੂੰ ਆਪ ਪਾਲਦੀ ਰਹੀ ਅਤੇ ਜਦ ਉਹ ਸਿਆਣੇ ਹੋ ਗਏ, ਤਾਂ ਮਹਾਰਾਜਾ ਸ਼ੇਰ ਸਿੰਘ ਨੂੰ ਮੁਹਿੰਮਾਂ ਉਤੇ ਘੱਲਣ ਲੱਗ ਪਏ।

ਇਸ ਵਿਚ ਮਹਾਰਾਜਾ ਜੀ ਦੀ ਚਾਲ ਸੀ। ਉਨ੍ਹਾਂ ਨੇ ਸਤਲੁਜ ਤੱਕ ਦੇ ਸਭ ਸਰਦਾਰਾਂ ਦੇ ਇਲਾਕੇ ਖੋਹ ਲਏ ਸਨ ਅਤੇ ਸਦਾ ਕੌਰ ਦਾ ਇਲਾਕਾ ਵੀ ਖੋਹਣਾ ਚਾਹੁੰਦੇ ਸਨ। ਇਹ ਗੱਲ ਉਹਨਾਂ ਨੇ ਇਕ ਢੰਗ ਨਾਲ ਕਰਨੀ ਚਾਹੀ। ਫਗਣ ਸੰਮਤ ੧੮੭੭ ਬਿਕ੍ਰਮੀ ਵਿਚ ਛੱਛ ਹਜ਼ਾਰੇ ਦੇ ਆਕੀਆਂ ਨੂੰ ਸੋਧਣ ਲਈ ਮਹਾਰਾਜਾ ਜੀ ਨੇ ਇਕ ਫੌਜ ਘੱਲੀ, ਜਿਸ ਵਿਚ ਦੀਵਾਨ ਰਾਮ ਦਿਆਲ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਸਰਦਾਰ ਗੁਰਮੁਖ ਸਿੰਘ ਤੇ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਸਨ। ਇਸ ਮੁਹਿੰਮ ਦੀ ਕਮਾਨ ਸ਼ਾਹਜ਼ਾਦਾ ਸ਼ੇਰ ਸਿੰਘ ਦੇ ਸਪੁਰਦ ਕਰਕੇ ਸਦਾ ਕੌਰ ਨੂੰ ਉਸ ਦੇ ਨਾਲ ਕਰ ਦਿੱਤਾ। ਲੜਾਈਆਂ ਹੋਈਆਂ, ਆਕੀ ਸਰ ਹੋ ਗਏ ਅਤੇ ਨਜ਼ਰਾਨੇ ਉਗਰਾਹ ਕੇ ਫੌਜਾਂ ਮੁੜ ਪਈਆਂ।

ਹੁਣ ਸਦਾ ਕੌਰ ਆਖੇ, ਕਿ ਸ਼ਾਹਜ਼ਾਦੇ ਸ਼ੇਰ ਸਿੰਘ ਨੂੰ ਸ਼ਾਹਜ਼ਾਦੇ ਖੜਕ ਸਿੰਘ ਵਾਂਗ ਜਗੀਰ ਮਿਲਣੀ ਚਾਹੀਦੀ ਹੈ। ਮਹਾਰਾਜਾ ਜੀ ਆਖਣ, ਕਿ ਚੰਗਾ ਤੇਰੇ ਇਲਾਕੇ ਦੀ ਜਗੀਰ ਇਸ ਨੂੰ ਦੇ ਦਿੰਦੇ ਹਾਂ ਪਰ ਸਦਾ ਕੌਰ ਕਹੇ, ਕਿ ਕੋਈ ਹੋਰ ਇਲਾਕੇ ਦੇਵੋ। ਮਹਾਰਾਜਾ ਜੀ ਦੀ ਦਿਲੋਂ ਮਨਸ਼ਾ ਇਸ ਤਰ੍ਹਾਂ ਸਦਾ ਕੌਰ ਦਾ ਇਲਾਕਾ ਖੋਹਣ ਦੀ ਸੀ। ਅੱਸੂ ਸੰਮਤ ੧੮੭੭ ਬਿਕ੍ਰਮੀ ਨੂੰ ਆਪ ਇਸੇ ਨੀਤ ਨਾਲ ਬਟਾਲੇ ਗਏ ਅਤੇ ਮਹੀਨਾ ਦਿਨ ਸੋਚਾਂ ਸੋਚਦੇ ਰਹੇ, ਪਰ ਕੋਈ ਗੱਲ ਨਾ ਬਣਦੀ ਵੇਖ ਕੇ ਸਿਆਲਕੋਟ ਨੂੰ ਚਲੇ ਗਏ।

ਗੱਲੋਂ ਹੀ ਗੱਲੋਂ ਮਹਾਰਾਜਾ ਜੀ ਨੇ ਸ਼ਾਹਜ਼ਾਦੇ ਨੂੰ ਨਾਨੀ ਨਾਲ ਗੁੱਸੇ ਕਰਵਾ ਦਿੱਤਾ ਕਿ ਉਹ ਤੈਨੂੰ ਜਗੀਰ ਦੇਣ ਵਿਚ ਰਾਜ਼ੀ ਨਹੀਂ। ਵਸਾਖਾ ਸਿੰਘ ਜੈ ਸਿੰਘ ਦੇ ਸਮੇਂ ਦਾ ਦੀਵਾਨ ਸੀ, ਉਸ ਨਾਲ ਸਦਾ ਕੌਰ ਦੀ ਖਟਪਟੀ ਕਰਵਾ ਦਿੱਤੀ। ਇਤਨਾ

SikhBookClub.com

ਕੁਝ ਕਰਕੇ ਅੱਸੂ ਸੰਮਤ ੧੮੭੮ ਬਿ: ਨੂੰ ਆਪ ਬਟਾਲੇ ਆ ਗਏ ਅਤੇ ਕੁਝ ਦਿਨ ਸ਼ੇਰ ਦਾ ਸ਼ਿਕਾਰ ਕਰਕੇ ਸਦਾ ਕੌਰ ਨੂੰ ਕਹਿਆ, ਕਿ ਅੱਧਾ ਇਲਾਕਾ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ ਤੇ ਤਾਰਾ ਸਿੰਘ ਨੂੰ ਜਗੀਰ ਵਜੋਂ ਦੇ ਦੇਵੇ ਅਤੇ ਅੱਧਾ ਆਪਣੇ ਪਾਸ ਰੱਖੇ। ਸਦਾ ਕੌਰ ਨੇ ਸਾਫ ਨਾਂਹ ਕੀਤੀ ਅਤੇ ਡਰਾਵਾ ਦਿੱਤਾ ਕਿ ਜੇਕਰ ਇਸ ਤਰ੍ਹਾਂ ਕਰੋਗੇ ਤਾਂ ਮੈਂ ਆਪਣੇ ਪਾਰ ਦੇ ਇਲਾਕੇ ਬਧਨੀ (ਜ਼ਿਲ੍ਹਾ ਫਰੀਦਕੋਟ) ਨੂੰ ਚਲੀ ਜਾਵਾਂਗੀ।

ਇਸ ਗੱਲੋਂ ਮਹਾਰਾਜਾ ਝਿਜਕ ਗਿਆ ਅਤੇ ਲਾਹੌਰ ਜਾ ਕੇ ਪਿਆਰ ਦਾ ਖਤ ਲਿਖਿਆ, ਕਿ ਆ ਕੇ ਮਿਲ ਕੇ ਤਾਂ ਜਾਓ। ਜਦ ਸਦਾ ਕੌਰ ਇਥੇ ਪੁੱਜੀ, ਤਾਂ ਬਦੋ ਬਦੀ ਉਸਦੀ ਮੋਹਰ ਲਵਾ ਕੇ ਸਭ ਇਲਾਕਾ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ ਦੇ ਦਿੱਤਾ ਅਤੇ ਉਸ ਨੂੰ ਕਿਲ੍ਹੇ ਅੰਦਰ ਨਜ਼ਰਬੰਦ ਕਰ ਦਿੱਤਾ। ਉਹ ਵੀ ਪਰਲੇ ਦਰਜੇ ਦੀ ਸਿਆਣੀ ਸੀ ਕਿਲ੍ਹੇ ਦੇ ਨਾਲ ਬਾਹਰ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦੇਹੁਰਾ ਹੈ, ਉਸ ਦੇ ਦਰਸ਼ਨਾਂ ਦਾ ਬਹਾਨਾਂ ਕਰਕੇ ਬਾਹਰ ਆਈ ਅਤੇ ਬੰਦ ਗੱਡੀ ਵਿਚ ਬੈਠ ਕੇ ਮੁਕੇਰੀਆਂ ਆਪਣੇ ਇਲਾਕੇ ਵੱਲ ਤੁਰੀ। ਜਦ ਮਹਾਰਾਜਾ ਜੀ ਨੂੰ ਪਤਾ ਲੱਗਾ ਤਾਂ ਵਿਚੋਂ ਦੀ ਫੜ ਮੰਗਵਾਈ ਅਤੇ ਮਹਿਲਾਂ ਵਿਚ ਬੰਦ ਕਰ ਦਿੱਤੀ।

ਉਸ ਵੇਲੇ ਸਰਦਾਰ ਲਹਿਣਾ ਸਿੰਘ ਮਜੀਠੀਏ ਨੂੰ ਹੁਕਮ ਹੋਇਆ, ਕਿ ਸਭ ਇਲਾਕਾ ਜ਼ਬਤ ਕਰ ਲਵੇ। ਸਰਦਾਰ ਨੇ ਜਾਂਦਿਆਂ ਹੀ ਰਿਆੜਕੀ ਦੇ ਸਾਰੇ ਇਲਾਕੇ ਵਿਚ ਆਪਣੇ ਆਦਮੀ ਬਿਠਾ ਦਿੱਤੇ ਅਤੇ ਦਰਿਆਓਂ ਪਾਰ ਮੁਕੇਰੀਆਂ ਪਾਸ ਦਾ ਕਿਲ੍ਹਾ ਅਟੱਲਗੜ੍ਹ ਜਾ ਘੇਰਿਆ, ਇਥੇ ਸਦਾ ਕੌਰ ਦੀ ਗੋਲੀ ਨੇ ਐਸਾ ਟਾਕਰਾ ਕੀਤਾ ਕਿ ਮਿਸਰ ਦੀਵਾਨ ਚੰਦ ਹੋਰ ਫੌਜ ਲੈ ਕੇ ਆਇਆ, ਪਰ ਤਦ ਵੀ ਕਿਲ੍ਹਾ ਸਰ ਨਾ ਹੋਇਆ। ਅੰਤ ਸਦਾ ਕੌਰ ਨੂੰ ਉਥੇ ਲੈ ਗਏ ਅਤੇ ਆਖਿਆ ਕਿ ਗੋਲੀ ਦੇ ਨਾਮ ਕਿਲ੍ਹਾ ਛੱਡ ਦੇਣੇ ਦਾ ਪਰਵਾਨਾ ਲਿਖੇ।

ਭਲਾ ਸਦਾ ਕੌਰ ਕਦ ਮੰਨਣ ਵਾਲੀ ਸੀ, ਉਸ ਨੇ ਸਾਫ ਨਾਂਹ ਕਰ ਦਿੱਤੀ। ਮਿਸਰ ਦੀਵਾਨ ਚੰਦ ਨੇ ਪੂਰੇ ਦੋ ਦਿਨ ਉਸ ਨੂੰ ਨਾ ਅੰਨ ਦਿੱਤਾ, ਨਾ ਪਾਣੀ, ਸਿਆਣੇ ਆਖਦੇ ਹਨ ਮੌਤੋਂ ਭੁੱਖ ਬੁਰੀ। ਤੀਜੇ ਦਿਨ ਸਦਾ ਕੌਰ ਨੇ ਪਰਵਾਨਾ ਲਿਖ ਦਿੱਤਾ ਅਤੇ ਕਿਲ੍ਹਾ ਖਾਲੀ ਹੋ ਗਿਆ।

ਇਸ ਕਿਲ੍ਹੇ ਵਿਚ ਸਰਦਾਰਨੀ ਦਾ ਖਜ਼ਾਨਾ ਜਮ੍ਹਾਂ ਰਹਿੰਦਾ ਸੀ। ਬਾਰੂਦ ਸਿੱਕੇ ਦੇ ਅਨੇਕਾਂ ਕੋਠੇ, ਜਵਾਹਾਰਾਤ ਦੇ ਤੇ ਦੁਸ਼ਾਲੇ, ਸਭ ਜ਼ਬਤ ਹੋ ਗਏ ਅਤੇ ਘਨੱਈਆ ਮਿਸਲ ਦੀ ਲੱਖਾਂ ਰੁਪਏ ਦੀ ਦੌਲਤ ਲਾਹੌਰ ਦੇ ਤੋਸ਼ੇਖਾਨੇ ਜਾ ਪਈ। ਸਭ ਪ੍ਰਬੰਧ ਕਰਕੇ ਸਰਦਾਰਨੀ ਨੂੰ ਅੰਮ੍ਰਿਤਸਰ ਲੈ ਗਏ ਅਤੇ ਜਦ ਤੀਕ ਸੰਮਤ ੧੮੮੯ ਬਿ: ਵਿਚ ਉਹ ਗੁਜ਼ਰ ਨਹੀਂ ਗਈ, ਉਹ ਨਜ਼ਰਬੰਦ ਹੀ ਰਹੀ। ਗੁਜ਼ਰਨ ਦੀ ਖ਼ਬਰ ਸੁਣਦਿਆਂ ਹੀ ਮਿਸਰ ਬੇਲੀ ਰਾਮ ਤੋਸ਼ੇਖਾਨਿਆਂ ਦੀ ਜ਼ਬਤੀ ਲਈ ਅੰਮ੍ਰਿਤਸਰ ਆ ਗਿਆ। ਕੰਵਰ ਨੌਂ ਨਿਹਾਲ ਸਿੰਘ ਨੇ ਸਸਕਾਰ ਕੀਤਾ ਅਤੇ ਮਹਾਰਾਜਾ ਜੀ ਨੇ ਆਪ

SikhBookClub.com

ਆ ਕੇ ਸਰਦਾਰਨੀ ਦੀ ਗੋਲੀ ਮਾਈ ਦੇਸਾਂ ਪਾਸੋਂ ਸਭ ਚੀਜ਼ਾਂ ਲੈ ਲਈਆਂ ਜੋ ਦੋ ਲੱਖ ਰੁਪਏ ਦੇ ਮੁੱਲ ਦੀਆਂ ਸਨ। ਜ਼ਬਤ ਹੋਏ ਜਵਾਹਰਾਤ ਵਿਚੋਂ ਇਕ ਮਾਲਾ ਹੀ ਸੱਠ ਹਜ਼ਾਰ ਰੁਪੈ ਦੀ ਸੀ।

ਇਸ ਤਰ੍ਹਾਂ ਪੰਜਾਬ ਦੀ ਸਭ ਤੋਂ ਪ੍ਰਸਿੱਧ ਜ਼ਨਾਨੀ ਸਦਾ ਕੌਰ ਦਾ ਅੰਤ ਹੋ ਗਿਆ। ਇਸ ਨੇ ਤੀਹ ਵਰ੍ਹੇ ਰਾਜ ਸਾਜ ਦੀਆਂ ਵਾਗਾਂ ਆਪਣੇ ਹੱਥ ਰੱਖ ਕੇ ਪੰਜਾਬ ਦੇ ਇਤਿਹਾਸ ਵਿਚ ਆਪਣੇ ਨਾਮ ਨੂੰ ਅਟੱਲ ਕਰ ਦਿੱਤਾ ਹੈ। ਇਸ ਨੇ ਰਣਜੀਤ ਸਿੰਘ ਨੂੰ ਮਹਾਰਾਜਾ ਬਣਾਇਆ, ਉਸ ਦੀਆਂ ਮੁਹਿੰਮਾਂ, ਔਕੜਾਂ, ਦੁੱਖਾਂ, ਸੁਖਾਂ ਹਰ ਇਕ ਕੰਮ ਵਿਚ ਭਾਈਵਾਲ ਰਹੀ, ਆਪਣੇ ਅਮੋੜਪੁਣੇ ਤੇ ਤਿੱਖੇ ਸੁਭਾਵ ਦੇ ਕਾਰਨ ਅਜੋੜ ਕਰ ਲਈ ਅਤੇ ਅੰਤ ਨੂੰ ਸਭ ਰਿਆਸਤ ਖੁਹਾ ਲਈ। ਬਟਾਲਾ ਤੇ ਮੁਕੇਰੀਆਂ ਦੇ ਇਲਾਕੇ ਸ਼ਾਹਜਾਦਾ ਸ਼ੇਰ ਸਿੰਘ ਨੂੰ ਜਗੀਰ ਵਿਚ ਦਿੱਤੇ ਗਏ ਅਤੇ ਪਹਾੜੀ ਇਲਾਕੇ ਸਰਕਾਰੀ ਹੋ ਗਏ। ਕੇਵਲ ਮਰਦੇ ਦਮ ਤੀਕ ਬਧਨੀ ਉਤੇ ਉਸ ਦਾ ਕਬਜ਼ਾ ਰਿਹਾ, ਜਿਥੋਂ ਅੰਗਰੇਜ਼ੀ ਸਰਕਾਰ ਨੇ ਮਹਾਰਾਜੇ ਦੀ ਪਾਲਕੀ ਜ਼ੋਰ ਨਾਲ ਹਟਾ ਦਿੱਤੀ ਸੀ ਅਤੇ ਇਹ ਕਿਹਾ ਸੀ ਕਿ ਜਦ ਤੀਕ ਸਦਾ ਕੌਰ ਜੀਉਂਦੀ ਹੈ, ਇਸ ਇਲਾਕੇ ਦੀ ਮਾਲਕ ਉਹ ਹੀ ਹੈ।

SikhBookClub.com

# ੮

## ਇਤਿਹਾਸਕ ਵਾਰਾਂ[1]

ਪਿਛਲੇ ਸਮਿਆਂ ਵਿਚ ਸਾਡੇ ਦੇਸ਼ ਵਿਚ ਵਾਰਾਂ ਸੁਣਨ ਦਾ ਬੜਾ ਰਿਵਾਜ ਸੀ। ਜਦ ਵੀ ਕੋਈ ਖੁਸ਼ੀ ਗ਼ਮੀ ਦਾ ਸਮਾਂ ਹੁੰਦਾ ਤਾਂ ਦਿਲ-ਪਰਚਾਵੇ ਲਈ ਸਾਰਾ ਪਿੰਡ ਇਕੱਠਾ ਹੋ ਕੇ ਵਾਰਾਂ ਸੁਣਨ ਲੱਗ ਪੈਂਦਾ ਸੀ। ਢਾਡੀਆਂ ਦੀ ਬੜੀ ਕਦਰ ਸੀ ਤੇ ਉਹ ਆਪਣੇ ਜਜਮਾਨ ਸੂਰਮਿਆਂ ਦੀਆਂ ਵਾਰਾਂ ਸੁਣਾ ਸੁਣਾ ਕੇ ਬੜਾ ਮਾਨ ਪਾਇਆ ਕਰਦੇ ਸਨ।

ਸ੍ਰੀ ਪੰਚਮ ਪਾਤਸ਼ਾਹ ਜੀ ਦੇ ਸਮੇਂ ਦੀ ਗੱਲ ਹੈ ਕਿ ਜੰਬਰਾਂ ਤੇ ਜਾਤਰੀ ਦਾ ਆਪੋ ਵਿਚ ਬਹੁਤ ਵੈਰ ਵਧ ਗਿਆ ਸੀ। ਅੰਤ ਲਾਚਾਰ ਹੋ ਕੇ ਜਾਤਰੀ ਸ੍ਰੀ ਪੰਚਮ ਪਾਤਸ਼ਾਹ ਜੀ ਪਾਸ ਪੁੱਜਾ ਸੀ ਕਿ ਅਸੀਂ ਦੋਵੇਂ ਧਿਰਾਂ ਆਪ ਦੇ ਸਿੱਖ ਹਾਂ, ਰੋਜ਼ ਰੋਜ਼ ਦੀਆਂ ਲੜਾਈਆਂ ਦੇ ਕਾਰਨ ਮਰਦੇ ਜਾਂਦੇ ਹਾਂ, ਆਪ ਮੌਕੇ ਉਤੇ ਜਾ ਕੇ ਸਾਡਾ ਨਿਬੇੜਾ ਕਰ ਦੇਵੋ। ਸੋ ਪੰਚਮ ਪਾਤਸ਼ਾਹ ਜੀ ਇਸੇ ਕਰ ਕੇ ਨਕੇ ਵੱਲ ਗਏ ਸਨ ਅਤੇ ਜਦ ਕੋਈ ਨਬੇੜਾ ਨਾ ਹੋਇਆ ਤਾਂ ਆਪ ਨੇ ਜਾਤਰੀ ਨੂੰ ਇਹ ਬਚਨ ਕੀਤਾ ਸੀ :-

ਜਾਤਰੀ।
ਜੰਬਰ ਘਾਹ, ਤੇ ਤੂੰ ਦਾਤਰੀ।

ਏਹਨਾਂ ਹੀ ਦਿਨਾਂ ਦੀ ਗੱਲ ਹੈ ਕਿ ਸਾਢੇ ਤਿੰਨ ਸੌ ਜੰਬਰ ਇਕੱਠਾ ਹੋ ਕੇ 'ਜਾਤਰੀ' ਉਤੇ ਚੜ੍ਹਿਆ। ਅੱਗੇ ਜਾਤਰੀ ਵੀ ਐਸਾ ਟੱਕਰਿਆ ਕਿ ਸਾਢੇ ਤਿੰਨ ਸੌ ਘੋੜੀ ਵਿਚੋਂ ਸੱਠ ਸਵਾਰ ਹੀ ਖੈਰੀਂ ਮੇਹਰੀਂ ਘਰ ਮੁੜ ਕੇ ਆਏ। ਸਾਰੇ ਪਿੰਡ ਵਿਚ ਹਾ-ਹਾ-ਕਾਰ ਮੱਚ ਗਈ। ਹਰ ਇਕ ਉਦਾਸ ਸੀ, ਘਰ ਘਰ ਸੋਗ ਸੀ। ਪਿੰਡ ਵਾਲੇ ਇਕ ਥਾਂ ਇਕੱਠੇ ਹੋਏ ਤੇ ਦਿਲ-ਪਰਚਾਵੇ ਲਈ ਮੀਰ ਨੂੰ ਸੱਦ ਕੇ ਕਹਿਆ ਕਿ ਕੋਈ ਵਾਰ ਸੁਣਾ। ਮੀਰ ਵੀ ਢਹਿੰਦੀਆਂ ਕਲਾਂ ਵਿਚ ਸੀ, ਉਸ ਨੂੰ ਵਾਰ ਸੁਣਾਉਣੀ ਸੁਝਦੀ ਸੀ? ਪਰ ਪਿੰਡ ਵਾਲੇ ਵਾਰ ਵਾਰ ਕਹਿੰਦੇ ਸਨ ਕਿ ਮੀਰ ਜੀ, ਕੋਈ ਵਾਰ ਸੁਣਾਓ। ਅੰਤ ਮੀਰ ਨੂੰ ਗੁੱਸਾ ਆ ਗਿਆ ਤੇ, ਉਹ ਲੱਗਾ ਸੁਣਾਉਣ :-

*ਜੰਬਰ ਖਰੇ ਉਤਾਵਲੇ ਹੇਠ ਘੋੜੇ ਮੱਠੇ।*
*ਧਾਵਾ ਸਾਢੇ ਤਿੰਨ ਸੌ ਘਰ ਆਏ ਸੱਠੇ।*

---

[1] *ਰਸਾਲਾ ਫੁਲਵਾੜੀ, ਇਤਿਹਾਸ ਨੰਬਰ, ਜਨਵਰੀ ੧੯੩੦ ਈ: ਪੰਨਾ ੧੮੬।*

SikhBookClub.com

ਪਿੰਡ ਵਾਲਿਆਂ ਵੇਖਿਆ ਕਿ ਇਹ ਤਾਂ ਉਲਟੀ ਹਵਾ ਵਗਣ ਲੱਗੀ ਹੈ, ਸਭ ਕਹਿਣ ਲੱਗ ਪਏ: ਬੱਸ, ਮੀਰ ਜੀ! ਬੱਸ।

ਗੱਲ ਕੀ, ਵਾਰਾਂ ਸੁਣਨ ਦਾ ਪਿਛਲੇ ਸਮਿਆਂ ਵਿਚ ਆਮ ਰਿਵਾਜ ਸੀ, ਜਿਸ ਦਾ ਅੱਜ-ਕਲ੍ਹ ਕਿਤੇ ਮੁਸ਼ਕ ਵੀ ਨਹੀਂ। ਅੱਜ-ਕਲ੍ਹ ਜੀਕੂੰ ਲੋਕੀਂ ਸਿਰ ਜੋੜ ਕੇ ਮੁਕੱਦਮਿਆਂ ਦੀਆਂ ਗੱਲਾਂ ਕਰਦੇ ਹਨ, ਇਸੇ ਤਰ੍ਹਾਂ ਪਿਛਲੇ ਸਮਿਆਂ ਵਿਚ ਲੋਕੀਂ ਆਪਣੇ ਸੂਰਮਿਆਂ ਦੀਆਂ ਗੱਲਾਂ ਕੀਤਾ ਕਰਦੇ ਸਨ।

੧੯੦੫ ਈਸਵੀ ਦੀ ਗੱਲ ਹੈ, ਕਿ ਮੈਂ ਇਤਿਹਾਸਕ ਮਸਾਲਾ ਇਕੱਠਾ ਕਰਦਾ ਕਰਦਾ ਜਦ ਗੁੱਜਰਾਂਵਾਲੇ ਦੇ ਜ਼ਿਲ੍ਹੇ ਵਿਚ ਗਿਆ ਤਾਂ ਓਧਰ ਮੈਂ ਕਈ ਆਦਮੀਆਂ ਨੂੰ ਵਾਰਾਂ ਗਾਉਂਦੇ ਵੇਖਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਕ ਆਦਮੀ ਨੇ ਮੈਨੂੰ ਇਕ ਇਕ ਵਾਰ ਪਿਛੇ ਇਕ ਇਕ ਰੁਪਿਆ ਲੈ ਕੇ ਚਾਰ ਵਾਰਾਂ ਸੁਣਾਈਆਂ ਸਨ ਅਤੇ ਉਹ ਕਹਿੰਦਾ। ਸੀ ਕਿ ਮੈਨੂੰ ਵੀਹ ਵਾਰਾਂ ਯਾਦ ਹਨ, ਜੋ ਮੈਂ ਵਾਜਬੀ ਰਕਮ ਲੈ ਕੇ ਲਿਖਵਾ ਸਕਦਾ ਹਾਂ। ਮੇਰੇ ਪਾਸ ਐਤਨੇ ਰੁਪਏ ਤਾਂ ਸਨ ਨਹੀਂ, ਪਰ ਮੈਂ ਪੰਜ ਰੁਪਏ ਦੇ ਕੇ ਇਕ ਵਾਰ ਲਿਖ ਲਈ ਸੀ, ਜਿਸ ਨੂੰ 'ਨਾਦਰ ਸ਼ਾਹ ਦੀ ਪਉੜੀ' ਆਖਦੇ ਹਨ। ਇਸ ਵਾਰ ਦਾ ਕੁਝ ਕੁ ਹਿੱਸਾ ਮੈਂ ਉਨ੍ਹੀਂ ਦਿਨੀਂ 'ਖਾਲਸਾ ਕੁਮਾਰ ਪੱਤਰ' ਵਿਚ ਛਪਵਾ ਦਿੱਤਾ ਸੀ।

ਜਿਹਨਾਂ ਨੂੰ ਪੰਜਾਬੀ ਦੇ ਵਾਧੇ ਦਾ ਚਾਉ ਹੈ, ਉਹ ਪੁਰਾਣੀਆਂ ਵਾਰਾਂ ਇਕੱਠੀਆਂ ਕਰਨ ਅਤੇ ਵੇਖਣ, ਕਿ ਅਸਲ ਪੰਜਾਬੀ ਕੀ ਚੀਜ਼ ਹੈ। 'ਨਾਦਰ ਸ਼ਾਹ ਦੀ ਪਉੜੀ', 'ਚੱਠਿਆਂ ਦੀ ਵਾਰ' ਇਹ ਛਪੀਆਂ ਹੋਈਆਂ ਹਨ। ਪਰ ਹੋਰ ਅਨੇਕਾਂ ਵਾਰਾਂ ਹਨ, ਜੋ ਭਾਲ ਕੇ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ।

ਭਾਈ ਬਿਧੀ ਚੰਦ ਜੀ ਦੇ ਖਾਨਦਾਨ ਨਾਲ ਢਾਡੀਆਂ ਦੇ ਇਕ ਟੱਬਰ ਦਾ ਸੰਬੰਧ ਰਿਹਾ ਹੈ। ਢਾਡੀਆਂ ਦਾ ਇਹ ਘਰਾਣਾ ਬਹੁਤ ਪੁਰਾਣਾ ਹੈ। ਇਸ ਟੱਬਰ ਦੇ ਇਕ ਆਦਮੀ ਨੇ ਮੈਨੂੰ ਦੱਸਿਆ ਸੀ ਕਿ ਛੇਵੀਂ ਪਾਤਸ਼ਾਹੀ ਤੇ ਦਸਵੀਂ ਪਾਤਸ਼ਾਹੀ ਦੇ ਸਮੇਂ ਜਦ ਕੋਈ ਜੰਗ ਹੋ ਕੇ ਹਟਦੀ ਸੀ ਤਾਂ ਸਾਡੇ ਵੱਡੇ ਉਸ ਜੰਗ ਦੀ ਵਾਰ ਮੁੜ ਕੇ ਸੁਣਾਇਆ ਕਰਦੇ ਸਨ। ਇਸ ਟੱਬਰ ਦੇ ਇਕ ਆਦਮੀ ਨੂੰ ਅੱਠੇ ਵਾਰਾਂ ਯਾਦ ਸਨ। ਚਾਰ ਛੇਵੀਂ ਪਾਤਸ਼ਾਹੀ ਜੀ ਦੇ ਚੌਹਾਂ ਯੁੱਧਾਂ ਦੀਆਂ ਤੇ ਚਾਰ ਸ੍ਰੀ ਦਸਮੇਸ਼ ਜੀ ਦੇ ਚੌਹਾਂ ਯੁੱਧਾਂ ਦੀਆਂ। ਮੈਂ ਭੰਗਾਣੀ ਦੇ ਜੁੱਧ ਦੀ ਵਾਰ ਦਾ ਕੁਝ ਹਿੱਸਾ ਸੁਣਿਆ ਸੀ ਜੋ ਇਨ-ਬਿਨ 'ਬਚਿੱਤ੍ਰ ਨਾਟਕ' ਦੀ ਵਿਆਖਿਆ ਮਲੂਮ ਹੁੰਦੀ ਹੈ। ਮੈਂ ਇਹ ਅੱਠੇ ਵਾਰਾਂ ਲਿਖਣੀਆਂ ਚਾਹੀਆਂ, ਪਰ ਢਾਡੀ ਜੀ ਹਰ ਵਾਰ ਪਿਛੇ ਕੰਙਣਾਂ ਦੀ ਜੋੜੀ ਤੇ ਖਾਸੀ ਰਕਮ ਮੰਗਦੇ ਸਨ, ਜੋ ਮੇਰੀ ਸਮਰੱਥਾ ਤੋਂ ਬਾਹਰ ਸੀ। ਚੋਖਾ ਚਿਰ ਹੋ ਗਿਆ ਹੈ ਕਿ ਉਹ ਢਾਡੀ ਗੁਜ਼ਰ ਗਿਆ ਹੋਇਆ ਹੈ। ਮੈਨੂੰ ਪਤਾ ਨਹੀਂ ਕਿ ਉਸ ਟੱਬਰ ਵਿਚੋਂ ਕਿਸੇ ਹੋਰਸ ਨੂੰ ਵੀ ਉਹ ਵਾਰਾਂ ਯਾਦ ਹਨ ਕਿ ਨਹੀਂ।

SikhBookClub.com

ਜਦ ਖਾਲਸਾ ਜੀ ਨੇ ਅਬਦਾਲੀ ਦਾ ਮੂੰਹ ਮੋੜ ਕੇ ਹਜ਼ਰੋ ਤੀਕ ਦੇਸ਼ ਮੱਲ ਲਿਆ ਸੀ ਤਾਂ ਜਹਾਨ ਖਾਂ ਘੇਬੇ ਨੇ ਖਾਲਸਾ ਜੀ ਨਾਲ ਕੁਝ ਕੁ ਝੜਪਾਂ ਲਈਆਂ ਸਨ। ਉਸ ਸਮੇਂ ਦੇ ਹਾਲਾਂ ਦੀ ਇਕ ਵਾਰ ਬਣੀ ਹੋਈ ਹੈ। ਅਪ੍ਰੈਲ ੧੯੦੭ ਈਸਵੀ ਵਿਚ ਜਦ ਮੈਂ ਇਤਿਹਾਸਕ ਮਸਾਲਾ ਇਕੱਠਾ ਕਰਦਾ ਕਰਦਾ ਪੋਠੋਹਾਰ ਵਿਚ ਪੁੱਜਾ ਅਤੇ ਡੇਰੇ ਖਾਲਸੇ ਤੋਂ ਸੁੱਖੋ ਨੂੰ ਜਾ ਰਿਹਾ ਸਾਂ ਤਾਂ ਰਾਹ ਵਿਚ ਮੈਨੂੰ ਇਕ ਬਿਰਧ ਸਹਿਜਧਾਰੀ ਮਿਲਿਆ। ਉਨ੍ਹੀਂ ਦਿਨੀਂ ਮੇਰੀ ਆਦਤ ਸੀ ਕਿ ਜਿਸ ਨੂੰ ਵੱਡੀ ਉਮਰ ਦਾ ਵੇਖਦਾ, ਉਸੇ ਨਾਲ ਗੱਲੀਂ ਜੁੱਟ ਪੈਂਦਾ ਕਿ ਭਲਾ ਕੋਈ ਪੁਰਾਣੀ ਗੱਲ ਮਾਲੂਮ ਹੋ ਜਾਵੇ, ਉਸ ਨੇ ਮੈਨੂੰ ਘੇਬਿਆਂ ਦੀ ਵਾਰ ਦੇ ਕੁਝ ਕੁ ਹਿੱਸੇ ਸੁਣਾਏ ਸਨ ਜੋ ਮੇਰੇ ਕਾਗਜ਼ਾਂ ਵਿਚ ਕਿਤੇ ਨੋਟ ਕੀਤੇ ਪਏ ਹੋਣਗੇ, ਪਰ ਇਕ ਦੋ ਟੱਪੇ ਮੈਨੂੰ ਅਜੇ ਤੀਕ ਯਾਦ ਹਨ, ਜੋ ਇਹ ਹਨ :-

*ਰਣ ਵਿਚ ਗਜਦਾ ਜੈ ਸਿੰਘ ਕਮਲਾ, ਕਰਦਾ ਮਾਰੋ ਮਾਰ।*
*ਵਾਹ ਜਵਾਨੀ ਤੇਰੀ ਜਹਾਨ ਖਾਂ, ਲੱਥਾ ਪਿੜ ਵਿਚਕਾਰ।*

ਉਹ ਬਿਰਧ ਬਾਬਾ ਸੂਰਮਿਆਂ ਦੀਆਂ ਗੱਲਾਂ ਕਰ ਕੇ ਰੋਈ ਜਾਂਦਾ ਸੀ, ਨਾਲੇ ਝੂਲ ਝੂਲ ਕੇ ਵਾਰ ਸੁਣਾਉਂਦਾ ਸੀ। ਅੱਜ-ਕਲ੍ਹ ਮੈਂ ਕਿਸੇ ਨੂੰ ਸੂਰਮਿਆਂ ਦੀਆਂ ਗੱਲਾਂ ਕਰਦਿਆਂ ਨਹੀਂ ਵੇਖਿਆ, ਪਰ ਉਨ੍ਹੀਂ ਦਿਨੀਂ ਮੈਂ ਕਈ ਬਿਰਧ ਬਾਬੇ ਵੇਖੇ ਸਨ, ਜੋ ਪੁਰਾਣੇ ਹਾਲ ਸੁਣਾਉਂਦੇ ਹੋਏ ਫਰਨ ਫਰਨ ਰੋਈ ਜਾਂਦੇ ਸਨ! ਉਹਨਾਂ ਨੇ ਖਾਲਸਾ ਜੀ ਦੀ ਚੜ੍ਹਦੀ ਕਲਾ ਆਪਣੀ ਅੱਖੀਂ ਵੇਖੀ ਹੋਈ ਸੀ। ਜਦ ਉਹ ਵੇਲਾ ਉਹਨਾਂ ਨੂੰ ਯਾਦ ਆਉਂਦਾ ਸੀ, ਉਹਨਾਂ ਦਾ ਨੀਰ ਠੱਲ੍ਹਿਆ ਨਹੀਂ ਰਹਿ ਸਕਦਾ ਸੀ। ਸੱਚਮੁੱਚ ਉਹਨਾਂ ਦੇ ਦਿਲਾਂ ਵਿਚ ਦਰਦ ਸੀ, ਪੁਰਾਣੇ ਸਮੇਂ ਨਾਲ ਉਹਨਾਂ ਦਾ ਪਿਆਰ ਸੀ। ਉਹ ਆਪਣੇ ਦੇਸ਼ ਦੀ ਪੁਰਾਣੀ ਸ਼ਾਨ ਨੂੰ ਮਹਿਸੂਸ ਕਰਦੇ ਸਨ, ਇਸੇ ਕਰਕੇ ਹੀ ਹੰਝੂ ਕੇਰਦੇ ਸਨ। ਜਦ ਤੀਕ ਸਾਡੇ ਦਿਲਾਂ ਦੀ ਅਵਸਥਾ ਐਸੀ ਨਹੀਂ ਹੋ ਜਾਂਦੀ ਅਤੇ ਪੁਰਾਣੀ ਸ਼ਾਨ ਬਾਬਤ ਸਾਡੇ ਅੰਦਰ ਖੋਹ ਨਹੀਂ ਪੈਂਦੀ, ਤਦ ਤੀਕ ਇਹ ਅਨਹੋਣੀ ਗੱਲ ਹੈ ਕਿ ਅਸੀਂ ਆਪਣੇ ਇਤਿਹਾਸ ਲਈ ਕੋਈ ਕੁਰਬਾਨੀ ਕਰ ਸਕੀਏ।

'ਚੱਠਿਆਂ ਦੀ ਵਾਰ' ਛਪੀ ਹੋਈ ਹੈ। ਇਸ ਵਿਚ ਸਰਦਾਰ ਮਹਾਂ ਸਿੰਘ ਤੇ ਚੱਠਿਆਂ ਦੀਆਂ ਲੜਾਈਆਂ ਦਾ ਹਾਲ ਹੈ। 'ਸੰਧਾਂਵਾਲੀਏ ਦੀ ਵਾਰ' ਸੰਤ ਜਵਾਲਾ ਸਿੰਘ ਜੀ ਨੇ ਕਿਸੇ ਪਾਸੋਂ ਲਿਖੀ ਸੀ ਤੇ ਉਹਨਾਂ ਪਾਸੋਂ ਮੈਂ ਲਿਖ ਕੇ ਇਸ ਦਾ ਕੁਝ ਹਿੱਸਾ 'ਖਾਲਸਾ ਕੁਮਾਰ ਪੱਤਰ' ਵਿਚ ਛਪਵਾ ਦਿੱਤਾ ਸੀ। ਇਹ ਵਾਰ ਕਿਸੇ ਭਰਾਈ ਦੀ ਜੋੜੀ ਹੋਈ ਹੈ, ਜੋ ਪੁਰਾਣੀਆਂ ਵਾਰਾਂ ਵਰਗੀ ਤਾਂ ਨਹੀਂ ਪਰ ਤਦ ਵੀ ਚੰਗੀ ਹੈ।

ਦੁਆਬੇ ਵਿਚ ਬੰਗਾ ਇਕ ਉੱਘਾ ਪਿੰਡ ਹੈ। ਇਥੋਂ ਦਾ ਕੋਈ ਸਿੰਘ ਹੋਇਆ ਹੈ, ਜਿਸ ਸ਼ਾਹ ਮੁਹੰਮਦ ਵਾਂਗ ਲਾਹੌਰ ਦਰਬਾਰ ਦੇ ਹਾਲ ਕਵਿਤਾ ਵਿਚ ਲਿਖੇ ਸਨ। ਮੈਂ ਇਸ ਦਾ ਕੁਝ ਹਿੱਸਾ ਇਕ ਆਦਮੀ ਪਾਸੋਂ ਸੁਣਿਆ ਸੀ। ਅਲੀਵਾਲ ਦੀ

SikhBookClub.com

ਲੜਾਈ ਦੇ ਬਹੁਤ ਸੋਹਣੇ ਹਾਲ ਇਸ ਨੇ ਦਿੱਤੇ ਸਨ। ਕਾਰਨ ਸ਼ਾਇਦ ਇਹ ਹੋਊ ਕਿ ਇਹ ਇਸ ਦੇ ਗਵਾਂਢ ਦੇ ਤੇ ਅੱਖੀਂ ਡਿੱਠੇ ਹਾਲ ਹੋਣਗੇ। ਮੈਂ ਇਹਨਾਂ ਕਾਗਜ਼ਾਂ ਦੀ ਭਾਲ ਲਈ ਬੰਗੀਂ ਗਿਆ ਸੀ ਪਰ ਮੈਨੂੰ ਕੁਝ ਥਹੁ ਨਹੀਂ ਲੱਗਾ ਸੀ। ਜੇਕਰ ਭਾਲ ਕੀਤੀ ਜਾਵੇ ਤਾਂ ਕਿਤੋਂ ਇਹ ਹਾਲ ਜ਼ਰੂਰੀ ਲੱਭ ਪੈਣਗੇ।

ਇਸੇ ਸਿੰਘ ਨੇ ਸ੍ਰ: ਹਰੀ ਸਿੰਘ ਨਲੂਏ ਦੀ ਵਾਰ ਲਿਖੀ ਸੀ। ਇਸ ਵਾਰ ਵਿਚ ਸਰਦਾਰ ਹਰੀ ਸਿੰਘ ਜੀ ਦੇ ਪਿਛਲੇ ਦਿਨਾਂ ਤੇ ਜਮਰੌਦ ਦੀ ਲੜਾਈ ਦਾ ਹਾਲ ਹੈ। ਇਹ ਵਾਰ ਸੰਤ ਜਵਾਲਾ ਸਿੰਘ ਜੀ ਨੇ ਕਿਤੋਂ ਲੱਭ ਕੇ ਲਿਖ ਲਈ ਸੀ ਤੇ ਆਪ ਪਾਸੋਂ ਮੈਨੂੰ ਮਿਲੀ ਸੀ। ਇਸ ਵਾਰ ਦਾ ਕੁਝ ਹਿੱਸਾ ਮੈਂ ਇਸੇ ਪਰਚੇ ਵਿਚ ਦਰਜ ਕੀਤਾ ਹੈ। ਵਾਰ ਦਾ ਅੰਤਲਾ ਦੋਹਿਰਾ ਦੇਖੋ ਸਰਦਾਰ ਹਰੀ ਸਿੰਘ ਜੀ ਦੀ ਬਹਾਦਰੀ ਨੂੰ ਕਿਸ ਢੰਗ ਨਾਲ ਪ੍ਰਗਟ ਕਰਦਾ ਹੈ!

*ਹਰੀ ਸਿੰਘ ਮੁਖਨਾਮ ਕਹਿ ਜੋ ਬਾਂਧੇ ਤਲਵਾਰ।*
*ਤੀਨ ਲੋਕ ਜੀਤਤ ਫਿਰੈ, ਕੋਊ ਨ ਸਕ ਹੈ ਟਾਰ।*

ਰਾਜਿੰਦਰ ਦੇਵਾ ਲਾਇਬਰੇਰੀ ਪਟਿਆਲਾ ਵਿਚ ਮਹਾਰਾਜਾ ਅਮਰ ਸਿੰਘ ਜੀ ਦੀ ਵਾਰ ਦੀ ਲਿਖਤੀ ਕਾਪੀ ਪਈ ਹੈ। ਇਸ ਦਾ ਕਰਤਾ ਕੋਈ ਕੇਸ਼ਵ ਦਾਸ ਕਵੀ ਹੈ। ਜ਼ਬਾਨ ਪੰਜਾਬੀ ਨਹੀਂ ਪਰ ਹਾਲ ਸੁਹਣੇ ਹਨ। ਇਸ ਵਾਰ ਵਿਚ ਬੀਘਤਾਂ ਦੀ ਲੜਾਈ ਦਾ ਹਾਲ ਹੈ।

ਜਦ ਸ਼ਾਹਦਾਦ ਖਾਂ ਤੇ ਬਰਾੜਾਂ ਨੇ ਰਲ ਕੇ ਈਸੇ ਖਾਂ ਮੰਝ ਨੂੰ ਮਾਰਿਆ ਸੀ ਉਸ ਸਮੇਂ ਦੀ ਇਕ ਵਾਰ ਬਰਾੜਾਂ ਵਿਚ ਆਮ ਪ੍ਰਚੱਲਤ ਹੈ। ਬਰਾੜਾਂ, ਭੱਟੀਆਂ ਦੀਆਂ ਲੜਾਈਆਂ ਦੀਆਂ ਦੋ ਕੁ ਹੋਰ ਵਾਰਾਂ ਵੀ ਪ੍ਰਚਲਿਤ ਹਨ, ਜੋ ਜੰਗਲ ਦੀ ਪੰਜਾਬੀ ਦਾ ਸੋਹਣਾ ਨਮੂਨਾ ਹਨ।

੧੯੦੫ ਈ: ਦੀ ਗੱਲ ਹੈ ਕਿ ਮੈਂ ਗੁਜਰਾਤ ਦੀ ਰਣ-ਭੂਮੀ ਨੂੰ ਵੇਖਣ ਗਿਆ ਸਾਂ। ਉਸ ਸਮੇਂ ਮੈਨੂੰ ਕਈ ਆਦਮੀ ਮਿਲੇ ਸਨ ਜੋ ਖਾਲਸਾ ਜੀ ਦੇ ਹਰ ਇਕ ਮੋਰਚੇ ਦਾ ਪੂਰਾ ਪਤਾ ਦੱਸ ਸਕਦੇ ਸਨ। ਮੈਂ ਸਰਦਾਰ ਰਾਮ ਸਿੰਘ ਛਾਪੇ ਵਾਲੇ ਦੇ ਮੋਰਚੇ ਵੇਖ ਕੇ ਜਦ ਕਾਲਰੇ ਨੂੰ ਆਇਆ ਤਾਂ ਉਥੇ ਮੈਨੂੰ ਇਕ ਆਦਮੀ ਨੇ ਕੁਝ ਕੁ ਬੰਦ ਸੁਣਾਏ, ਜੋ ਹੂ-ਬ-ਹੂ ਉਹੋ ਹਾਲ ਸਨ, ਜੋ ਮੈਂ ਫਿਰ ਫਿਰ ਕੇ ਤੇ ਖੋਜ ਖੋਜ ਕੇ ਮਾਲੂਮ ਕੀਤੇ ਸਨ। ਉਸ ਨੇ ਮੈਨੂੰ ਦੱਸਿਆ ਕਿ ਸ਼ਾਹ ਮੁਹੰਮਦ ਨੇ ਬੜੇ ਸੰਖੇਪ ਹਾਲ ਲਿਖੇ ਹਨ। ਪਰ ਇਸ ਸ਼ਾਇਰ ਨੇ ਬੜੇ ਵਿਸਥਾਰ ਨਾਲ ਹਾਲ ਲਿਖੇ ਹਨ ਅਤੇ ਮੌਂਗ ਰਸੂਲ ਅਤੇ ਗੁਜਰਾਤ ਦੀਆਂ ਲੜਾਈਆਂ ਦੇ ਹਾਲ ਤਾਂ ਬਹੁਤ ਹੀ ਸੁਹਣੇ ਦਿੱਤੇ ਹਨ। ਮੈਨੂੰ ਉਸ ਨੇ ਗੁਜਰਾਤ ਦੀ ਲੜਾਈ ਦੇ ਕੁਝ ਕੁ ਬੰਦ ਸੁਣਾਏ ਸਨ ਤੇ ਦੱਸਿਆ ਸੀ ਕਿ ਇਹ ਸਾਰੇ ਹਾਲ ਅੱਜ-ਕਲ੍ਹ ਫਲਾਣੇ ਆਦਮੀ ਪਾਸ ਲਿਖੇ ਪਏ ਹਨ। ਮੈਂ ਉਸ ਦੀ ਸਰਸਰੀ ਜਿਹੀ ਭਾਲ ਕੀਤੀ, ਉਹ ਸਰਕਾਰੀ ਨੌਕਰ ਸੀ ਤੇ

SikhBookClub.com

ਸਰਕਾਰੀ ਨੌਕਰੀ ਉਤੇ ਕਿਧਰੇ ਦੂਰ ਗਿਆ ਹੋਇਆ ਸੀ। ਇਸ ਲਈ ਮੈਂ ਦੂਜੀ ਵਾਰੀ ਉਸ ਦੇ ਮਗਰ ਨਾ ਜਾ ਸਕਿਆ। ਪਰ ਜੇ ਭਾਲ ਕੀਤੀ ਜਾਵੇ ਤਾਂ ਇਹ ਹਾਲ ਵੀ ਮਿਲ ਸਕਦੇ ਸਨ।

ਇਸ ਤਰ੍ਹਾਂ ਹੋਰ ਵੀ ਕਈ ਵਾਰਾਂ ਤੇ ਕਵਿਤਾਵਾਂ ਹੋਣਗੀਆਂ, ਜਿਹਨਾਂ ਵਿਚ ਸਾਡੇ ਪੁਰਾਣੇ ਹਾਲ ਹੋਣਗੇ ਤੇ ਜਿਹਨਾਂ ਦੀ ਮੈਨੂੰ ਖਬਰ ਨਹੀਂ। ਇਸ ਪਾਸੇ ਵੱਲ ਮੈਂ ਕੋਈ ਖਾਸ ਧਿਆਨ ਵੀ ਨਹੀਂ ਦਿੱਤਾ ਸੀ, ਪਰ ਜੇਕਰ ਕੋਈ ਆਦਮੀ ਖੋਜ ਕਰੇ ਤਾਂ ਬਹੁਤ ਕੁਝ ਲੱਭ ਸਕਦਾ ਹੈ।

ਲਾਹੌਰ ਦਰਬਾਰ ਦੇ ਰੋਜ਼-ਨਾਮਚਿਆਂ ਵਿਚੋਂ ਸੁਆਦਲੇ ਤੇ ਚੁਣਵੇਂ ਸਮਾਚਾਰ ਲੁਧਿਆਣਾ ਅਖ਼ਬਾਰ ਵਿਚੋਂ ਉਸ ਸਮੇਂ ਦੀਆਂ ਖਬਰਾਂ ਅਤੇ ਬਿਰਧ ਬਾਬਿਆਂ ਦੇ ਨਿਹਾਇਤ ਦਰਦ ਭਰੇ ਬਿਆਨ ਇਸੇ ਭਾਗ ਵਿਚ ਕਿਸੇ ਹੋਰ ਥਾਂ ਅੱਗੇ ਛਾਪੇ ਗਏ ਹਨ।

SikhBookClub.com

# ੯

## ਵਾਰ ਸੰਧਾਂਵਾਲੀਆਂ[1]

ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਦਸ ਪੰਦਰਾਂ ਸਾਲ ਪਿੱਛੋਂ ਤਕ ਇਸ ਦੇਸ਼ ਵਿਚ ਵਾਰਾਂ ਸੁਣਨ ਦਾ ਆਮ ਰਿਵਾਜ ਸੀ। ਹਰ ਮੇਲੇ ਮੁਸਾਹਬੇ ਜਾਂ ਵਿਆਹ ਸ਼ਾਦੀ ਦੇ ਮੌਕੇ ਉਤੇ ਵਾਰਾਂ ਸੁਨਾਉਣ ਵਾਲੇ ਸੱਦੇ ਜਾਂਦੇ ਸਨ ਅਤੇ ਸਭ ਆਦਮੀ ਬੜੇ ਪ੍ਰੇਮ ਨਾਲ ਜੋਧਿਆਂ ਦੀਆਂ ਵਾਰਾਂ ਸੁਣਦੇ ਸਨ। ਅੱਜ-ਕਲ੍ਹ ਕਚਹਿਰੀਆਂ ਦਾ ਸਿਆਪਾ ਵਧ ਜਾਣ ਦੇ ਕਾਰਨ ਲੋਕਾਂ ਦੀ ਰੁਚੀ ਇਸ ਪਾਸੇ ਵੱਲੋਂ ਹਟ ਕੇ ਮੁਕੱਦਮੇ-ਬਾਜ਼ੀ ਵੱਲ ਆਮ ਹੋ ਗਈ ਹੈ। ਇਸ ਲਈ ਮਾਝੇ ਰਿਆੜਕੀ ਵਿਚੋਂ ਤਾਂ ਵਾਰਾਂ ਸੁਣਨ ਦਾ ਸ਼ੌਕ ਮੂਲੋਂ ਹੀ ਜਾਂਦਾ ਰਿਹਾ ਹੈ ਅਤੇ ਮਾਲਵੇ ਵਿਚ ਵੀ ਬਹੁਤ ਥੋਹੜਾ ਰਹਿ ਗਿਆ ਹੈ। ਹਾਂ, ਚੱਠਿਆਂ, ਭੱਟੀਆਂ, ਖਰਲਾਂ ਅਤੇ ਸਿਆਲਾਂ ਦੇ ਤਪਿਆਂ ਵਿਚ ਅਜੇ ਤੀਕ ਵਾਰਾਂ ਸੁਣਨ ਦਾ ਬਹੁਤ ਰਿਵਾਜ ਹੈ।

ਇਸ ਸ਼ੌਕ ਦੇ ਹਟ ਜਾਣ ਦਾ ਵੱਡਾ ਅਸਰ ਇਹੋ ਨਹੀਂ ਹੋਇਆ ਕਿ ਅੱਗੇ ਨੂੰ ਵਾਰਾਂ ਤੁਰਨੀਆਂ ਬੰਦ ਹੋ ਗਈਆਂ ਹਨ ਅਤੇ ਪਿਛਲੇ ਜੋਧਿਆਂ ਦੇ ਨਾਮ-ਨਿਸ਼ਾਨ ਮਿਟ ਚਲੇ ਹਨ, ਬਲਕਿ ਇਹਨਾਂ ਦੇ ਨਾਲ ਹੀ ਇਹ ਵੀ ਹੋਇਆ ਕਿ ਜੇ ਕਿਤੋਂ ਕੋਈ ਟਾਵੀਂ ਟਾਵੀਂ ਵਾਰ ਮਿਲ ਵੀ ਜਾਂਦੀ ਹੈ ਤਾਂ ਹਰ ਇਕ ਆਦਮੀ ਉਸ ਨੂੰ ਪੂਰੀ ਪੂਰੀ ਤਰ੍ਹਾਂ ਸਮਝ ਨਹੀਂ ਸਕਦਾ। **ਸਮਕਾਲੀ ਤੁਰੀਆਂ ਵਾਰਾਂ ਵਿਚ ਸਦਾ ਹੀ ਐਸੀਆਂ ਸੈਨਤਾਂ ਹੁੰਦੀਆਂ ਹਨ, ਜਿਹਨਾਂ ਨੂੰ ਉਸ ਸਮੇਂ ਦੇ ਆਦਮੀ ਹੀ ਸਮਝ ਸਕਦੇ ਹਨ ਜਾਂ ਉਹ ਆਦਮੀ ਸਮਝ ਸਕਦੇ ਹਨ, ਜਿਹਨਾਂ ਦਾ ਪੇਸ਼ਾ ਵਾਰਾਂ ਸੁਨਾਉਣਾ ਹੈ ਅਤੇ ਉਹ ਆਪਣੇ ਵੱਡਿਆਂ ਤੋਂ ਉਹਨਾਂ ਸੈਨਤਾਂ ਦੇ ਭਾਵ ਸੁਣਦੇ ਚਲੇ ਆਏ ਹਨ।**

ਇਸ ਘਾਟੇ ਦੇ ਕਾਰਨ ਅੱਜ-ਕਲ੍ਹ ਵਾਰਾਂ ਨਹੀਂ ਮਿਲਦੀਆਂ ਅਤੇ ਜੋ ਮਿਲਦੀਆਂ ਹਨ ਉਹ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀਆਂ। 'ਸੰਧਾਵਾਲੀਆਂ ਦੀ ਵਾਰ' ਇਤਫਾਕ ਨਾਲ ਇਕ ਤੁਰਦੇ-ਫਿਰਦੇ ਰਾਹੀ ਪਾਸੋਂ ਤਰਨ ਤਾਰਨ ਦੇ ਇਕ ਆਦਮੀ ਨੂੰ ਮਿਲ ਗਈ ਸੀ ਜਿਸ ਪਾਸੋਂ ਸਾਡੇ ਹੱਥ ਲੱਗੀ ਪਰ ਸੈਨਤਾਂ ਸਮਝਣ ਦੀ ਮੁਸ਼ਕਲ ਹੱਲ ਨਾ ਹੀ ਹੋ ਸਕੀ, ਕਿਉਂਕਿ ਵਾਰ ਦਾ ਦਾਤਾ ਰਾਹੀ ਵੀ ਤਾਂ ਕੋਈ ਵਾਰਾਂ ਸੁਨਾਉਣ ਵਾਲਾ

---

*੧ ਰਸਾਲਾ ਫੁਲਵਾੜੀ, ਅਗਸਤ ੧੯੩੪ ਈਸਵੀ ਪੰਨਾ ੭੩੭, ਸ੍ਰ: ਰਣਬੀਰ ਸਿੰਘ ਸਪੁੱਤਰ ਸ੍ਰ: ਕਰਮ ਸਿੰਘ ਨੇ ਭੇਜੀ।*

SikhBookClub.com

ਨਹੀਂ ਸੀ। ਉਸ ਨੇ ਇਹ ਵਾਰ ਕਿਸੇ ਢਾਡੀ ਪਾਸੋਂ ਆਪਣੇ ਸ਼ੌਕ ਲਈ ਹੀ ਕੰਠ ਕਰ ਛੱਡੀ ਸੀ। ਪਾਠਕ ਪੜ੍ਹਦੇ-ਪੜ੍ਹਦੇ ਦੇਖ ਹੀ ਲੈਣਗੇ ਕਿ ਰਾਜਸੀ ਗੱਲਾਂ ਦਾ ਜ਼ਿਕਰ ਕਰਦਾ ਕਰਦਾ ਵਾਰ ਦਾ ਕਰਤਾ ਏਕਾ ਏਕ ਹੀ ਪੰਦਰਾਂ ਨੰਬਰ ਪਉੜੀ ਵਿਚ ਹੋਰ ਪਾਸੇ ਵੱਲ ਤੁਰ ਪਿਆ ਹੈ ਅਤੇ ਫਿਰ ਏਕਾ ਏਕ ਹੀ ਰਾਜਸੀ ਗੱਲਾਂ ਵੱਲ ਆ ਰੁੱਝਾ ਹੈ।

ਇਸ ਵਾਰ ਦਾ ਕਰਤਾ ਕੋਈ 'ਜੋਧਾ' ਨਾਮ ਮੁਸਲਮਾਨ ਸਖੀ ਸਰਵਰ ਦਾ ਮੁਰੀਦ ਜਾਪਦਾ ਹੈ। ਵਾਰ ਦੇ ਢੰਗ ਤੋਂ ਐਸਾ ਮਾਲੂਮ ਹੁੰਦਾ ਹੈ ਕਿ ਇਹ ਜਾਤ ਦਾ ਭਰਾਈ ਹੀ ਹੋਵੇਗਾ। ਹਾਲ ਅਸਲੋਂ ਅਸਲ ਸੱਚੇ ਹਨ, ਪਰ ਕਿਤੇ ਕਿਤੇ ਭੁੱਲ ਵੀ ਹੈ। ਪਉੜੀ ਨੰ: ੩ ਹੀਰਾ ਸਿੰਘ ਦੇ ਵੇਲੇ ਹੋਈ ਹੈ, ਪਰ ਇਥੇ ਮਹਾਰਾਜਾ ਸ਼ੇਰ ਸਿੰਘ ਦੇ ਵੇਲੇ ਹੋਈ ਦੱਸੀ ਹੈ।

ਬਹੁਤ ਥਾਈਂ ਸਮਕਾਲੀ ਘਟਨਾਵਾਂ ਵੱਲ ਕੇਵਲ ਸੈਨਤਾਂ ਹੀ ਕੀਤੀਆਂ ਹਨ, ਜੋ ਲਗਦੀ ਵਾਹ ਅਸੀਂ ਖੋਲ੍ਹ ਕੇ ਦੱਸੀ ਜਾਵਾਂਗੇ। ਐਸਾ ਮਾਲੂਮ ਹੁੰਦਾ ਹੈ ਕਿ ਇਹ ਵਾਰ ਰਾਜਾ ਹੀਰਾ ਸਿੰਘ ਦੇ ਮਰਨ ਤੇ ਸਤਲੁਜ ਦੀਆਂ ਲੜਾਈਆਂ ਦੇ ਵਿਚ ਵਿਚਾਲੇ ਹੀ ਬਣਾਈ ਗਈ ਹੈ।

ਪਹਿਲੀ ਪਉੜੀ ਵਿਚ ਜੋਧਾ ਭਰਾਈ ਨਗਾਹੇ ਵਾਲੇ ਦੀ ਹੀ ਅਰਾਧਨਾ ਕਰਦਾ ਹੈ :-

*ਧੰਨ ਨਿਗਾਹੇ ਵਾਲਿਆ, ਸਖੀਆ ਸੁਲਤਾਨਾ।*
*ਸੰਤਾਂ ਸੇਵਿਆ ਤੁਧ ਨੂੰ, ਸੇਵੇ ਜਹਾਨਾ।*
*ਸੇਵੇ ਸਾਰੀ ਪ੍ਰਿਥਵੀ, ਹਿੰਦੂ ਮੁਸਲਮਾਨਾਂ।*
*'ਹੀਰੇ' ਬੈਠ ਚਿਤਾਰਿਆ, ਕਰ ਅਕਲ ਧਿਆਨਾਂ।*
*ਖਾਬੇ ਕੰਕੀਂ ਬਖਸ਼ੀਆ, ਸਖੀਆ ਸੁਲਤਾਨਾ।*
*ਸਾਰੇ ਧੋਹੀਆਂ ਤੇਰੀਆਂ ਦਿੱਲੀ ਮੁਲਤਾਨਾ।*
*ਕਾਬਲ ਦੇਸ ਕੰਧਾਰ ਵਿਚ, ਸਭ ਮੁਗਲ ਪਠਾਣਾ।*
*ਆਸ ਪੁਜਾਵੇਂ ਜੁਮਲ ਦੀ, ਸਰਵਰ ਸੁਲਤਾਨਾ।*

ਨੋਟ:- ਚੌਥੀ ਸਤਰ ਦੇ 'ਹੀਰੇ' ਪਦ ਤੋਂ ਹੀ ਅਨੁਮਾਨ ਕਰੀਦਾ ਹੈ ਕਿ ਜੋਧਾ ਜ਼ਾਤ ਦਾ ਭਰਾਈ ਹੋਵੇਗਾ। ਪੰਜਵੀਂ ਸਤਰ ਦਾ ਕੁਝ ਪਤਾ ਨਹੀਂ ਲੱਗਾ। ਅੱਠਵੀਂ ਸਤਰ ਵਿਚ 'ਜੁਮਲ' ਪਦ 'ਜੁਮਲਾ' ਦਾ ਵਿਗਾੜ ਹੈ ਜਿਸ ਦੇ ਅਰਥ 'ਸਭਸ' 'ਸਮੂਹ' ਜਾਂ 'ਸਾਰਿਆਂ' ਦੇ ਹਨ। ਇਹ ਪਦ ਮੁਸਲਮਾਨ ਆਪਣੀ ਕਵਿਤਾ ਵਿਚ ਆਮ ਵਰਤਦੇ ਹਨ।

SikhBookClub.com

ਮਾਲਕ ਹੋਇਆ ਸ਼ੇਰ ਸਿੰਘ, ਦਿੱਤਾ ਹੁਕਮ ਜਵਾਲਾ[੨]।
ਬੰਨ੍ਹ, ਬੰਨ੍ਹ ਲੁੱਟੇ ਸੂਬਿਆਂ, ਕਰ ਬੁਰਾ ਹਵਾਲਾ।
ਨੱਠੇ ਸੰਧਾਂ ਵਾਲੀਏ, ਲੈ ਦੇਸ ਨਿਕਾਲਾ।
ਦਾਣਾ ਪਾਣੀ ਚੁਕਿਆ, ਕੌਣ ਮੋੜਨ ਵਾਲਾ।
ਉਹ ਤਾਂ ਲੰਘ ਗਏ ਪਾਰ ਨੂੰ, ਲੈ ਜਾਣ ਸੁਬਾਲਾ[੩] ॥੨॥

ਨੋਟ:- ਦੂਜੀ ਸਤਰ ਵਿਚ ਜੋ ਸੂਬਿਆਂ ਨੂੰ ਬੰਨ੍ਹ ਬੰਨ੍ਹ ਕੇ ਲੁੱਟਣਾ ਦੱਸਿਆ ਹੈ, ਇਹ ਗਲਤ ਹੈ, ਕਿਉਂਕਿ ਅੱਜ ਤੀਕ ਇਹ ਗੱਲ ਸਾਬਤ ਨਹੀਂ ਹੋ ਸਕੀ ਕਿ ਮਹਾਰਾਜਾ ਸ਼ੇਰ ਸਿੰਘ ਨੇ ਕਿਸੇ ਸੂਬੇ ਨੂੰ ਲੁੱਟਿਆ ਹੈ। ਸੰਧਾਂਵਾਲੀਆਂ ਦੇ ਨੱਠ ਜਾਣ ਦਾ ਹਾਲ ਖੋਲ੍ਹ ਕੇ ਨਹੀਂ ਦਿੱਤਾ। ਚੂੰਕਿ ਇਹ ਲਾਹੌਰ ਦੇ ਦਰਬਾਰ ਦੀਆਂ ਦਿੱਤੀਆਂ ਵੱਡੀਆਂ ਵੱਡੀਆਂ ਦੋ ਘਟਨਾਵਾਂ ਵਿਚੋਂ ਇਕ ਹੈ, ਇਸ ਲਈ ਅਸੀਂ ਇਸ ਨੂੰ ਜ਼ਰਾ ਵਿਸਥਾਰ ਨਾਲ ਦੱਸਦੇ ਹਾਂ।

ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਜਦ ਮਹਾਰਾਜਾ ਖੜਕ ਸਿੰਘ ਜੀ ਗੱਦੀ ਉਤੇ ਬੈਠੇ ਤਾਂ ਉਹਨਾਂ ਦੇ ਨਾਲ ਹੀ ਉਹਨਾਂ ਦੇ ਮੁਸਾਹਿਬ ਵੀ ਆਏ। ਮਹਾਰਾਜਾ ਖੜਕ ਸਿੰਘ ਜੀ ਦਾ ਦਿਲੀ ਦੋਸਤ ਚੇਤ ਸਿੰਘ ਸਰਦਾਰ ਸੀ, ਜਿਸ ਨੇ ਆਉਂਦਿਆਂ ਹੀ ਡੋਗਰਿਆਂ ਦੀ ਅਲਖ ਮੁਕਾਉਣੀ ਚਾਹੀ। ਇਹ ਗੱਲ ਤਾੜ ਕੇ ਧਿਆਨ ਸਿੰਘ ਨੇ ਆਪਣੇ ਭਰਾ ਗੁਲਾਬ ਸਿੰਘ ਨੂੰ ਪਿਸ਼ਾਵਰੋਂ ਬੁਲਵਾ ਘੱਲਿਆ, ਜੋ ਆਪਣੇ ਨਾਲ ਕੌਰ ਨੌਨਿਹਾਲ ਸਿੰਘ ਨੂੰ ਲਈ ਆਇਆ ਅਤੇ ਆਉਂਦਿਆਂ ਹੀ ਡੋਗਰਿਆਂ ਨੇ ਐਸੀ ਚਾਲ ਖੇਡੀ ਕਿ ਕੌਰ ਨੂੰ ਆਪਣੇ ਹੱਥ ਵਿਚ ਕਰ ਕੇ ਚੇਤ ਸਿੰਘ ਨੂੰ ਮਾਰ ਦਿੱਤਾ ਅਤੇ ਮਹਾਰਾਜਾ ਖੜਕ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ।

ਜਦ ਕੌਰ ਨੇ ਵਾਗਾਂ ਹੱਥ ਵਿਚ ਲਈਆਂ ਤਾਂ ਉਸ ਦੇ ਮੁਸਾਹਿਬ ਵੀ ਉਸ ਦੇ ਨਾਲ ਆਏ, ਇਸ ਲਈ ਕੌਰ ਤੇ ਡੋਗਰਿਆਂ ਵਿਚ ਵੀ ਖਟਪਟੀ ਹੋ ਪਈ। ਕੌਰ ਉਮਰ ਦਾ ਤਾਂ ਛੋਟਾ ਪਰ ਅਕਲ ਦਾ ਬੁੱਢਾ ਸੀ। ਜੰਮੂ ਦੇ ਸਿਰ ਉਤੇ ਫੌਜ ਰੱਖਣ ਦੇ ਬਹਾਨੇ ਵਿਨਤੂਰਾ ਸਾਹਿਬ ਫਰਾਂਸੀਸੀ ਨੂੰ ਬਹੁਤ ਸਾਰੀ ਫੌਜ ਦੇ ਕੇ ਹੁਕਮ ਕੀਤਾ ਕਿ ਮੰਡੀ ਦੇਸ਼ ਦਾ ਪ੍ਰਸਿੱਧ ਕਿਲ੍ਹਾ ਕਮਲਾਗੜ੍ਹ ਸਰ ਕਰੇ। ਰਾਜੇ ਧਿਆਨ ਸਿੰਘ ਨੇ ਬਥੇਰੀਆਂ ਚੂਲਾਂ ਮਾਰੀਆਂ, ਪਰ ਸ਼ਾਹੀ ਹੁਕਮ ਦੇ ਸਾਹਮਣੇ ਕੋਈ ਪੇਸ਼ ਨਾ ਗਈ।

ਅੰਤ ਸਿੱਟਾ ਇਹ ਨਿਕਲਿਆ ਕਿ ਡੋਗਰਿਆਂ ਦੀ ਚਾਲ ਨੇ ਪਿਤਾ ਪੁੱਤਰ ਦੋਹਾਂ ਨੂੰ ਇਕ ਦਿਨ ਵਿਚ ਹੀ ਪਾਰ ਬੁਲਾ ਦਿੱਤਾ ਅਤੇ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ

੨ ਦੇਵੀ।

੩ ਸੁਬਾਲਾ ?-ਬਾਲਾ-ਉੱਚਾ ਪਰ ਮੁਹਾਵਰੇ ਵਿਚ ਲਾਂਭੇ ਲਾਂਭੇ ਦੇ ਅਰਥਾਂ ਵਿਚ ਭੀ ਆਉਂਦਾ ਹੈ, ਜੋ! :- 'ਉਹ ਬਾਲਾ ਬਾਲਾ ਹੀ ਖਿਸਕ ਗਿਆ।'

SikhBookClub.com

ਤਖ਼ਤ ਦੇਣ ਦਾ ਭਰੋਸਾ ਦੇ ਕੇ ਮੁਕੇਰੀਆਂ ਤੋਂ ਸਦਵਾ ਲਿਆ। ਬਸ, ਇਸ ਸਮੇਂ ਤੋਂ ਸੰਧਾਂਵਾਲੀਆਂ ਤੇ ਡੋਗਰਿਆਂ ਦੀ ਖੁੱਲ੍ਹੀ ਖਹਿ-ਮਖਹਿ ਸ਼ੁਰੂ ਹੋ ਗਈ।

ਇਹ ਦੱਸਣ ਦੀ ਲੋੜ ਨਹੀਂ ਕਿ ਸੰਧਾਂਵਾਲੀਏ ਮਹਾਰਾਜਾ ਰਣਜੀਤ ਸਿੰਘ ਦੇ ਭਰਾ ਭਾਈ ਹੀ ਸਨ, ਇਸ ਲਈ ਇਹ ਕੁਦਰਤੀ ਗੱਲ ਸੀ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਦੀ ਹੀ ਰਈ ਕਰਦੇ। ਰਾਜਾ ਧਿਆਨ ਸਿੰਘ ਇਹ ਚਾਹੁੰਦਾ ਸੀ ਕਿ ਜਿਹੜਾ ਗੱਦੀ ਉਤੇ ਬੈਠੇ ਉਹ ਮੇਰਾ ਅਨੁਸਾਰੀ ਹੋ ਕੇ ਰਹੇ। ਇਹ ਗੱਲ ਸੰਧਾਂਵਾਲੀਆਂ ਨੂੰ ਵਿਹੁ ਭਾਸਦੀ ਸੀ, ਕਿਉਂਕਿ ਸਾਰੀ ਸ਼ਾਹੀ ਵਿਚ ਉਹਨਾਂ ਦਾ ਬਹੁਤ ਸਾਰਾ ਹਿੱਸਾ ਸੀ ਅਤੇ ਇਸ ਦੇ ਹਾਸਲ ਕਰਨ ਵਿਚ ਉਹਨਾਂ ਦੇ ਵੱਡਿਆਂ ਨੇ ਦਿਲ ਖੋਲ੍ਹ ਕੇ ਤਲਵਾਰਾਂ ਮਾਰੀਆਂ ਸਨ। ਪਰ ਜਮਵਾਲ[੪] ਬੜੇ ਚਲਾਕ ਸਨ। ਉਹਨਾਂ ਨੇ ਆਪਣੇ ਦੋ ਹਿੱਸੇ ਕਰ ਲਏ ਅਤੇ ਦੋਹਾਂ ਭਾਗਾਂ ਉਤੇ ਹੋ ਬੈਠੇ। ਸੰਧਾਂਵਾਲੀਏ ਚਾਹੁੰਦੇ ਸਨ ਕਿ ਕੌਰ ਸਾਹਿਬ ਦੇ ਘਰੋਂ ਉਮੇਦਵਾਰੀ ਹੈ, ਉਤਨਾ ਚਿਰ ਉਡੀਕ ਕੀਤੀ ਜਾਵੇ ਅਤੇ ਇਸ ਤੋਂ ਮਗਰੋਂ ਜੇ ਪੁੱਤਰ ਨਾ ਹੋਵੇ, ਤਦ ਮਹਾਰਾਣੀ ਚੰਦ ਕੌਰ ਹੀ ਲਾਹੌਰ ਦੀ ਮਹਾਰਾਣੀ ਬਣੇ। ਰਾਜਾ ਧਿਆਨ ਸਿੰਘ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ ਤਖ਼ਤ ਦਿਵਾਉਣਾ ਚਾਹੁੰਦਾ ਸੀ, ਕਿਉਂਕਿ ਉਹ ਇਸ ਦਾ ਅਨੁਸਾਰੀ ਹੋ ਕੇ ਤੁਰਨ ਨੂੰ ਤਿਆਰ ਸੀ। ਇਸ ਸਮੇਂ ਡੋਗਰੇ ਦਿਖਾਵੇ ਮਾਤਰ ਪਾਟੇ ਅਤੇ ਦੋਵੇਂ ਰਸਤੇ ਮੱਲ ਬੈਠੇ। ਰਾਜਾ ਧਿਆਨ ਸਿੰਘ ਅਤੇ ਸੁਚੇਤ ਸਿੰਘ ਨੇ ਤਾਂ ਸ਼ਹਿਜ਼ਾਦੇ ਸ਼ੇਰ ਸਿੰਘ ਦਾ ਸਾਥ ਦਿੱਤਾ ਅਤੇ ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਦਾ ਪੁੱਤਰ ਹੀਰਾ ਸਿੰਘ ਰਾਣੀ ਚੰਦ ਕੌਰ ਵੱਲ ਹੋ ਗਏ। ਜਮੇਂਦਾਰ ਖੁਸ਼ਹਾਲ ਸਿੰਘ, ਭਾਈ ਰਾਮ ਸਿੰਘ ਅਤੇ ਹੋਰ ਕਈ ਸਰਦਾਰ ਰਾਜਾ ਧਿਆਨ ਸਿੰਘ ਦੇ ਉਲਟ ਸਨ, ਇਸ ਲਈ ਸਭ ਦੀ ਸਲਾਹ ਨਾਲ ਇਹ ਗੱਲ ਪੱਕੀ ਹੋਈ ਕਿ ਚੰਦ ਕੌਰ ਤਖ਼ਤ ਦੀ ਮਾਲਕ ਰਹੇ ਅਤੇ ਰਾਜ-ਪ੍ਰਬੰਧ ਦਾ ਕੰਮ ਚਾਰ ਸਰਦਾਰਾਂ ਦੀ ਕਮੇਟੀ ਕਰੇ ਜਿਸ ਵਿਚ ਸ੍ਰ: ਅਤਰ ਸਿੰਘ ਸੰਧਾਂਵਾਲੀਆ, ਜਮੇਦਾਰ ਖੁਸ਼ਹਾਲ ਸਿੰਘ, ਸ੍ਰ: ਲਹਿਣਾ ਸਿੰਘ ਮਜੀਠੀਆ ਅਤੇ ਰਾਜਾ ਧਿਆਨ ਸਿੰਘ ਸ਼ਾਮਲ ਹੋਣ। ਇਸ ਤਰ੍ਹਾਂ ਦਿਖਾਵੇ ਮਾਤਰ ਸੰਧਾਂਵਾਲੀਆ ਦੀ ਕੁਝ ਸਮੇਂ ਲਈ ਜਿੱਤ ਹੋ ਗਈ।

ਰਾਜਾ ਧਿਆਨ ਸਿੰਘ ਨਿਕੰਮਾ ਬੈਠ ਰਹਿਣ ਵਾਲੀ ਜੜ੍ਹੀ ਨਹੀਂ ਸੀ; ਵਿਚੋਂ-ਵਿਚ ਸਭ ਫੌਜਾਂ ਨੂੰ ਆਪਣੀ ਵੱਲ ਕਰ ਲਿਆ ਅਤੇ ਲੋਹੜੀ ਮਾਘੀ ਦੇ ਵੇਖਣ ਦਾ ਬਹਾਨਾ ਕਰ ਕੇ ਜੰਮੂ ਨੂੰ ਤੁਰ ਪਿਆ। ਛੜੀਏ ਤਾਂ ਪਿੱਛੇ ਛੱਡੇ ਹੋਏ ਹੀ ਸਨ। ਉਹਨਾਂ ਨੇ ਸਭ ਕੁਝ ਠੀਕ ਕਰ ਕੇ ਸ਼ਹਿਜ਼ਾਦੇ ਸ਼ੇਰ ਸਿੰਘ ਨੂੰ ਮੁਕੇਰੀਆਂ ਤੋਂ ਸਦਵਾ ਲਿਆ ਅਤੇ ਜਦ ਸ਼ਹਿਜ਼ਾਦਾ ਬੁੱਧੂ ਦੇ ਆਵੇ ਉਤੇ ਆਇਆ ਤਾਂ ਸਭ ਫੌਜਾਂ ਉਸ ਨਾਲ ਜਾ ਰਲੀਆਂ।

੪ ਜੰਮੂ ਦੇ ਡੋਗਰੇ ਧਿਆਨ ਸਿੰਘ ਆਦਿਕ।

SikhBookClub.com

ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਗੱਲ ਦੀ ਕਿਸੇ ਨੂੰ ਖਬਰ ਹੀ ਨਹੀਂ ਸੀ। ਸੰਧਾਂਵਾਲੀਏ, ਭਾਈਕਿਆਂ ਅਤੇ ਜਮੇਦਾਰਕਿਆਂ ਦਾ ਡੋਗਰਿਆਂ ਨਾਲ ਸਿਰ ਵੱਢਵਾਂ ਵੈਰ ਸੀ ਅਤੇ ਉਹ ਇਸ ਚਾਲ ਨੂੰ ਆਪਣੀ ਅੱਖੀਂ ਵੇਖ ਰਹੇ ਸਨ, ਪਰ ਕਰ ਕੁਝ ਨਹੀਂ ਸਕਦੇ ਸਨ। ਤਿੰਨ ਮਾਘ ਤੇ ਸੰਮਤ ੧੮੯੭ (ਜਨਵਰੀ ੧੮੪੧) ਨੂੰ ਸਵੇਰ ਵੇਲੇ ਸਰਦਾਰ ਅਤਰ ਸਿੰਘ ਸੰਧਾਂਵਾਲੀਆ ਤੇ ਸਰਦਾਰ ਅਜੀਤ ਸਿੰਘ ਸੰਧਾਂਵਾਲੀਆ ਭਾਈ ਕੀ ਧਰਮਸਾਲਾ ਵਿਚ ਭਾਈ ਰਾਮ ਸਿੰਘ ਤੇ ਗੋਬਿੰਦ ਰਾਮ ਜੀ ਨਾਲ ਇਸੇ ਗੱਲ ਦੀ ਸਲਾਹ ਕਰ ਰਹੇ ਸਨ ਕਿ ਕੀ ਕੀਤਾ ਜਾਵੇ, ਪਰ ਜਦ ਕੁਝ ਬਣਦਾ ਨਾ ਦਿੱਸਿਆ ਤਾਂ ਸਰਦਾਰ ਅਜੀਤ ਸਿੰਘ ਸਭ ਮਾਲ ਮਤਾਹ ਲੈ ਕੇ ਰਾਜਾ ਸਾਂਸੀ ਨੂੰ ਵਗ ਗਿਆ। ਅਜੇ ਅਟਾਰੀ ਪਾਸ ਪੁਲ ਕੰਜਰੀ ਉਤੇ ਪੁੱਜਾ ਹੀ ਸੀ ਕਿ ਅੱਗੋਂ ਸ਼ਾਹਜ਼ਾਦਾ ਸ਼ੇਰ ਸਿੰਘ ਵੀ ਮਿਲ ਪਿਆ, ਜਿਸ ਨੇ ਪੁੱਛਿਆ ਕਿ ਕਿਧਰੇ ਜਾਂਦੇ ਹੋ ?

ਅਜੀਤ ਸਿੰਘ ਨੇ ਉੱਤਰ ਦਿੱਤਾ ਕਿ ਭਾਈਆ ਜੀ ! ਰਾਜਾ ਸਾਂਹਸੀ ਨੂੰ ਜਾਂਦਾ ਹਾਂ। ਸ਼ਹਿਜ਼ਾਦਾ ਇਤਨਾ ਕਹਿੰਦਾ ਹੀ ਕਿ ਛੇਤੀ ਨਾਲ ਮੁੜ ਕੇ ਆਉਣਾ, ਲਾਹੌਰ ਵੱਲ ਵਗਿਆ ਅਤੇ ਅਜੀਤ ਸਿੰਘ ਪਿੰਡ ਅੱਪੜਦਾ ਹੀ ਭੱਜਣ ਦੇ ਆਹਰ ਪਾਹਰ ਵਿਚ ਹੋਇਆ। ਸਭ ਮਾਲ ਲੈ ਕੇ ਅੰਮ੍ਰਿਤਸਰ ਆਇਆ ਅਤੇ ਇਥੋਂ ਹੁੰਡੀਆਂ ਲੈ ਕੇ ਸਤਲੁਜ ਪਾਰ ਲੁਧਿਆਣੇ ਜਾ ਵੜਿਆ।

ਅਜੀਤ ਸਿੰਘ ਤਾਂ ਗਿਆ, ਪਰ ਸਰਦਾਰ ਅਤਰ ਸਿੰਘ ਅਜੇ ਲਾਹੌਰ ਹੀ ਸੀ। ਜਦ ਫੌਜਾਂ ਨੇ ਕਿਲ੍ਹਾ ਘੇਰਿਆ ਤਾਂ ਅਖੀਰ ਦਮ ਤੀਕ ਲੜਦਾ ਰਿਹਾ, ਪਰ ਇਕੱਲਾ ਕਰ ਕੀ ਸਕਦਾ ਸੀ। ਡੋਗਰਿਆਂ ਦੀ ਚਾਲ ਆਪਣਾ ਕੰਮ ਕਰ ਗਈ ਸੀ। ਰਾਜਾ ਗੁਲਾਬ ਸਿੰਘ ਅਤੇ ਹੀਰਾ ਸਿੰਘ ਨੇ ਜਦ ਵੇਖਿਆ ਕਿ ਰਾਜਾ ਧਿਆਨ ਸਿੰਘ ਤੋਂ ਬਿਨਾਂ ਹੀ ਸ਼ਾਹਜ਼ਾਦਾ ਕਿਲ੍ਹਾ ਲੈ ਲੈਣ ਲੱਗਾ ਹੈ ਤਾਂ ਉਹ ਦਿਲ ਤੋੜ ਕੇ ਲੜੇ ਅਤੇ ਰਾਣੀ ਚੰਦ ਕੌਰ ਨੂੰ ਐਸਾ ਹੱਥਾਂ ਉਤੇ ਪਾਇਆ ਕਿ ਉਸ ਨੂੰ ਡੋਗਰਿਆਂ ਤੋਂ ਬਿਨਾਂ ਕੋਈ ਵੀ ਮਿੱਤਰ ਨਾ ਜਾਪੇ। ਰਾਜਾ ਧਿਆਨ ਸਿੰਘ ਵੀ ਤੜਕੇ ਬਹੁੜ ਪਿਆ ਅਤੇ ਆਉਂਦਿਆਂ ਹੀ ਲੜਾਈ ਰੋਕ ਦਿੱਤੀ। ਫੈਸਲਾ ਇਹ ਕੀਤਾ ਕਿ ਤਖ਼ਤ ਦਾ ਮਾਲਕ ਸ਼ਾਹਜ਼ਾਦਾ ਸ਼ੇਰ ਸਿੰਘ ਹੋਵੇ ਅਤੇ ਚੁਣਵੇਂ ਪਹਾੜੀ ਇਲਾਕੇ ਰਾਣੀ ਚੰਦ ਕੌਰ ਨੂੰ ਜਗੀਰ ਵਿਚ ਦਿੱਤੇ ਜਾਣ, ਜਿਹਨਾਂ ਦਾ ਪ੍ਰਬੰਧ ਰਾਜਾ ਗੁਲਾਬ ਸਿੰਘ ਕਰੇ। ਇਸ ਤਰ੍ਹਾਂ ਕਈ ਲੱਖ ਦਾ ਇਲਾਕਾ ਮਾਰ ਅਤੇ ਕਿਲ੍ਹੇ ਵਿਚੋਂ ਨਿਕਲਣ ਲੱਗਿਆਂ ਸਾਰਾ ਖਜ਼ਾਨਾ ਆਪਣੇ ਹਾਥੀਆਂ ਉਤੇ ਲੱਦ ਕੇ ਡੋਗਰਿਆਂ ਦੀ ਇਕ ਪਾਰਟੀ ਤਾਂ ਜੰਮੂ ਨੂੰ ਗਈ ਅਤੇ ਦੂਜੀ ਪਾਰਟੀ ਲਾਹੌਰ ਵਿਚ ਰਹੀ।

ਸਾਫ ਸਿੱਧ ਹੈ ਕਿ ਸੰਧਾਂਵਾਲੀਆ ਦੇ ਹੱਥ ਕੁਝ ਵੀ ਨਾ ਰਿਹਾ। ਅਜੀਤ ਸਿੰਘ ਤਾਂ ਭੱਜ ਹੀ ਗਿਆ ਸੀ, ਪਰ ਸਰਦਾਰ ਅਤਰ ਸਿੰਘ ਅਜੇ ਲਾਹੌਰ ਹੀ ਸੀ। ਦਸ

SikhBookClub.com

ਮਾਘ ਨੂੰ ਬਸੰਤ ਪੰਚਮੀ ਵਾਲੇ ਦਿਨ ਮਹਾਰਾਜਾ ਤਖਤ ਉਤੇ ਬੈਠਾ ਅਤੇ ਸਭ ਸਰਦਾਰਾਂ ਨੇ ਨਜ਼ਰਾਂ ਪੇਸ਼ ਕੀਤੀਆਂ। ਇਹਨਾਂ ਸਰਦਾਰਾਂ ਵਿਚ ਸਰਦਾਰ ਅਤਰ ਸਿੰਘ ਵੀ ਸੀ। ਭਾਵੇਂ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਡੋਗਰੇ ਮੈਨੂੰ ਨਹੀਂ ਛੱਡਣਗੇ, ਪਰ ਫੇਰ ਵੀ ਦਿਲ ਕਰੜਾ ਕਰ ਕੇ ਸਮੇਂ ਦੀ ਚਾਲ ਨੂੰ ਵੇਖ ਰਿਹਾ ਸੀ।

ਰਾਜਾ ਧਿਆਨ ਸਿੰਘ ਵੀ ਸਮਝਦਾ ਸੀ ਕਿ ਜਦ ਤੀਕ ਕੌਰ ਨੌਨਿਹਾਲ ਸਿੰਘ ਦਿਆਂ ਮਹਿਲਾਂ ਵਿਚੋਂ ਕਿਸੇ ਨੂੰ ਉਮੈਦਵਾਰੀ ਦੀ ਉਮੀਦ ਹੈ, ਉਤਨਾ ਚਿਰ ਮੇਰੇ ਪੈਰ ਪੱਕੇ ਨਹੀਂ ਅਤੇ ਸੰਧਾਂਵਾਲੀਏ ਵੀ ਉਤਨਾ ਚਿਰ ਤਕੜੇ ਹਨ। ਇਸ ਲਈ ਉਸ ਦੀ ਪਾਪੀ ਆਤਮਾ ਨੇ ਇਕ ਹੋਰ ਪਾਪ ਕਰਨ ਲਈ ਉਸ ਨੂੰ ਉਕਸਾਇਆ। ਕੌਰ ਜੀ ਦੇ ਮਹਿਲਾਂ ਨੂੰ ਜ਼ੋਰੋ-ਜ਼ੋਰੀ ਐਸੀਆਂ ਦਵਾਈਆਂ ਪਿਲਾਈਆਂ ਜਿਨ੍ਹਾਂ ਨਾਲ ਗਰਭ ਗਿਰ ਜਾਵੇ ਅਤੇ ਅਖੀਰ ਵਿਚ ਇਹ ਕੀਤਾ ਕਿ ਉਹਨਾਂ ਦੇ ਮਹਿਲਾਂ ਵਿਚੋਂ ਇਕ ਕਸ਼ਮੀਰਨ ਨੂੰ ਆਪਣੀ ਵੱਲ ਕਰ ਕੇ ਸਭ ਗੱਲ ਸਮਝਾ ਦਿੱਤੀ ਅਤੇ ਫੌਜ ਦੇ ਸਭ ਅਫਸਰਾਂ ਦਰਬਾਰ ਦੇ ਸਰਦਾਰਾਂ ਅਤੇ ਸ਼ਹਿਰ ਦੇ ਵੱਡੇ ਵੱਡੇ ਲੋਕਾਂ ਤੇ ਸਾਧਾਂ ਸੰਤਾਂ ਨੂੰ ਦਰਬਾਰ ਵਿਚ ਸੱਦ ਕੇ, ਸਭ ਦੇ ਸਾਹਮਣੇ ਉਸ ਕਸ਼ਮੀਰਨ ਨੂੰ ਸੌਂਦਿਆ ਜਿਸ ਨੇ ਸਮਾਂ ਪੁੱਗਣ 'ਪੁਰ ਕਿਹਾ ਕਿ ਰਾਣੀ ਚੰਦ ਕੌਰ ਨੇ ਲਾਲਚ ਦੇ ਕੇ ਮੈਨੂੰ ਆਪਣੇ ਪਾਸ ਰੱਖਿਆ ਹੋਇਆ ਸੀ ਕਿ ਤੇਰੇ ਪੁੱਤਰ ਨੂੰ ਤਖ਼ਤ ਦਿਵਾਵਾਂਗੀ ਅਤੇ ਕੌਰ ਜੀ ਦਾ ਪੁੱਤਰ ਮਸ਼ਹੂਰ ਕਰਾਂਗੀ, ਇਹ ਕਹਿੰਦੀ ਹੀ ਉਹ ਮੁੜ ਗਈ ਅਤੇ ਉਸ ਵੇਲੇ ਦਰਬਾਰ ਬਰਖ਼ਾਸਤ ਹੋ ਗਿਆ।

ਇਹ ਹੱਦ ਸੀ ਜੋ ਸਰਦਾਰ ਅਤਰ ਸਿੰਘ ਨੇ ਵੇਖਣੀ ਸੀ। ਡੋਗਰਿਆਂ ਦੇ ਹੱਥੋਂ ਸੰਧਾਂਵਾਲੀਆਂ ਦੀ ਖੈਰ ਨਹੀਂ ਸੀ, ਇਸੇ ਲਈ ਉਹ ਦੇਸ਼ ਛੱਡੀ ਨੱਠੇ ਜਾਂਦੇ ਸਨ। ਸਰਦਾਰ ਅਤਰ ਸਿੰਘ ਨੂੰ ਊਨੇ ਸਾਹਿਬ ਤੋਂ ਬਿਨਾਂ ਹੋਰ ਕੋਈ ਬਚਾਅ ਦੀ ਜਗ੍ਹਾ ਨਾ ਦਿੱਸੀ ਇਸ ਲਈ ਉਹ ਬਾਬਾ ਬਿਕਰਮ ਸਿੰਘ ਜੀ ਪਾਸ ਨੱਠ ਗਏ। ਅਜੀਤ ਸਿੰਘ ਲੁਧਿਆਣਿਓਂ ਸਿੱਧਾ ਅੰਬਾਲੇ ਗਿਆ ਅਤੇ ਅੰਗਰੇਜ਼ਾਂ ਪਾਸੋਂ ਮਦਦ ਮੰਗੀ। ਇਹ ਖਬਰਾਂ ਮਹਾਰਾਜੇ ਨੂੰ ਵੀ ਮਿਲ ਚੁਕੀਆਂ ਸਨ। ਉਸ ਨੂੰ ਪਿੱਸੂ ਪੈ ਗਏ ਕਿ ਕਿਤੇ ਅੰਗਰੇਜ਼ ਹੀ ਸੰਧਾਂਵਾਲੀਆਂ ਵੱਲ ਹੋ ਕੇ ਮੈਨੂੰ ਤਖ਼ਤੋਂ ਨਾ ਉਤਾਰ ਦੇਣ। ਉਨ੍ਹੀਂ ਦਿਨੀਂ ਹੀ ਕਲਾਰਕ ਸਾਹਿਬ ਅੰਗਰੇਜ਼ਾਂ ਵਲੋਂ ਤਖ਼ਤ ਨਸ਼ੀਨੀ ਦੀ ਮੁਬਾਰਕਬਾਦ ਦੇਣ ਆ ਗਏ। ਅੰਮ੍ਰਿਤਸਰ ਮੁਲਾਕਾਤਾਂ ਹੋਈਆਂ ਅਤੇ ਦਿਲ ਦੇ ਧੁੜਕੂ ਦੂਰ ਹੋਏ।

ਇਹ ਦੱਸਿਆ ਹੀ ਜਾ ਚੁੱਕਾ ਹੈ ਕਿ ਕੌਰ ਜੀ ਦੇ ਹੁਕਮ ਨਾਲ ਵਿਨਤੂਰਾ ਸਾਹਿਬ ਕਮਲਾਗੜ੍ਹ ਨੂੰ ਸਰ ਕਰਨ ਗਿਆ ਹੋਇਆ ਸੀ। ਜਦ ਕੌਰ ਜੀ ਦੇ ਚਲਾਣੇ ਦੀ ਖਬਰ ਸੁਣੀ ਤਾਂ ਉਹ ਕਿਲ੍ਹਾ ਸਰ ਕਰ ਕੇ ਲਾਹੌਰ ਆ ਗਿਆ। ਅੱਗੇ ਚਾਰ ਸਰਦਾਰਾਂ ਦੀ ਕਮੇਟੀ ਬਣ ਚੁੱਕੀ ਸੀ ਅਤੇ ਸੰਧਾਂਵਾਲੀਆਂ ਦਾ ਦੌਰ ਦੌਰਾ ਸੀ। ਉਨ੍ਹਾਂ ਨੇ ਕੌਰ ਜੀ ਦੀ ਪਾਲਸੀ ਨੂੰ ਹੀ ਵਰਤਣਾ ਚਾਹਿਆ ਅਤੇ ਬਹੁਤ ਸਾਰੀ ਫੌਜ ਦੇ

SikhBookClub.com

ਕੇ ਸਰਦਾਰ ਧੰਨਾ ਸਿੰਘ ਮਲਵਈ ਦੇ ਪੁੱਤਰ ਸਰਦਾਰ ਹੁਕਮ ਸਿੰਘ ਮਲਵਈ ਅਤੇ ਸ੍ਰ: ਲਹਿਣਾ ਸਿੰਘ ਸੰਧਾਂਵਾਲੀਏ ਨੂੰ ਮੰਡੀ ਵੱਲ ਘੱਲਿਆ। ਜਦ ਸੰਧਾਂਵਾਲੀਏ ਭੱਜ ਗਏ ਅਤੇ ਮਹਾਰਾਜਾ ਸ਼ੇਰ ਸਿੰਘ ਤਖ਼ਤ ਉਤੇ ਬੈਠਾ ਤਾਂ ਉਸ ਨੇ ਇਹ ਸੋਚ ਕੇ ਕਿ ਕਿਤੇ ਲਹਿਣਾ ਸਿੰਘ ਵੀ ਭੱਜ ਨਾ ਜਾਵੇ, ਹੁਕਮ ਦਿੱਤਾ ਕਿ ਮੰਡੀ ਕੁੱਲੂ ਦੀਆਂ ਫੌਜਾਂ ਸਰਦਾਰ ਲਹਿਣਾ ਸਿੰਘ ਨੂੰ ਕੈਦ ਕਰ ਕੇ ਲਾਹੌਰ ਹਾਜ਼ਰ ਕਰਨ। ਸੋ ਮਾਨਾਂਵਾਲੀਆਂ ਪਲਟਣਾਂ ਨੇ ਐਸਾ ਹੀ ਕੀਤਾ ਅਤੇ ਕੈਦੀ ਸਰਦਾਰ ਨੂੰ ਲਾਹੌਰ ਲੈ ਆਏ।

ਅੱਗੋ ਦਰਬਾਰ ਦੇ ਸਰਦਾਰਾਂ ਦੀ ਸਲਾਹ ਨਾ ਰਲੇ। ਕੋਈ ਕਹੇ ਮਾਨਾਂਵਾਲੀਆਂ ਪਲਟਣਾਂ ਪਾਸ ਹੀ ਕੈਦ ਰਹੇ; ਕੋਈ ਕਹੇ ਸ਼ਾਹੀ ਮਸੀਤ ਵਿਚ ਕੈਦ ਕਰ ਕੇ ਦਰਵਾਜ਼ੇ ਅੱਗੇ ਪਹਿਰਾ ਲਾ ਦਿਓ; ਕੋਈ ਕਹੇ ਕਿ ਭਾਈ ਗੁਰਮੁਖ ਸਿੰਘ ਦੇ ਹਵਾਲੇ ਕਰ ਦਿਓ, ਉਹ ਕਿਲ੍ਹੇ ਵਿਚ ਦੀਵਾਨ ਹੁਕਮਾਂ ਸਿੰਘ ਦੇ ਬੁਰਜ ਵਿਚ ਕੈਦ ਕਰ ਦੇਣ। ਅੰਤ ਨੂੰ ਇਹੋ ਸਲਾਹ ਠਹਿਰੀ ਅਤੇ ਸ੍ਰ: ਲਹਿਣਾ ਸਿੰਘ ਤੇ ਸਰਦਾਰ ਕੇਹਰ ਸਿੰਘ ਦੀਆਂ ਬਾਹਵਾਂ ਭਾਈ ਗੁਰਮੁਖ ਸਿੰਘ ਨੂੰ ਫੜਾਈਆਂ ਗਈਆਂ ਜਿਨ੍ਹਾਂ ਨੇ ਕੁਝ ਕੁ ਮਹੀਨੇ ਕਿਲ੍ਹੇ ਵਿਚ ਕੈਦ ਰੱਖੇ, ਪਰ ਅੰਤ ਨੂੰ ਸਰਦਾਰਾਂ ਦੀ ਸਲਾਹ ਨਾਲ ਦੋਵੇਂ ਕੈਦੀ ਮੁਕੇਰੀਆਂ ਦੇ ਕਿਲ੍ਹੇ ਵਿਚ ਘੱਲੇ ਗਏ।

ਮਹਾਰਾਜਾ ਸ਼ੇਰ ਸਿੰਘ ਦੇ ਮੁਸਾਹਿਬਾਂ ਵਿਚੋਂ ਮੁਕੇਰੀਆਂ ਦੇ ਗਹਿਰਿਆਂ ਨੇ ਬੜਾ ਨਾਮ ਪਾਇਆ ਹੈ, ਇਨ੍ਹਾਂ ਵਿਚੋਂ ਉੱਘੇ ਨਾਮ ਇਸ਼ਰਾ ਸਿੰਘ, ਬੂੜ ਸਿੰਘ, ਬੁੱਧ ਸਿੰਘ, ਦੇਵਾ ਸਿੰਘ ਅਤੇ ਜਵਾਲਾ ਸਿੰਘ ਦੇ ਹਨ। ਸ਼ਾਹਜ਼ਾਦਗੀ ਦੇ ਸਮੇਂ ਮਹਾਰਾਜਾ ਨੇ ਜਵਾਲਾ ਸਿੰਘ ਨਾਲ ਇਕਰਾਰ ਕੀਤਾ ਸੀ ਕਿ ਤਖ਼ਤ ਉਤੇ ਬੈਠਿਆਂ ਵਜ਼ੀਰੀ ਦਾ ਪਦ ਤੈਨੂੰ ਦਿੱਤਾ ਜਾਵੇਗਾ। ਇਸੇ ਕਰਕੇ ਜਵਾਲਾ ਸਿੰਘ ਨੇ ਸ਼ਾਹਜ਼ਾਦੇ ਨੂੰ ਤਖ਼ਤ ਦਵਾਉਣ ਵਿਚ ਸਿਰੋਂ ਪਰ੍ਹੇ ਕੋਸ਼ਿਸ਼ ਕੀਤੀ ਸੀ। ਇਸ ਦਾ ਅਸਲ ਭਾਵ ਇਹ ਸੀ ਕਿ ਇਸ ਕੰਮ ਵਿਚ ਰਾਜੇ ਧਿਆਨ ਸਿੰਘ ਦਾ ਕੋਈ ਹੱਥ ਨਾ ਹੋਵੇ ਅਤੇ ਇਹ ਸਾਰਾ ਕੰਮ ਮੇਰੀ ਹਿੰਮਤ ਨਾਲ ਹੀ ਸਿਰੇ ਚੜ੍ਹੇ। ਇਸ ਗੱਲ ਨੂੰ ਰਾਜਾ ਗੁਲਾਬ ਸਿੰਘ ਚੰਗੀ ਤਰ੍ਹਾਂ ਤਾੜ ਗਿਆ ਸੀ ਇਸ ਲਈ ਰਾਜਾ ਧਿਆਨ ਸਿੰਘ ਦੇ ਲਾਹੌਰ ਆ ਜਾਣ ਤਕ ਇਸ ਨੇ ਦਿਲ ਤੋੜ ਕੇ ਕਿਲ੍ਹਾ ਬਚਾਈ ਰੱਖਿਆ। ਜਦ ਰਾਜੇ ਧਿਆਨ ਸਿੰਘ ਨੇ ਲੜਾਈ ਬੰਦ ਹੋ ਜਾਣ ਦਾ ਹੁਕਮ ਦਿੱਤਾ ਤਾਂ ਸਾਰੀ ਫੌਜ ਵਲੋਂ ਸਰਦਾਰ ਜਵਾਲਾ ਸਿੰਘ ਦੀ ਉਕਸਾਹਟ ਦਾ ਸਦਕਾ ਹੀ ਕਈ ਘੰਟੇ ਤੀਕ ਲੜਾਈ ਹੁੰਦੀ ਰਹੀ ਅਤੇ ਜਦ ਤੀਕ ਮਹਾਰਾਜਾ ਤੇ ਰਾਜਾ ਧਿਆਨ ਸਿੰਘ ਨੇ ਆਪ ਉਹਨਾਂ ਪਾਸ ਜਾ ਕੇ ਉਹਨਾਂ ਨੂੰ ਬੰਦ ਨਾ ਕੀਤਾ, ਉਹ ਲੜਦੇ ਹੀ ਰਹੇ।

ਮੁੱਕਦੀ ਗੱਲ ਇਹ ਕਿ ਰਾਜ ਤਾਂ ਸ਼ਾਹਜ਼ਾਦੇ ਨੂੰ ਮਿਲ ਗਿਆ, ਪਰ ਵਜ਼ੀਰੀ ਦੇ ਦਾਹਵੇਦਾਰਾਂ ਵਿਚ ਖਟਪਟੀ ਪੈ ਗਈ। ਭਲਾ ਜਵਾਲਾ ਸਿੰਘ ਦਾ ਅਤੇ ਰਾਜੇ ਦਾ ਮੁਕਾਬਲਾ ਕੀ? ਜਵਾਲਾ ਸਿੰਘ ਬਹਾਦਰ ਆਦਮੀ ਸੀ ਅਤੇ ਆਪਣੇ ਬੇੜੇ ਨਾਲ

SikhBookClub.com

ਮਹਾਰਾਜੇ ਉਤੋਂ ਜਿੰਦ ਤੀਕ ਵਾਰਨ ਨੂੰ ਤਿਆਰ ਸੀ, ਪਰ ਰਾਜਾ ਧਿਆਨ ਸਿੰਘ ਇਕ ਚਾਲਬਾਜ਼ ਡੋਗਰਾ ਸੀ, ਜੋ ਵੈਰੀ ਨੂੰ ਉਸ ਦੇ ਮਿੱਤਰਾਂ ਪਾਸੋਂ ਹੀ ਮਰਵਾ ਕੇ ਬਦਲਾ ਲੈ ਲਿਆ ਕਰਦਾ ਸੀ। ਰੋਜ਼ ਦੀ-ਸਹੁਬਤ ਅਤੇ ਅੱਠੇ ਪਹਿਰ ਦੀ ਚੁਗਲੀ, ਹੌਲੀ ਹੌਲੀ ਰਾਜੇ ਨੇ ਮਹਾਰਾਜੇ ਨੂੰ ਨਿਮਕ-ਹਲਾਲ ਸਰਦਾਰ ਦੇ ਉਲਟ ਕਰ ਦਿੱਤਾ ਅਤੇ ਇਕ ਦਿਨ ਹੁਕਮ ਦੁਆ ਘੱਲਿਆ ਕਿ ਸਰਦਾਰ ਜੇ ਇਕੱਲਾ ਹੀ ਦਰਬਾਰ ਵਿਚ ਆ ਕੇ ਕਿਸੇ ਗੱਲ ਦਾ ਜੁਆਬ ਦੇਵੇ। ਸੱਪ ਦੇ ਮੂੰਹ ਕੋਹੜ ਕਿਰਲੀ! ਇਕੱਲਾ ਜਾਂਦਾ ਹੈ ਤਦ ਰਾਜੇ ਪਾਸੋਂ ਖੈਰ ਨਹੀਂ, ਕਿ ਉਹ ਕੈਦ ਕਰ ਕੇ ਐਸੀ ਥਾਂ ਸਿਟੇਗਾ ਜਿਥੋਂ ਉੱਘ ਸੁੱਘ ਹੀ ਨਾ ਨਿਕਲੇ। ਜੇ ਫੌਜ ਨਾਲ ਜਾਂਦਾ ਹੈ ਜਾਂ ਮੂਲੋਂ ਜਾਂਦਾ ਹੀ ਨਹੀਂ ਤਾਂ ਮਹਾਰਾਜੇ ਵੱਲੋਂ ਖੈਰ ਨਹੀਂ, ਕਿਉਂਕਿ ਹੁਕਮ ਅਦੂਲੀ ਕਰਨਾ ਵੀ ਭਾਰੀ ਰਾਜਸੀ ਗੁਨਾਹ ਹੈ। ਅੰਤ ਨੂੰ ਉਸ ਨੇ ਇਹੋ ਠਾਨੀ ਕਿ ਰਾਜੇ ਨਾਲੋਂ ਮਹਾਰਾਜੇ ਦਾ ਗੁੱਸਾ ਚੰਗਾ ਹੈ, ਇਸ ਲਈ ਉਹ ਆਪਣੇ ਬੇੜੇ ਵਿਚੋਂ ਬਾਹਰ ਹੀ ਨਾ ਗਿਆ।

ਰਾਜੇ ਨੇ ਇਹੋ ਗੱਲ ਸੋਚ ਕੇ ਐਸਾ ਹੁਕਮ ਘਲਵਾਇਆ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਉਹ ਕਾਬੂ ਆਵੇਗਾ ਹੀ। ਸੋ ਇਸ ਹੁਕਮ ਅਦੂਲੀ ਤੋਂ ਮਹਾਰਾਜੇ ਨੂੰ ਐਸਾ ਭੜਕਾਇਆ ਕਿ ਉਹ ਰਾਜੇ ਦੀਆਂ ਫੌਜਾਂ ਲੈ ਕੇ ਆਪਣੇ ਬਾਗੀ ਸਰਦਾਰ ਵੱਲ ਵਧਿਆ। ਸਰਦਾਰ ਦਾ ਸਾਰਾ ਬੇੜਾ ਉਸ ਤੋਂ ਜਿੰਦ ਵਾਰਨ ਨੂੰ ਤਿਆਰ ਸੀ, ਪਰ ਸਰਦਾਰਾਂ ਦੇ ਬੰਦ ਕਰਦਿਆਂ ਵੀ ਸ੍ਰ: ਜਵਾਲਾ ਸਿੰਘ ਇਕੱਲਾ ਹੀ ਮਹਾਰਾਜੇ ਪਾਸ ਆ ਗਿਆ ਅਤੇ ਚਾਹੁੰਦਾ ਹੀ ਸੀ ਕਿ ਆਪਣੇ ਮਨ ਦੀ ਗੱਲ ਸੁਣਾਵੇ ਕਿ ਰਾਜੇ ਦੇ ਆਦਮੀਆਂ ਨੇ ਕੈਦ ਕਰ ਲਿਆ ਅਤੇ ਪਲੋਪਲੀ ਨੂੰ ਕਿਲ੍ਹੇ ਵਿਚ ਲੈ ਗਏ, ਬੇ-ਗੁਨਾਹ ਸਰਦਾਰ ਅਨਭੋਲ ਹੀ ਮਾਰਿਆ ਗਿਆ। ਕੈਦ-ਖਾਨੇ ਉਤੇ ਡੋਗਰਿਆਂ ਦਾ ਪਹਿਰਾ ਐਸਾ ਸਖਤ ਸੀ ਕਿ ਬਾਹਰ ਖਬਰ ਹੀ ਨਾ ਉੱਡੀ ਜੋ ਅੱਜ ਕੀ ਭਾਣਾ ਵਰਤ ਗਿਆ ਹੈ। ਸਰਦਾਰ ਨੂੰ ਅੱਧੇ ਆਟੇ ਅਤੇ ਅੱਧੇ ਲੂਣ ਦੀ ਰੋਟੀ ਮਿਲੇ ਅਤੇ ਲੋਹਾ ਗਰਮ ਕਰ ਕੇ ਉਸ ਦੇ ਪੈਰਾਂ ਦੀਆਂ ਤਲੀਆਂ ਝੱਸੀਆਂ ਜਾਣ। ਸਰਦਾਰ ਜਵਾਲਾ ਸਿੰਘ ਬੜਾ ਕਰੜਾ ਆਦਮੀ ਸੀ, ਜੋ ਐਤਨੇ ਦੁੱਖਾਂ ਨੂੰ ਕਈ ਦਿਨਾਂ ਤੀਕ ਸਹਿੰਦਾ ਰਿਹਾ। ਇਹ ਹਾਲ ਵੇਖ ਕੇ ਰਾਜੇ ਨੇ ਉਸ ਨੂੰ ਸ਼ੇਖ਼ੂਪੁਰੇ ਦੇ ਕਿਲ੍ਹੇ ਵਿਚ ਘਲਵਾ ਦਿੱਤਾ, ਜਿਥੇ ਪੰਦਰਾਂ ਦਿਨ ਹੋਰ ਦੁੱਖ ਸਹਿ ਕੇ ਵਿਚਾਰਾ ਸਰਦਾਰ ਸਦਾ ਲਈ ਇਸ ਸੰਸਾਰ ਨੂੰ ਛੱਡ ਗਿਆ।

ਕਹਿੰਦੇ ਹਨ ਕਿ ਇਸ ਦੇ ਨਾਲ ਇਸ ਦਾ ਵੱਡਾ ਪੁੱਤਰ ਵੀ ਕੈਦ ਵਿਚ ਹੀ ਮਰ ਗਿਆ। ਦੂਜਾ ਪੁੱਤਰ ਜੋ ਉਸ ਸਮੇਂ ਬਹੁਤ ਛੋਟਾ ਸੀ, ਅੰਗਰੇਜ਼ਾਂ ਸਮੇਂ ਨੌਕਰੀ ਕਰਦਾ ਰਿਹਾ, ਪਰ ਅੰਤ ਨੂੰ ਉਹ ਵੀ ਉਪਰਾਮ ਚਿੱਤ ਹੋ ਕੇ ਸੰਤ-ਮੰਡਲੀ ਵਿਚ ਰਲ ਗਿਆ। ਇਸ ਸਮੇਂ ਸ੍ਰ: ਜਵਾਲਾ ਸਿੰਘ ਦੀ ਯਾਦ ਵਿਚੋਂ ਉਸ ਦੀ ਵਟਾਲੇ ਵਾਲੀ

SikhBookClub.com

ਆਲੀਸ਼ਾਨ ਹਵੇਲੀ ਤੇ ਬਿਆਸਾ ਦੇ ਪਾਰ ਦਵਾਬੇ ਵਿਚ ਉਸ ਦੇ ਨਾਮ ਦਾ ਇਕ ਪਿੰਡ ਹੀ ਬਾਕੀ ਰਹਿ ਗਏ ਹਨ।

ਐਸਾ ਰਾਜਾ ਧਿਆਨ ਸਿੰਘ ਸੀ ਕਿ ਜਿਸ ਨਾਲ ਉਸ ਨੇ ਮੱਥਾ ਲਾਇਆ ਉਸ ਦੀ ਜੜ੍ਹ-ਮੇਖ ਤੀਕ ਉਡਾ ਦਿੱਤੀ, ਪਰ ਸੰਧਾਂਵਾਲੀਆ ਵੱਲੋਂ ਇਸ ਨੂੰ ਅਜੇ ਵੀ ਖੌਫ ਸੀ। ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਜਦ ਤੀਕ ਰਾਣੀ ਚੰਦ ਕੌਰ ਜੀਉਂਦੀ ਹੈ ਜਾਂ ਕੌਰ ਜੀ ਦੇ ਮਹਿਲਾਂ ਵਿਚੋਂ ਕਿਸੇ ਨੂੰ ਉਮੈਦਵਾਰੀ ਹੈ, ਉਤਨਾ ਚਿਰ ਤੀਕ ਸੰਧਾਂਵਾਲੀਆਂ ਦਾ ਪਾਸਾ ਭਾਰੀ ਹੈ। ਇਸੇ ਲਈ ਉਸ ਨੇ ਮਹਾਰਾਜੇ ਨੂੰ ਪੜ੍ਹਾਇਆ ਕਿ ਰਾਣੀ ਚੰਦ ਕੌਰ ਉਤੇ ਚਾਦਰ ਪਾ ਲਵੇ, ਤਾਂ ਜੋ ਤਖਤ ਦਾ ਦੂਜਾ ਸ਼ਰੀਕ ਕੋਈ ਨਾ ਰਹੇ। ਰਾਣੀ ਨੇ ਬੜੀ ਨਫਰਤ ਨਾਲ ਇਸ ਕੰਮੋਂ ਨਾਂਹ ਕੀਤੀ ਅਤੇ ਮੁੜ ਕੇ ਰਾਣੀ ਅਖਵਾਉਣ ਨਾਲੋਂ ਮਰ ਜਾਣਾ ਚੰਗਾ ਸਮਝਿਆ। ਮਹਾਰਾਜੇ ਦੀ ਕੌਰ ਜੀ ਦੀ ਮੜੀ ਦੇ ਨਾਲ ਮਹਿਲਾਂ ਵਿਚ ਜ਼ਬਰਦਸਤੀ, ਉਨ੍ਹਾਂ ਨੂੰ ਬਦੋ-ਬਦੀ ਗਰਭ ਗਿਰਾ ਦੇਣ ਵਾਲੀਆਂ ਦਵਾਈਆਂ ਪਲਾਉਣੀਆਂ ਅਤੇ ਅੰਤ ਨੂੰ ਰਾਣੀ ਚੰਦ ਕੌਰ ਨਾਲ ਚਾਦਰ ਪਾਉਣ ਦਾ ਮਨਸੂਬਾ, ਇਹ ਗੱਲਾਂ ਫੌਜਾਂ ਵਿਚ ਆਮ ਹੋ ਰਹੀਆਂ ਸਨ ਅਤੇ ਸਾਰੇ ਸਰਦਾਰ ਇਸ ਗੱਲੋਂ ਸਖਤ ਨਾਰਾਜ਼ ਹੋ ਰਹੇ ਸਨ ਕਿਉਂਕਿ ਮਹਾਰਾਜਾ ਸ਼ੇਰ ਸਿੰਘ ਸਰਕਾਰ ਦੀਆਂ ਨੂੰਹਾਂ, ਪੋਤਰੇ ਨੂੰਹਾਂ ਨੂੰ ਤੰਗ ਕਰ ਰਿਹਾ ਹੈ। ਅੰਤ ਨੂੰ ਇਹ ਗੱਲ ਇਥੋਂ ਤੀਕ ਵਧੀ ਕਿ ਫੌਜੀ ਆਦਮੀ ਮੂੰਹ ਰੂਬਰੂ ਆਖਣ ਲੱਗ ਪਏ ਜੋ ਅਸੀਂ ਰਾਣੀ ਚੰਦ ਕੌਰ ਨੂੰ ਤਖ਼ਤ 'ਤੇ ਬਿਠਾ ਦੇਵਾਂਗੇ ਅਤੇ ਮਹਾਰਾਜੇ ਸ਼ੇਰ ਸਿੰਘ ਨੂੰ ਉਸੇ ਗੁਮਨਾਮੀ ਵਿਚ ਜਾਣਾ ਪਏਗਾ, ਜਿਸ ਵਿਚ ਉਸ ਨੇ ਆਪਣੇ ਪਹਿਲੇ ਦਿਨ ਕੱਟੇ ਹਨ।

ਇਸ ਗੱਲ ਦਾ ਡਰ ਜਿਤਨਾ ਕਿ ਮਹਾਰਾਜੇ ਨੂੰ ਸੀ ਉਸ ਤੋਂ ਕਈ ਗੁਣਾਂ ਬਹੁਤਾ ਰਾਜੇ ਧਿਆਨ ਸਿੰਘ ਨੂੰ ਸੀ, ਜੋ ਜਾਣਦਾ ਸੀ ਕਿ ਇਸ ਖਿਆਲ ਦੇ ਆਮ ਹੋਣ ਨਾਲ ਮੈਨੂੰ ਕਿਤਨਾ ਕੁ ਨੁਕਸਾਨ ਅਤੇ ਸੰਧਾਂਵਾਲੀਆ ਨੂੰ ਕਿਤਨਾ ਕੁ ਫਾਇਦਾ ਹੈ, ਇਸ ਲਈ ਉਸ ਨੇ ਮਹਾਰਾਜੇ ਨੂੰ ਸਲਾਹ ਦਿੱਤੀ ਕਿ ਜਦ ਤੀਕ ਰਾਣੀ ਚੰਦ ਕੌਰ ਜੀਉਂਦੀ ਹੈ ਉਤਨਾ ਚਿਰ ਤੀਕ ਆਪ ਬੇ-ਖਟਕੇ ਰਾਜ ਨਹੀਂ ਕਰ ਸਕਦੇ। ਆਪ ਸ਼ਿਕਾਰ ਦੇ ਬਹਾਨੇ ਬਾਹਰ ਚਲੇ ਜਾਓ, ਇਸ ਕੰਮ ਨੂੰ ਮੈਂ ਆਪ ਹੀ ਨਜਿੱਠ ਲਵਾਂਗਾ।

ਇਹ ਮਤਾ ਪਕਾ ਕੇ ਮਹਾਰਾਜਾ ਤਾਂ ਸ਼ਿਕਾਰ ਦੇ ਬਹਾਨੇ ਵਜ਼ੀਰਾਬਾਦ ਨੂੰ ਚਲਿਆ ਗਿਆ ਤੇ ਰਾਜਾ ਲੱਗਾ ਆਪਣੇ ਨਵੇਂ ਮਨਸੂਬੇ ਬੰਨ੍ਹਣ। ਮਹਾਰਾਜੇ ਦੇ ਸ਼ਾਹਜ਼ਾਦਗੀ ਦੇ ਸਮੇਂ ਮੁਸਾਹਿਬਾਂ ਵਿਚੋਂ ਇਕ ਮਹਾਂ ਸਿੰਘ ਵੀ ਸੀ, ਜੋ ਇਸ ਸਮੇਂ ਲਾਹੌਰ ਦਾ ਥਾਣੇਦਾਰ ਸੀ। ਰਾਜੇ ਨੇ ਆਪਣੀ ਸਲਾਹ ਇਸ ਨੂੰ ਦੱਸੀ ਅਤੇ ਇਸ ਨੇ ਇਹ ਗੱਲ ਸਰਦਾਰ ਇੱਛਰਾ ਸਿੰਘ ਮਹਿਰੇ ਨਾਲ ਕੀਤੀ। ਇਸ ਦੇ ਭਰਾ ਭਾਈ ਸ੍ਰ: ਦੇਵਾ ਸਿੰਘ ਤੇ ਬੁੱਧ ਸਿੰਘ ਮਹਿਰੇ ਰਾਣੀ ਚੰਦ ਕੌਰ ਤੇ ਕੌਰ ਜੀ ਦੇ ਮਹਿਲਾਂ ਦੇ

SikhBookClub.com

ਪਹਿਰੇਦਾਰ ਸਨ। ਰਾਣੀ ਚੰਦ ਕੌਰ ਦੀਆਂ ਚਾਰ ਟਹਿਲਣਾਂ ਸਨ, ਜੋ ਸਦਾ ਹੀ ਉਸ ਪਾਸ ਰਹਿੰਦੀਆਂ ਸਨ:-ਹੀਰੋ ਗੰਜੀ, ਆਸੋ, ਭਾਗੀ ਮੋਚਣ ਅਤੇ ਚੌਥੀ ਹੱਸੋ੫, ਜੋ ਰਾਣੀ ਦੇ ਪੇਕੇ ਪਿੰਡ ਫਤਹਿਗੜ੍ਹ ਦੇ ਇਲਾਕੇ ਦੀ ਸੀ। ਇੱਛਰਾ ਸਿੰਘ ਨੇ ਇਹਨਾਂ ਨੂੰ ਆਪਣੀ ਵੱਲ ਕਰ ਲਿਆ ਅਤੇ ਬਹੁਤ ਸਾਰਾ ਇਨਾਮ ਦੇਣਾ ਕਰ ਕੇ ਰਾਣੀ ਦੇ ਮਾਰਨ ਲਈ ਇਹਨਾਂ ਨੂੰ ਤਿਆਰ ਕੀਤਾ।

ਇਹਨਾਂ ਹਤਿਆਰਿਆਂ ਨੇ ਗੁਲਾਬ ਬੇਦ ਮੁਸ਼ਕ ਦੀਆਂ ਸ਼ੀਸ਼ੀਆਂ ਵਿਚ ਜ਼ਹਿਰ ਰਲਾ ਛੱਡਿਆ। ਜੇਠ ਦੀ ਬਹਾਰ। ਰਾਣੀ ਨੇ ਜਦ ਸ਼ਰਬਤ ਮੰਗਿਆ ਤਾਂ ਇਨ੍ਹਾਂ ਨੇ ਜ਼ਹਿਰ ਪਿਲਾ ਦਿੱਤਾ। ਰਾਣੀ ਤੜਪ ਕੇ ਬੇਹੋਸ਼ ਹੋ ਗਈ ਅਤੇ ਗੋਲੀਆਂ ਨੇ ਸਮਝਿਆ ਜੋ ਸਾਡਾ ਕੰਮ ਪੂਰਾ ਹੋ ਗਿਆ, ਪਰ ਫੇਰ ਫੁਰੀ ਕਿ ਕਿਤੇ ਬਚ ਹੀ ਨਾ ਰਹੇ, ਇਸ ਲਈ ਬੇ-ਹੋਸ਼ ਪਈ ਰਾਣੀ ਦਾ ਸਿਰ ਪੰਸੇਰੀਆਂ ਮਾਰ ਮਾਰ ਕੇ ਚੂਰਾ ਚੂਰਾ ਕਰ ਦਿੱਤਾ। ਜੇਠ ਦੀ ੨੯ ਵੀਰਵਾਰ ਅਜੇ ਦੋ ਘੜੀ ਰਾਤ ਰਹਿੰਦੀ ਹੀ ਸੀ ਕਿ ਇਹ ਖਬਰ ਸ਼ਹਿਰ ਵਿਚ ਉੱਡ ਗਈ। ਰਾਜਾ ਧਿਆਨ ਸਿੰਘ ਆਪਣੀ ਹਵੇਲੀਓਂ ਧਾਹੀਂ ਮਾਰਦਾ ਕਿਲ੍ਹੇ ਵਿਚ ਆਇਆ ਅਤੇ ਉਸ ਵੇਲੇ ਹੁਕਮ ਦਿੱਤਾ ਕਿ ਕੋਈ ਲਾਇਕ ਜੱਰਾਹ ਲਿਆਂਦਾ ਜਾਵੇ। ਫਕੀਰ ਅਜ਼ੀਜ-ਉਦ-ਦੀਨ ਦੇ ਭਰਾ ਖਲੀਫਾ ਨੂਰ ਦੀਨ ਜੀ ਆਏ ਅਤੇ ਛੇਤੀ ਨਾਲ ਮਲ੍ਹਮ ਤਿਆਰ ਕਰ ਕੇ ਸਿਰ ਉਤੇ ਲਾਈ, ਪਰ ਹੁਣ ਮੱਲ੍ਹਮ ਨਾਲ ਕੀ ਹੋ ਸਕਦਾ ਸੀ! ਸਿਰ ਦੀ ਸਾਰੀ ਮਿੱਝ ਤਾਂ ਵਗ ਚੁਕੀ ਸੀ। ਤਿੰਨ ਦਿਨ ਤੀਕ ਰਾਣੀ ਮੱਛੀ ਵਾਂਗ ਤੜਫਦੀ ਰਹੀ ਅਤੇ ਐਤਵਾਰ ੩੨ ਜੇਠ ਨੂੰ ਇਸ ਦੁੱਖ ਭਰੇ ਸੰਸਾਰ ਤੋਂ ਸਦਾ ਲਈ ਵਿਦਿਆ ਹੋ ਗਈ।

ਰਾਜੇ ਨੇ ਖੀਨ ਖਾਬ ਦਾ ਬਿਬਾਣ ਬਣਵਾ ਕੇ ਉਸ ਵਿਚ ਮਾਈ ਜੀ ਨੂੰ ਲਿਟਾਇਆ ਤੇ ਅੜਦਲ ਲਈ ਇਕ ਪਲਟਣ ਤਿਆਰ ਕਰ ਕੇ, ਆਪ ਹਾਥੀ ਉਤੇ ਸਵਾਰ ਹੋ ਸਾਰੇ ਰਾਹ ਰੁਪਿਆਂ ਦੀ ਸੁੱਟ ਕਰਦੇ ਗਏ। ਰੁਸ਼ਨਾਈ ਦਰਵਾਜ਼ਿਓਂ ਮਸਜਿਦ ਦੇ ਪਾਸ ਪਾਸ ਹੋ ਕੇ ਟਕਸਾਲੀ ਦਰਵਾਜ਼ੇ ਦੀ ਖਾਈਓਂ ਪਾਰ ਹੋਏ ਅਤੇ ਅਨਾਰਕਲੀ ਪਾਸ ਜਾ ਕੇ ਮਾਈ ਨਕੈਣ ਪਾਸ ਆਪ ਦੀ ਨੂੰਹ ਮਾਈ ਚੰਦ ਕੌਰ ਦਾ ਸਸਕਾਰ ਕੀਤਾ ਗਿਆ।

ਇਸ ਗੱਲ ਦੀ ਖਬਰ ਦੇਣ ਲਈ ਉਸੇ ਵੇਲੇ ਆਦਮੀ ਮਹਾਰਾਜੇ ਵੱਲ ਘੱਲੇ ਗਏ, ਜੋ ਵਜ਼ੀਰਾਬਾਦ ਦੇ ਸੰਮਣ (ਬੁਰਜ) ਦੀਆਂ ਮੌਜਾਂ ਮਾਣ ਕੇ ਦੋ ਕੁ ਦਿਨ ਦਾ

---

*੫ ਰਸਾਲਾ ਫੁਲਵਾੜੀ ਦੇ ਸਿੱਖ-ਇਤਿਹਾਸ ਨੰਬਰ ਤੇ ਅੰਕ੨-੩ ਦੇ ਸਫੇ ੨੫੬-੫੭ ਉਤੇ ਸ੍ਰ: ਕਰਮ ਸਿੰਘ ਜੀ ਨੇ ਇਕ ਪੁਰਾਣੀ ਚਿੱਠੀ ਦੀ ਨਕਲ ਦਿੱਤੀ ਸੀ, ਜਿਸ ਵਿਚ ਮਾਰਨ ਵਾਲੀਆਂ ਬਾਂਦੀਆਂ ਦੇ ਨਾਮ, ਆਸੋ, ਭਾਗੀ, ਬਦਾਮੋ ਤੇ ਪੇਰੋ ਲਿਖੇ ਹਨ। ਰਾਣੀ ਚੰਦ ਕੌਰ ਦੇ ਚਲਾਣੇ ਦਾ ਹਾਲ ਬੜਾ ਸੋਹਣਾ ਉਸ ਚਿੱਠੀ ਵਿਚ ਦਿੱਤਾ ਹੋਇਆ ਹੈ। (ਐਡੀਟਰ)*

SikhBookClub.com

ਸਿਆਲਕੋਟ ਆਇਆ ਹੋਇਆ ਸੀ। ਖਬਰ ਅੱਪੜਦਿਆਂ ਹੀ ਪਾਲਕੀ ਵਿਚ ਬੈਠ ਆਪ ਲਾਹੌਰ ਅੱਪੜੇ ਅਤੇ ਕੌਰ ਜੀ ਦੀ ਹਵੇਲੀ ਜਾ ਕੇ ਕੌਰ ਜੀ ਦੇ ਮਹਿਲਾਂ ਨਾਲ ਅਫਸੋਸ ਕੀਤਾ ਅਤੇ ਫੇਰ ਮਹਾਂ ਸਿੰਘ, ਇੱਛਰਾ ਸਿੰਘ ਆਦਿ ਆਪਣੇ ਮੁਸਾਹਿਬਾਂ ਨੂੰ ਮਾਲਾ-ਮਾਲ ਕਰ ਦਿੱਤਾ।

ਪਤਾ ਨਹੀਂ ਰਾਜੇ ਧਿਆਨ ਸਿੰਘ ਦਾ ਦਿਲ ਕਿਸ ਚੀਜ਼ ਦਾ ਬਣਿਆ ਹੋਇਆ ਸੀ ਕਿ ਖ਼ੂਨ ਉਤੇ ਖ਼ੂਨ ਕਰਨੋਂ ਰਤਾ ਵੀ ਸੰਕੋਚਦਾ ਨਹੀਂ ਸੀ! ਇਸ ਗੱਲ ਤੋਂ ਕਿਤੇ ਗੱਲ ਨਾ ਉੱਡ ਜਾਵੇ, ਰਾਣੀ ਦੀਆਂ ਗੋਲੀਆਂ ਨੂੰ ਸ਼ਹਿਰੋਂ ਬਾਹਰ ਕੱਢ ਦਿੱਤਾ ਅਤੇ ਵਿਚਾਰੀਆਂ ਰੋਂਦੀਆਂ ਸਨ ਅਤੇ ਵੈਣ ਪਾ ਪਾ ਕੇ ਕਹਿੰਦੀਆਂ ਸਨ ਕਿ ਇਨ੍ਹਾਂ ਦੇ ਕਹੇ ਹੀ ਅਸਾਂ ਇਹ ਕੰਮ ਕੀਤਾ ਅਤੇ ਇਹੋ ਹੀ ਸਾਨੂੰ ਹੁਣ ਮਾਰਦੇ ਹਨ! ਪਰ ਡਾਢਿਆਂ ਨਾਲ ਕੀ ਚਾਰਾ ਸੀ!! ਅੰਤ ਨੂੰ ਮਾਰੀਆਂ ਗਈਆਂ।

ਹੁਣ ਮਹਾਰਾਜਾ ਤੇ ਰਾਜਾ ਦੋਵੇਂ ਹੀ ਬੇ-ਫਿਕਰ ਹੋ ਗਏ ਅਤੇ ਸਮਝਿਆ ਕਿ ਸੰਧਾਂਵਾਲੀਆਂ ਦਾ ਜ਼ੋਰ ਅੱਜ ਮੂਲੋਂ ਹੀ ਟੁੱਟ ਗਿਆ ਹੈ, ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਬੁਝਣ ਲੱਗਾ ਦੀਵਾ ਇਕ ਵਾਰ ਬਹੁਤ ਹੀ ਉੱਚੀ ਲਾਟ ਕੱਢਿਆ ਕਰਦਾ ਹੈ ਅਤੇ ਜੋ ਆਦਮੀ ਦੂਜਿਆਂ ਨੂੰ ਦੁੱਖ ਦੇਂਦਾ ਹੈ, ਉਹ ਆਪ ਸੁਖ ਦੀ ਨੀਂਦ ਨਹੀਂ ਸੌਂ ਸਕਦਾ !

*ਗੱਦੀ ਬਹਿ ਕੇ ਸ਼ੇਰ ਸਿੰਘ, ਮੁਖ ਥੀਂ ਫੁਰਮਾਇਆ।*
*ਸੌਦਿਆ ਰਾਜਾ ਧਿਆਨ ਸਿੰਘ ਸੱਦ ਕੋਲ ਬਹਾਇਆ।*
*ਫੌਜਾਂ ਗਿਣਤੀ ਤੋਰੀਆਂ, ਸੱਦ ਕੋਲ ਬਹਾਇਆ।*
*ਸਭੇ ਬੇੜੇ ਆਉਂਦੇ, ਨੌ ਲੱਖਾ ਆਇਆ।*
*ਜਵਾਲਾ ਸਿੰਘ ਮਹਿਰੇ ਨੂੰ, ਮੁਸਾਹਿਬ ਬਣਾਇਆ।*
*ਰਾਜੇ ਸਾਂਹਸੀ ਜਾ ਕੇ, ਉਨ੍ਹਾਂ ਡੇਰਾ ਪਾਇਆ।*
*ਤੋਪਾਂ ਡਾਹੀਆਂ ਕਿਲ੍ਹੇ ਨੂੰ, ਸਿਰਕੋਪ ਉਡਾਇਆ।*
*ਲਹਿਣਾ ਸਿੰਘ ਨੂੰ ਬੰਨ੍ਹ ਕੇ, ਚਾ ਕਿਲ੍ਹੇ ਵਿਚ ਪਾਇਆ।*
*ਸਭ ਕਬੀਲੇ ਕੈਦ ਕਰ, ਪੈਹਰਾ ਬਠਲਾਇਆ।*
*ਵੱਸ ਜੋ ਪੈਂਦਾ ਰਾਜਿਆਂ, ਜਿਨ੍ਹਾਂ ਰਾਜ ਕਮਾਇਆ।*
*ਸੱਚੀ ਕੁਦਰਤ ਤੇਰੀਆ, ਕਿਨੇ ਅੰਤ ਨਾ ਪਾਇਆ।। ੩।।*[੬]

ਨੋਟ:- ਇਸ ਪਉੜੀ ਵਿਚ ਜੋ ਪਿੰਡ ਰਾਜੇ ਸਾਹਸੀਂ ਨੂੰ ਤੋਪਾਂ ਨਾਲ ਉਡਾਣਾ ਦੱਸਿਆ ਹੈ ਇਹ ਠੀਕ ਨਹੀਂ, ਕਿਉਂਕਿ ਇਹ ਗੱਲ ਮਹਾਰਾਜੇ ਸ਼ੇਰ ਸਿੰਘ ਦੇ ਸਮੇਂ

੬ ਰਸਾਲਾ ਫੁਲਵਾੜੀ, ਸਤੰਬਰ ੧੯੩੪ ਈਸਵੀ।

SikhBookClub.com

ਨਹੀਂ, ਬਲਕਿ ਰਾਜਾ ਹੀਰਾ ਸਿੰਘ ਦੇ ਸਮੇਂ ਹੋਈ ਹੈ, ਜਦੋਂ ਕਿ ਅਜੀਤ ਸਿੰਘ ਤੇ ਲਹਿਣਾ ਸਿੰਘ ਤਾਂ ਲਾਹੌਰ ਦੇ ਕਿਲ੍ਹੇ ਦੀ ਲੜਾਈ ਵਿਚ ਮਾਰੇ ਗਏ ਸਨ ਅਤੇ ਅਜੀਤ ਸਿੰਘ ਦੀ ਰਾਣੀ ਨੇ ਸਣੇ ਹੋਰਨਾਂ ਦੇ ਨੌਰੰਗਾਬਾਦ ਭਾਈ ਵੀਰ ਸਿੰਘ ਜੀ ਪਾਸ ਪਨਾਹ ਲਈ ਸੀ ਅਤੇ ਉਥੇ ਹੀ ਅਜੀਤ ਸਿੰਘ ਦੇ ਰੱਤੂ ਭਰੇ ਪਟਕੇ ਨਾਲ ਸਣੇ ਆਪਣੀਆਂ ਗੋਲੀਆਂ ਦੇ ਸਤੀ ਹੋ ਗਈ ਸੀ। ਲਹਿਣਾ ਸਿੰਘ ਸਰਦਾਰ ਰਾਜੇ ਸਾਂਹਸੀ ਤੋਂ ਨਹੀਂ ਫੜਿਆ ਗਿਆ ਸੀ, ਬਲਕਿ ਮੰਡੀ ਦੇ ਇਲਾਕੇ ਤੋਂ, ਜਿਧਰ ਉਹ ਫੌਜਾਂ ਲੈ ਕੇ ਗਿਆ ਹੋਇਆ ਸੀ, ਜੈਸਾ ਕਿ ਅਸੀਂ ਪਿਛੇ ਦੱਸ ਆਏ ਹਾਂ :-

ਰਾਣੀ ਸ਼ੇਰ ਸਿੰਘ ਦੀ, ਲਿਖਦੀ ਪ੍ਰਵਾਨੇ।
ਇਹ ਜੋ ਰਾਜੇ ਪਹਾੜ ਦੇ, ਕਰਨ ਰਾਜ ਤੁਮਾਮੇ।
ਓੜਕ ਨੂੰ ਭੱਜ ਜਾਣਗੇ, ਜਦ ਪੈਣ ਹਕਾਮੇ[੭]।
ਸਾਡੇ ਸੰਧਾਵਾਲੀਏ, ਹੈਨ ਇਕ ਉਲ੍ਹਾਮੇ[੮]।
ਬੰਦਾ ਬੰਦੀਆਂ ਛੱਡ, ਦੇ ਕੇ ਮੇਹਰਬਾਨੇ।
ਏਹ ਨੇ ਢਾਲਾਂ ਤੇਰੀਆਂ, ਸੁਖ ਦੇਣ ਅਰਾਮੇ।
ਬੈਠ ਕਚਹਿਰੀ ਲਾ ਕੇ, ਤੇਰੇ ਕੋਲ ਤੁਮਾਮੇ।। ੪।।
ਦੇਖ ਪਰਵਾਨੇ ਸ਼ੇਰ ਸਿੰਘ, ਕੀਤੀ ਚਤਰਾਈ।
ਸਭ ਕਬੀਲੇ ਇਕ ਹੋਣ, ਹੋਰ ਵਿਥ ਨਾ ਕਾਈ।
ਲਹਿਣਾ ਸਿੰਘ ਨੂੰ ਸਦਿਆ, ਬੇੜੀ ਵਢਵਾਈ।
ਦਿੱਤਾ ਮੁਲਖ ਇਨਾਮ ਦਾ, ਸਿਰ ਪੱਗ ਬਨ੍ਹਾਈ।
ਲਿਖ ਪਰਵਾਨੇ ਭੇਜਦਾ, ਲੈ ਕਾਗਤ ਸਿਆਹੀ।
ਦਾਣਾ ਪਾਣੀ ਹੀਰਿਆ, ਜ਼ੋਰਾਵਰ ਸ਼ਾਹੀ।
ਬਾਬੇ ਬਿਕਰਮ ਸਿੰਘ ਨੇ, ਸਲਾਹ ਬਣਾਈ।
ਮੇਲੇ ਸੰਧਾਂਵਾਲੀਏ, ਕੀਤੀ ਭਲਿਆਈ।। ੫।।
ਡੇਰੇ ਬੈਠ ਅਜੀਤ ਸਿੰਘ, ਸਲਾਹ ਬਣਾਵੇ।
ਅਤਰ ਸਿੰਘ ਨੂੰ ਸੱਦ ਕੇ ਉਹ ਪਾਸ ਬਿਠਾਵੇ।
ਸੱਦੇ ਹਾਂ ਸਰਦਾਰ ਨੇ, ਨਾ ਧਰੋਹ ਕਮਾਵੇ।

---

੭ ਹਕਾਮਾ= ਹੰਗਾਮਾ, ਲੜਾਈ।

੮ ਸਾਡੀ ਤੇ ਸੰਧਾਂਵਾਲੀਆਂ ਦੀ ਇੱਜ਼ਤ ਇਕ ਹੈ। ਜਿਸ ਗੱਲ ਦਾ ਉਲ੍ਹਾਮਾ ਸਾਨੂੰ ਮਿਲੇਗਾ ਉਸੇ ਦਾ ਸੰਧਾਂਵਾਲੀਆਂ ਨੂੰ ਮਿਲੇਗਾ, ਇਸ ਲਈ ਅੰਤ ਉਹ ਸਾਡੇ ਤਨੀ ਹਨ।

SikhBookClub.com

ਦੋਵੇਂ ਕਰਦੇ ਗਿਣਤੀਆਂ, ਜੋ ਦਿਲ ਤੋਂ ਆਵੇ।
ਅਤਰ ਸਿੰਘ ਜੋ ਬੋਲਿਆ, ਉਹ ਆਖ ਸੁਣਾਵੇ॥ ੬॥
ਅਤਰ ਸਿੰਘ ਜੋ ਬੋਲਿਆ, ਪਾਤਸ਼ਾਹੀ ਮਾਂਦਾ।
ਮਾਲਕ ਹੋਇਆ ਕਿਲੇ ਦਾ, ਸ਼ੇਰ ਸਿੰਘ ਸ਼ਹਿਜ਼ਾਦਾ।
ਰਾਜ ਲੱਗਾ ਹੱਥ ਉਸ ਨੂੰ, ਕਦ ਜਰ ਕੇ ਖਾਧਾ।
ਚਿੜੀਆਂ ਬਾਜ ਉਡਾਂਵਦਾ, ਨਿੱਤ ਰਹੇ ਦੁਰਾਡਾ।
ਮਿਲਨੇ ਹੀ ਸਰਕਾਰ ਨੂੰ, ਗਮ ਕਰਦਾ ਸਾਡਾ।
ਮਨ ਹੀ ਮਨ ਵਿਚ ਰੱਖਣੀ, ਦਿਲ ਕਰੀਂ ਕੁਸ਼ਾਦਾ।
ਮੈਨੂੰ ਲਿਖ ਕੇ ਭੇਜਣੀ, ਸਭੋ ਗੱਲ ਜ਼ਿਆਦਾ।
ਔੜਕ ਜਾਣਾ ਹੀਰਿਆ, ਬੋੜੀ ਮੁੜਿਆਦਾ॥੭॥
ਕਰੇ ਬਹੁੜੀ ਅਤਰ ਸਿੰਘ, ਅਰਜ਼ੀ ਲਿਖਵਾਈ।
ਲਹਿਣਾ ਸਿੰਘ ਸਾਹਮਣੇ, ਲਿਖ ਫੜ੍ਹੇ ਬੁਲਾਈ।
ਬਹੁਤ ਵਿਛੋੜਾ ਝੱਲਿਆ, ਸੁਧ ਰਹੀ ਨਾ ਕਾਈ।
ਲਿਖੀ ਡਾਢੇ ਰੱਬ ਦੀ, ਮੇਟੀ ਨਾ ਜਾਈ॥ ੮॥
ਰੁਖਸਦ ਲਈ ਅਜੀਤ ਸਿੰਘ, ਡੇਰਾ ਕੂਚ ਕਰਾਵੇ।
ਆਣ ਖੜਾ ਹੱਥ ਬੰਨ੍ਹ ਕੇ, ਇਕ ਅਰਜ਼ ਸੁਣਾਵੇ।
ਤੁਸਾਂ ਸ਼ਤਾਬੀ ਪਹੁੰਚਣਾ, ਜਾਂ ਲਿਖਿਆ ਆਵੇ।
ਚੜ੍ਹਿਆ ਸ਼ੇਰ ਲਾਹੌਰ ਨੂੰ, ਗੁਰ ਪੀਰ ਧਿਆਵੇ।
ਰਿਜਕ ਮੁਹਾਰਾਂ ਮੋੜੀਆਂ, ਫਿਰ ਪਲ ਨਾ ਲਵੇ।
ਮਜਲੋ ਮਜਲੀ ਆਉਂਦਾ, ਪਾਤਸ਼ਾਹੀ ਚਾਹਵੇ॥
ਡੇਰਾ ਘੱਤਿਆ ਆਣ ਕੇ, ਬੁੱਧੂ ਦੇ ਆਵੇ॥ ੯॥
ਸੰਮਣ ਸ਼ੇਰ ਸਿੰਘ ਥੀਂ, ਫੇਰ ਖਬਰਾਂ ਗਈਆਂ।
ਆਏ ਸੰਧਾਂਵਾਲੀਏ, ਜਗ ਧੁੰਮਾਂ ਪਈਆਂ।
ਉਹ ਸਨ ਮਾਲਕ ਰਾਜ ਦੇ, ਚੁਕ ਸੁੱਟੇ ਵਹੀਆਂ।
ਮਿਲ ਕੇ ਸਭਨਾਂ ਸੂਬਿਆਂ, ਮਨ ਸੋਚਾਂ ਪਈਆਂ।
ਆਪ ਸੱਦੇ ਸਰਕਾਰ ਨੇ, ਲਿਖ ਰਬਟਾਂ ਪਈਆਂ।
ਦੋਵੇਂ ਮਿਲਦੇ ਆ ਕੇ, ਬਹਿ ਖੁਸ਼ੀਆਂ ਲਈਆਂ॥ ੧੦॥
ਮਰਦਾਂ ਸੇਤੀ ਕੇਤੀਆਂ, ਗੱਲਾਂ ਫਿਰ ਆਈਆਂ।

SikhBookClub.com

ਮਰਦਾਂ ਬੈਠ ਵਿਚਾਰੀਆਂ, ਹੋਰ ਸਭ ਗਵਾਈਆਂ।
ਲਿਖ ਪਰਵਾਨੇ ਭੇਜਦੇ, ਸ਼ਹਿਰੀਂ ਅਵਾਈਆਂ।
ਲੱਗੇ ਮਜਲਸ ਹੋਵਣੇ, ਆ ਮਿਲਣ ਵਧਾਈਆਂ
ਮੁਬਾਰਕ ਦਿੱਤੀ ਆ ਕੇ, ਡੂਮਾਂ ਤੇ ਨਾਈਆਂ।
ਸੀਸ ਗੁੰਦਾਏ ਰਾਣੀਆਂ, ਹੋ ਬਹਿਣ ਸਵਾਈਆਂ।
ਮੀਂਹ ਜੋ ਵਰ੍ਹਿਆ ਔੜ ਦਾ, ਵਤ ਸਾਖਾਂ ਆਈਆਂ।। ੧੧।।
ਅਕਲੀ ਰਾਜਾ ਧਿਆਨ ਸਿੰਘ, ਸੱਚੀ ਕੁਦਰਤ ਸਾਜਾ।
ਕਰ ਸਵਾਰੀ ਫੀਲ ਦੀ, ਚੜ੍ਹ ਆਇਆ ਰਾਜਾ।
ਅੱਗੇ ਅੜਦਲ ਆਉਂਦੀ, ਨਾਲ ਵੱਜਦਾ ਵਾਜਾ।
ਕਰਾਬੀਨ ਜੰਬੂਰਿਆਂ, ਨਾਲ ਤੁਰਮ ਤੁਰਾਜਾ।
ਮਿਲਿਆ ਆਣ ਅਜੀਤ ਸਿੰਘ ,ਬਹਿ ਕਰੇ ਤਵਾਜ਼ਾ।
ਸੱਚੀ ਕੁਦਰਤ ਸਾਹਿਬਾ, ਗਰੀਬ ਨਿਵਾਜਾ।। ੧੨।।
ਮੁਖ ਥੀਂ ਬੋਲ ਅਜੀਤ ਸਿੰਘ, ਕਰ ਬਚਨ ਸੁਣਾਇਆ।
ਦਾਣਾ ਪਾਣੀ ਛੱਡ ਗਏ, ਫਿਰ ਮੋੜ ਲਿਆਇਆ।
ਵੱਸ ਨਹੀਂ ਸੀ ਰਾਜਿਆਂ, ਜੋ ਲਿਖਿਆ ਪਾਇਆ।
ਚੰਗਾ ਮਰਨਾ ਦੇਸ਼ ਦਾ, ਪ੍ਰਦੇਸ਼ ਪਰਾਇਆ।
ਵੱਸ ਤੁਹਾਡੇ ਰਾਜਿਆਂ, ਰੱਬ ਮੁੜ ਕੇ ਪਾਇਆ।
ਜੋ ਭਾਵੇਂ ਕਰਤਾਰ ਨੂੰ, ਹੁਣ ਵੇਲਾ ਆਇਆ।। ੧੩।।
ਰਾਜਾ ਮੁਖ ਥੀਂ ਬੋਲਿਆ, ਕਰ ਬਚਨ ਸੁਣਾਵੇ।
ਜਿਹੜੀ ਸਾਡੇ ਗੋਚਰੀ, ਸੋ ਸਾਹਿਬ ਪੁਚਾਵੇਂ।
ਤੇਰਾ ਸ਼ੇਰ ਸਿੰਘ ਦਾ, ਕੌਣ ਨਿਆਉਂ ਕਰਾਵੇ।
ਮਿੰਨਤੀਂ ਕੀਆਂ ਅਜੀਤ ਸਿੰਘ, ਰਾਜ ਹੱਥ ਨਾ ਆਵੇ।
ਰਾਜ ਪਿਆਰੇ ਰਾਜਿਆਂ, ਫੜ ਵੀਰ ਕੁਹਾਵੇ।
ਆਖ ਸੁਣਾਵੇ ਹੀਰਿਆ, ਜੋ ਦਿਲ ਤੇ ਆਵੇ।। ੧੪।।

ਨੋਟ:- ਸਰਦਾਰ ਅਜੀਤ ਸਿੰਘ ਦੇ ਲਾਹੌਰ ਅਪੱੜਦਿਆਂ ਹੀ ਰਾਜਾ ਧਿਆਨ ਸਿੰਘ ਉਸ ਨੂੰ ਮਿਲਣ ਆਉਂਦਾ ਹੈ ਅਤੇ ਪਹਿਲੀ ਗੱਲ ਇਹ ਕਹਿੰਦਾ ਹੈ ਕਿ ਤੁਹਾਡਾ ਤੇ ਮਹਾਰਾਜੇ ਦਾ ਨਿਆਉਂ ਕੌਣ ਕਰਵਾ ਸਕਦਾ ਹੈ, ਤਖਤ ਮਿੰਨਤਾਂ


SikhBookClub.com

ਕੀਤਿਆਂ ਹੱਥ ਨਹੀਂ ਆਉਂਦੇ, ਇਹ ਤਾਂ ਛਾਤੀ ਦੇ ਜ਼ੋਰ ਹੀ ਲਈਦੇ ਹਨ।

(ਕਰਮ ਸਿੰਘ)

ਰੁਖ਼ਸਦ ਕਰੇ ਅਜੀਤ ਸਿੰਘ, ਰਾਜਾ ਚੜ੍ਹ ਆਇਆ।
ਬੱਦਲ ਜਿਉਂ ਬਰਸਾਤ ਦਾ, ਚੜ੍ਹ ਵਗੇ ਸਵਾਇਆ।
ਅੱਗੇ ਹੋਣ ਸਲਾਮੀਆਂ, ਹਵੇਲੀ ਆਇਆ।
ਆਸ਼ਕ ਸਮੁਦ ਦਾ ਹੀਰਿਆ, ਅੰਤ ਕਿਨੇ ਨ ਪਾਇਆ।
ਜਿੰਨੇ ਆਸ਼ਕ ਜੱਗ ਤੇ, ਸਭ ਆਖ ਸੁਣਾਇਆ।
ਸੋਹਣੀ ਡੁੱਬੀ ਨੈਂ ਵਿਚ, ਮਹੀਂਵਾਲ ਗਵਾਇਆ।
ਰਾਂਝੇ ਮੱਝੀਂ ਚਾਰੀਆਂ, ਜੱਗ ਚਾਕ ਸਦਾਇਆ।
ਮਿਰਜ਼ਾ ਕਾਰਨ ਇਸ਼ਕ ਦੇ, ਰੰਨ ਆਪ ਕੁਹਾਇਆ।
ਲੇਲਾ ਮਜਨੂੰ ਤਾਰਿਆ, ਖੜ ਦੱਬ ਸੁਕਾਇਆ।
ਉਗੀ ਦੱਭ ਸਰੀਰ ਵਿਚ, ਨਾ ਸਿਰੜ ਗਵਾਇਆ।
ਸੱਸੀ ਥਲ ਵਿਚ ਮਰੀ ਆ, ਪੁਨੂੰ ਵੀ ਆਇਆ।
ਰੋਡਾ ਕਾਰਨ ਇਸ਼ਕ ਦੇ, ਵਧ ਨਦੀ ਰੁੜ੍ਹਾਇਆ।
ਸ਼ੀਰੀਂ ਨੇ ਫਰਹਾਦ ਤੋਂ, ਪਹਾੜ ਚਿਰਾਇਆ।
ਨਾਲ ਸਿਦਕ ਦੇ ਤੁਰ ਪਿਆ, ਜਾ ਨਹਿਰ ਲਿਆਇਆ।
ਇਸ਼ਕ ਨੇ ਮਾਰੇ ਸੂਰਮੇ, ਸਰੀਰ ਵਿਕਾਇਆ ॥ ੧੫॥

ਨੋਟ– ਇਸ ਗੱਲ ਦਾ ਪਤਾ ਨਹੀਂ ਲੱਗ ਸਕਿਆ ਕਿ ਕੌਣ ਕਿਸ ਉਤੇ ਆਸ਼ਕ ਸੀ। ਮਾਰੇ ਦੋਵੇਂ ਹੀ ਜਾਂਦੇ ਹਨ, ਸਰਦਾਰ ਅਜੀਤ ਸਿੰਘ ਵੀ ਅਤੇ ਰਾਜਾ ਧਿਆਨ ਸਿੰਘ ਵੀ, ਇਸ ਲਈ ਠੀਕ ਨਹੀਂ ਕਿਹਾ ਜਾ ਸਕਦਾ ਕਿ ਜੋਧੇ ਭਰਾਈ ਦਾ ਭਾਵ ਕਿਸੇ ਇਕ ਤੋਂ ਹੈ। ਐਸਾ ਮਾਲੂਮ ਹੁੰਦਾ ਹੈ ਕਿ ਸੌ ਵਿਸਵੇ ਇਹ ਸੈਨਤ ਸਰਦਾਰ ਅਜੀਤ ਸਿੰਘ ਵੱਲ ਹੀ ਹੈ, ਪਰ ਕਿਸ ਨਾਲ ਉਸ ਦਾ ਪਿਆਰ ਸੀ? ਇਸ ਗੱਲ ਦਾ ਕੁਝ ਪਤਾ ਨਹੀਂ। ਮਹਿਲਾਂ ਦੀਆਂ ਗੱਲਾਂ ਤਾਰੀਖਾਂ ਵਿਚ ਆਉਂਦੀਆਂ ਨਹੀਂ ਅਤੇ ਬਾਹਰ ਲੋਕਾਂ ਵਿਚ ਕੁਝ ਦੀਆਂ ਕੁਝ ਹੋ ਕੇ ਉੱਡ ਜਾਂਦੀਆਂ ਹਨ। ਇਸ ਲਈ ਇਹ ਠੀਕ ਨਹੀਂ ਕਿਹਾ ਜਾ ਸਕਦਾ ਕਿ ਬਾਜ਼ਾਰੀ ਗੱਪ ਕਿਸ ਹੱਦ ਤੀਕ ਠੀਕ ਹੈ।

(ਕਰਮ ਸਿੰਘ)

ਬਾਬਾ ਬਿਕਰਮ ਸਿੰਘ ਸੀ, ਝੱਬ ਕਰੇ ਤਿਆਰੇ।
ਮਿਲਿਆ ਆ ਕੇ ਸ਼ੇਰ ਸਿੰਘ, ਬਹਿ ਅਰਜ਼ ਗੁਜ਼ਾਰੇ।

SikhBookClub.com

ਆਏ ਸੰਧਾਵਾਲੀਏ, ਤੇਰੇ ਖਾਸ ਪਿਆਰੇ।
ਤੂੰ ਬੈਹੀਂ ਉਹ ਚੰਦ ਜਿਉਂ, ਉਹ ਲਾਂਭੀ ਤਾਰੇ।
ਕਹਿਆ ਸਾਡਾ ਮੰਨ ਕੇ, ਕਰ ਕੌਲ ਕਰਾਰੇ।
ਮਨ ਵਿਚ ਪੜ੍ਹਿਆ ਸ਼ੇਰ ਸਿੰਘ, ਬਹਿ ਅਕਲ ਵਿਚਾਰੇ।। ੧੬।।
ਸੱਜਦ ਸੋਢੀ ਪਾਤਸ਼ਾਹ ਸੋ ਸਾਹਿਬ ਨਿਆਈ[੧੦]।
ਜੇਹੜੀ ਆਖਣ ਮੁਖ ਥੀਂ ਸੋ ਭੌਂਦੀ ਨਾਹੀਂ।
ਕਰ ਅਸਵਾਰੀ ਸ਼ੇਰ ਸਿੰਘ, ਚੁਕ ਪਾਇਆ ਰਾਹੀਂ।
ਅਗੋ ਅੜਦਲ ਆਉਂਦੀ, ਜਿਉਂ ਪੁਰੇ ਹਵਾਈ[੧੧]।
ਦਿਲ ਨੂੰ ਆਇਆ ਸਾਫ ਹੋਇ, ਮਨ ਵਿਚ ਕੁਛ ਨਾਹੀਂ।
ਬਾਬੇ ਬਿਕਰਮ ਸਿੰਘ ਨੇ, ਫੜਾਈਆਂ ਬਾਹੀਂ।
ਧੁਰ ਦੀ ਲਿਖੀ ਹੀਰਿਆ, ਫਿਰ ਮੁੜਦੀ ਨਾਹੀਂ।। ੧੭।।
ਲਹਿਣਾ ਸਿੰਘ ਅਜੀਤ ਸਿੰਘ, ਦੋਵੇਂ ਰਲ ਆਏ।
ਬਾਬੇ ਬਿਕਰਮ ਸਿੰਘ ਨੇ, ਫਿਰ ਆਣ ਮਿਲਾਏ।
ਬਹਿ ਲਈਆਂ ਚਰਨਾਮਤਾਂ, ਦਿਲ ਖੋਟ ਗਵਾਏ।
ਸੂਬੇ ਸਭੇ ਆਉਂਦੇ, ਸਰਕਾਰ ਬੁਲਾਏ।
ਦੋ ਵਰ੍ਹਿਆਂ ਦਾ ਮਾਮਲਾ, ਸਭ ਪੇਟੇ ਪਾਏ।
ਮੇਹਰਬਾਨ ਹੋ ਸ਼ੇਰ ਸਿੰਘ, ਕਰ ਬਚਨ ਸੁਣਾਏ।
ਦੋ ਰੁਸਾਲੇ ਸੱਦ ਕੇ, ਮੁਖ ਥੀਂ ਫੁਰਮਾਏ।
ਆਏ ਅਜੀਤ ਸਿੰਘ ਦੇ, ਚਾ ਮਗਰ ਲੁਆਏ।
ਰੋਜ਼ ਕਚਹਿਰੀ ਆਉਣਾ, ਮੁਖ ਥੀਂ ਫੁਰਮਾਏ।
ਸਿਰ ਦੇ ਸਭਨਾਂ ਸੂਬਿਆਂ, ਚਾ ਛਤਰ ਟਿਕਾਏ।
ਸਭੇ ਕਰੇ ਮੁਲਾਹਜ਼ਾ, ਜਿਸ ਵੇਲੇ ਜਾਏ।। ੧੮।।

ਨੋਟ:- ਬਾਬਾ ਬਿਕਰਮ ਸਿੰਘ ਊਨੇ ਵਾਲੇ ਦੀ ਲਾਹੌਰ ਦਰਬਾਰ ਵਿਚ ਬਹੁਤ ਮੰਨੀ ਜਾਂਦੀ ਸੀ ਅਤੇ ਉਸ ਸਮੇਂ ਦਾ ਇਹ ਰਿਵਾਜ ਸੀ ਕਿ ਜਿਸ ਸਰਦਾਰ ਉਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਕ੍ਰੋਪੀ ਹੁੰਦੀ, ਉਹ ਭੱਜ ਕੇ ਯਾ ਤਾਂ ਊਨੇ ਸਾਹਿਬ ਚਲਿਆ ਜਾਂਦਾ ਜਾਂ ਨੌਰੰਗਾਬਾਦ ਭਾਈ ਵੀਰ ਸਿੰਘ ਜੀ ਪਾਸ, ਚੂੰਕਿ ਨੌਰੰਗਾਬਾਦ

੧੦ ਸੱਜਦ ਅਤੇ ਸੋਢੀ ਪਾਤਸ਼ਾਹ ਇਹ ਦੋਵੇਂ ਸਾਹਿਬਾਂ ਦੇ ਬਰਾਬਰ (ਨਿਆਈਂ) ਹਨ।
੧੧ ਜਿਸ ਤਰ੍ਹਾਂ ਪੁਰੇ ਦੀ ਹਵਾ ਬੱਦਲਾਂ ਅੱਗੇ ਆਉਂਦੀ ਹੈ।

SikhBookClub.com

ਤ੍ਰਨ ਤਾਰਨ ਦੇ ਪਾਸ ਹੀ ਹੈ, ਇਸ ਲਈ ਬਹੁਤ ਸਰਦਾਰ ਇਹ ਅਸਥਾਨ ਲਾਗੇ ਹੋਣ ਦੇ ਕਾਰਨ ਭਾਈ ਵੀਰ ਸਿੰਘ ਜੀ ਦੀ ਪਨਾਹ ਵਿਚ ਹੀ ਆ ਜਾਇਆ ਕਰਦੇ। ਮਹਾਰਾਜੇ ਦੀ ਇਤਨੀ ਹਿੰਮਤ ਨਹੀਂ ਹੁੰਦੀ ਸੀ ਕਿ ਇਹਨਾਂ ਦੇ ਡੇਰੇ ਵਿਚੋਂ ਬਦੋ-ਬਦੀ ਆਪਣੇ ਸਰਦਾਰ ਨੂੰ ਲੈ ਜਾਵੇ।

ਨੌਰੰਗਾਬਾਦ ਅਤੇ ਊਨੇ ਸਾਹਿਬ ਦਾ ਡੇਰਾ ਬਾਬੇ ਵਡਭਾਗ ਸਿੰਘ ਤੋਂ ਇਕ ਹੀ ਹੋ ਜਾਂਦਾ ਹੈ, ਕਿਉਂਕਿ ਬਾਬਾ ਵੀਰ ਸਿੰਘ ਨੇ ਬਾਬੇ ਵਡਭਾਗ ਸਿੰਘ ਤੋਂ ਹੀ ਅੰਮ੍ਰਿਤ ਪਾਨ ਕੀਤਾ ਸੀ। ਬਾਬਾ ਬਿਕਰਮਾ ਸਿੰਘ ਜੀ ਦੇ ਵੇਲੇ ਇਹਨਾਂ ਦੋਵਾਂ ਡੇਰਿਆਂ ਵਿਚ ਖਟ-ਪਟੀ ਪੈ ਗਈ ਸੀ, ਕਿਉਂਕਿ ਬਾਬਾ ਵੀਰ ਸਿੰਘ ਨੂੰ ਜੋ ਉਸ ਸਮੇਂ ਬੱਚੇ ਹੀ ਸਨ ਆਪਣੇ ਪਾਸ ਪਨਾਹ ਦਿੱਤੀ ਸੀ। ਸੰਧਾਂਵਾਲੀਆ ਦਾ ਸੰਬੰਧ ਮੁੱਢ ਤੋਂ ਨੌਰੰਗਾਬਾਦ ਨਾਲ ਰਿਹਾ ਹੈ ਅਤੇ ਇਸ ਖਾਨਦਾਨ ਦੀ ਉਸ ਅਸਥਾਨ ਉਤੇ ਅੱਜ ਤੀਕ ਬੜੀ ਸ਼ਰਧਾ ਹੈ। ਇਹ ਪਤਾ ਨਹੀਂ ਲੱਗ ਸਕਿਆ ਕਿ ਸ੍ਰ: ਅਤਰ ਸਿੰਘ ਜੀ ਨੌਰੰਗਾਬਾਦ ਦੀ ਓਟ ਛੱਡ ਕੇ ਊਨੇ ਸਾਹਿਬ ਕਿਉਂ ਗਏ ! ਸ਼ਾਇਦ ਇਹ ਕਾਰਨ ਹੋਵੇ ਕਿ ਉਸ ਸਮੇਂ ਬਾਬਾ ਵੀਰ ਸਿੰਘ ਜੀ, ਕਿਤੇ ਦੌਰੇ ਉਤੇ ਹੋਣਗੇ, ਜੈਸਾ ਕਿ ਅਕਸਰ ਆਪ ਰਿਹਾ ਕਰਦੇ ਸਨ।

ਕੁਝ ਵੀ ਹੋਵੇ, ਬਾਬਾ ਬਿਕਰਮਾ ਸਿੰਘ ਜੀ ਨੂੰ ਇਹ ਗੱਲ ਬੁਰੀ ਲੱਗੀ, ਕਿ ਭਰਾਵਾਂ ਵਿਚ ਐਸਾ ਫਸਾਦ ਪੈ ਜਾਵੇ ਅਤੇ ਪਾਤਸ਼ਾਹੀ ਦੀਆਂ ਵਾਗਾਂ ਡੋਗਰਿਆਂ ਦੇ ਹੱਥ ਚਲੀਆਂ ਜਾਣ। ਇਹ ਸਾਰਾ ਆਪ ਦੀ ਮਿਹਨਤ ਦਾ ਹੀ ਫਲ ਸੀ ਕਿ ਸੰਧਾਂਵਾਲੀਏ ਮੁੜ ਕੇ ਪੰਜਾਬ ਬੁਲਵਾਏ ਗਏ।

ਮੁੜਨ ਦੀ ਸਾਰੀ ਗੱਲ ਇਸ ਤਰ੍ਹਾਂ ਹੋਈ ਕਿ ਮੱਘਰ ੧੮੯੭ ਤੋਂ ਲੈ ਕੇ ੧੮੯੯ ਤਕ ਦੇਸੋਂ ਬਾਹਰ ਰਹਿ ਕੇ ਸਰਦਾਰ ਅਜੀਤ ਸਿੰਘ ਨੇ ਖਤ ਲਿਖਿਆ ਕਿ ਸਾਨੂੰ ਵਾਪਸ ਮੁਲਕ ਵਿਚ ਆਉਣ ਦੀ ਆਗਿਆ ਦਿੱਤੀ ਜਾਵੇ; ਸੁ ਦਿੱਤੀ ਗਈ। ਸਰਦਾਰ ਅਜੀਤ ਸਿੰਘ ਜੋ ਦੇਸੋਂ ਨਿਕਲਿਆ ਸੀ, ਸੁ ਕੇਵਲ ਇਸ ਕਰਕੇ ਕਿ ਕਲਾਰਕ ਸਾਹਿਬ ਪਾਸੋਂ ਰਾਣੀ ਦੇ ਹੱਕ ਵਿਚ ਮਦਦ ਮੰਗੇ। ਜਦ ਉਥੋਂ ਨਾ ਹੋਈ ਤਦ ਦਿੱਲੀ ਮੈਟਕਾਫ ਸਾਹਿਬ ਪਾਸ ਗਿਆ। ਉਥੋਂ ਵੀ ਜੁਆਬ ਮਿਲਿਆ। ਫਿਰ ਸਰਦਾਰ ਕਲਕੱਤੇ ਗਿਆ, ਪਰ ਲਾਟ ਆਕਲੈਂਡ ਨੇ ਮਿਲਣਾ ਵੀ ਨਾ ਚਾਹਿਆ ਅਤੇ ਰਾਣੀ ਸੰਬੰਧੀ ਕੋਈ ਗੱਲ ਵੀ ਪਸੰਦ ਨਾ ਕੀਤੀ। ਅੰਤ ਨੂੰ ਸਰਦਾਰ ਅਤਰ ਸਿੰਘ ਤੇ ਅਜੀਤ ਸਿੰਘ ਨਿਰਾਸ ਮੁੜ ਕੇ ਆਪਣੀਆਂ ਝਿੜੀਆਂ ਦੀ ਰਾਹੀਂ ਲਾਹੌਰ ਦੀ ਫੌਜ ਨੂੰ ਆਪਣੀ ਵੱਲ ਕਰਨ ਲੱਗ ਪਏ। ਪੂਰੀ ਉਮੀਦ ਸੀ ਕਿ ਉਹ ਮਹਾਰਾਜੇ ਨੂੰ ਬੇ-ਦਖਲ ਕਰਨ ਵਿਚ ਕਾਮਯਾਬ ਹੋ ਜਾਂਦੇ, ਜੇਕਰ ਰਾਜਾ ਧਿਆਨ ਸਿੰਘ ਦੀ ਚੜ੍ਹਾਈ ਕੰਮ ਨਾ ਕਰਦੀ।

SikhBookClub.com

ਪਹਿਲੀ ਗੱਲ ਤਾਂ ਉਸ ਇਹ ਕੀਤੀ ਕਿ ਤਖ਼ਤ ਨਸ਼ੀਨੀ ਤੋਂ ਛੇ ਕੁ ਮਹੀਨੇ ਮਗਰੋਂ ਜਦ ਕੌਰ ਜੀ ਦੇ ਘਰ ਲੜਕਾ ਪੈਦਾ ਹੋਇਆ ਤਾਂ ਆਪ ਹੀ ਮਰਵਾ ਕੇ ਦਰਬਾਰ ਵਿਚ ਉੱਘਾ ਕਰ ਦਿੱਤਾ ਕਿ ਮੋਇਆ ਹੋਇਆ ਲੜਕਾ ਪੈਦਾ ਹੋਇਆ ਹੈ ਅਤੇ ਇਸ ਤੋਂ ਯਾਰਾਂ ਕੁ ਮਹੀਨੇ ਮਗਰੋਂ ਰਾਣੀ ਚੰਦ ਕੌਰ ਦਾ ਵੀ ਫਸਤਾ ਵੱਢ ਦਿੱਤਾ। ਇਸ ਤਰ੍ਹਾਂ ਨਾਲ ਬਹੁਤ ਸਾਰੇ ਆਦਮੀਆਂ ਦੇ ਖਿਆਲ ਮਹਾਰਾਜੇ ਵੱਲ ਝੁਕ ਗਏ, ਜੋ ਪਹਿਲੋਂ ਕੌਰ ਜੀ ਦੀ ਔਲਾਦ ਦੀ ਉਡੀਕ ਵਿਚ ਸਮੇਂ ਦੀ ਚਾਲ ਦੇਖ ਰਹੇ ਸਨ।

ਪਰ ਸੰਧਾਂਵਾਲੀਆਂ ਦਾ ਪਾਸਾ ਅਜੇ ਵੀ ਹੌਲਾ ਨਹੀਂ ਸੀ ਹੋਇਆ। ਦਰਬਾਰ ਵਿਚ ਬਹੁਤ ਸਾਰੇ ਸਰਦਾਰ (ਸ੍ਰ: ਲਹਿਣਾ ਸਿੰਘ ਜੀ ਮਜੀਠੀਆ, ਸ੍ਰ: ਸ਼ਾਮ ਸਿੰਘ ਅਟਾਰੀ ਵਾਲਾ ਅਤੇ ਸ੍ਰ: ਫਤਹਿ ਸਿੰਘ ਮਾਨ ਵਰਗੇ) ਜੋ ਰਾਜੇ ਦੇ ਉਲਟ ਸਨ, ਦਿਲੋਂ ਸੰਧਾਂਵਾਲੀਆਂ ਦੇ ਨਾਲ ਸਨ। ਮਹਾਰਾਣੀ ਦੇ ਮਰਨ ਤੋਂ ਮਹੀਨਾ ਕੁ ਪਹਿਲਾਂ ਰਾਜੇ ਤੇ ਮਹਾਰਾਜੇ ਦੀ ਹਾਲਤ ਐਸੀ ਹੋ ਰਹੀ ਸੀ ਕਿ ਉਹਨਾਂ ਨੂੰ ਨਾ ਦਿਨੇ ਚੈਨ ਸੀ, ਨਾ ਰਾਤ ਆਰਾਮ। ਅੰਤ ਨੂੰ ਅੰਗਰੇਜ਼ਾਂ ਨੇ ਵਿਚ ਪੈ ਕੇ ਸਫਾਈ ਕਰਵਾ ਦਿੱਤੀ ਅਤੇ ਸੰਧਾਂਵਾਲੀਆਂ ਨੂੰ ਆਗਿਆ ਹੋ ਗਈ ਕਿ ਆਪਣੇ ਦੇਸ਼ ਵਿਚ ਆ ਕੇ ਆਪਣੀਆਂ ਜਗੀਰਾਂ ਨੂੰ ਪਹਿਲੇ ਵਾਂਗ ਹੀ ਸਾਂਭ ਲੈਣ।

ਕੱਤਕ ੧੮੯੯ ਨੂੰ ਸਰਦਾਰ ਅਜੀਤ ਸਿੰਘ ਨੇ ਅਰਜ਼ੀ ਘੱਲੀ ਸੀ ਅਤੇ ਆਗਿਆ ਮਿਲਣ ਪਰ ਚੜ੍ਹੇ ਮੱਘਰ ਉਹ ਦੇਸ਼ ਵਿਚ ਆ ਗਿਆ ਸੀ। ੬ ਮੱਘਰ ਨੂੰ ਸਰਕਾਰ ਦੀ ਸਮਾਧ ਉਤੇ ਮਹਾਰਾਜੇ ਨਾਲ ਮੁਲਾਕਾਤ ਹੋਈ, ਜਿਹਨਾਂ ਨੇ ਬਹੁਤ ਤਸੱਲੀ ਦਿੱਤੀ ਅਤੇ ਉਸੇ ਵੇਲੇ ਆਪਣੇ ਪਾਸ ਨੌਕਰ ਜਵਾਹਰ ਸਿੰਘ ਨੂੰ ਮੁਕੇਰੀਆਂ ਵੱਲ ਤੋਰ ਦਿੱਤਾ ਕਿ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਨੂੰ ਆਪਣੇ ਨਾਲ ਲੈ ਆਵੇ। ਇਸੇ ਦਿਨ ਹੀ ਜਲੇ ਵਾਲੀਆਂ ਦੀ ਹਵੇਲੀ ਜੋ ਪਹਿਲੋਂ ਸਰਦਾਰ ਅਜੀਤ ਸਿੰਘ ਪਾਸ ਸੀ ਅਤੇ ਦੇਸੋਂ ਭੱਜ ਜਾਣ ਵੇਲੇ ਫੇਰ ਸਰਦਾਰ ਅਦਲ ਸਿੰਘ ਜਲੇਵਾਲੀਏ ਨੂੰ ਮਿਲ ਗਈ ਸੀ, ਸਰਦਾਰ ਅਜੀਤ ਸਿੰਘ ਨੂੰ ਦਿੱਤੀ ਗਈ।

ਮਿਸਰ ਬੇਲੀ ਰਾਮ ਨੂੰ ਹੁਕਮ ਹੋਇਆ ਕਿ ਤੀਹ ਹਜ਼ਾਰ ਰੁਪਿਆ ਸਰਦਾਰ ਨੂੰ ਦਿੱਤਾ ਜਾਵੇ, ਤਾਂ ਕਿ ਉਹ ਆਪਣਾ ਗਿਰਵੀ ਰੱਖਿਆ ਮਾਲ ਸਰਾਫਾਂ ਪਾਸੋਂ ਛੁਡਵਾ ਲਵੇ ਅਤੇ ਅੱਠ ਹਜ਼ਾਰ ਰੁਪਿਆ ਪੁਸ਼ਾਕ ਦੀ ਤਿਆਰੀ ਲਈ ਦੇ ਕੇ ਮਹਾਰਾਜੇ ਨੇ ਕਿਹਾ ਕਿ ਦੋਵੇਂ ਵੇਲੇ ਦਰਬਾਰ ਵਿਚ ਆਇਆ ਕਰਨਾ।

੧੩ ਮੱਘਰ ਨੂੰ ਸਰਦਾਰ ਲਹਿਣਾ ਸਿੰਘ ਸ਼ਾਲਾਮਾਰ ਬਾਗ ਵਿਚ ਆ ਉਤਰਿਆ। ਮਹਾਰਾਜੇ ਨੇ ਸਰਦਾਰ ਅਜੀਤ ਸਿੰਘ ਪਾਸੋਂ ਲਿਖਤ ਲੈ ਲਈ ਕਿ ਸਾਨੂੰ ਆਪ ਨਾਲ ਹੁਣ ਕੋਈ ਗੁੱਸਾ ਨਹੀਂ ਅਤੇ ਸਦਾ ਪਹਿਲੇ ਵਾਂਗ ਹੀ ਵਰਤਾਂਗੇ। ਸਰਦਾਰ ਲਹਿਣਾ

SikhBookClub.com

ਸਿੰਘ ਨੂੰ ਲਿਆਉਣ ਲਈ ਰਾਜਾ ਸੁਚੇਤ ਸਿੰਘ ਘੱਲਿਆ ਗਿਆ ਜੋ ਸਰਦਾਰ ਨੂੰ ਬੜੇ ਸਨਮਾਨ ਨਾਲ ਦਰਬਾਰ ਵਿਚ ਲਿਆਇਆ। ਸਰਦਾਰ ਲਹਿਣਾ ਸਿੰਘ ਨੇ ੫੦੦ ਰੁਪੈ ਸਰਵਾਰਨਾ ਅਤੇ ਇੱਕੀ ਬੁਕਤੀਆਂ ਨਜ਼ਰ ਕੀਤੀਆਂ ਅਤੇ ਇਸ ਤੋਂ ਅੱਧ ਸਰਦਾਰ ਕੇਹਰ ਸਿੰਘ ਨੇ। ਮਹਾਰਾਜੇ ਨੇ ਉਠ ਕੇ ਗਲ ਨਾਲ ਲਾਇਆ ਅਤੇ ਜਦ ਮਹਾਰਾਜੇ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ ਅਤੇ ਆਖਿਆ ਕਿ ਅਕਾਲ ਪੁਰਖ ਦਾ ਜੋ ਭਾਣਾ ਸੀ ਸੋ ਵਰਤ ਗਿਆ, ਬੰਦੇ ਦੇ ਕੁਝ ਅਖਤਿਆਰ ਨਹੀਂ। ਸਰਦਾਰ ਨੇ ਕਿਹਾ ਕਿ ਸਾਡੀ ਬੇ-ਇਜ਼ਤੀ ਬੇ-ਅਬਰੋਈ ਬੜੀ ਹੋਈ ਹੈ ਅਤੇ ਸਾਰਾ ਜਹਾਨ ਆਖਦਾ ਹੈ ਕਿ ਆਪਣੇ ਘਰਦਿਆਂ ਦੇ ਨਾਲ ਐਸਾ ਸਲੂਕ ਕੀਤਾ ਹੈ। ਫੇਰ ਸਰਦਾਰ ਲਹਿਣਾ ਸਿੰਘ ਨੂੰ ਜ਼ਿਆਫਤ ਵਜੋਂ ਹਜ਼ਾਰ ਰੁਪਿਆ ਤੇ ਸਰਦਾਰ ਕੇਹਰ ਸਿੰਘ ਨੂੰ ੫੦੦ ਰੁਪਿਆ ਦਿੱਤਾ ਗਿਆ।

ਹੁਣ ਦਿਨੋਂ ਦਿਨ ਸੰਧਾਵਾਲੀਆਂ ਦੀ ਕਦਰ ਵਧਣ ਲੱਗੀ। ੧੩ ਪੋਹ ਨੂੰ ਸਭ ਕਾਰਦਾਰਾਂ ਵੱਲ ਪ੍ਰਵਾਨੇ ਘੱਲੇ ਗਏ ਕਿ ਜੋ ਮਾਲ ਅਸਬਾਬ ਊਠ ਘੋੜੇ, ਗਾਈਆਂ, ਮਹੀਆਂ ਅਤੇ ਜ਼ੀਨ ਸਾਜ਼ ਆਦਿ ਸੰਧਾਂਵਾਲੀਆਂ ਦੇ ਜ਼ਬਤ ਕੀਤੇ ਗਏ ਸਨ, ਉਹ ਸਭ ਇਹਨਾਂ ਦੇ ਆਦਮੀਆਂ ਨੂੰ ਵਾਪਸ ਦਿੱਤੇ ਜਾਣ। ਇਸ ਤੋਂ ਸੱਤ ਕੁ ਦਿਨ ਮਗਰੋਂ ੨੦ ਪੋਹ ਨੂੰ ਜਦ ਸਰਦਾਰ ਲਹਿਣਾ ਸਿੰਘ ਦਰਬਾਰ ਵਿਚ ਆਇਆ ਤਾਂ ਮਹਾਰਾਜੇ ਨੇ ਉਸ ਦੇ ਜ਼ਬਤ ਹੋਏ ਅਸਬਾਬ ਵਿਚੋਂ ਇਕ ਤਲਵਾਰ ਫੜ ਕੇ ਆਪ ਸਰਦਾਰ ਦੇ ਗਾਤਰੇ ਪਾਈ ਅਤੇ ਸਾਰਾ ਜ਼ਬਤੀ ਦਾ ਅਸਬਾਬ ਮੋੜ ਦਿੱਤਾ। ਫਿਰ ਇਕ ਹੀਰੇ ਵਾਲੀ ਅੰਗੂਠੀ ਸਰਦਾਰ ਦੀ ਉਂਗਲੀ ਪਾ ਕੇ, ਇਕ ਹਜ਼ਾਰ ਰੁਪਿਆ ਹੋਰ ਦਿੱਤਾ ਕਿ ਧਰਮ ਅਰਥ ਗਰੀਬਾਂ ਵਿਚ ਵੰਡ ਦੇਣਾ। ਜਦ ਬਾਬਾ ਬਿਕਰਮ ਸਿੰਘ ਨੇ ਮਹਾਰਾਜੇ ਤੇ ਦੋਹਾਂ ਸਰਦਾਰਾਂ ਵਿਚ ਸੁਲਹ-ਸਫਾਈ ਕਰਵਾ ਦਿੱਤੀ ਅਤੇ ਆਪਣੀ ਹੱਥੀਂ ਤਿੰਨਾਂ ਨੂੰ ਚਰਨਾਮ੍ਰਿਤ ਦਿੱਤੇ ਤਾਂ ਸੱਤ ਮਾਘ ਨੂੰ ਤਿਆਰੀ ਬੋਲ ਦਿੱਤੀ। ਮਹਾਰਾਜਾ ਨੇ ਆਪ ਨੂੰ ਇੱਕੀ ਕਪੜੇ, ਇਕ ਘੋੜਾ ਸੁਨਹਿਰੀ ਸਾਜ਼ ਵਾਲਾ ਅਤੇ ਇਕ ਹਾਥੀ ਚਾਂਦੀ ਦੇ ਹੌਦੇ ਵਾਲਾ ਦਿੱਤਾ। ਅੱਗੋਂ ਬਾਬਾ ਜੀ ਨੇ ੧੭ ਕਪੜੇ ਸਿਰੋਪਾਉ ਵਜੋਂ ਮਹਾਰਾਜਾ ਨੂੰ ਦਿੱਤੇ। ਮਹਾਰਾਜਾ ਨੇ ਸ਼ਾਹ ਬਿਲਾਵਲ ਜਾ ਕੇ ੧੬ ਕਪੜੇ ਹੋਰ ਦਿੱਤੇ। ਇਕ ਘੋੜਾ ਸੁਨਹਿਰੀ ਸਾਜ਼ ਵਾਲਾ, ਇਕ ਸਿਰੀ ਸਾਹਿਬ ਅਤੇ ਤਿੰਨ ਜਵਾਹਰ ਸਰਦਾਰ ਅਜੀਤ ਸਿੰਘ ਨੂੰ ਅਤੇ ਇਹੋ ਕੁਝ ਅੱਡੋ-ਅੱਡ ਸਰਦਾਰ ਲਹਿਣਾ ਸਿੰਘ ਤੇ ਕੇਹਰ ਸਿੰਘ ਨੂੰ ਦਿੱਤੇ। ਸੰਧਾਂਵਾਲੀਆਂ ਦੇ ਦਿਨ ਫਿਰ ਪਏ ਅਤੇ ਉਹ ਫਿਰ ਪਹਿਲੇ ਸਮੇਂ ਵਰਗੀਆਂ ਹੀ ਮੌਜਾਂ ਮਾਨਣ ਲੱਗ ਪਏ।

ਸਰਸੇ ਸੰਧਾਂਵਾਲੀਏ, ਰਬ ਕਾਦਰ ਭਾਣੇ।
ਮੁੜ ਕੇ ਆਏ ਮੁਲਕ, ਵਿਚ ਦੇਸਾਂ ਦੇ ਰਾਣੇ।

SikhBookClub.com

ਨਵੇਂ ਬਣਾਏ ਕਾਰਦਾਰ, ਸਭ ਮੁਲਖੀ ਠਾਣੇ।
ਜੇ ਰੱਬ ਰੱਖੇ ਹੀਰਿਆ, ਕਰ ਮਨ ਦੇ ਭਾਣੇ।
ਮਾਰਨ ਵਾਲਾ ਕੌਣ ਹੈ, ਕਰ ਜ਼ੋਰ ਧਿਙਾਣੇ।। ੧੯।।
ਵਸਿਆ ਰਾਜਾ ਸਾਂਹਸੀ, ਫਿਰ ਹੋਏ ਸਵਾਇਆ।
ਮਿਲ ਕੇ ਆਏ ਮੁਲਖ ਵਿਚ, ਰਬ ਫਿਰਕਾ ਪਾਇਆ।
ਮਹਿਲੀਂ ਬੈਠੀਆਂ ਰਾਣੀਆਂ, ਕਰ ਰੂਪ ਸਵਾਇਆ।
ਖਿਜਮਤ ਕਰਦੀਆਂ ਗੋਲੀਆਂ, ਰਬ ਰਾਜ ਦਿਵਾਇਆ।। ੨੦।।
ਹੀਲੇ ਰਿਜ਼ਕ ਪਹੁੰਚਾਉਂਦਾ, ਕਰ ਮੌਤ ਬਹਾਨੇ।
ਮੁਲਖੋਂ ਸੰਧਾਂਵਾਲੀਏ ਲੈਂਦੇ ਨਜ਼ਰਾਨੇ।
ਮੇਹਰਬਾਨ ਹੋ ਸ਼ੇਰ ਸਿੰਘ, ਲਿਖ ਦਏ ਪ੍ਰਵਾਨੇ।
ਮੁਢ ਬਹਿਣ ਸਰਕਾਰ ਦੇ, ਕੋਈ ਲਾ ਦਿਵਾਨੇ।
ਲਹਿਣਾ ਸਿੰਘ ਜੋ ਆਉਂਦਾ,ਕਰ ਤੇਗ ਮਿਆਨੇ।
ਹੋਣੀ ਚੜ੍ਹੀ ਆ ਹੀਰਿਆ, ਕੋਈ ਆ ਜ਼ੁਬਾਨੇ।। ੨੧।।

'ਸਰਦਾਰ ਕਰਮ ਸਿੰਘ ਜੀ ਨੇ ਇਸ ਤੋਂ ਅਗਲਾ ਮਜ਼ਮੂਨ ਪਤਾ ਨਹੀਂ ਕਿਥੇ ਰੱਖਿਆ ਹੈ! ਅਜੇ ਮਿਲਿਆ ਨਹੀਂ। ਜਿਤਨਾ ਪ੍ਰਾਪਤ ਹੋਇਆ ਹੈ ਛਪ ਗਿਆ ਹੈ। ਜੇ ਪੂਰੀ ਵਾਰ ਕਿਸੇ ਪਾਸ ਹੋਵੇ ਤਾਂ ਭੇਜ ਦੇਵੇ।'

(ਐਡੀਟਰ)

SikhBookClub.com

# ੧੦

# ਕਵੀ ਸੁੰਦਰ ਦਾਸ ਜੀ 'ਆਰਾਮ'[੧]

ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਇਤਿਹਾਸਕ ਖੋਜ ਦੇ ਸਿਲਸਿਲੇ ਵਿਚ ਪਿੱਛੇ ਕਪੂਰਥਲੇ ਗਏ ਸਨ। ਉਥੇ ਪੁਰਾਣੇ ਕਾਗਜ਼ਾਂ ਵਿਚ ਉਹਨਾਂ ਨੂੰ 'ਆਰਾਮ' ਕਵੀ ਦੀ ਇਕ ਪੁਰਾਣੀ ਕਵਿਤਾ ਮਿਲੀ, ਜਿਸ ਸਬੰਧੀ ਸਰਦਾਰ ਹੁਰੀਂ ਹੇਠਾਂ ਲਿਖਦੇ ਹਨ :-

ਮੈਂ ਪੁਰਾਣੀਆਂ ਕਿਤਾਬਾਂ ਵੇਖਦਾ ਸਾਂ ਤਾਂ ਸੁੰਦਰ ਦਾਸ 'ਆਰਾਮ' ਦੇ ਦੀਵਾਨ ਦੇ ਪਿਛੇ ਉਸ ਦੀਆਂ ਦੋ ਪੰਜਾਬੀ ਕਵਿਤਾਵਾਂ ਵੇਖੀਆਂ। ਫ਼ਾਰਸੀ ਵਿਚ ਤੇ ਪੰਜਾਬੀ ਵਿਚ ਉਸ ਦੀਆਂ ਕਵਿਤਾਵਾਂ ਬੜੀਆਂ ਵਧ ਕੇ ਹਨ। ਆਪਣੇ ਸਮੇਂ ਦਾ ਉਹ ਉਸਤਾਦ ਸੀ। ਉਹ ਖਾਨ ਬਹਾਦਰ ਦੇ ਸਮੇਂ ਤੋਂ ਲੈ ਕੇ ਮੀਰ ਮੰਨੂੰ ਦੇ ਅਖੀਰ ਤਕ ਹੋਇਆ ਹੈ। ਮੈਂ ਤਾਂ ਆਪਣੇ ਮਤਲਬ ਦੀਆਂ ਇਤਿਹਾਸਕ ਗੱਲਾਂ ਜੋ ਜੋ ਬੜੀਆਂ ਦੁਰਲੱਭ ਸਨ, ਟੋਲ ਕੇ ਨੋਟ ਕਰ ਲਈਆਂ, ਪਰ ਪੰਜਾਬੀ ਕਵਿਤਾ ਦੀ ਨਕਲ ਕਰਨੀ ਮੇਰੇ ਲਈ ਔਖੀ ਹੈ, ਕਿਉਂ ਜੋ ਇਕ ਤਾਂ ਬਰੀਕ ਹੈ, ਦੂਜੇ ਉਰਦੂ ਅੱਖਰਾਂ ਵਿਚ ਹੈ, ਜਿਸ ਦੀ ਮੈਨੂੰ ਮੁਹਾਰਤ ਨਹੀਂ, ਪਰ ਪੰਜਾਬੀ ਬੜੀ ਠੇਠ ਹੈ, ਟੱਕਰਾਂ ਮਾਰ ਕੇ ਨਕਲ ਹੋਣ ਵਾਲੀ ਹੈ। ਕਿਤਾਬ ਮੇਰੇ ਪਾਸ ਪਈ ਹੈ।

ਸੱਸੀ ਪੰਨੂੰ ਦੇ ਕਿੱਸੇ ਵਿਚੋਂ ਨਮੂਨਾ ਦੱਸਦਾ ਹਾਂ :-

*ਆਖਣ ਐਸੀ ਹੁਸਨ ਦੀ ਸੂਰਤ, ਦੁਨੀਆਂ ਵਿਚ ਨਾ ਕਾਈ।*
*ਰੱਬ ਨੇ ਹੂਰ ਬਹਿਸ਼ਤ ਦੀ ਸਾਨੂੰ, ਕਰ ਕੇ ਲੁਤਫ ਭਜਾਈ।*
*ਆਪ ਜੇ ਲੁਤਫ ਕਰਮ ਤੇ ਆਵੇ, ਘੜਿਓਂ ਬੂੰਦ ਵਸਾਂਦਾ।*
*ਸੁੱਕੇ ਬਣ ਕਰ ਕਰ ਹਰਿਆਵਲ, ਮੇਵਾ ਨਾਲ ਲਗਾਂਦਾ।*
*ਲੋਹੂ ਨੂੰ ਉਹ ਦੁੱਧ ਕਰੇ, ਤੇ ਦੁੱਧੋਂ ਘਿਓ ਉਪਜਾਵੇ।*
*ਖਾਰੋਂ ਗੁੱਲ ਕਰਦਾ ਹੈ ਪੈਦਾ, ਪੱਥਰ ਲਾਲ ਬਣਾਵੇ।*
*ਹੱਥੀਂ ਜੇਹੜੀ ਗੰਢ ਖੁੱਲ੍ਹੇ, ਤਿਸ ਦੰਦੀਂ ਜ਼ੋਰ ਨਾ ਲਾਈਏ।*
*ਕਹਿਣ ਸਿਆਣੇ ਸੱਪ ਮਾਰੀਏ, ਲਾਠੀ ਹੱਥ ਬਚਾਈਏ।*

---

੧ ਅਗਸਤ ੧੯੩੦ ਦੇ ਰਸਾਲਾ ਫੁਲਵਾੜੀ ਵਿਚੋਂ।

SikhBookClub.com

*ਮਾਉਂ ਆਖੇ ਮੈਂ ਜਾਨ ਦੇਸਾਂ ਪਰ, ਤੈਨੂੰ ਜਾਣ ਨਾ ਦੇਸਾਂ।*
*ਉੱਬਰ ਤੁੰਬਰ ਭਾਈ ਤੇਰੇ, ਉਥੇ ਚਾਇ ਭਜੇਸਾਂ।*
*ਚਿਰ ਜੀਵੇਂ ਤੂੰ ਜਿੰਦ ਅਸਾਡੀ, ਜਿੰਦ ਨੂੰ ਕੌਣ ਵਿਛੋੜੇ।*
*ਭੱਠ ਕਰਹਲ ਤੇ ਭੱਠ ਸੁਦਾਗਰ, ਮਰਸਨ ਬੱਧੇ ਤੋੜੇ।*

*ਉਸ ਦਿਲਬਰ ਚਾਇ ਬਹਾਇਆ, ਦਰ ਤੇ ਖੁਸ਼ੀ ਨਾਲ।*
*ਆਖਿਓ ਸੁ ਮਾਉਂ ਨੂੰ ਵਰ ਲੱਧਾ, ਮੈਂ ਭਲਾ ਭਾਲ।*
*ਮਾਉਂ ਆਖੇ ਵਰ ਧੀਆਂ, ਆਪ ਨਾ ਕਰਦੀਆਂ।*
*ਜਿਸ ਨੂੰ ਦੇਵਣ ਮਾਪੇ, ਸਿਰ ਤੇ ਧਰਦੀਆਂ।*

ਇਹ ਸੱਸੀ-ਪੰਨੂੰ ਦਾ ਕਿੱਸਾ ਹੈ, ਜੋ ੨੧ ਸਫਿਆਂ ਉਤੇ (ਹਰ ਇਕ ਸਫੇ ਵਿਚ ਦੋ ਕਾਲਮ ਕਰ ਕੇ) ਬੜਾ ਬਰੀਕ ਬਰੀਕ ਲਿਖਿਆ ਹੋਇਆ ਹੈ। ਅੰਤ ਇਸ ਤਰ੍ਹਾਂ ਹੁੰਦਾ ਹੈ :-

*ਸਭ ਕਲਾਮ ਕਰ ਪੰਜ ਬਹਿਰ ਤਾਰੀਖ ਮਿਲਾਈ।*
*ਸੱਸੀ ਪੰਨੂੰ ਦੀ ਜੋਸ਼ ਇਸ਼ਕ ਪੰਚ ਨਦ ਵਹਾਈ।*

ਇਉਂ ਹੈ :-

*ਯੇ ਯਕੀਨ ਕਰੀਂ ਦਿਲ ਅੰਦਰ, ਸਚਿਆਰਾਂ ਦੀ ਯਾਰੀ।*
*ਏਹੋ ਯਾਰੀ ਦੋਹੀਂ ਜਹਾਨੀ ਕਰੇ ਤੇਰੀ ਗਮਖਾਰੀ।*
*ਬਦਸਮਤਾਂ ਦੀ ਮਜਲਸ ਛੱਡ ਕੇ ਪਾਈ ਜਦ ਹੁਸ਼ਿਆਰੀ।*
*ਰਾਮ ਹੋਇਆ 'ਆਰਾਮ' ਉਨ੍ਹਾਂ ਦਾ ਜਿਨ੍ਹਾਂ ਹੈ ਨੇਕੋ ਭਾਰੀ।*

ਇਹ ੨੮ ਬੰਦ ਤਾਂ ਚੰਗੇ ਲਿਖੇ ਹੋਏ ਹਨ, ਇਹ ਤਾਂ ਮੈਂ ਨਕਲ ਕਰ ਹੀ ਲੈਣੇ ਹਨ; ਪੰਚ ਨਦ ਦਾ ਕਿੱਸਾ ਲੰਮਾ ਹੈ, ਮੈਂ ਨਕਲ ਨਹੀਂ ਕਰ ਸਕਦਾ।

ਇਸ 'ਆਰਾਮ' ਨੇ ਇਕ ਫ਼ਾਰਸੀ ਮਸਨਵੀ ਹੀਰ-ਰਾਂਝਣ ਦੀ ਵੀ ਲਿਖੀ ਹੈ। ਮੈਂ ਇਸ ਦੇ ਸਰਸਰੀ ਨੋਟ ਹੀ ਕੀਤੇ ਹਨ। ਇਹ ਫੌਜਦਾਰ ਦਾ ਮੁਨਸ਼ੀ ਹੋ ਕੇ ਝੰਗ ਗਿਆ ਸੀ ਤੇ ਕੁਝ ਮਹੀਨੇ ਉਥੇ ਰਿਹਾ ਸੀ।

ਤੋਸ਼ੇਖਾਨੇ ਵਿਚ ਇਕ ਫ਼ਾਰਸੀ ਕਵਿਤਾ ਮਿਰਜ਼ਾ ਸਾਹਿਬਾਂ ਦੀ ਵੀ ਹੈ, ਜੋ ਕਿਸੇ ਲਾਹੌਰ ਦੇ ਕਵੀ ਨੇ 'ਆਰਾਮ' ਤੋਂ ਤੀਹ ਵਰ੍ਹੇ ਪਹਿਲਾਂ ਲਿਖੀ ਹੈ। ਮੈਂ ਇਸ ਨੂੰ ਅਜੇ ਕਢਵਾਇਆ ਨਹੀਂ। ਹੁਣ ਜਦ ਨਵੀਆਂ ਕਿਤਾਬਾਂ ਲਿਆਇਆ ਤਾਂ ਲਿਆ ਕੇ ਵੇਖਾਂਗਾ ਤੇ ਮੋਟੇ ਮੋਟੇ ਨੋਟ ਵੀ ਨੋਟ ਕਰ ਲਵਾਂਗਾ।

SikhBookClub.com

# ੧੧

# ਜੰਗ-ਨਾਮਾ ਰਚਿਤ ਕਾਜ਼ੀ ਨੂਰ ਦੀਨ[1]

## ੧

ਇਹ 'ਜੰਗ-ਨਾਮਾ' ਕਾਜ਼ੀ ਨੂਰ ਮੁਹੰਮਦ ਵਸਨੀਕ ਗੰਜਾਬੇ (ਬਲੋਚਿਸਤਾਨ) ਦਾ ਲਿਖਿਆ ਹੋਇਆ ਹੈ। ਅਹਿਮਦ ਸ਼ਾਹ ਅਬਦਾਲੀ ਜਦ ਸੱਤਵੀਂ ਵਾਰ ਸੰਮਤ ੧੮੨੧ (੧੭੬੪ ਈ:) ਪੰਜਾਬ ਵੱਲ ਆਇਆ ਤਾਂ ਉਸ ਸਮੇਂ ਬਲੋਚਾਂ ਦਾ ਸਰਦਾਰ ਨਸੀਰ ਖਾਂ ਵੀ ਬਾਰਾਂ ਹਜ਼ਾਰ ਬਲੋਚਾਂ ਸਣੇ ਅਹਿਮਦ ਸ਼ਾਹ ਨਾਲ ਰਲ ਪਿਆ ਸੀ। ਕਾਜ਼ੀ ਨੂਰ ਮੁਹੰਮਦ ਇਸ ਡੇਰੇ ਦੇ ਨਾਲ ਸੀ। ਇਸ ਨੇ ਆਪਣੀ ਅੱਖੀਂ ਖਾਲਸਾ ਜੀ ਦੀਆਂ ਲੜਾਈਆਂ ਵੇਖੀਆਂ ਸਨ। ਜਦ ਦਸ ਮਹੀਨੇ ਦੀ ਮੁਹਿੰਮ ਮਗਰੋਂ ਨਸੀਰ ਖਾਂ ਆਪਣੀ ਰਾਜਧਾਨੀ ਕਲਾਤ ਪਾਸ ਪੁੱਜਾ ਤਾਂ ਉਸ ਨੇ ਕਾਜ਼ੀ ਨੂਰ ਮੁਹੰਮਦ ਨੂੰ ਇਹਨਾਂ ਯੁੱਧਾਂ ਜੰਗਾਂ ਦਾ ਹਾਲ ਲਿਖਣ ਲਈ ਕਿਹਾ ਜਿਸ ਨੇ ਥੋੜ੍ਹੇ ਹੀ ਚਿਰ ਵਿਚ ਆਰੰਭ ਸੰਮਤ ੧੮੨੨ (੧੭੬੫ ਈ:) ਵਿਚ ਇਹ ਜੰਗ-ਨਾਮਾ ਤਿਆਰ ਕਰ ਕੇ ਪੇਸ਼ ਕਰ ਦਿੱਤਾ। ਜੰਗ-ਨਾਮੇ ਦੇ ਅੰਤਲੇ ਸ਼ੇਅਰ ਤੋਂ ਪਤਾ ਲੱਗਦਾ ਹੈ ਕਿ ਇਸ ਨੂੰ ੧੧੭੮ ਹਿਜਰੀ ਵਿਚ ਹੀ ਖਤਮ ਕਰ ਦਿੱਤਾ ਗਿਆ ਸੀ।

ਭਾਵੇਂ ਕਾਜ਼ੀ ਨੂਰ ਮੁਹੰਮਦ ਨੇ ਇਕ ਰੁਖੀ ਤਸਵੀਰ ਖਿੱਚੀ ਹੈ ਪਰ ਤਦ ਵੀ ਸਾਡੇ ਇਤਿਹਾਸ ਦਾ ਇਹ ਬੜਾ ਜ਼ਰੂਰੀ ਅੰਗ ਹੈ। ਸਾਨੂੰ ਹੋਰਸ ਕਿਸੇ ਇਤਿਹਾਸ ਤੋਂ ਅਹਿਮਦ ਸ਼ਾਹ ਦੇ ਇਸ ਹਮਲੇ ਦਾ ਪੂਰਾ ਹਾਲ ਨਹੀਂ ਮਿਲਦਾ। ਇਹ ਚੂੰਕਿ ਅੱਖੀਂ ਡਿੱਠੇ ਹਾਲ ਹਨ, ਇਸ ਲਈ ਬੜੀ ਕਦਰ ਦੇ ਲਾਇਕ ਹਨ।

ਸੰਖੇਪ ਹਾਲ ਇਉਂ ਹੈ ਕਿ ਜਦ ਅਹਿਮਦ ਸ਼ਾਹ ਲਾਹੌਰ ਪੁੱਜਾ ਤਾਂ ਉਸ ਨੂੰ ਲਾਹੌਰ ਦੇ ਵਸਨੀਕਾਂ ਤੇ ਹੋਰ ਆਂਢ-ਗੁਆਂਢ ਦੇ ਆਦਮੀਆਂ ਪਾਸੋਂ ਪਤਾ ਲੱਗਾ ਕਿ ਸਿੰਘ ਪੰਜਾਬ ਛੱਡ ਕੇ ਲੱਖੀ ਜੰਗਲ ਨੂੰ ਚਲੇ ਗਏ ਹਨ। ਇਸ ਲਈ ਸਲਾਹ ਹੋਈ ਕਿ ਹੌਲੀ ਹੌਲੀ ਉਧਰ ਨੂੰ ਜਾ ਕੇ ਇਕ ਦਮ ਉਨ੍ਹਾਂ ਉਤੇ ਜਾ ਪਈਏ। ਅਗਲੇ ਹੀ ਦਿਨ ਅਚਨਚੇਤ ਚੜ੍ਹਤ ਸਿੰਘ ਬਲੋਚਾਂ ਉਤੇ ਜਾ ਪਿਆ ਅਤੇ ਖੂਨ-ਖਰਾਬਾ ਕਰ ਕੇ

---

੧ ਰਸਾਲਾ ਫੁਲਵਾੜੀ, ਮਈ ੧੯੨੯ ਈ:।

SikhBookClub.com

ਪਿੱਛੇ ਹਟ ਗਿਆ। ਫਿਰ ਅਹਿਮਦ ਸ਼ਾਹ ਸ੍ਰੀ ਅੰਮ੍ਰਿਤਸਰ ਜੀ ਵੱਲ ਆਇਆ, ਜਿੱਥੇ ਗੁਰਬਖਸ਼ ਸਿੰਘ ਜੀ ਸ਼ਹੀਦ ਆਪਣੇ ਵੀਹ ਸਾਥੀਆਂ ਸਣੇ ਲੜ ਕੇ ਸ਼ਹੀਦ ਹੋ ਗਏ।

ਹੁਣ ਅਹਿਮਦ ਸ਼ਾਹ ਫਿਰ ਲਾਹੌਰ ਨੂੰ ਮੁੜਿਆ ਤੇ ਉਥੋਂ ਬਟਾਲੇ, ਹੁਸ਼ਿਆਰਪੁਰ, ਰੋਪੜ ਦੇ ਰਾਹ ਪੰਜੌਰ ਪੁੱਜਾ। ਇਸ ਇਲਾਕੇ ਵਿਚ ਦੋ ਮਹੀਨੇ ਅਹਿਮਦ ਸ਼ਾਹ ਫਿਰਦਾ ਰਿਹਾ, ਪਰ ਲੜਾਈ ਕੋਈ ਨਹੀਂ ਹੋਈ। ਅੰਤ ਕੁੰਜ ਪੁਰੇ ਅੱਪੜ ਕੇ ਦੇਸ਼ ਨੂੰ ਮੁੜ ਜਾਣ ਦੀ ਸਲਾਹ ਹੋਈ। ਇਥੋਂ ਅਹਿਮਦ ਸ਼ਾਹ ਸਰਹੰਦ ਆਇਆ ਤੇ ਮਹਾਰਾਜਾ ਆਲਾ ਸਿੰਘ ਜੀ ਨੂੰ ਰਾਜਗੀ ਦਾ ਖਿਤਾਬ ਤੇ ਇਲਾਕਾ ਦੇ ਕੇ ਲਾਹੌਰ ਵੱਲ ਮੁੜਿਆ ਅਤੇ ਸਤਲੁਜ ਟੱਪਿਆ ਹੀ ਸੀ ਕਿ ਖਾਲਸਾ ਜੀ ਆ ਹਾਜ਼ਰ ਹੋਏ ਅਤੇ ਚੰਗੀ ਲੜਾਈ ਹੋਈ। ਅਹਿਮਦ ਸ਼ਾਹ ਹੁਣ ਵਧ ਕੇ ਨਹੀਂ ਲੜਦਾ ਸੀ, ਸਗੋਂ ਆਪਣਾ ਆਪ ਬਚਾਈ ਹੌਲੀ ਹੌਲੀ ਤੁਰਿਆ ਜਾਂਦਾ ਸੀ। ਸੱਤ ਦਿਨ ਲੜਾਈਆਂ ਹੁੰਦੀਆਂ ਰਹੀਆਂ, ਪਰ ਸਿੰਘਾਂ ਨੇ ਅਹਿਮਦ ਸ਼ਾਹ ਦਾ ਖਹਿੜਾ ਨਾ ਛੱਡਿਆ। ਜਦ ਸਤਵੇਂ ਦਿਨ ਦੀ ਲੜਾਈ ਮਗਰੋਂ ਅਹਿਮਦ ਸ਼ਾਹ ਬਿਆਸਾ ਪਾਰ ਹੋ ਗਿਆ ਤਾਂ ਫੇਰ ਸਿੰਘ ਵੀ ਪਿੱਛੇ ਹਟ ਗਏ। ਹੁਣ ਅਹਿਮਦ ਸ਼ਾਹ ਨੂੰ ਇਤਨੀ ਕਾਹਲ ਸੀ ਕਿ ਉਹ ਲਾਹੌਰ ਵੀ ਨਹੀਂ ਵੜਿਆ ਅਤੇ ਰਵਾਂ ਰਵੀਂ ਰਾਵੀ ਲੰਘ ਕੇ ਝਨਾਂ ਗਿਰਦੇ ਜਾ ਦਮ ਲਿਆ। ਉਥੇ ਸੰਜੋਗ ਅਜਿਹਾ ਹੋਇਆ ਕਿ ਜੋ ਮਾਲ-ਮਤਾ ਪੰਜਾਬੋਂ ਲੁੱਟਿਆ ਸੀ, ਉਹ ਸਾਰਾ ਦਰਿਆ ਵਿਚ ਰੁੜ੍ਹ ਗਿਆ। ਹੁਣ ਸਾਰੀ ਸੈਨਾ ਰਵਾਂ ਰਵੀਂ ਰੁਹਤਾਸ ਅੱਪੜੀ ਤੇ ਸਭ ਨੇ ਸੁਖ ਦਾ ਸਾਹ ਲਿਆ। ਇਥੋਂ ਅਹਿਮਦ ਸ਼ਾਹ, ਨਸੀਰ ਖਾਂ ਬਲੋਚ ਅੱਡੋ ਅੱਡ ਹੋ ਗਏ ਤੇ ਆਪਣੇ ਘਰਾਂ ਨੂੰ ਮੁੜ ਗਏ। ਪਿੰਡ ਪੁੱਜਦਿਆਂ ਹੀ ਇਹਨਾਂ ਸਾਰੇ ਹਾਲਾਂ ਨੂੰ ਕਾਜ਼ੀ ਨੂਰ ਮੁਹੰਮਦ ਨੇ ਕਵਿਤਾ ਵਿਚ ਲਿਖਿਆ ਤੇ 'ਜੰਗ-ਨਾਮਾ' ਨਾਮ ਰੱਖਿਆ।

ਭਾਵੇਂ ਥਾਂ ਥਾਂ ਸਿੰਘਾਂ ਨੂੰ ਸਗ, ਸੂਰ, ਪਲੀਤ ਤੇ ਹੋਰ ਅਨੇਕਾਂ ਬੁਰੇ ਨਾਵਾਂ ਨਾਲ ਯਾਦ ਕੀਤਾ ਹੋਇਆ ਹੈ, ਪਰ ਇਸ ਵਿਚ ਕਾਜ਼ੀ ਜੀ ਦਾ ਕੋਈ ਕਸੂਰ ਨਹੀਂ। ਇਹਨਾਂ ਗਾਲ੍ਹਾਂ-ਦੁੱਪੜਾਂ ਦੇ ਹੁੰਦਿਆਂ ਹੋਇਆਂ ਵੀ ਇਹ 'ਜੰਗ-ਨਾਮਾ' ਪੰਜਾਬ ਇਤਿਹਾਸ ਦਾ ਇਕ ਜ਼ਰੂਰੀ ਅੰਗ ਹੈ ਤੇ ਸਿੰਘਾਂ ਸੰਬੰਧੀ ਕਈ ਨਵੀਆਂ ਗੱਲਾਂ ਦੱਸਦਾ ਹੈ।

ਫਰਵਰੀ ੧੯੦੬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਕ ਗੁਰਦੁਆਰੇ ਦੀ ਖੋਜ ਵਿਚ ਮੈਂ ਕੀਚ ਮਕਰਾਨ ਦੇ ਇਲਾਕੇ ਵੱਲ ਗਿਆ ਸਾਂ। ਉਧਰੋਂ ਮੁੜ ਕੇ ਜਦ ਮੈਂ ਸਿੰਧ ਵੱਲ ਆਇਆ ਤਾਂ ਮੈਨੂੰ ਸੁੰਧਕ ਲੱਗੀ ਕਿ ਖ਼ਾਨ ਕਲਾਤ ਪਾਸ ਇਕ ਅਜਿਹੀ ਪੁਰਾਣੀ ਪੁਸਤਕ ਹੈ, ਜਿਸ ਵਿਚ ਸਿੰਘਾਂ ਦੇ ਬਹੁਤ ਸਾਰੇ ਹਾਲ ਹਨ। ਮੈਂ ਸਿੱਧਾ ਰਾਏ ਬਹਾਦਰ ਸ੍ਰ: ਸਾਧੂ ਸਿੰਘ ਪਾਸ ਸਿਬੀ ਪੁੱਜਾ ਤੇ ਉਨ੍ਹਾਂ ਦੇ ਜਤਨ ਨਾਲ ਕੋਇਟੇ ਜਾ ਕੇ ਮਾਰਚ ਵਿਚ ਇਸ ਜੰਗ-ਨਾਮੇ ਦੀ ਨਕਲ ਕਰ ਲਈ। ਇਸ ਵੇਲੇ ਤੀਕ ਇਸ ਦੀਆਂ

SikhBookClub.com

ਕੇਵਲ ਦੋ ਤਿੰਨ ਹੀ ਹੋਰ ਨਕਲਾਂ ਮਿਲਦੀਆਂ ਸਨ। ਸਮਾਂ ਪਾ ਕੇ ਇਸ ਦੀ ਇਕ ਨਕਲ ਸੰਤ ਜਵਾਲਾ ਸਿੰਘ ਜੀ ਨੇ ਕਰਵਾ ਲਈ ਤੇ ਆਪਣੀ ਲਾਇਬਰੇਰੀ ਵਿਚ ਰੱਖ ਲਈ। ਸੰਜੋਗ ਅਜਿਹਾ ਹੋਇਆ ਕਿ ਮੇਰੇ ਇਤਿਹਾਸਕ ਕਾਗਜ਼ ਤੇ ਕਈ ਅਮੋਲਕ ਤਵਾਰੀਖਾਂ ਰੁਲ ਪੁਲ ਗਈਆਂ ਤੇ ਮੈਨੂੰ ਬੜੀ ਨਿਰਾਸਤਾ ਹੋਈ। ਅੰਤ ਲੱਭਦਿਆਂ ਲੱਭਦਿਆਂ ਇਕ ਲਿਖਤੀ ਤਵਾਰੀਖ ਤੇ ਇਹ 'ਜੰਗ-ਨਾਮਾ' ਮੈਨੂੰ ਇਸ ਸਿਆਲ ਵਿਚ ਲੱਭ ਪਏ। ਚੂੰਕਿ ਇਹ ਇਕ ਅਮੋਲਕ ਲਿਖਤ ਹੈ, ਮੈਂ ਜ਼ਰੂਰੀ ਸਮਝਿਆ ਹੈ ਕਿ ਇਸ ਦਾ ਤੱਤ ਛਪਵਾ ਦਿੱਤਾ ਜਾਵੇ, ਤਾਂ ਜੁ ਇਤਿਹਾਸ ਦੇ ਹੋਰ ਖੋਜੀ ਵੀ ਇਸ ਤੋਂ ਲਾਭ ਉਠਾ ਸਕਣ। ਮੈਂ ਨੂਰ ਮੁਹੰਮਦ ਦੀਆਂ ਗੱਲਾਂ ਦਾ ਖ਼ਿਆਲ ਨਾ ਕਰ ਕੇ ਸਭ ਕੁਝ ਉਸ ਦੇ ਲਿਖੇ ਅਨੁਸਾਰ ਲਿਖੀ ਜਾਵਾਂਗਾ ਤੇ ਨਾਲ ਨਾਲ ਆਪਣੀ ਸੰਮਤੀ ਵੀ ਦੇਈ ਜਾਵਾਂਗਾ।

## ਪੰਜਾਬ ਦੀ ਤਿਆਰੀ-

ਇਕ ਦਿਨ ਮੁਹੰਮਦ ਨਸੀਰ ਖਾਂ ਆਪਣੀ ਰਾਜਧਾਨੀ ਕਲਾਤ ਵਿਚ ਮਜਲਸ ਲਾਈ ਬੈਠਾ ਸੀ ਤੇ ਹੱਜ ਕਰਨ ਦੀਆਂ ਸਲਾਹਾਂ ਕਰ ਰਿਹਾ ਸੀ ਕਿ ਇਕਾ ਇਕ ਦਰਬਾਨ ਆਇਆ ਅਤੇ ਉਸ ਨੇ ਦੱਸਿਆ ਕਿ ਹੁਣੇ ਹੀ ਡੇਰੇ ਤੋਂ ਖ਼ਬਰ ਆਈ ਹੈ ਕਿ ਬੇਦੀਨ ਸਿੱਖਾਂ ਨੇ ਲਾਹੌਰੋਂ ਡੇਰੇ ਤੀਕ ਦਾ ਸਾਰਾ ਦੇਸ਼ ਗਾਹ ਮਾਰਿਆ ਹੈ ਤੇ ਮਸੀਤਾਂ ਢਾਹ ਦਿੱਤੀਆਂ ਹਨ[੨]

*ਜ਼ਿ ਲਾਹੌਰ ਤਾ ਡੇਰਾ ਦਰ ਤਾਖਤੰਦ।*
*ਬਿਨਾਇ ਮਸਾਜਿਦ ਬਰ ਅੰਦਾਖਤੰਦ।*

ز لاہور تا ڈیرا در تاختند
بنائے مساجد بر انداختند

ਇਹ ਸੁਣ ਕੇ ਖ਼ਾਨ ਨੂੰ ਬੜਾ ਜੋਸ਼ ਆਇਆ। ਉਸ ਨੇ ਕਿਹਾ, "ਹੈਫ ਕਿ ਇਨ੍ਹਾਂ ਕਾਫਰਾਂ ਦਾ ਮੋਮਨਾਂ ਉੱਤੇ ਜ਼ੋਰ ਪੈ ਗਿਆ ਹੈ, ਜੋ ਦੇਸ਼ ਅੱਗੇ 'ਦਾਰੁਲ ਇਸਲਾਮ' ਸੀ,

---

*੨ ਮਲੂਮ ਹੁੰਦਾ ਹੈ ਕਿ ਜਦ ਮਾਘ ਸੰਮਤ ੧੮੨੦ (ਜਨਵਰੀ ੧੭੬੪) ਵਿਚ ਦੋਹਾਂ ਦਲਾਂ ਨੇ ਰਲ ਕੇ ਜ਼ੈਨ ਖਾਂ ਨੂੰ ਮਾਰਿਆ ਤੇ ਸਰਹੰਦ ਉਜਾੜੀ ਤਾਂ ਬੁੱਢਾ ਦਲ ਤਾਂ ਅਗਾਂਹ ਗੰਗ-ਦੁਆਬ ਵੱਲ ਵੱਧ ਗਿਆ ਸੀ, ਪਰ ਤਰੁਨਾ ਦਲ ਪਿੱਛੇ ਮੁੜ ਕੇ ਲਾਹੌਰ ਵੱਲ ਆ ਗਿਆ। ਉਦੋਂ ਹੀ ਤਰੁਨਾ ਦਲ ਮੁਲਤਾਨ ਵੱਲ ਆਇਆ ਹੋਵੇਗਾ ਅਤੇ ਅਟਕ ਦਰਿਆ ਲੰਘ ਕੇ ਡੇਰਿਆਂ ਦਾ ਇਲਾਕਾ ਵੀ ਉਗਰਾਹ ਲਿਆ ਹੋਵੇਗਾ। ਹੋਰਸ ਕਿਸੇ ਇਤਿਹਾਸਕਾਰ ਨੇ ਇਸ ਵੇਲੇ ਤੀਕ ਸਿੰਘਾਂ ਦਾ ਸੁਲਤਾਨ ਵੱਲ ਆਉਣਾ ਨਹੀਂ ਮੰਨਿਆ। ਪਰ 'ਜੰਗ-ਨਾਮੇ' ਤੋਂ ਮਲੂਮ ਹੁੰਦਾ ਹੈ ਕਿ ਇਸ ਵੇਲੇ ਸਿੰਘ ਅਟਕ ਨੂੰ ਵੀ ਟੱਪ ਚੁੱਕੇ ਸਨ।*

SikhBookClub.com

ਉਹ ਹੁਣ 'ਦਾਰੁਲ ਹਰਬ' ਬਣ ਗਿਆ ਹੈ। ਇਸ ਕਰ ਕੇ ਅਹਿਲ ਇਸਲਾਮ ਨੂੰ ਬੜਾ ਦੁੱਖ ਹੋਇਆ ਹੈ। ਮੇਰੇ ਲਈ ਵਾਜਬ ਹੈ ਕਿ ਮੈਂ ਪਹਿਲਾਂ ਇਹ ਦੀਨ ਦਾ ਜੰਗ ਕਰਾਂ ਤੇ ਬੇ-ਦੀਨਾਂ ਨੂੰ ਕਤਲ ਕਰਾਂ, ਕਾਫਰਾਂ ਦੇ ਸਿਰ ਉਤੇ ਤਲਵਾਰ ਝਾੜਾਂ, ਇਹਨਾਂ ਦਾ ਸਿਰ ਵੱਢਾਂ ਤੇ ਸੀਨਾ ਪਾੜਾਂ ਅਤੇ ਇਹਨਾਂ ਦੋਜ਼ਖੀਆਂ ਦੀ ਐਸੀ ਬਾਬ ਕਰਾਂ ਕਿ ਫਰਿਸ਼ਤੇ ਵਾਹ ਵਾਹ ਆਖਣ। ਮੈਂ ਇਹਨਾਂ ਦੇ ਲਹੂ ਦੀਆਂ ਨਦੀਆਂ ਵਗਾ ਦਿਆਂ ਤੇ ਉਸੇ ਵਿਚ ਇਹਨਾਂ ਨੂੰ ਸਿਰ ਤਲਵਾਏ ਕਰ ਕੇ ਡੋਬ ਦਿਆਂ। ਮੈਂ ਇਹਨਾਂ ਦੀਆਂ ਲੋਥਾਂ ਨੂੰ ਅੱਗ ਵਿਚ ਸਾੜ ਦਿਆਂ ਤੇ ਇਹਨਾਂ ਦੇ ਸਿਰਾਂ ਵਿਚੋਂ ਮਿੱਝ ਕੱਢਾਂ।"

ਫਿਰ ਉਸ ਨੇ ਉਲਮਾਵਾਂ ਪਾਸੋਂ ਫਤਵਾ ਮੰਗਿਆ। ਸਭ ਨੇ ਕਿਹਾ ਕਿ ਇਸ ਤੋਂ ਚੰਗੀ ਗੱਲ ਹੋਰ ਕੀ ਹੋ ਸਕਦੀ ਹੈ। ਪਰ ਪਹਿਲਾਂ ਆਪਣੇ ਬਾਦਸ਼ਾਹ ਅਹਿਮਦ ਸ਼ਾਹ ਪਾਸੋਂ ਆਗਿਆ ਲੈ ਲੈਣੀ ਚਾਹੀਦੀ ਹੈ। ਸੁ ਇਕ ਅਰਜ਼ੀ ਲਿਖੀ ਗਈ ਤੇ ਤਿੱਖੇ ਆਦਮੀ ਹੱਥ ਬਾਦਸ਼ਾਹ ਵੱਲ ਘੱਲੀ ਗਈ।

ਏਸੇ ਵੇਲੇ ਉਧਰੋਂ ਅਹਿਮਦ ਸ਼ਾਹ ਨੇ ਇਕ ਖ਼ਤ ਨਸੀਰ ਖਾਂ ਵੱਲ ਘੱਲਿਆ ਕਿ ਮੇਰੇ ਪਾਸ ਮੁਲਤਾਨੋਂ ਤੇ ਡੇਰੇ ਤੋਂ ਖਬਰਾਂ ਅੱਪੜੀਆਂ ਹਨ ਕਿ ਸਿੱਖਾਂ ਨੇ ਲਾਹੌਰ ਦੇ ਇਲਾਕੇ ਨੂੰ ਗਾਹ ਮਾਰਿਆ ਹੈ। ਲਾਹੌਰ ਹੀ ਕੀ, ਮੁਲਤਾਨ ਤੀਕ ਉਹਨਾਂ ਨੇ ਇਹੋ ਹਾਲ ਕੀਤਾ ਹੈ। ਮਸੀਤਾਂ ਢਾਹ ਦਿੱਤੀਆਂ ਹਨ। ਮੁਸਲਮਾਨਾਂ ਨੂੰ ਕੈਦ ਕਰ ਕੇ ਲੈ ਗਏ ਹਨ ਅਤੇ ਦੀਨ ਦੀਆਂ ਰਸਮਾਂ ਨੂੰ ਬੰਦ ਕਰ ਦਿੱਤਾ ਹੈ। ਇਹ ਕੁਝ ਤਾਂ ਹਾਲ ਹੋ ਗਿਆ ਹੈ ਤੇ ਤੂੰ ਹੱਜ ਨੂੰ ਜਾਂਦਾ ਹੈ ! ਇਹਨਾਂ ਨਾਲ ਜਹਾਦ ਕਰਨਾ ਹੱਜ ਨਾਲੋਂ ਕਈ ਦਰਜੇ ਵਧ ਕੇ ਹੈ। ਇਧਰੋਂ ਮੈਂ ਤੁਰਦਾ ਹਾਂ ਤੇ ਉਧਰੋਂ ਤੂੰ ਤੁਰ, ਕਿ ਅਸੀਂ ਦੋਵੇਂ ਰਲ ਕੇ ਇਹਨਾਂ ਦੀ ਜੜ੍ਹ ਮੇਖ ਪੁੱਟੀਏ, ਇਨ੍ਹਾਂ ਦੇ ਘਰ-ਘਾਟ ਫੂਕੀਏ ਤੇ ਇਨ੍ਹਾਂ ਦੀਆਂ ਤੀਵੀਆਂ ਤੇ ਬੱਚਿਆਂ ਨੂੰ ਕੈਦ ਕਰੀਏ :-

*ਤਗਲਬ ਨਮੂਦੰਦ ਬਰ ਅਹਿਲਿ ਦੀਂ।*
*ਬਤਾਰਾਜ ਬੁਰਦੰਦ ਮੁਲਤਾਂ ਜ਼ਮੀਂ।*
*ਮਸਾਜਿਦ ਸ਼ਿਕਸਤੰਦ ਆਂ ਹਰਬੀਆਂ।*
*ਅਸੀਰੀ ਬਬੁਰਦੰਦ ਅਸਲਾਮੀਆਂ।*
*ਰਸੂਮਾਤਿ ਦੀਂ ਰਾ ਬਰਅੰਦਾਖਤੰਦ।*
*ਨਵਾਹੀਏ ਲਾਹੌਰ ਬਰਤਾਖਤੰਦ।*
*ਕਿ ਬੁਨਿਆਦ ਏਸ਼ਾਨ ਜ਼ਬੂੰ ਬਰ ਕੁਨੇਮ।*
*ਬਮਸਕਨ ਸਗਾਂ ਆਤਿਸ਼ ਅੰਦਰ ਜ਼ਨੇਮ।*
*ਬਰ ਆਰੇਮ ਬੁਨਿਆਦ ਬੁਕੁਨੇਮ ਅਸੀਰ।*
*ਜ਼ਨੋ ਬਚਾ ਸ਼ਾਂ ਰਾ ਕੁਨਮ ਦਸਤਗੀਰ।*

SikhBookClub.com

تغلب نمودند بر اہل دیں    بتاراج بردند ملتاں زمیں
مساجد شکستند آں حربیاں    اسیری ببردند اسلامیاں
رسومات دیں را بر انداختند    نواحیٔ لاہور بر تاختند
کہ بنیاد ایشاں زبوں بر کنیم    بکن سگاں آتش اندر زنیم
بر آریم بنیاد بجنیم اسیر    زن و بچہ شاں را کنم دستگیر

ਨਸੀਰ ਖਾਂ ਤਾਂ ਇਹ ਚਾਹੁੰਦਾ ਸੀ ਕਿ ਮੈਂ ਕਾਫਰਾਂ ਨੂੰ ਮਾਰ ਕੁੱਟ ਕੇ ਸੰਸਾਰ ਨੂੰ ਇਨ੍ਹਾਂ ਭੈੜੀ ਖੋ ਵਾਲਿਆਂ ਤੋਂ ਪਾਕ ਕਰਾਂ। ਸੋ ਹੁਕਮ ਦੇ ਦਿੱਤਾ ਕਿ ਹਰ ਪਾਸਿਓਂ ਜਵਾਨ ਆ ਇਕੱਠੇ ਹੋਣ।

ਹਰ ਪਾਸੇ ਵੱਲੋਂ ਗਾਜ਼ੀ ਇਕੱਠੇ ਹੋਣ ਲੱਗ ਪਏ। ਉਨ੍ਹਾਂ ਨੇ ਪੋਸਤੀਨਾਂ ਪਾਈਆਂ ਹੋਈਆਂ ਸਨ ਤੇ ਹੱਥਾਂ ਵਿਚ ਬੰਦੂਕਾਂ ਸਨ। ਖ਼ਾਨ ਨੇ ਹੁਕਮ ਦਿੱਤਾ ਕਿ ਜੇਹਲਬਾਨੀ ਮੂੰਹੀ ਤੇ ਬਰੂਹੀ ਤਾਂ ਜ਼ੇਦੀ ਦੇ ਪੜਾਉ ਇਕੱਠੇ ਹੋ ਜਾਣ ਜਾਂ ਸਰਾਬਾਨੀ ਮੂੰਹੀ ਦੇ ਬਰੂਹੀ ਗੰਜਾਬੇ ਦੇ ਪੜਾਉ। ਫਿਰ ਨਸੀਰ ਖਾਂ ਬੜੇ ਧੂਮ ਧੜੱਕੇ ਨਾਲ ਕਲਾਤ ਤੋਂ ਤੁਰਿਆ ਤੇ ਜ਼ੇਦੀ ਜਾ ਡੇਰਾ ਕੀਤਾ। ਇਥੇ ਸਾਰੇ ਜੇਹਲਬਾਨੀ ਹਾਜ਼ਰ ਹੋ ਗਏ। ਅਗਲੀ ਮੰਜ਼ਿਲ ਗੰਜਾਬੇ ਹੋਈ ਜਿੱਥੇ ਸਰਾਬਾਨੀ ਆ ਰਲੇ ਅਤੇ ਲਾਸ਼ਾਰ ਤੇ ਰੰਦ ਗੋਤ ਦੇ ਕੱਛੀ ਬਲੋਚ ਵੀ ਆ ਗਏ। ਇੱਥੋਂ ਤੁਰਨ ਲੱਗਿਆਂ ਇਥੋਂ ਦਾ ਕਾਜ਼ੀ ਨੂਰ ਮੁਹੰਮਦ ਵੀ ਗਾਜ਼ੀ ਬਣਨ ਦੀ ਹਿਰਸ ਨਾਲ ਰਲ ਪਿਆ ਅਤੇ ਭਾਵੇਂ ਖਾਨ ਨੇ ਕਿਹਾ ਕਿ ਹੱਛਾ! ਜੇ ਤੂੰ ਹੁਣ ਸਾਡੇ ਨਾਲ ਚਲਿਆ ਹੀ ਹੈਂ ਤਾਂ ਸਾਡੀ ਬਹਾਦਰੀ ਦੀ ਕਵਿਤਾ ਤਿਆਰ ਕਰ ਦੇਵੀਂ। ਬੁੱਢੇ ਕਾਜ਼ੀ ਨੇ, ਜਿਸ ਦੀ ਦਾੜ੍ਹੀ ਚਿੱਟੀ ਹੋ ਚੁੱਕੀ ਸੀ, ਇਸ ਗੱਲ ਨੂੰ ਮੰਨ ਲਿਆ।

ਇਕ ਮੰਜ਼ਿਲ ਮੰਝੂ ਹੋਈ, ਜਿੱਥੇ ਹੋਰ ਕਬੀਲਿਆਂ ਤੇ ਪਿੰਡਾਂ ਦੇ ਬਲੋਚ ਆਣ ਰਲੇ। ਫਿਰ ਕਗ ਅੱਪੜੇ ਤੇ ਉੱਥੋਂ ਜਾਨੀ ਡੇਰੇ ਲਾਏ[੩]। ਇਥੇ ਸ਼ਿਕਾਰ ਪੁਰ ਦਾ ਹਾਕਮ ਰਹਿਮਾਨ ਖਾਨ ਆ ਮਿਲਿਆ, ਜਿਸ ਨੂੰ ਅਹਿਮਦ ਸ਼ਾਹ ਦਾ ਹੁਕਮ ਸੀ ਕਿ ਨਸੀਰ ਖਾਂ ਦੀ ਸੈਨਾ ਲਈ ਰਸਦ ਪੱਠੇ ਦਾ ਪ੍ਰਬੰਧ ਰਖੇ। ਇਸੇ ਪੜਾਓ ਉਤੇ ਸਰਦਾਰ ਗਹਿਗਮ ਖਾਂ ਮਗਸੀ ਤੇ ਲਾਸਾਰੀਆਂ ਦੀ ਫੌਜ ਲੈ ਕੇ ਆ ਮਿਲਿਆ।

ਅਗਲੀ ਮੰਜ਼ਲ ਸ਼ਿਕਾਰਪੁਰ ਹੋਈ ਤੇ ਅਗਲੇ ਦੋ ਦਿਨ ਇਥੇ ਹੀ ਮੁਕਾਮ ਰਿਹਾ। ਇਥੇ ਇਕ ਦਰਵੇਸ਼ ਰਹਿੰਦਾ ਸੀ। ਨਸੀਰ ਖਾਂ ਉਸ ਪਾਸ ਗਿਆ ਤੇ ਬੇਨਤੀ

---

*੩ ਮਲੂਮ ਹੁੰਦਾ ਹੈ ਕਿ ਨਸੀਰ ਖਾਂ ਦਾ ਇਲਾਕਾ ਹੁਣ ਮੁੱਕ ਚੁੱਕਾ ਹੈ ਤੇ ਇਸ ਦੇ ਅੱਗੇ ਅਹਿਮਦ ਸ਼ਾਹ ਦਾ ਇਲਾਕਾ ਆ ਗਿਆ ਹੈ।*

SikhBookClub.com

ਕੀਤੀ ਕਿ ਮੇਰੇ ਹੱਕ ਵਿਚ ਦੁਆ ਕਰੋ। ਵਲੀ ਲੋਕ ਨੇ ਇਸੇ ਤਰ੍ਹਾਂ ਕੀਤਾ ਤੇ ਹੌਸਲਾ ਦਿੱਤਾ।

ਇਥੋਂ ਚੱਲ ਕੇ ਬਖ਼ਤਿਆਰ ਪੁਰ, ਕੰਮ ਕੰਦਾ ਕੋਟ ਤੇ ਕਸਮੋਰ ਹੁੰਦੇ ਹੋਏ ਜਦ ਦੂਜੇ ਸ਼ਿਕਾਰਪੁਰੇ ਅੱਪੜੇ ਤਾਂ ਇਥੇ ਦੇ ਸੱਯਦ ਨਸੀਰ ਖਾਂ ਨੂੰ ਮਿਲਣ ਆਏ, ਜਿਹਨਾਂ ਦੀ ਜਗੀਰ ਵਿਚ ਇਹ ਸ਼ਿਕਾਰਪੁਰ ਸੀ। ਇਹਨਾਂ ਵਿਚੋਂ ਇਕ ਸੱਯਦ ਮੀਆਂ ਇਨੈਤੁਲਾ ਸ਼ਾਹ ਸੀ, ਜਿਸ ਦੀ ਨਸੀਰ ਖਾਂ ਨੇ ਬੜੀ ਇੱਜ਼ਤ ਕੀਤੀ। ਉਸ ਨੂੰ ਇਕ ਖੇਮਾ ਤੇ ਇਕ ਘੋੜਾ ਦੇ ਕੇ ਆਪਣੇ ਨਾਲ ਪੰਜਾਬ ਵੱਲ ਚੱਲਣ ਲਈ ਕਿਹਾ। ਇਹ ਤੁਰ ਤਾਂ ਪਿਆ ਪਰ ਜਦ ਡੇਰਿਓਂ ਪਰ੍ਹੇ ਅਟਕ ਲੰਘ ਕੇ ਤਿੰਨ ਮੰਜ਼ਲਾਂ ਗਏ ਤਾਂ ਬਿਮਾਰ ਹੋ ਗਿਆ, ਜਿਸ ਕਰਕੇ ਇਸ ਨੂੰ ਪਿੱਛੇ ਮੋੜ ਦਿੱਤਾ।

ਇਸ ਸ਼ਿਕਾਰਪੁਰ ਹੀ ਡੇਰੇ ਦੇ ਇਲਾਕੇ ਦਾ ਸਰਦਾਰ ਗਾਜ਼ੀ ਖਾਂ ਆ ਮਿਲਿਆ, ਜਿਸ ਨਾਲ ਹੋ ਕੇ ਅਗਲਾ ਮੁਕਾਮ ਡੇਰੇ ਕੀਤਾ ਗਿਆ। ਇਹ ਗਾਜ਼ੀ ਖਾਂ ਤ੍ਰੀਮਤਾਂ ਵਾਂਗ ਸ਼ੀਸ਼ਾ ਹੱਥ ਵਿਚ ਲੈ ਕੇ ਸ਼ਿੰਗਾਰ ਕੀਤਾ ਕਰਦਾ ਸੀ। ਸ਼ਰਾਬ, ਭੰਗ ਪੀਂਦਾ, ਅਫੀਮ ਖਾਂਦਾ ਤੇ ਵਿਸ਼ੇ ਭੋਗਦਾ ਸੀ। ਪਾਤਸ਼ਾਹ ਵੱਲੋਂ ਇਸ ਇਲਾਕੇ ਉਤੇ ਅਜ਼ਾਰੇਦਾਰ ਆਉਂਦੇ ਸਨ, ਜੋ ਸਾਰੇ ਇਲਾਕੇ ਨੂੰ ਲੁੱਟ ਪੁੱਟ ਕੇ ਲੈ ਜਾਂਦੇ ਸਨ। ਸਾਰਾ ਇਲਾਕਾ ਅਜ਼ਾਰੇਦਾਰਾਂ ਦੇ ਹੱਥੋਂ ਉੱਜੜ ਚੁੱਕਾ ਸੀ।

ਇਥੇ ਤਿੰਨ ਦਿਨ ਫੌਜ ਦਾ ਮੁਕਾਮ ਰਿਹਾ। ਤੀਜੇ ਦਿਨ ਨਸੀਰ ਖਾਂ ਨੇ ਸਾਰੀ ਫੌਜ ਦੇ ਅਲੀਮੇ (ਮਾਰਚ ਪਾਸਟ) ਦਾ ਹੁਕਮ ਦਿੱਤਾ ਤੇ ਆਪ ਆਪਣੇ ਕੋਹ ਪਾਰਾ (ਨਾਮ) ਘੋੜੇ ਉੱਤੇ ਚੜ੍ਹ ਕੇ ਫੌਜ ਨੂੰ ਵੇਖਣ ਲੱਗਾ। ਗਿਣਤੀ ਤੋਂ ਪਤਾ ਲੱਗਾ ਕਿ ਬਾਰ੍ਹਾਂ ਹਜ਼ਾਰ ਜਵਾਨ ਹਨ।

ਡੇਰੇ ਤੋਂ ਤੁਰ ਕੇ ਦਰਿਆ ਦੇ ਕੰਢੇ ਮੁਕਾਮ ਹੋਇਆ ਅਤੇ ਕਿਸ਼ਤੀਆਂ ਦੀ ਢੂੰਡ ਕੀਤੀ ਗਈ, ਜਿਸ ਕਰਕੇ ਤਿੰਨ ਚਾਰ ਦਿਨ ਇਥੇ ਲੱਗ ਗਏ। ਲੋਕਾਂ ਨੇ ਬੇਨਤੀ ਕੀਤੀ ਕਿ ਇਥੇ ਇਕ ਅਜਿਹਾ ਸੰਸਾਰ* ਹੈ ਜੋ ਪਾਣੀ ਤੋਂ ਬਾਹਰ ਆ ਕੇ ਬਦੋ-ਬਦੀ ਪਸ਼ੂਆਂ ਤੇ ਆਦਮੀਆਂ ਨੂੰ ਧੂਹ ਕੇ ਪਾਣੀ ਵਿਚ ਲੈ ਜਾਂਦਾ ਹੈ। ਜੇਕਰ ਇਸ ਨੂੰ ਮਾਰ ਦੇਵੇ ਤਾਂ ਬੜਾ ਪੁੰਨ ਖੱਟੇ। ਨਸੀਰ ਖਾਂ ਨੇ ਬੰਦੂਕ ਮਾਰ ਕੇ ਉਸ ਸੰਸਾਰ ਨੂੰ ਮਾਰ ਦਿੱਤਾ ਅਤੇ ਜਦ ਕਿਸ਼ਤੀਆਂ ਦਾ ਪ੍ਰਬੰਧ ਹੋ ਗਿਆ ਤਾਂ ਸਹਿਜ ਨਾਲ ਦਰਿਆ ਤੋਂ ਪਾਰ ਹੋ ਗਏ।

ਜਦ ਅੱਗੇ ਚੱਲੇ ਤਾਂ ਪਤਾ ਲੱਗਾ ਕਿ ਇਧਰ ਇਕ ਸੱਯਦ ਮੁਹੰਮਦ ਸ਼ਾਹ ਨਾਮੇ ਬੜਾ ਪਹੁੰਚਿਆ ਹੋਇਆ ਲੋਕ ਰਹਿੰਦਾ ਹੈ। ਨਸੀਰ ਖਾਂ ਉਸ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਮੇਰੇ ਹੱਕ ਵਿਚ ਦੁਆ ਕਰੋ। ਸੱਯਦ ਨੇ ਏਸੇ ਤਰ੍ਹਾਂ ਕੀਤਾ ਤੇ ਹੌਸਲਾ ਦਿੱਤਾ।

* ਮਗਰ ਮੱਛ

SikhBookClub.com

ਏਸੇ ਤਰ੍ਹਾਂ ਕੁਝ ਮੰਜ਼ਲਾਂ ਕਰਦਿਆਂ ਦੂਜੇ ਦਰਿਆ ਦੇ ਕੰਢੇ ਪੁੱਜੇ ਤਾਂ ਖ਼ਬਰ ਪੁੱਜੀ ਕਿ ਸਰਦਾਰ ਬਖਤਿਆਰ ਖਾਂ ਪੱਟੀ ਆ ਰਿਹਾ ਹੈ। ਇਸ ਲਈ ਦੋ ਦਿਨ ਉੱਥੇ ਹੋਰ ਡੇਰਾ ਰਿਹਾ ਤੇ ਤੀਜੇ ਦਿਨ ਬਖਤਿਆਰ ਖਾਂ ਕਈ ਹਜ਼ਾਰ ਜਵਾਨਾਂ ਦੀ ਫੌਜ ਨਾਲ ਉਥੇ ਆ ਪੁੱਜਾ। ਸਾਰੇ ਕਿਸ਼ਤੀਆਂ ਰਾਹੀਂ ਦਰਿਆ ਪਾਰ ਹੋਏ ਅਤੇ ਅੱਗੇ ਨੂੰ ਚਲੇ। ਹੁਣ ਇਕ ਪਾਸੇ ਜਿਹਲਮ ਦਰਿਆ ਸੀ ਤੇ ਦੂਜੇ ਪਾਸੇ ਝਨਾਂ। ਦੋਵੇਂ ਸਰਦਾਰ ਇਕੱਠੇ ਚਾਰ ਮੰਜ਼ਲਾਂ ਗਏ ਤੇ ਸਾਹੀਵਾਲ ਅੱਪੜ ਪਏ, ਜੋ ਕਿ ਪਹਿਲਾਂ ਬਲੋਚਾਂ ਦਾ ਸ਼ਹਿਰ ਸੀ। ਇਥੇ ਅਹਿਮਦ ਸ਼ਾਹ ਦਾ ਸੁਨੇਹਾ ਪੁੱਜਾ ਕਿ ਛੇਤੀ ਛੇਤੀ ਵਧੇ ਆਓ। ਇਸ ਲਈ ਨਸੀਰ ਖਾਂ ਹੁਣ ਕਾਹਲੀ ਕਾਹਲੀ ਤੁਰ ਪਿਆ ਅਤੇ ਝਨਾਂ ਨੂੰ ਗਾਹਣ ਪਾ ਕੇ ਚਨਿਓਟ ਆਣ ਡੇਰਾ ਕੀਤਾ।

ਨੂਰ ਮੁਹੰਮਦ ਚਨਿਓਟ ਦੀ ਸੈਰ ਨੂੰ ਗਿਆ ਤੇ ਉਥੇ ਜੋ ਵੇਖਿਆ ਹੈ ਉਹ ਲਿਖਦਾ ਹੈ ਕਿ :-

*"ਸ਼ਹਿਰ ਸਿੱਖਾਂ ਦੇ ਜ਼ੁਲਮ ਨਾਲ ਖ਼ਰਾਬ ਹੋ ਚੁੱਕਾ ਸੀ। ਉਥੋਂ ਦੇ ਸਾਰੇ ਆਦਮੀ ਬੜੇ ਔਖੇ ਸਨ। ਅੰਦਰੋਂ ਬਾਹਰੋਂ ਸਾਰਾ ਸ਼ਹਿਰ ਵੈਰਾਨ ਸੀ। ਉਸ ਦੀਆਂ ਹਵੇਲੀਆਂ ਢੱਠੀਆਂ ਹੋਈਆਂ ਸਨ। 'ਸਾਰੀਆਂ ਮਸੀਤਾਂ ਵੈਰਾਨ' ਸਨ[੪]। ਉਹਨਾਂ ਵਿਚ ਘੋੜਿਆਂ ਦੀ ਲਿੱਦ ਸੀ। ਸ਼ਹਿਰ ਦੇ ਸੱਯਦ ਸਾਊ ਤੇ ਆਲਮ ਬੜੇ ਔਖੇ ਦਿਨ ਕੱਟਦੇ ਸਨ। ਜਦ ਸਗਾਂ ਨੇ ਇਹ ਪਾਸਾ ਵੰਡਿਆ ਤਾਂ ਇਹ ਸ਼ਹਿਰ ਝੰਡੇ ਲਾਈਨ[੫] ਦੇ ਹਿੱਸੇ ਵਿਚ ਆਇਆ। ਲਾਹੌਰ, ਸਰਹੰਦ, ਪੰਜਾਬ, ਮੁਲਤਾਨ, ਝੰਗ, ਖੁਸ਼ਾਬ ਤੇ ਝਨਾਂ ਦੇ ਇਲਾਕੇ ਨੂੰ ਇਹਨਾਂ ਆਪੋ ਵਿਚ ਵੰਡ ਲਿਆ।'*

ਇਥੇ ਫੇਰ ਅਹਿਮਦ ਸ਼ਾਹ ਦਾ ਹੁਕਮ ਪੁੱਜਾ ਕਿ ਛੇਤੀ ਆਓ। ਪਾਤਸ਼ਾਹ ਏਮਨਾਬਾਦ ਡੇਰੇ ਪਾਈ ਬੈਠਾ ਸੀ। ਇਸ ਲਈ ਨਸੀਰ ਖਾਂ ਨੇ ਦੋ ਮੰਜ਼ਿਲਾਂ ਦੀ ਇਕ ਇਕ ਮੰਜ਼ਲ ਕਰ ਕੇ ਬੜੀ ਛੇਤੀ ਪੈਂਡਾ ਮੁਕਾਇਆ। ਜਦ ਪਾਤਸ਼ਾਹ ਦਾ ਡੇਰਾ ਨੌਂ ਕੋਹ ਰਹਿ ਗਿਆ ਤਾਂ ਨਸੀਰ ਖਾਂ ਨੇ ਵਕੀਲ ਘੱਲਿਆ ਕਿ ਮੈਂ ਹੁਣੇ ਦੀ ਹਾਜ਼ਰ ਹੋ ਜਾਵਾਂ ਕਿ ਸਵੇਰੇ? ਵਕੀਲ ਨੂੰ ਤਾਂ ਅਹਿਮਦ ਸ਼ਾਹ ਨੇ ਏਮਨਾਬਾਦ ਹੀ ਰੱਖ ਲਿਆ ਤੇ ਆਪਣੇ ਆਦਮੀ ਹੱਥ ਨਸੀਰ ਖਾਂ ਪਾਸ ਅਖਵਾ ਘੱਲਿਆ ਕਿ ਹੁਣ ਅਰਾਮ ਕਰੋ, ਸਵੇਰੇ ਆ ਜਾਣਾ।

ਸਵੇਰੇ ਜਦ ਤੁਰੇ ਤਾਂ ਅੱਗੋਂ ਛੇ ਕੋਹ ਤੇ ਸਰਦਾਰ ਜਹਾਨ ਖਾਂ ਅਗਵਾਈ ਲਈ ਆਇਆ। ਦੋਵੇਂ ਸਰਦਾਰ ਘੋੜਿਆਂ ਤੋਂ ਉਤਰ ਕੇ ਗਲ ਮਿਲੇ ਅਤੇ ਸੁਖ ਸਾਂਦ ਪੁੱਛ-ਗਿਛ ਕੇ ਫੇਰ ਸਵਾਰ ਹੋ ਗਏ ਤੇ ਪਾਤਸ਼ਾਹ ਦੇ ਲਸ਼ਕਰ ਵਿਚ ਆ ਗਏ।

---

*੪ "ਮਸਾਜਦ, ਬਹਮ ਬੂਦ ਵੀਰਾਂ ਵ ਰੱਦ ਮੁਆਬਦ ਖਰਾਬ ਆ ਖੁਰਿ ਅਸਪਾਂ ਦਰੱਦ"*
*੫ ਸ: ਝੰਡਾ ਸਿੰਘ ਭੰਗੀ।*

SikhBookClub.com

ਮੀਰ ਮੁਹੱਬਤ ਖਾਂ ਦਾ ਪੁੱਤਰ ਮੀਰ ਹਾਜ਼ੀ ਖਾਂ ਨਸੀਰ ਖਾਂ ਦਾ ਭਤੀਜਾ ਲਗਦਾ ਸੀ। ਉਹ ਅਹਿਮਦ ਸ਼ਾਹ ਦੇ ਲਸ਼ਕਰ ਨਾਲ ਸੀ। ਜਦ ਉਸ ਨੇ ਆਪਣੇ ਚਾਚੇ ਦਾ ਆਉਣਾ ਸੁਣਿਆ ਤਾਂ ਆ ਕੇ ਮਿਲਿਆ। ਹਾਲ ਚਾਲ ਦੱਸੇ, ਸੁਣੇ ਤੇ ਫੇਰ ਆਪਣੇ ਡੇਰੇ ਨੂੰ ਚਲਿਆ ਗਿਆ। ਫਿਰ ਨਸੀਰ ਖਾਂ ਆਪਣੇ ਸਭ ਬਲੋਚ ਸਰਦਾਰਾਂ ਨੂੰ ਆਪਣੇ ਨਾਲ ਲੈ ਕੇ ਅਹਿਮਦ ਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਇਆ। ਉਸ ਨੇ ਵੀ ਸੁਖ-ਸਾਂਦ ਪੁੱਛ ਕੇ ਤੇ 'ਜੀ ਆਇਆਂ' ਨੂੰ ਆਖ ਕੇ ਸਭਸ ਨੂੰ ਡੇਰਿਆਂ ਨੂੰ ਮੋੜ ਦਿੱਤਾ। ਅਗਲੇ[੬] ਦਿਨ ਤੜਕੇ ਹੀ ਸਾਰੇ ਲਸ਼ਕਰ ਦਾ ਕੂਚ ਹੋਇਆ ਤੇ ਨੌਂ ਕੋਹ ਚੱਲ ਕੇ ਡੇਰਾ ਕੀਤਾ ਗਿਆ। ਅਗਲੇ ਦਿਨ ਦਰਿਆ ਕੰਢੇ ਅੱਪੜ ਗਏ। ਪਾਤਸ਼ਾਹ ਤਾਂ ਦਰਿਆ ਲੰਘ ਗਿਆ, ਪਰ ਨਸੀਰ ਖਾਂ ਉਧਰ ਹੀ ਰਿਹਾ ਅਤੇ ਸ਼ਾਹਦਰੇ ਪਾਸ ਡੇਰਾ ਕੀਤਾ। ਜਦ ਦਿਨ ਹੋਇਆ ਤਾਂ ਦਰਿਆ ਲੰਘ ਕੇ ਪਾਤਸ਼ਾਹ ਦੇ ਲਸ਼ਕਰ ਵਿਚ ਜਾ ਰਲਿਆ।

---

*੬ ਇਹ ਅਚੰਭੇ ਵਾਲੀ ਗੱਲ ਹੈ ਕਿ ਅਹਿਮਦ ਸ਼ਾਹ ਅਬਦਾਲੀ ਏਮਨਾਬਾਦ ਕਿਉਂ ਬੈਠ ਰਿਹਾ ਤੇ ਲਾਹੌਰ ਜਾ ਕੇ ਬਲੋਚਾਂ ਨੂੰ ਕਿਉਂ ਨਾ ਉਡੀਕਿਆ? ਮਾਲੂਮ ਹੁੰਦਾ ਹੈ ਕਿ ਪਿਛਲੇਰੇ ਸਾਲ ਸੰ: ੧੮੧੯ (੧੭੬੨ ਈ:) ਦੀ ਦੀਵਾਲੀ ਸਮੇਂ ਸਿੰਘਾਂ ਨੇ ਅਹਿਮਦ ਸ਼ਾਹ ਦੀ ਜੋ ਬਾਬ ਕੀਤੀ ਸੀ, ਉਸ ਤੋਂ ਇਤਨਾ ਡਰ ਪੈ ਗਿਆ ਸੀ ਕਿ ਉਹ ਸਿੰਘਾਂ ਦੀ ਤਾਕਤ ਨੂੰ ਹੁਣ ਐਵੇਂ ਕੈਵੇਂ ਨਹੀਂ ਸੀ ਸਮਝਦਾ। ਉਹ ਹੁਣ ਸਿੰਘਾਂ ਦੇ ਲੜਾਈ ਦੇ ਢੰਗਾਂ ਨੂੰ ਜਾਣ ਗਿਆ ਸੀ। ਇਸ ਲਈ ਉਸ ਨੂੰ ਹਰ ਵੇਲੇ ਇਹੋ ਡਰ ਰਹਿੰਦਾ ਸੀ ਕਿ ਇਹਨਾਂ ਨੇ ਅਚਨਚੇਤ ਹੀ ਮੇਰੇ ਉਤੇ ਆ ਪੈਣਾ ਹੈ। ਮਾਲੂਮ ਹੁੰਦਾ ਹੈ ਕਿ ਇਸੇ ਲਈ ਉਹ ਹੁਣ ਪੂਰੀ ਤਿਆਰੀ ਤੋਂ ਬਿਨਾਂ ਰਾਵੀ ਨੂੰ ਟੱਪਣਾ ਨਹੀਂ ਸੀ ਚਾਹੁੰਦਾ। (ਕਰਮ ਸਿੰਘ)*

SikhBookClub.com

## ੨

# ਪਾਤਸ਼ਾਹ ਦਾ ਲਾਹੌਰ ਪੱਜਣਾ ਤੇ ਜੰਗ ਕਰਨ ਬਾਬਤ ਸਲਾਹ ਕਰਨਾ[੧]

ਜਦ ਪਾਤਸ਼ਾਹ ਲਾਹੌਰ ਪੁੱਜਾ ਤਾਂ ਤਖ਼ਤ ਉਤੇ ਬੈਠ ਕੇ ਸਲਾਹ ਕਰਨ ਲਈ ਸਾਰੇ ਸਿਰ ਕੱਢਵਿਆਂ ਨੂੰ ਸੱਦਿਆ। ਦੇਸ਼ ਦੇ ਵੱਡੇ ਵੱਡੇ ਆਦਮੀ ਆਏ ਹੋਏ ਸਨ, ਫੌਜਾਂ ਦੇ ਅਫਸਰ ਵੀ ਕਤਾਰ ਬੰਨ੍ਹ ਕੇ ਇਕ ਪਾਸੇ ਵੱਲ ਖੜੇ ਗਏ। ਪਾਤਸ਼ਾਹ ਹਰ ਇਕ ਪਾਸੋਂ ਕਾਫਰਾਂ ਦਾ ਪਤਾ ਪੁੱਛਦਾ ਸੀ ਤੇ ਕਹਿੰਦਾ ਸੀ ਕਿ ਜਦ ਉਨ੍ਹਾਂ ਵਿਚੋਂ ਹੈ ਹੀ ਕੋਈ ਨਹੀਂ ਤਾਂ ਦੱਸੋ, ਹੁਣ ਲੜਾਈ ਕਿਸ ਤਰ੍ਹਾਂ ਕੀਤੀ ਜਾਵੇ? ਜਦ ਸਾਰੇ ਸਿਰ ਕੱਢਵੇਂ ਆਪਣੀ ਆਪਣੀ ਸਲਾਹ ਦੱਸ ਚੁਕੇ ਤਾਂ ਬਲੋਚਾਂ ਦੇ ਖਾਨ ਦੀ ਵਾਰੀ ਆਈ।

ਇਸ ਨੇ ਕਿਹਾ ਕਿ ਪਾਤਸ਼ਾਹ ਦਾ ਜੋ ਹੁਕਮ ਹੋਵੇ, ਅਸੀਂ ਕਰਨ ਨੂੰ ਤਿਆਰ ਹਾਂ। ਜੇਕਰ ਸਾਹਮਣੇ ਪਹਾੜ ਹੋਊ ਤਾਂ ਅਸੀਂ ਉਸ ਨੂੰ ਵੀ ਚੂਰਾ ਚੂਰਾ ਕਰ ਦੇਵਾਂਗੇ। ਸਿੱਖਾਂ ਦੀ ਕੀ ਗੱਲ ਹੈ, ਜਿਹੜੇ ਮਰਦਾਂ ਦੇ ਮੈਦਾਨ ਖੜ੍ਹੋ ਹੀ ਨਹੀਂ ਸਕਦੇ, ਉਹ ਚੋਰਾਂ ਵਾਂਗ ਚੋਰੀ ਆਉਂਦੇ ਹਨ ਤੇ ਕਾਇਰਾਂ ਵਾਲੀ ਲੜਾਈ ਕਰਦੇ ਹਨ। ਜੇਕਰ ਉਹ ਕਦੇ ਪਰ੍ਹਾ ਬੰਨ੍ਹ ਕੇ ਲੜਾਈ ਕਰਨ ਤਾਂ ਲੜਾਈ ਦਾ ਪਤਾ ਲੱਗ ਜਾਵੇ। ਉਹ ਤਾਂ ਪਾਤਸ਼ਾਹੀ ਫੌਜਾਂ ਅੱਗੇ ਨੱਸ ਜਾਂਦੇ ਹਨ ਤੇ ਹੀਲਿਆਂ ਫਰੇਬਾਂ ਨਾਲ ਲੜਦੇ ਹਨ। ਪਾਤਸ਼ਾਹੀ ਫੌਜ ਵਧਾਈ ਜਾਵੇ ਤੇ ਜਾ ਕੇ ਉਹਨਾਂ ਵਿਚ ਹਲਚਲੀ ਪਾ ਦਿੱਤੀ ਜਾਵੇ। ਉਹਨਾਂ ਦਾ ਫਸਤਾ ਵੱਢ ਦੇਈਏ ਤੇ ਉਹਨਾਂ ਦੀਆਂ ਤੀਵੀਆਂ ਤੇ ਬੱਚਿਆਂ ਨੂੰ ਫੜ ਕੇ ਕੈਦ ਕਰ ਲਈਏ।

*"ਜ਼ਨ ਬੱਚਾ ਸ਼ਾਂ ਰਾ ਦਰਆਂ ਦਾਰੋਗੀਰ।*
*ਬਿਬੰਦ ਆਵਰੇਮ ਵ ਨਮਾਇਮ ਅਸੀਰ।"*

زن و بچه شاں را دراں دارو گیر    به بند آوریم و نمائیم اسیر

ਪਾਤਸ਼ਾਹ ਨੇ ਕਿਹਾ ਕਿ ਜੋ ਕੁਝ ਤੁਸਾਂ ਕਿਹਾ ਹੈ, ਬਿਲਕੁਲ ਠੀਕ ਹੈ, ਪਰ ਉਹ

---

*੧ ਰਸਾਲਾ ਫੁਲਵਾੜੀ, ਜੁਲਾਈ ੧੯੨੯ ਈ:।*

SikhBookClub.com

ਤਾਂ ਮੈਥੋਂ ਬਹੁਤ ਦੂਰ ਗਏ ਹੋਏ ਹਨ, ਨਾ ਉਥੇ ਪਾਣੀ ਹੈ, ਨਾ ਘਾਹ ਚਾਰਾ, ਮੈਨੂੰ ਡਰ ਹੈ ਕਿ ਮੇਰਾ ਲਸ਼ਕਰ ਭੁੱਖ ਦੇ ਦੁੱਖੋਂ ਹੀ ਨਾ ਮਰ ਜਾਵੇ। ਉਹ ਇਸ ਵੇਲੇ ਲੱਖੀ ਜੰਗਲ ਵਿਚ ਲੁਕੇ ਹੋਏ ਹਨ, ਜੋ ਇਥੋਂ ਡੇਢ ਸੌ ਕੋਹ ਹੈ। ਅਸੀਂ ਉਸ ਇਲਾਕੇ ਦੇ ਪਾਸ ਅੱਪੜ ਕੇ ਏਕਾ-ਏਕ ਉਹਨਾਂ ਦੇ ਸਿਰਾਂ ਉਤੇ ਜਾ ਪਈਏ ਤੇ ਇਸ ਤਰ੍ਹਾਂ ਉਨ੍ਹਾਂ ਦੀ ਜੜ੍ਹ ਮੇਖ ਪੁੱਟੀਏ। ਇਸ ਸਲਾਹ ਨੂੰ ਸਭ ਨੇ ਪਸੰਦ ਕੀਤਾ ਤੇ ਆਪੋ ਆਪਣੇ ਡੇਰਿਆਂ ਨੂੰ ਮੁੜ ਗਏ :-

*ਨਾ ਆਬ ਅਸਤ ਆਂ, ਜਾ ਨਾ ਕਾਹੁ ਅਲਫ।*
*ਮੁਬਾਦਾ ਸ਼ਵਦ ਲਸ਼ਕਰਿ ਮਾ ਤਲਫ਼।*
*ਲਖੀ ਜੰਗਲ ਅਸਤ ਜਾਇ ਆਂ ਕਾਫ਼ਰਾਂ।*
*ਦਰ ਆਂ ਜਾ ਨਹਾਂ ਗਸ਼ਤਿ ਆਂ ਮੁਦਬਰਾਂ।*
*ਅਜ਼ੀਂ ਜਾਸਤ ਪੰਜਾਹ ਫ਼ਰਸੰਗ ਰਾਹ।*
*ਬਸਾਮਾਨ ਬਸੇ ਰਫ਼ਤਹ ਖ਼ਾਹਦ ਸਿਪਾਹ।*

۔ اب است اں جانہ کاہ وعلف — مبادا شود لشکر ما تلف
لکھی جنگل است جائے آں کافراں — دراں جا نہاں گشتہ آں مدبراں
ازیں جاست پنجاہ فرسنگ راہ — بسامان بسے رفتہ خواہد سپاہ

**ਸਿੱਖਾਂ ਦੇ ਲਸ਼ਕਰ ਦਾ ਆਪਣੇ ਆਪ ਮਰ ਜਾਣਾ, ਉਨ੍ਹਾਂ ਦਾ ਜੰਗ ਕਰਨਾ ਤੇ ਸਿੱਖਾਂ ਦੀ ਭਾਂਜ—**

ਅਗਲੇ ਦਿਨ ਜਦ ਸੂਰਜ ਚੜ੍ਹਿਆ ਤਾਂ ਸਾਰੇ ਸਰਦਾਰ ਦਸਤੂਰ ਅਨੁਸਾਰ ਪਾਤਸ਼ਾਹ ਪਾਸ ਜਾ ਹਾਜ਼ਰ ਹੋਏ, ਉਦੋਂ ਹੀ ਕਰਾਵਲ ਫੌਜ[੮] ਦਾ ਇਕ ਸਵਾਰ ਘਰਕਦਾ ਹੋਇਆ ਪੁੱਜਾ, ਜਿਸ ਨੇ ਦੱਸਿਆ ਕਿ ਵੈਰੀ ਦਾ ਭਾਰਾ ਲਸ਼ਕਰ ਆ ਪਿਆ ਹੈ ਅਤੇ ਕਰਾਵਲ ਤੇ ਗਾਜ਼ੀਆਂ ਦਾ ਬੁਰਾ ਹਾਲ ਹੈ। ਜੇਕਰ ਪਾਤਸ਼ਾਹ ਸਹਾਇਤਾ ਲਈ ਨਾ ਪੁੱਜਾ ਤਾਂ ਹਨ੍ਹੇਰ ਆ ਜਾਵੇਗਾ-

*ਕਿ ਆਮਦ ਜ਼ਿ ਸਗ, ਲਸ਼ਕਰਿ ਬੇਸ਼ੁਮਾਰ।*
*ਬਗਾਜ਼ੀ ਕਰਾਵਲ ਤਬਾਹ, ਅਸਤ ਕਾਰ।*

---

*੮ ਕਰਾਵਲ ਨੂੰ ਖ਼ਾਲਸਾ ਜੀ ਖਿਤਾ ਆਖਿਆ ਕਰਦੇ ਸਨ ਤੇ ਹਰਾਵਲ ਨੂੰ ਹਰੌਲਾ। ਜਦ ਸਾਰੀ ਫੌਜ ਅੱਗੇ ਵਧ ਕੇ ਲੜਨ ਨੂੰ ਚਲੀ ਜਾਇਆ ਕਰਦੀ ਸੀ ਤਾਂ ਪਿੱਛੇ ਮਾਲ ਡੇਰੇ ਤੇ ਨੌਕਰਾਂ ਚਾਕਰਾਂ ਦੀ ਰਾਖੀ ਲਈ (ਜਿਸ ਨੂੰ ਮੁਗਲ ਬਹੇਰੂ ਬੰਗਾਰ ਤੇ ਖਾਲਸਾ ਜੀ ਵਹੀਰ ਆਖਿਆ ਕਰਦੇ ਸਨ) ਤੇ ਪਿਛਲੇ ਪਾਸੇ ਵੱਲੋਂ ਵੈਰੀ ਦੇ ਹੱਲੇ ਨੂੰ ਰੋਕਣ ਲਈ ਕਿਸੇ ਤਕੜੇ ਸੂਰਮੇ ਨੂੰ ਛੱਡਿਆ ਜਾਇਆ ਕਰਦਾ ਸੀ। ਇਸ ਨੂੰ ਮੁਗਲ ਕਰਾਵਲ ਤੇ ਖਾਲਸਾ ਜੀ ਖਿਤਾ ਕਿਹਾ ਕਰਦੇ ਸਨ।*

SikhBookClub.com

ਬ-ਇਮਦਾਦ ਨਾਇਦ, ਅਗਰ ਸ਼ਹਿਰਯਾਰ।
ਬਰਾਮਦ ਬਆਲਮ ਯਕੇ ਗੀਰੋਦਾਰ।

که آمد زسنگ لشکرِ بے شمار    بغازی قراول تباہ است کار
بہ امداد نائد اگر شہریار    برآمد بہ عالم یکے گیرو دار

ਬਾਦਸ਼ਾਹ ਦੇ ਹੁਕਮ ਨਾਲ ਉਸੇ ਵੇਲੇ ਸਭ ਪਾਸਿਓਂ ਸੈਨਾ ਲੜਾਈ ਵੱਲ ਨੂੰ ਤੁਰ ਪਈ। ਇਸ ਦਿਨ ਕਰਾਵਲ ਉਤੇ ਬਲੋਚ ਸਨ ਤੇ ਬਲੋਚਾਂ ਦੇ ਖਾਨ ਵੱਲੋਂ ਦੋ ਸਰਦਾਰ ਲਾਏ ਹੋਏ ਸਨ; ਮਰਾਸੀਆਂ ਦਾ ਸਰਦਾਰ ਬਹਿਰਾਮ ਖਾਂ ਤੇ ਬਲਦੀਆਂ ਦਾ ਸਰਦਾਰ ਅਹਿਮਦ ਖਾਂ। ਜਦ ਸਿੱਖਾਂ ਦੀ ਫੌਜ ਆਈ ਤੇ ਕਟਾਵੱਢ ਕਰਨ ਲੱਗ ਪਈ ਤਾਂ ਅਹਿਮਦ ਖਾਂ ਇਹ ਵੇਖ ਕੇ ਸਹਾਰ ਨਾ ਸਕਿਆ ਕਿ ਕਾਫਰ ਮੋਮਨਾਂ ਨੂੰ ਨੱਪੀ ਜਾਣ। ਉਸ ਨੇ ਘੋੜੇ ਨੂੰ ਅੱਡੀ ਲਾਈ ਤੇ ਸਿੱਖਾਂ ਉਤੇ ਜਾ ਪਿਆ, ਨਾਲ ਹੀ ਉਹ ਆਪਣੇ ਪੁੱਤਰ ਨੂੰ ਵੀ ਲੈ ਗਿਆ ਸੀ ਕਿ ਮੈਂ ਕੱਲਾ ਕਿਉਂ ਬਹਿਸ਼ਤ ਨੂੰ ਜਾਵਾਂ! ਸਿੱਖ ਵੀ ਇਹਨਾਂ ਨਾਲ ਜੁਟ ਪਏ ਤੇ ਖ਼ੂਬ ਘਮਸਾਣ ਮੱਚਿਆ :-

ਸਗਾਂ ਨੀਜ਼ ਅਜ਼ ਰਾਹਿ ਦੀਵਾਨਗੀ।
ਨ ਦੀਵਾਨਗੀ ਬਲਕਿ ਮਰਦਾਨਗੀ।
ਬਆਂ ਪਹਿਲਵਾਨਾਂ ਦਰ ਆਵੇਖ਼ਤੰਦ।
ਕਿ ਖ਼ੂੰ ਰਾ ਬਖਾਕ ਅੰਦਰ ਆਮੇਖ਼ਤੰਦ।

سگاں نیز از راہِ دیوانگی    نہ دیوانگی بلکہ مردانگی
بآں پہلواناں در آویختند    کہ خوں را بخاک اندر آمیختند

ਅੰਤ ਇਕ ਸਿੱਖ ਨੇ ਅਹਿਮਦ ਖਾਂ ਦੀ ਵੱਖੀ ਵਿਚ ਐਸਾ ਨੇਜ਼ਾ ਮਾਰਿਆ ਕਿ ਉਸ ਦੀ ਵੱਖੀ ਚੀਰੀ ਗਈ ਤੇ ਉਹ ਘੋੜੇ ਤੋਂ ਡਿੱਗ ਕੇ ਸ਼ਹੀਦ ਹੋ ਗਿਆ। ਇਸ ਦੇ ਪੁੱਤਰ ਨੇ ਬੜੀ ਤਲਵਾਰ ਵਾਹੀ, ਪਰ ਅੰਤ ਨੂੰ ਇਹ ਵੀ ਤਲਵਾਰ ਲੱਗਣ ਕਰਕੇ ਮਰ ਗਿਆ। ਇਸੇ ਤਰ੍ਹਾਂ ਮਰਾਸੀਆਂ ਵਿਚੋਂ ਚਾਰ ਜਵਾਨ ਸ਼ਹੀਦ ਹੋਏ, ਗੱਲ ਕੀ ਸਿੱਖਾਂ ਦੇ ਹੱਥੋਂ ਬਾਰ੍ਹਾਂ ਮੋਮਨ ਸ਼ਹੀਦ ਹੋ ਗਏ

ਜ਼ਿ ਦਸਤਿ ਸਗਾਂ ਖ਼ੂਕ ਖਾਰੋ ਪਲੀਦ।
ਦਹੋ ਦੋ ਤਨ ਅਜ਼ ਮੋਮਨਾਂ ਸ਼ੁਦ ਸ਼ਹੀਦ।

ز دستِ سگاں خوک خوار و پلید    دہ و دو تن از مومناں شُد شہید

SikhBookClub.com

ਇਸ ਤਰ੍ਹਾਂ ਲੜਾਈ ਹੋ ਰਹੀ ਸੀ ਕਿ ਸਾਰੀ ਪਠਾਣੀ ਤੇ ਬਲੋਚੀ ਸੈਨਾ ਵੀ ਉਥੇ ਅੱਪੜ ਪਈ। ਬਲੋਚਾਂ ਦਾ ਖਾਨ ਇਕੱਲਾ ਹੀ ਸਭ ਤੋਂ ਅੱਗੇ ਅੱਗੇ ਵਧਿਆ ਜਾਂਦਾ ਸੀ, ਇਸ ਤੋਂ ਅੱਗੇ ਕੇਵਲ ਇਕ ਜਵਾਨ ਪੀਰ ਅਬਦੁਲ ਨਬੀ ਸੀ, ਜੋ ਰਈਸਾਨੀਆਂ ਦਾ ਸਰਦਾਰ ਸੀ। ਇਹ ਇਕੱਲਾ ਹੀ ਸਿੱਖਾਂ ਦੇ ਪਰ੍ਹਿਆਂ ਨੂੰ ਚੀਰਦਾ ਜਾਂਦਾ ਸੀ, ਜਿਵੇਂ ਕੁੱਤਿਆਂ ਵਿਚ ਕੋਈ ਸ਼ੇਰ ਆ ਵੜਦਾ ਹੈ। ਇਕ ਸਿੱਖ ਨੇ ਪਾਸੇ ਦੀ ਹੋ ਕੇ ਉਸ ਦੀ ਲੱਤ ਵਿਚ ਗੋਲੀ ਮਾਰੀ, ਜਿਸ ਨਾਲ ਉਹ ਜ਼ਖ਼ਮੀ ਹੋ ਕੇ ਡਿੱਗ ਪਿਆ ਤੇ ਉਸ ਦੇ ਸਾਥੀ ਉਸ ਨੂੰ ਚੁੱਕ ਕੇ ਰਣ-ਭੂਮੀ ਤੋਂ ਬਾਹਰ ਲੈ ਗਏ।

ਇਹ ਵੇਖ ਕੇ ਬਲੋਚਾਂ ਦਾ ਖਾਨ ਅੱਗੇ ਵਧਿਆ ਤੇ ਸਿੱਖਾਂ ਦੇ ਐਨ ਪਾਸ ਅੱਪੜ ਪਿਆ। ਉਧਰੋਂ ਸਿੱਖਾਂ ਵੱਲੋਂ ਇਕ ਚੜ੍ਹਤੂ[੯] ਅੱਗੇ ਵਧਿਆ, ਜਿਸ ਦੇ ਗਾਤਰੇ ਤਲਵਾਰ ਪਈ ਹੋਈ ਸੀ। ਖਾਨ ਗੁੱਸਾ ਖਾ ਕੇ ਉਸ ਉਤੇ ਪਿਆ, ਪਰ ਉਹ ਭੱਜ ਕੇ ਆਪਣੀ ਫੌਜ ਵਿਚ ਜਾ ਲੁਕਿਆ। ਉਸੇ ਵੇਲੇ ਇਕ ਸਿੱਖ ਨੇ ਬੰਦੂਕ ਚਲਾਈ, ਜਿਸ ਦੀ ਗੋਲੀ ਨਾਲ ਖਾਨ ਦਾ ਘੋੜਾ ਡਿੱਗ ਪਿਆ। ਲੋਕੀਂ 'ਬਿਸਮਿਲਾ, ਬਿਸਮਿਲਾ' ਕਰਦੇ ਨੱਸ ਕੇ ਆਏ ਤੇ ਖਾਨ ਨੂੰ ਰਾਜ਼ੀ-ਬਾਜ਼ੀ ਵੇਖ ਕੇ ਉਹਨਾਂ ਰੱਬ ਦਾ ਸ਼ੁਕਰ ਕੀਤਾ। ਜੇਕਰ ਘੋੜਾ ਉਸ ਉਤੋਂ ਕੁਰਬਾਨ ਨਾ ਹੋ ਜਾਂਦਾ, ਤਾਂ ਰੱਬ ਜਾਣੇ, ਉਸ ਦੀ ਜਾਨ ਉਤੇ ਕੀ ਵਾਪਰਦੀ! ਅਸਮਾਨ ਨੇ ਉਦੋਂ ਵੀ ਵਾਹ ਵਾਹ ਕੀਤੀ ਤੇ ਕਿਹਾ ਕਿ ਐ ਖਾਨ! ਤੈਨੂੰ ਖੁਦਾ ਨੇ ਧਰਮ-ਯੁੱਧ ਦਾ ਫਲ ਦੇ ਦਿੱਤਾ ਹੈ। ਉਹੋ, ਭਲਾ ਸਰਦਾਰਾਂ ਲਈ ਇਹ ਚੰਗੀ ਗੱਲ ਹੈ ਕਿ ਉਹ ਇਕੱਲੇ ਹੀ ਵੈਰੀ ਦੀ ਸੈਨਾ ਉਤੇ ਜਾ ਪੈਣ। ਪਰ ਜਿਸ ਦਾ ਰੱਬ ਰਾਖਾ, ਉਸ ਨੂੰ ਵੈਰੀ ਕੀ ਕਰ ਸਕਦਾ ਹੈ? ਜੇਕਰ ਉਸ ਦਿਨ ਖਾਨ ਦੇ ਹੱਥ ਬੰਦੂਕ ਹੁੰਦੀ ਤਾਂ ਉਹ ਕਈ ਵੈਰੀਆਂ ਨੂੰ ਦੋਜ਼ਖ ਪੁਚਾਉਂਦਾ! ਪਰ ਇਸ ਨੂੰ ਧਰਮ-ਯੁੱਧ ਦਾ ਐਤਨਾ ਚਾਉ ਸੀ ਕਿ ਸੁਣਦੇ ਸਾਰ ਹੀ ਕਮਾਨ ਤੇ ਭਾਲਾ ਲੈ ਕੇ ਆ ਗਿਆ ਅਤੇ ਜਿਸ ਬੰਦੂਕ ਦਾ ਇਸ ਨੇ ਕਦੇ ਵਿਸਾਹ ਨਹੀਂ ਕੀਤਾ ਸੀ, ਉਸ ਨੂੰ ਡੇਰੇ ਹੀ ਛੱਡ ਆਇਆ।

ਗੱਲ ਕੀ, ਜਦ ਖਾਨ ਘੋੜੇ ਉਤੋਂ ਡਿੱਗਾ ਤਾਂ ਇਸ ਦੇ ਦੋ ਨੌਕਰ-ਮੁਹੰਮਦ ਹੁਸੈਨ ਤੇ ਮੀਰ ਮੰਗਾ ਨੇ, ਜਿਹਨਾਂ ਪਾਸ ਬੰਦੂਕਾਂ ਸਨ, ਉਸ ਸਿੱਖ ਉਤੇ ਦੋਵੇਂ ਬੰਦੂਕਾਂ ਦਾਗ ਦਿੱਤੀਆਂ। ਇਕ ਨਾਲ ਘੋੜਾ ਮਰ ਗਿਆ ਤੇ ਦੂਜੀ ਨਾਲ ਸਿੱਖ। ਏਨੇ ਚਿਰ ਨੂੰ ਮਗਰੋਂ ਲਸ਼ਕਰ ਵੀ ਆ ਪੁੱਜਾ ਤੇ ਸਿੱਖ ਨੱਸ ਤੁਰੇ, ਜਿਹਨਾਂ ਦੇ ਮਗਰ ਜਵਾਨ ਮਾਰੋ-ਮਾਰ ਕਰਦੇ ਵਧਦੇ ਗਏ।

ਇਕ ਮੀਰ ਮਜ਼ਾਰ ਨਾਮੀ ਸੂਰਮਾ ਸਿੱਖਾਂ ਉਤੇ ਹੱਲੇ ਕਰ ਰਹਿਆ ਸੀ ਤੇ ਕੋਈ ਸਿੱਖ ਉਸ ਦੇ ਅੱਗੇ ਨਹੀਂ ਖੜ੍ਹੋਂਦਾ ਸੀ। ਇਕ ਸਿੱਖ ਨੇ ਗੋਲੀ ਜੁ ਮਾਰੀ ਤਾਂ ਉਹ ਘੋੜੇ ਤੋਂ ਡਿੱਗ ਪਿਆ। ਭਲਾ ਇਹ ਵੀ ਕੋਈ ਲੜਾਈ ਹੈ, ਇਕ ਦੂਰੋਂ ਗੋਲੀ ਮਾਰ ਕੇ ਸੂਰਮੇ ਨੂੰ ਬਹਿਸ਼ਤ ਪੁਚਾ ਦਿੱਤਾ। ਜੇਕਰ ਤਲਵਾਰ ਦੀ ਲੜਾਈ ਹੁੰਦੀ ਤਾਂ ਉਹ ਕਈ

*੯ ਸਰਦਾਰ ਚੜ੍ਹਤ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਦਾਦਾ।*

SikhBookClub.com

ਸਿੱਖਾਂ ਨੂੰ ਥਾਂ ਹੀ ਰੱਖਦਾ!

ਇਸ ਮੀਰ ਮਜ਼ਾਰ ਦੇ ਨਾਲ 'ਹਾਜੀ' ਨਾਮ ਦਾ ਇਕ ਗਾਜ਼ੀ ਸੀ। ਇਹ ਵੀ ਇਕ ਸਿੱਖ ਦੀ ਗੋਲੀ ਲੱਗਣ ਨਾਲ ਰੱਬ ਦੀ ਦਰਗਾਹੇ ਸੁਰਖ਼ਰੂ ਹੋਇਆ। ਮੁਲਾਂਜ਼ੁਈਆਂ ਵਿਚੋਂ ਇਕ 'ਜਲਾਈ' ਨਾਮ ਦਾ ਜਵਾਨ ਸੀ। ਇਹ ਖ਼ਾਨ ਦੇ ਅੱਗੇ ਅੱਗੇ ਹੋ ਕੇ ਸਿੱਖਾਂ ਮਗਰ ਪਿਆ। ਉਦੋਂ ਹੀ ਪਿਛਲੇ ਪਾਸੇ ਵੱਲੋਂ ਦੋ ਤੀਰ ਉਸ ਨੂੰ ਆ ਲੱਗੇ ਤੇ ਉਹ ਡਿੱਗ ਪਿਆ, ਜਿਸ ਕਰਕੇ ਉਸ ਦੇ ਸਾਥੀ ਉਸ ਨੂੰ ਚੁੱਕ ਕੇ ਰਣ-ਭੂਮੀ ਤੋਂ ਬਾਹਰ ਲੈ ਗਏ। ਉਹ ਹਾਇ ਹਾਇ ਕਰਦਾ ਸੀ ਕਿ ਕੋਈ ਸਿੱਖ ਮੇਰੀ ਤਲਵਾਰ ਹੇਠ ਨਾ ਆਇਆ।

ਬੰਗਲਜ਼ੁਈਆਂ ਵਿਚੋਂ ਇਕ ਗੁਲਾਮ ਹੁਸੈਨ ਨਾਮੇ ਸੂਰਮਾ ਸੀ, ਜੋ ਲੰਮਾ-ਝੰਮਾ ਜਵਾਨ ਸੀ। ਇਸ ਨੇ ਇਕ ਸਿੱਖ ਉਤੇ ਬੰਦੂਕ ਦੀ ਸ਼ਿਸਤ ਬੱਧੀ ਤਾਂ ਉਸ ਨੇ ਕਿਹਾ ਕਿ ਜੇ ਮਰਦ ਹੈਂ ਤਾਂ ਹੇਠਾਂ ਆ ਕੇ ਮੇਰੇ ਨਾਲ ਦੋ ਹੱਥ ਕਰ ਵੇਖ।

ਇਹ ਸੁਣ ਕੇ ਸੂਰਮੇ ਨੂੰ ਅਣਖ ਆ ਗਈ ਤੇ ਉਹ ਘੋੜੇ ਤੋਂ ਉਤਰ ਕੇ ਉਸ ਵੱਲ ਵਧਿਆ। ਜਾਂਦਿਆਂ ਹੀ ਉਸ ਨੂੰ ਧਰਤੀ ਉਤੇ ਸੁਟ ਲਿਆ ਅਤੇ ਉਸ ਦੇ ਉਤੇ ਹੋ ਬੈਠਾ। ਸਿੱਖ ਨੇ ਹੇਠੋਂ ਉਸ ਦੇ ਕਟਾਰੇ ਨੂੰ ਹੱਥ ਪਾਇਆ ਕਿ ਕਟਾਰਾ ਧੂਹ ਕੇ ਮਾਰੇ, ਪਰ ਸੂਰਮੇ ਨੇ ਉਸ ਦਾ ਹੱਥ ਫੜ ਲਿਆ। ਜਦ ਉਹ ਹੱਥ ਛੁਡਾ ਨਾ ਸਕਿਆ ਤਾਂ ਉਸ ਨੇ ਸੂਰਮੇ ਦੇ ਹੱਥ ਉਤੇ ਚੱਕ ਮਾਰਿਆ। ਸੂਰਮੇ ਨੂੰ ਗੁੱਸਾ ਆ ਗਿਆ ਤੇ ਆਪਣਾ ਹੱਥ ਉਸ ਦੇ ਮੂੰਹ ਵਿਚੋਂ ਕੱਢ ਕੇ ਕਟਾਰੇ ਨਾਲ ਉਸ ਦਾ ਸਿਰ ਵੱਢ ਸੁੱਟਿਆ।

ਸਾਮੂਲੀਆਂ ਦਾ ਸਰਦਾਰ ਇਕ ਬਹਾਦਰ ਨਾਮ ਦਾ ਗੱਭਰੂ ਸੀ, ਜੋ ਚੜ੍ਹਦੀ ਜਵਾਨੀ ਵਿਚ ਸੀ। ਇਸ ਨੇ ਇਕ ਸਿੱਖ ਨੂੰ ਘੋੜੇ ਤੋਂ ਹੇਠਾਂ ਸਿੱਟ ਦਿੱਤਾ। ਉਸੇ ਵੇਲੇ ਇਕ ਸਿੱਖ ਨੇ ਚੋਰੀ ਨਾਲ ਇਕ ਗੋਲੀ ਮਾਰੀ, ਜਿਸ ਨਾਲ ਇਹ ਘੋੜੇ ਤੋਂ ਡਿੱਗ ਕੇ ਸ਼ਹੀਦ ਹੋ ਗਿਆ। ਲਹਿਰੀ ਕਬੀਲੇ ਦਾ ਇਕ ਜਲਾਲਾ ਨਾਮੇ ਜਵਾਨ ਸੀ, ਜੋ ਬੜਾ ਸੁਨੱਖਾ ਤੇ ਜੋਧਾ ਸੀ। ਇਹ ਸ਼ੇਰ ਵਾਂਗ ਸਿੱਖਾਂ ਵਿਚ ਫਿਰਦਾ ਸੀ, ਉਸ ਨੇ ਗੋਲੀ ਮਾਰ ਕੇ ਇਕ ਸਿੱਖ ਨੂੰ ਨਰਕ ਪੁਚਾਇਆ। ਉਦੋਂ ਹੀ ਦੂਜਾ ਸਿੱਖ ਉਸ 'ਤੇ ਆ ਪਿਆ। ਉਸ ਨੂੰ ਇਸ ਨੇ ਤਲਵਾਰ ਨਾਲ ਦੋ ਟੋਟੇ ਕਰ ਦਿੱਤਾ। ਉਦੋਂ ਹੀ ਇਕ ਹੋਰ ਸਿੱਖ ਇਸ ਉਤੇ ਆ ਪਿਆ, ਜਿਸ ਦੀ ਗੋਲੀ ਨਾਲ ਇਹ ਡਿੱਗ ਪਿਆ ਤੇ ਬਹਿਸ਼ਤ ਅੱਪੜ ਪਿਆ। ਸ਼ੋਕ ਹੈ ਕਿ ਕਾਫਰ ਦੂਰੋਂ ਦੀ ਗੋਲੀ ਮਾਰ ਕੇ ਸ਼ਹੀਦ ਕਰ ਦਿੰਦੇ ਸਨ; ਜੇਕਰ ਤਲਵਾਰ ਦੀ ਲੜਾਈ ਲੜਦੇ ਤਾਂ ਤਮਾਸ਼ਾ ਵੇਖਦੇ !!

ਮੀਰ 'ਬਰਫੀ' ਬੜਾ ਦਲੇਰ ਸਵਾਰ ਤੇ ਨੇਜ਼ੇ ਦਾ ਧਨੀ ਸੀ। ਇਹ ਰਣਭੂਮੀ ਵਿਚ ਨੇਜ਼ਾਬਾਜ਼ੀ ਕਰਦਾ ਫਿਰਦਾ ਸੀ। ਇਕ ਸਿੱਖ ਉਸ ਦੇ ਸਾਹਮਣੇ ਆਇਆ ਤੇ ਇਸ ਸੂਰਮੇ ਨੇ ਨੇਜ਼ੇ ਨਾਲ ਉਸ ਨੂੰ ਘੋੜੇ ਉਤੋਂ ਉੜੰਬ ਕੇ ਨਰਕਾਂ ਨੂੰ ਤੋਰ ਦਿੱਤਾ, ਪਰ ਇਸ ਰੇੜੇ-ਝੇੜੇ ਵਿਚ ਨੇਜ਼ਾ ਉਸ ਦੇ ਹੱਥੋਂ ਡਿੱਗ ਪਿਆ। 'ਮੁਲਾਂਦਾਰ' ਵੀ ਨੇਜ਼ਾ

SikhBookClub.com

ਹੱਥ ਵਿਚ ਲਈ ਹੱਲੇ ਕਰਦਾ ਸੀ ਪਰ ਕੋਈ ਸਿੱਖ ਉਸ ਦੇ ਸਾਹਮਣੇ ਨਹੀਂ ਆਉਂਦਾ ਸੀ। ਇਕ ਸਿੱਖ ਦੂਰੋਂ ਹੀ ਬੰਦੂਕ ਚਲਾਉਂਦਾ ਸੀ। ਜਦ ਉਸ ਨੇ ਵੇਖਿਆ ਕਿ ਕੋਈ ਸਾਹਮਣੇ ਨਹੀਂ ਆਉਂਦਾ ਤਾਂ ਉਸ ਨੇ ਘੋੜੇ ਨੂੰ ਅੱਡੀ ਲਾਈ ਤੇ ਨੇਜ਼ੇ ਨਾਲ ਸਿੱਖ ਨੂੰ ਘੋੜੇ ਉਤੋਂ ਅੜੁੰਬ ਲਿਆ ਅਤੇ ਐਸਾ ਧਰਤੀ ਉਤੇ ਮਾਰਿਆ ਕਿ ਮਾਨੋ ਕਦੇ ਹੈ ਹੀ ਨਹੀਂ ਸੀ। ਫਿਰ ਉਸ ਦੇ ਹਥਿਆਰ ਲਾਹ ਕੇ ਕਾਬੂ ਕਰ ਲਏ। ਇਹ ਵੇਖ ਕੇ ਸਾਰੇ ਸਿੱਖ ਹੈਰਾਨ ਰਹਿ ਗਏ।

'ਫਤੂਹੀ' ਦਰੋਗਾ ਵੀ ਮਸਤ ਸ਼ੇਰ ਵਾਂਗ ਫਿਰਦਾ ਤੇ ਤਲਵਾਰਾਂ ਮਾਰਦਾ ਸੀ। ਇਕ ਸਿੱਖ ਨਾਲ ਉਸ ਦਾ ਟਾਕਰਾ ਹੋ ਪਿਆ, ਜਿਸ ਦਾ ਸਿਰ ਉਸ ਨੇ ਕਟਾਰ ਨਾਲ ਵੱਢ ਦਿੱਤਾ। ਇਸ ਤਰ੍ਹਾਂ ਹੋਰ ਜਿਤਨੇ ਖਿਦਮਤਗਾਰ ਬਰੂਹੀ ਤੇ ਸਰਦਾਰ ਸਨ, ਇਸ ਯੁੱਧ ਵਿਚ ਕਿਸੇ ਨੇ ਵੀ ਆਪਣੀ ਵੱਲੋਂ ਕੋਈ ਕਸਰ ਨਹੀਂ ਰੱਖੀ ਸੀ।

ਉਸ ਦਿਨ ਨੂਰ ਮੁਹੰਮਦ ਵੀ ਰਣ-ਭੂਮੀ ਵਿਚ ਗਿਆ ਸੀ। ਉਹ ਦੱਸਦਾ ਹੈ ਕਿ ਉਸ ਦਿਨ ਮੈਂ ਵੀ ਰਣ-ਭੂਮੀ ਵਿਚ ਹਾਜ਼ਰ ਸਾਂ ਤੇ ਆਪਣੀ ਅੱਖੀਂ ਤਮਾਸ਼ਾ ਵੇਖਦਾ ਸਾਂ। ਮੇਰੇ ਇਕ ਹੱਥ ਵਿਚ ਤਲਵਾਰ ਤੇ ਦੂਜੇ ਹੱਥ ਵਿਚ ਕਲਮ ਸੀ। ਇਕ ਸਿੱਖ ਤਲਵਾਰ ਸੂਤ ਕੇ ਮੇਰੇ ਵੱਲ ਆਇਆ। ਉਸੇ ਵੇਲੇ ਇਕ ਬਰੂਹੀ ਜਵਾਨ ਨੇ ਐਸੀ ਗੋਲੀ ਮਾਰੀ ਕਿ ਉਹ ਘੋੜੇ ਤੋਂ ਡਿੱਗ ਕੇ ਉਸੇ ਵੇਲੇ ਮਰ ਗਿਆ। ਸ਼ੋਕ ਕਿ ਮੈਨੂੰ ਉਸ ਦੇ ਨਾਮ ਦਾ ਪਤਾ ਨਹੀਂ ਤਾਂ ਮੈਂ ਉਸ ਦੀ ਵੀ ਉਸਤਤ ਕਰਦਾ। ਰੱਬ ਨੇ ਸ਼ਮਸ਼ੇਰ ਜਾਂ ਪਠਾਣਾਂ ਲਈ ਬਣਾਈ ਹੈ ਜਾਂ ਬਲੋਚਾਂ ਲਈ, ਹੋਰ ਕੋਈ ਇਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ।

ਗੱਲ ਕੀ, ਜਦ ਰਾਤ ਪੈ ਗਈ ਤਾਂ ਸਿੱਖ ਨਜ਼ਰੋਂ ਉਹਲੇ ਹੋ ਗਏ[੧੦]। ਸਾਰੇ ਗਾਜ਼ੀ ਤਸੱਲੀ ਨਾਲ ਰਣਭੂਮੀ ਤੋਂ ਆਪਣੇ ਡੇਰਿਆਂ ਨੂੰ ਮੁੜੇ। ਬਲੋਚਾਂ ਦੇ ਖਾਨ ਨੇ ਆਪਣੇ ਸ਼ਾਹ ਨੂੰ ਇਸ ਜਿੱਤ ਦੀ ਵਧਾਈ ਦਿੱਤੀ, ਜਿਸ ਨੇ ਕਿਹਾ ਕਿ ਤੁਸਾਨੂੰ ਵੀ ਵਧਾਈ ਹੋਵੇ, ਪਰ ਮੈਂ ਰਾਜ਼ੀ ਨਹੀਂ, ਕਿਉਂ ਜੋ ਤੁਸੀਂ ਇਕੱਲੇ ਹੱਲਾ ਕਿਉਂ ਕਰਦੇ ਸੀ? ਜੇਕਰ ਕੋਈ ਅਭੀ-ਨਭੀ ਹੋ ਜਾਂਦੀ ਤਾਂ ਤੁਸਾਥੋਂ ਬਿਨਾਂ ਇਹ ਦੋਸ਼ ਮੇਰੇ ਕਿਸ ਕੰਮ ਆਉਂਦਾ? ਮੈਂ ਵਾਰ ਵਾਰ ਆਖਦਾ ਹਾਂ ਕਿ ਮੁੜ ਕੇ ਅਜਿਹਾ ਕੰਮ ਨਾ ਕਰਨਾ ਅਤੇ

---

*੧੦ ਮਘ ਲਕਿਸ਼ਰ ਚੂੰ ਵਕਤ ਸ਼ਬ ਕਰ ਰਸੀਦ।*
*ਸ਼ੁਦੰਦ ਆਂ ਸਗਾਂ ਅਜ਼ ਨਜ਼ਰ ਨਾ ਰਸੀਦ। ਅਰਥਾਤ ਸੂਰਜ ਚੜ੍ਹੇ ਤੋਂ ਸੂਰਜ ਡੁੱਬੇ ਤਕ ਲੜਾਈ ਹੁੰਦੀ ਰਹੀ। ਮਾਲੂਮ ਹੁੰਦਾ ਹੈ ਕਿ ਨਸੀਰ ਖਾਂ ਬਲੋਚ ਦਾ ਜਦ ਘੋੜਾ ਮਰ ਗਿਆ ਤਾਂ ਫਿਰ ਉਹ ਅੱਗੇ ਨਹੀਂ ਵਧਿਆ। ਅੱਗੇ ਸਾਰੀ ਪਠਾਣੀ ਸੈਨਾ ਅਖੀਰ ਤਕ ਆਪਣਾ ਬਚਾਉ ਹੀ ਕਰਦੀ ਰਹੀ। ਕਿਸੇ ਨੇ ਅੱਗੇ ਵਧ ਕੇ ਲੜਾਈ ਨਹੀਂ ਕੀਤੀ। ਜੇ ਡਟ ਕੇ ਲੜਾਈ ਹੁੰਦੀ ਤਾਂ ਇਕ ਧਿਰ ਦੀ ਹਾਰ ਜਿੱਤ ਜ਼ਰੂਰ ਹੁੰਦੀ। ਅਹਿਮਦ ਸ਼ਾਹ ਚੂੰਕਿ ਪਿਛਲੇਰੇ ਸਾਲ ਸਿੰਘਾਂ ਦੇ ਹੱਥ ਵੇਖ ਚੁੱਕਾ ਸੀ, ਇਸ ਲਈ ਉਹ ਆਪਣਾ ਪੈਂਤੜਾ ਛੱਡ ਕੇ ਅੱਗੇ ਵਧ ਕੇ ਲੜਨਾ ਨਹੀਂ ਚਾਹੁੰਦਾ ਸੀ, ਜੈਸਾ ਕਿ ਅਗਲੀਆਂ ਲੜਾਈਆਂ ਤੋਂ ਚੰਗੀ ਤਰ੍ਹਾਂ ਸਿੱਧ ਹੋ ਜਾਇਗਾ।*

SikhBookClub.com

ਇਕੱਲਿਆਂ ਵੈਰੀ ਉਤੇ ! ਹੱਲਾ ਨਾ ਕਰਨਾ। ਖਾਨ ਨੇ ਕਿਹਾ ਕਿ ਆਪ ਦਾ ਹੁਕਮ ਸਿਰ ਮੱਥੇ ਉਤੇ ! ਅੱਗੇ ਨੂੰ ਐਸਾ ਨਹੀਂ ਹੋਵੇਗਾ !

## ਪਾਤਸ਼ਾਹ ਦਾ ਗੁਰੂ ਚੱਕ ਨੂੰ ਜਾਣਾ ਤੇ ਗੁਰੂ ਚੱਕ ਨੂੰ ਖਰਾਬ ਕਰਨਾ

ਜਦ ਸਿੱਖ ਨੱਸੇ ਤਾਂ ਉਹ ਰਾਹ ਵਿਚ ਕਿਤੇ ਨਹੀਂ ਖੜੋਤੇ, ਸਿੱਧੇ ਗੁਰੂ ਕੇ ਚੱਕ ਅੱਪੜੇ, ਜੋ ਕਿ ਕਾਫਰਾਂ ਦੀ ਜ਼ਿਆਰਤ ਦੀ ਥਾਂ ਹੈ। ਪਾਤਸ਼ਾਹ ਨੇ ਜਦ ਇਹ ਸੁਣਿਆ ਕਿ ਸਿੱਖ ਗੁਰੂ ਚੱਕ ਨੂੰ ਗਏ ਹਨ, ਤਾਂ ਉਸ ਨੇ ਕਿਹਾ ਕਿ ਮੈਂ ਹੁਣੇ ਹੀ ਉਧਰ ਨੂੰ ਜਾਂਦਾ ਹਾਂ ਤੇ ਸਿੱਖਾਂ ਨੂੰ ਕਤਲ ਕਰਦਾ ਹਾਂ ਤੇ ਗੁਰੂ ਚੱਕ ਦੀਆਂ ਨੀਹਾਂ ਪੁੱਟ ਕੇ ਧਰਤੀ ਦੇ ਬਰਾਬਰ ਕਰ ਦੇਂਦਾ ਹਾਂ। ਇਸ ਤੋਂ ਪਹਿਲਾਂ ਵੀ ਪਾਤਸ਼ਾਹ ਨੇ ਗੁਰੂ ਚੱਕ ਨੂੰ ਢਾਹਿਆ ਤੇ ਜ਼ਮੀਨ ਦੇ ਬਰਾਬਰ ਕਰ ਦਿੱਤਾ ਸੀ, ਪਰ ਸਿੱਖਾਂ ਨੇ ਫੇਰ ਬਣਾ ਲਿਆ ਸੀ, ਪਰ ਪਹਿਲਾਂ ਵਰਗਾ ਨਹੀਂ ਬਣਿਆ ਸੀ। ਸੋ ਪਾਤਸ਼ਾਹ ਨੇ ਫੇਰ ਇਸ ਨੂੰ ਪਿੱਛੇ ਵਾਂਗ ਹੀ ਧਰਤੀ ਦੇ ਬਰਾਬਰ ਕਰ ਦੇਣਾ ਚਾਹਿਆ।

ਪਾਤਸ਼ਾਹ ਨੇ ਸਾਰਾ ਅਸਬਾਬ ਤਾਂ ਲਾਹੌਰ ਛੱਡਿਆ ਅਤੇ ਆਪ ਸਾਰੀ ਫੌਜ ਲੈ ਕੇ ਛੜੀ ਸਵਾਰ ਤੁਰ ਪਿਆ। ਤਿੰਨ ਰਾਤਾਂ ਰਾਹ ਵਿਚ ਲੱਗੀਆਂ। ਚੌਥੀ ਰਾਤ 'ਚੱਕ' ਅੱਪੜੇ। ਸਿੱਖਾਂ ਨੂੰ ਅੱਗੋਂ ਹੀ ਪਤਾ ਲੱਗ ਗਿਆ ਸੀ ਕਿ ਸ਼ੇਰ ਸਾਡੇ ਵੱਲ ਤੁਰੇ ਆਉਂਦੇ ਹਨ। ਸੋ ਉਹ 'ਚੱਕੋਂ' ਵੀ ਨੱਸ ਗਏ ਸਨ। ਪਾਤਸ਼ਾਹ ਚੱਕ ਪੁੱਜਾ ਤਾਂ ਉਥੇ ਕਾਫਰਾਂ ਦੇ ਵਿਚੋਂ ਕੋਈ ਵੀ ਨਹੀਂ ਸੀ, ਕੇਵਲ ਗੜ੍ਹੀ ਵਿਚ ਥੋਹੜੇ ਜਿਹੇ ਆਦਮੀ ਮਰਨ ਲਈ ਬੈਠ ਰਹੇ ਸਨ, ਜਿਹਨਾਂ ਦੀ ਮਨਸਾ ਆਪਣੀਆਂ ਜਾਨਾਂ ਗੁਰੂ ਉਤੋਂ ਵਾਰਨ ਦੀ ਸੀ। ਜਦ ਉਹਨਾਂ ਨੇ ਪਾਤਸ਼ਾਹ ਤੇ ਇਸਲਾਮੀ ਲਸ਼ਕਰ ਨੂੰ ਵੇਖਿਆ ਤਾਂ ਉਹ ਗੜ੍ਹੀ ਵਿਚੋਂ ਨਿਕਲੇ। ਉਹਨਾਂ ਦੀ ਗਿਣਤੀ ਕੁਲ ਤੀਹ ਦੀ ਸੀ। ਉਹਨਾਂ ਨੇ ਮਰਨ ਜਾਂ ਕਤਲ ਹੋ ਜਾਣ ਦਾ ਰਤਾ ਭਰ ਫਿਕਰ ਨਾ ਕੀਤਾ ਤੇ ਗਾਜ਼ੀਆਂ ਦੇ ਗਲ ਆ ਪਏ ਅਤੇ ਸਾਰੇ ਦੇ ਸਾਰੇ ਮਾਰੇ ਗਏ। ਮੋਮਨ ਸੱਜੇ ਖੱਬੇ ਬਥੇਰਾ ਨੱਸੇ, ਪਰ ਕੋਈ ਸਿੱਖ ਨਾ ਲੱਭਾ।

*ਅਜ਼ੀਂ ਪੇਸ਼ ਹਮ ਯਕਰਹ ਤਾਂ ਆਂ ਸ਼ੇ ਦੀਨ।*
*ਸ਼ਹੇ ਦੀਨ ਇਸਲਾਮੋ ਸਿਦਕੋ ਯਕੀਨ।*
*ਬਰ ਅੰਦਾਖਤਾ ਬੇਖ਼ ਬੁਨਿਆਦਿ ਚਕ।*
*ਜ਼ਿ ਲੋਹਿ ਜ਼ਮੀਂ, ਸਾਖ਼ਤ ਆ ਹਰਫ ਚਕ।*
*ਕੁਨੂੰ ਖਾਸਤ ਤਾ ਆ ਚਕੋ ਚਕ ਪਰਸਤ।*
*ਕਿ ਕਰਦੰਦ ਜਾਂ ਰਾ ਰਿਦਾ ਬਰ ਗੁਰੂ।*
*ਕਿ ਲਾਨਤ ... ... ... ... ...*
*ਸਿਹ ਸ਼ਬ ਖ਼੍ਵਾਰ ਰਹ ਉਫਤਾਬ ਸ਼ਬੇ।*
*ਰਸੀਦਹ ਬਚਕ ਸ਼ਹਾਬ ਸਿਦਕੋ ਯਕੀਂ।*

SikhBookClub.com

ਸ਼ਹੋ ਲਸ਼ਕਰਿ ਸਹ ਬਚਕ ਚੂੰ ਰਸੀਦ।
ਅਜ਼ਾਂ ਕਾਫ਼ਰਾਂ ਹੇਚ ਕਸ ਹਾ ਨ ਦੀਦ।
ਮਗਰ ਚੰਦ ਕਸ ਹਸਾਰ ਅੰਦਰੂੰ।
ਬਿਮਾਂਦਾ ਕਿ ਖੁਦ ਰਾ ਬਰੇਜ਼ੰਦ ਖੂੰ।
ਚੂੰ ਦੀਦੰਦ ਸ਼ਾਹਿ ਨਿਕੋ ਨਾਮ ਰਾ।
ਹਮਾ ਲਸ਼ਕਰੇ ਦੀਨ ਇਸਲਾਮ ਰਾ।
ਬਰੂੰ ਆਂਮਦੰਦ ਆ ਜਮਾਂ ਅਜ਼ ਹਸਾਰ।
ਕਿ ਸੀ ਤਨ(੩੦) ਬੂਦੰਦ ਆਂ ਸਗਾਂ ਦਰ ਸ਼ੁਮਾਰ।
ਨ ਕਰਦੰਦ ਯਕ ਜ਼ਰਾਏ ਤਰਸ ਬਾਕ।
ਨਾ ਖ਼ੌਫ਼ੇ ਸ਼ਿ ਕਤਲੋ ਨਾ ਬੀਮ ਅਜ਼ ਹਲਾਕ।
ਬੀਆਂ ਗਾਜ਼ੀਆਂ ਚੂੰ ਦਰ ਆਵੇਖਤੰਦ।
ਦਰ ਆਵੇਖਤਨ ਖੂਨੇ ਖੁਦ ਰੇਖਤੰਦ।
ਹਮਾਂ ਕਤਲ ਗਸ਼ਤੰਦ ਸਿਖਾਂ ਯਕੀਨ।
ਬਿਰਫ਼ਤੰਦ ਦਰ ਅਸਫਲੁਸ-ਸਾਫਲੀਨ।
ਦਵੀਦੰਦ ਇਸਲਾਮੀਆ ਰਾਸਤ ਚਪ।
ਨਾ ਦੀਦੰਦ ਕਸ ਜਾਂ ਸਗਾਂ ਬੇਅਦਬ।
ਬਿਨਾਚਾਰ ਸ਼ਾਹਿ ਜਹਾਨ ਬਾਜ਼ ਗਸ਼ਤ।
ਬਿਫਤਹ ਵ ਜ਼ਫਰ ਸ਼ਾਹ ਦਮ ਸਾਜ਼ ਗਸ਼ਤ।

"ਇਹ ਉਹੋ ਅਹਿਮਦ ਸ਼ਾਹ ਹੈ, ਜੋ ਸੰਮਤ ੧੮੧੮ (੧੭੬੨ ਈ:) ਵਿਚ ਕੇਵਲ ਦੋ ਰਾਤਾਂ ਰਾਹ ਵਿਚ ਕੱਟ ਕੇ ਤੀਜੇ ਦਿਨ ਸੁਵੱਖਤੇ ਹੀ ਕੁੱਪ ਰਹੀੜੇ ਪਾਸ ਖਾਲਸਾ ਜੀ ਉਤੇ ਜਾ ਪਿਆ ਸੀ। ਇਹੋ ਅਹਿਮਦ ਸ਼ਾਹ ਪਾਣੀਪਤ ਦੇ ਮੈਦਾਨ 'ਚ ਹਰ ਰੋਜ਼ ਛਿਤਾਲੀ ਮੀਲ ਦਾ ਚੱਕਰ ਲਾ ਕੇ ਆਪਣੀ ਸੈਨਾ ਦੀਆਂ ਸਾਰੀਆਂ ਚੌਕੀਆਂ ਵੇਖ ਆਇਆ ਕਰਦਾ ਸੀ ਇਹੋ ਅਹਿਮਦ ਸ਼ਾਹ ਹੁਣ ਸੁਣਦਾ ਹੈ ਕਿ ਸਿੱਖ 'ਗੁਰੂ ਚੱਕ' ਹਨ, ਪਰ ਲਾਹੌਰੋਂ ਗੁਰੂ ਚੱਕ ਚੌਥੇ ਦਿਨ ਪੁੱਜਦਾ ਹੈ, ਹਾਲਾਂ ਕਿ ਭਾਰ ਬਰਦਾਰੀ ਤੇ ਹੋਰ ਸਾਰਾ ਸਾਮਾਨ ਲਾਹੌਰ ਹੈ ਤੇ ਉਸ ਦੇ ਨਾਲ ਸਾਰੀ ਸੈਨਾ ਘੋੜ-ਚੜ੍ਹਿਆਂ ਦੀ ਹੈ, ਜੋ ਯਲਗਾਰ ਕਰਕੇ ਦੁਪਹਿਰ ਤੋਂ ਪਹਿਲਾਂ ਪਹਿਲਾਂ ਗੁਰੂ ਚੱਕ ਅੱਪੜ ਸਕਦੇ ਹਨ। ਇਸ ਢਿੱਲ ਦੇ ਕੀ ਅਰਥ ਹਨ? ਇਸ ਢਿੱਲ ਦਾ ਖਿਆਲ ਮਨ ਵਿਚ ਰੱਖ ਕੇ ਜੇਕਰ ਅਸੀਂ ਫਾਰਸਟਰ ਦੇ ਸਫਰਨਾਮੇ ਤੇ ਗੁਲਾਮ ਅਲੀ ਦੇ 'ਖਜ਼ਾਨਾ ਆਮਰਾ' ਨੂੰ ਪੜ੍ਹੀਏ ਤਾਂ ਸਾਰੀ ਗੱਲ ਸਪਸ਼ਟ ਹੋ ਜਾਂਦੀ ਹੈ। ਅੱਜ ਤੀਕ ਜਿਸ ਗੱਲ ਨੂੰ ਮੰਨਣ ਲਈ ਕੋਈ ਇਤਿਹਾਸਕਾਰ ਤਿਆਰ ਨਹੀਂ ਸੀ, ਉਹ ਗੱਲ ਇਸ ਜੰਗ-ਨਾਮੇ ਤੋਂ

SikhBookClub.com

ਸਿੱਧ ਹੋ ਜਾਂਦੀ ਹੈ।

ਸੰਖੇਪ ਤੌਰ 'ਤੇ ਇਹ ਗੱਲ ਇਉਂ ਹੈ ਕਿ ਮਾਘ ਸੰਮਤ ੧੮੧੭ ਬਿ: ਵਿਚ ਜਦ ਅਹਿਮਦ ਸ਼ਾਹ ਨੇ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨੂੰ ਹਰਾਇਆ ਤਾਂ ਸਾਰਾ ਹਿੰਦੁਸਤਾਨ ਅਹਿਮਦ ਸ਼ਾਹ ਦੇ ਕਦਮਾਂ ਹੇਠ ਸੀ। ਅਹਿਮਦ ਸ਼ਾਹ ਦੇ ਨਾਮ ਤੋਂ ਉਸ ਸਮੇਂ ਸਾਰਾ ਹਿੰਦ ਥਰ ਥਰ ਕੰਬਦਾ ਸੀ ਤੇ ਅਹਿਮਦ ਸ਼ਾਹ ਵੀ ਸਮਝਦਾ ਸੀ ਕਿ ਇਸ ਵੇਲੇ ਮੈਂ ਦੂਜਾ ਸਿਕੰਦਰ ਹਾਂ, ਜਿਸ ਦੀ ਤਲਵਾਰ ਸਾਹਮਣੇ ਕੋਈ ਸ਼ਾਹ ਪਾਤਸ਼ਾਹ ਖੜ੍ਹੋ ਨਹੀਂ ਸਕਦਾ।

ਦੋ ਕੁ ਮਹੀਨੇ ਦਿੱਲੀ ਅਰਾਮ ਕਰ ਕੇ ਜਦ ਆਰੰਭ ਸੰਮਤ ੧੮੧੮ ਬਿ: (੧੭੬੨ ਈ:) ਵਿਚ ਅਹਿਮਦ ਸ਼ਾਹ ਲਾਹੌਰ ਪੁੱਜਾ ਤਾਂ ਪੰਜਾਬ ਦੇ ਮੁਸਲਮਾਨਾਂ ਨੇ ਬੜੇ ਕੀਰਨੇ ਪਾਏ ਕਿ ਸਿੱਖਾਂ ਨੇ ਦੀਨ ਦੀ ਬੁਰੀ ਬਾਬ ਕੀਤੀ ਹੈ। ਪਰ ਅਹਿਮਦ ਸ਼ਾਹ ਇਹ ਕਹਿ ਕੇ ਅੱਗੇ ਵਧ ਗਿਆ ਕਿ ਸਾਰੀ ਸੈਨਾ ਕਈ ਮਹੀਨਿਆਂ ਦੇ ਜੁੱਧ ਜੰਗ ਦੀ ਥੱਕੀ ਹੋਈ ਹੈ, ਰਤਾ ਕੁ ਅਰਾਮ ਕਰ ਆਈਏ। ਮੈਂ ਛੇਤੀ ਹੀ ਆ ਕੇ ਸਿੱਖਾਂ ਨੂੰ ਅਜੇਹੀ ਸਜ਼ਾ ਦੇਵਾਂਗਾ ਕਿ ਇਹ ਵੀ ਮਰਹੱਟਿਆਂ ਵਾਂਗ ਫਿਰ ਸਦਾ ਦੀ ਨੀਂਦ ਸੌਂ ਜਾਣਗੇ।

ਇਸ ਵੇਲੇ ਸਾਰੇ ਹਿੰਦੁਸਤਾਨ ਦੀ ਦੌਲਤ ਪਠਾਣਾਂ ਦੇ ਹੱਥਾਂ ਵਿਚ ਸੀ ਤੇ ਉਹ ਚਾਹੁੰਦੇ ਸਨ ਕਿ ਇਸ ਨੂੰ ਦੇਸ਼ ਪੁਚਾ ਆਈਏ। ਦੇਸ਼ ਜਾ ਕੇ ਗਰਮੀ ਤੇ ਬਰਸਾਤ ਦੇ ਦਿਨ ਕੱਟੇ ਅਤੇ ਸਿਆਲ ਦੇ ਨਾਲ ਹੀ ਇਹ ਵੀ ਪੰਜਾਬ ਵੱਲ ਆ ਗਏ। ਲਾਹੌਰੋਂ ਆ ਕੇ ਅਹਿਮਦ ਸ਼ਾਹ ਨੂੰ ਪਤਾ ਲੱਗਾ ਕਿ ਸਿੰਘ ਸਰਹੰਦ ਗਿਰਦੇ ਫਿਰ ਰਹੇ ਹਨ। ਲਾਹੌਰੋਂ ਤੁਰ ਕੇ ਇਸ ਨੇ ਦੂਜੀ ਮੰਜ਼ਲ ਤਲਵਨ ਆ ਕੀਤੀ ਅਤੇ ਤੀਜੇ ਦਿਨ ਸੂਰਜ ਚੜ੍ਹਦੇ ਦੇ ਨਾਲ ਕੁਪ ਰਹੀੜੇ ਪਾਸ ਇਹ ਅਚਨਚੇਤ ਸਿੰਘਾਂ ਉਤੇ ਆ ਪਿਆ। ਇਤਨੇ ਥੋਹੜੇ ਸਮੇਂ ਵਿਚ ਅਬਦਾਲੀ ਨੇ ਕਈ ਸੌ ਕੋਹ ਦਾ ਪੈਂਡਾ ਕਰ ਲਿਆ ਸੀ ਤੇ ਦੋ ਦਰਿਆ ਵੀ ਟੱਪ ਆਇਆ ਸੀ।

ਸਿੱਖ ਇਤਿਹਾਸ ਦਾ ਇਹ ਵੱਡਾ ਘੱਲੂਘਾਰਾ ਹੈ, ਜਿਸ ਵਿਚ ਕਈ ਹਜ਼ਾਰ ਸਿੰਘ ਸ਼ਹੀਦ ਹੋਏ ਸਨ। ਅਹਿਮਦ ਸ਼ਾਹ ਨੇ ਇਹ ਸਮਝਿਆ ਸੀ ਕਿ ਪਿਛਲੇ ਸਾਲ ਮਾਘ ਵਿਚ ਹੀ ਮੈਂ ਮਰਹੱਟਿਆਂ ਦਾ ਲੱਕ ਤੋੜਿਆ ਸੀ ਤੇ ਇਸ ਸਾਲ ਮਾਘ ਵਿਚ ਹੀ ਮੈਂ ਸਿੱਖਾਂ ਦਾ ਲੱਕ ਤੋੜਿਆ ਹੈ ਤੇ ਦੋਹਾਂ ਨੂੰ ਐਸੀ ਸਜ਼ਾ ਹੈ ਕਿ ਹੁਣ ਇਹ ਛੇਤੀ ਨਾਲ ਸੁਰਤਾਂ ਨਾ ਫੜ ਸਕਣਗੇ।

ਘੱਲੂਘਾਰੇ ਤੋਂ ਮਗਰੋਂ ਅਬਦਾਲੀ ਸਰਹੰਦ ਗਿਆ ਤੇ ਦੇਸ਼ ਦੀ ਹੌਲੀ ਹੌਲੀ ਸੈਰ ਕਰਦਾ ਤੇ ਥਾਂ ਥਾਂ ਸਿੰਘਾਂ ਦੀ ਕਤਲਾਮ ਕਰਦਾ ਜਦ ਸ੍ਰੀ ਅੰਮ੍ਰਿਤਸਰ ਜੀ ਅੱਪੜਿਆ ਤਾਂ ਸ਼ਹਿਰ ਨੂੰ ਢਾਹ ਫੂਕ ਕੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਕੇ ਤੇ ਸੌ ਬੇਅਦਬੀਆਂ ਕਰ ਕੇ ਸ੍ਰੀ ਹਰਿਮੰਦਰ ਜੀ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ

SikhBookClub.com

ਘੱਲੂਘਾਰੇ ਤੋਂ ੨੯ ਦਿਨਾਂ ਮਗਰੋਂ ਲਾਹੌਰ ਪੁਜ ਕੇ ਡੇਰੇ ਲਾ ਦਿੱਤੇ। ਇਹ ਵੇਖਣ ਲਈ ਕਿ ਮੇਰੀ ਸੱਟ ਦਾ ਸਿੰਘਾਂ ਉਤੇ ਕੀ ਅਸਰ ਹੁੰਦਾ ਹੈ ?

ਰੋਜ਼ ਗਸ਼ਤੀ ਫੌਜ ਚਪੋਲ ਮਾਰਦੀਆਂ ਅਤੇ ਜਿਥੇ ਸਿੰਘਾਂ ਦਾ ਪਤਾ ਲਗਦਾ, ਜਾ ਕੇ ਉਨ੍ਹਾਂ ਨੂੰ ਫੜ ਲਿਆਉਂਦੀਆਂ। ਪਿਛਲੇ ਦਿਨਾਂ ਵਿਚ ਸਿੰਘਾਂ ਨੇ ਜੋ ਮਸੀਤਾਂ ਢਾਹੀਆਂ ਸਨ, ਉਨ੍ਹਾਂ ਨੂੰ ਫੇਰ ਬਣਵਾਇਆ ਗਿਆ ਅਤੇ ਉਨ੍ਹਾਂ ਨੂੰ ਪਵਿੱਤਰ ਕਰਨ ਲਈ ਕੈਦੀ ਸਿੰਘਾਂ ਨੂੰ ਵੱਢ ਵੱਢ ਕੇ ਉਨ੍ਹਾਂ ਦੇ ਲਹੂ ਨਾਲ ਸਭ ਕੰਧਾਂ ਧੋਤੀਆਂ ਗਈਆਂ। ਇਸ ਤਰ੍ਹਾਂ ਹਜ਼ਾਰਾਂ ਸਿੰਘ ਕਤਲ ਕੀਤੇ ਗਏ ਅਤੇ ਅਹਿਮਦ ਸ਼ਾਹ ਦੇ ਨਾਮ ਤੋਂ ਹਰ ਕੋਈ ਡਰਨ ਲੱਗ ਪਿਆ।

ਪਰ ਖਾਲਸਾ ਜੀ ਸਗੋਂ ਦੂਣੇ ਚਮਕੇ। ਇਹ ਝੱਟਪਟ ਹੀ ਸੰਭਲੇ ਅਤੇ ਲੱਗੇ ਅਹਿਮਦ ਸ਼ਾਹ ਦੇ ਨੱਕ ਹੇਠ ਅਹਿਮਦ ਸ਼ਾਹ ਦੇ ਇਲਾਕੇ ਨੂੰ ਸੋਧਣ। ਅਹਿਮਦ ਸ਼ਾਹ ਨੇ ਬਥੇਰਾ ਜਤਨ ਕੀਤਾ, ਪਰ ਉਸ ਦੇ ਲਾਹੌਰ ਬੈਠਿਆਂ ਹੋਇਆਂ ਖਾਲਸਾ ਜੀ ਲਾਹੌਰ ਦੀਆਂ ਵਸਤੀਆਂ ਲੁੱਟ ਲਿਜਾਣ ਲੱਗ ਪਏ। ਅਹਿਮਦ ਸ਼ਾਹ ਨੇ ਸੋਚਿਆ ਕਿ ਸਿੱਖਾਂ ਲਈ ਕੁੱਪ ਰਹੀੜੇ ਦੀ ਚੋਟ ਕਾਫੀ ਨਹੀਂ ਸੀ, ਇਨ੍ਹਾਂ ਨੂੰ ਇਕ ਹੋਰ ਕਰੜੀ ਚੋਟ ਲਾਉਣੀ ਚਾਹੀਦੀ ਹੈ।

੬ ਕੱਤਕ ਐਤਵਾਰ ਨੂੰ ਦੀਵਾਲੀ ਸੀ ਤੇ ਉਸੇ ਦਿਨ ਪੂਰਾ ਸੂਰਜ ਗ੍ਰਹਿਣ ਸੀ। ਸਭ ਸੰਸਾਰ ਨੂੰ ਪਤਾ ਸੀ ਕਿ ਦੀਵਾਲੀ ਸਮੇਂ ਸਭ ਖਾਲਸਾ ਜੀ ਸ੍ਰੀ ਅੰਮ੍ਰਿਤਸਰ ਜੀ ਇਕੱਠੇ ਹੋਣਗੇ। ਅਹਿਮਦ ਸ਼ਾਹ ਨੇ ਸੋਚਿਆ ਇਸ ਸਮੇਂ ਸਭਸ ਨੂੰ ਘੇਰ ਕੇ ਮਾਰ ਦੇਵਾਂਗਾ। ਦੀਵਾਲੀ ਆਈ ਤੇ ਅਬਦਾਲੀ ਵੀ ਸੂਰਜ ਚੜ੍ਹਦੇ ਦੇ ਨਾਲ ਹੀ ਆ ਪਿਆ। ਅਬਦਾਲੀ ਰਾਤੋਂ ਰਾਤ ਪਿਆ ਸੀ ਕਿ ਕਿਤੇ ਸਿੰਘ ਨੱਸ ਨਾ ਜਾਣ। ਗ੍ਰਹਿਣ ਐਤਨਾ ਸੀ ਕਿ ਦਿਨ ਮਲੂਮ ਨਹੀਂ ਹੁੰਦਾ ਸੀ। ਕਈਆਂ ਨੇ ਦਿਨੇ ਤਾਰੇ ਵੇਖ ਲਏ ਸਨ। ਖਾਲਸਾ ਜੀ ਡਟ ਕੇ ਲੜੇ। ਖੂਬ ਲੜਾਈ ਹੋਈ। ਸਾਰਾ ਦਿਨ ਹੱਲੇ ਉਤੇ ਹੱਲਾ ਹੁੰਦਾ ਰਿਹਾ। ਸ਼ਾਮ ਹੋਣ ਲੱਗੀ ਅਤੇ ਅਬਦਾਲੀ ਜਿੱਤ ਵੱਲੋਂ ਨਿਰਾਸ ਹੋ ਕੇ ਲਾਹੌਰ ਵੱਲ ਹਟਣ ਲੱਗਾ, ਪਰ ਖਾਲਸਾ ਜੀ ਹੁਣ ਜਾਣ ਕਦ ਦਿੰਦੇ ਸਨ ? ਹੋਕਾ ਫਿਰ ਗਿਆ ਕਿ ਬਿੱਲਾ ਜਾਣਾ ਨਾ ਪਾਵੇ ! ਅਬਦਾਲੀ ਪਿੱਛੇ ਹਟਿਆ। ਸਿੰਘਾਂ ਨੇ ਹਮਲਾ ਕੀਤਾ। ਅਬਦਾਲੀ ਦੇ ਪੈਰ ਉਖੜ ਗਏ। ਪਾਣੀਪਤ ਦਾ ਵਿਜਈ ਸਿੰਘਾਂ ਨੂੰ ਮਾਰਨ ਆਇਆ ਹੁਣ ਆਪ ਨੱਸਾ ਜਾਂਦਾ ਹੈ ! ਸਿੰਘਾਂ ਨੇ ਲਾਹੌਰ ਤੀਕ ਖਹਿੜਾ ਨਾ ਛੱਡਿਆ। ਅਬਦਾਲੀ ਲਾਹੌਰ ਪੁੱਜਦਾ ਹੀ ਦੂਜੇ ਰਾਹ ਦੇਸ਼ ਨੂੰ ਨੱਸ ਗਿਆ ਤੇ ਸਿੰਘਾਂ ਨੇ ਲਾਹੌਰ ਸੋਧ ਸੁੱਟਿਆ।

ਅਬਦਾਲੀ ਤਾਂ ਗਿਆ ! ਹੁਣ ਸਿੰਘਾਂ ਦੀ ਵਾਰੀ ਆਈ। ਇਨ੍ਹਾਂ ਨੇ ਇਸ ਲੜਾਈ ਵਿਚ ਤੇ ਮਗਰੋਂ ਦੀ ਭਾਂਜ ਵਿਚ ਜੋ ਪਠਾਣ ਕੈਦੀ ਫੜੇ ਸਨ, ਉਨ੍ਹਾਂ ਨੂੰ

SikhBookClub.com

ਜ਼ੰਜੀਰਾਂ ਵਿਚ ਬੰਨ੍ਹ ਕੇ ਸ੍ਰੀ ਅੰਮ੍ਰਿਤਸਰ ਜੀ ਲਿਆਂਦਾ ਅਤੇ ਸਰੋਵਰ ਦੀ ਸਾਰੀ ਕਾਰ ਇਨ੍ਹਾਂ ਪਾਸੋਂ ਕਰਵਾਈ। ਜੋ ਜ਼ਰਾ ਢਿੱਲਾ ਕੰਮ ਕਰਦਾ ਸੀ, ਸੋਲ੍ਹਿਆਂ ਦੀਆਂ ਚੋਭਾਂ ਖਾਂਦਾ ਸੀ। ਜੋ ਮਸੀਤਾਂ ਨਵੀਆਂ ਬਣੀਆਂ ਸਨ, ਜਿਨ੍ਹਾਂ ਦੀਆਂ ਕੰਧਾਂ ਨੂੰ ਖਾਲਸਾ ਜੀ ਦੇ ਖ਼ੂਨ ਨਾਲ ਧੋਤਾ ਗਿਆ ਸੀ, ਉਹ ਫੇਰ ਢਾਹੀਆਂ ਗਈਆਂ ਤੇ ਉਨ੍ਹਾਂ ਦੀਆਂ ਨੀਹਾਂ ਪੁੱਟ ਕੇ ਨੀਹਾਂ ਉਤੇ ਮੁਸਲਮਾਨਾਂ ਪਾਸੋਂ ਮੁਸਲਮਾਨਾਂ ਦੇ ਲਹੂ ਦੇ ਪੋਚੇ ਮਰਵਾਏ ਗਏ। ਗੱਲ ਕੀ, ਜੋ ਕੁਝ ਅਹਿਮਦ ਸ਼ਾਹ ਨੇ ਕੀਤਾ ਸੀ, ਸਿੰਘਾਂ ਨੇ ਉਸ ਤੋਂ ਵੱਧ ਕਰ ਕੇ ਵਿਖਾਇਆ ਅਤੇ ਸਿੱਧ ਕਰ ਦਿੱਤਾ ਕਿ ਅਸੀਂ ਤੇਰੀਆਂ ਸਖਤੀਆਂ ਤੋਂ ਨਹੀਂ ਡਰਦੇ, ਸਾਡੀਆਂ ਸਖ਼ਤੀਆਂ ਤੋਂ ਤੂੰ ਡਰ !

ਮਾਘ ਸੰਮਤ ੧੮੨੦ (੧੭੬੪ ਈ:) ਵਿਚ ਖਾਲਸਾ ਜੀ ਨੇ ਸਰਹੰਦ ਮਾਰ ਲਈ ਅਤੇ ਅੱਗੇ ਵਧ ਕੇ ਨਜੀਬੁ-ਦੌਲਾ ਦੇ ਇਲਾਕੇ ਨੂੰ ਜਾ ਸੋਧਿਆ। ਤਰੁਨਾ ਦਲ ਨੇ ਲਾਹੌਰ ਤੋਂ ਲੈ ਕੇ ਮੁਲਤਾਨ ਤੀਕ ਦਾ ਇਲਾਕਾ ਸੋਧ ਮਾਰਿਆ ਅਤੇ ਅਟਕ ਟੱਪ ਕੇ ਡੇਰਿਆਂ ਦਾ ਇਲਾਕਾ ਵੀ ਉਗਰਾਹ ਲਿਆ।

ਨਜੀਬੁ-ਦੌਲਾ ਨਾਲ ਸੂਰਜ ਮੱਲ ਜਾਟ ਨੇ ਲੜਾਈ ਕੀਤੀ ਤੇ ਸੰਜੋਗ ਨਾਲ ਲੜਾਈ ਵਿਚ ਸੂਰਜ ਮੱਲ ਮਾਰਿਆ ਗਿਆ। ਇਸ ਦੇ ਪੁੱਤਰ ਜਵਾਹਰ ਸਿੰਘ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ ਦਿੱਲੀ ਉਤੇ ਚੜ੍ਹਾਈ ਕਰ ਦਿੱਤੀ ਅਤੇ ਆਪਣੀ ਸਹਾਇਤਾ ਲਈ ਮਰਹੱਟੇ ਤੇ ਖਾਲਸਾ ਜੀ ਨੂੰ ਸੱਦ ਲਿਆ। ਤਿੰਨ ਚਾਰ ਮਹੀਨੇ ਨਜੀਬੁ-ਦੌਲਾ ਦਿੱਲੀ ਵਿਚ ਡੱਕਿਆ ਰਿਹਾ ਅਤੇ ਖਾਲਸਾ ਜੀ ਦਿੱਲੀ ਸਾਹਮਣੇ ਬੈਠੇ ਇਲਾਕੇ ਦੀਆਂ ਉਗਰਾਹੀਆਂ ਕਰਦੇ ਰਹੇ। ਨਜੀਬੁ-ਦੌਲਾ ਨੇ ਅਹਿਮਦ ਸ਼ਾਹ ਪਾਸ ਵਕੀਲ ਘੱਲਿਆ ਕਿ ਕਿਵੇਂ ਮੈਨੂੰ ਆ ਕੇ ਬਚਾਉ ! ਅਹਿਮਦ ਸ਼ਾਹ ਆਇਆ ਤਾਂ ਸਹੀ, ਪਰ ਆਪਣੇ ਨਾਮ ਦੇ ਡਰ ਨਾਲ ਨਜੀਬੁ-ਦੌਲਾ ਦੀ ਸਹਾਇਤਾ ਕਰਨੀ ਚਾਹੁੰਦਾ ਸੀ, ਆਪ ਨਹੀਂ ਜਾਣਾ ਚਾਹੁੰਦਾ ਸੀ, ਕਿਉਂ ਜੁ ਉਸ ਦੇ ਨਾਮ ਦੇ ਜਾਦੂ ਨੂੰ ਖਾਲਸਾ ਜੀ ਨੇ ਤੋੜ ਦਿੱਤਾ ਸੀ।

ਸੱਚੀ ਗੱਲ ਇਹ ਹੈ ਕਿ ਇਸ ਸਮੇਂ ੧੮੨੧ ਵਿਚ ਆ ਕੇ ਅਹਿਮਦ ਸ਼ਾਹ ਸਿੰਘਾਂ ਪਾਸੋਂ ਡਰ ਰਿਹਾ ਸੀ। ਉਹ ਏਮਨਾਬਾਦ ਤਾਂ ਰੁਕਿਆ ਰਿਹਾ, ਪਰ ਲਾਹੌਰ ਨਹੀਂ ਆਇਆ, ਜਦ ਤੀਕ ਨਸੀਰ ਖਾਂ ਬਲੋਚ ਉਸ ਪਾਸ ਅੱਪੜ ਨਹੀਂ ਪਿਆ। ਇਸ ਸਮੇਂ ਖਾਲਸਾ ਜੀ ਦਾ ਵੱਡਾ ਦਲ ਦਿੱਲੀ ਗਿਰਦੇ ਸੀ ਤੇ ਪੰਜਾਬ ਵਿਚ ਤਰੁਨਾ ਦਲ ਦੇ ਹੀ ਦੋ ਚਾਰ ਸਰਦਾਰ ਸਨ। ਚੜ੍ਹਤ ਸਿੰਘ ਸ਼ੁਕਰਚੱਕੀਆ ਅਹਿਮਦ ਸ਼ਾਹ ਨੂੰ "ਜੀ ਆਇਆਂ" ਹੀ ਆਖਣ ਆਇਆ ਸੀ। ਪਰ ਏਤਨੀ ਸੈਨਾ ਦੇ ਹੁੰਦਿਆਂ ਸੁੰਦਿਆਂ ਅਹਿਮਦ ਸ਼ਾਹ ਦਾ ਹੌਸਲਾ ਨਹੀਂ ਪਿਆ ਕਿ ਉਹ ਅੱਗੇ ਵਧ ਕੇ ਲੜ ਸਕੇ। ਸਿੰਘਾਂ ਦੀ ਜਿਧਰੋਂ ਮਰਜ਼ੀ ਆਉਂਦੀ, ਆ ਪੈਂਦੇ ਅਤੇ ਇਹ ਆਪਣਾ ਬਚਾਉ ਹੀ ਕਰੀ ਜਾਂਦੇ, ਅੱਗੇ ਵਧ ਕੇ ਇਨਾਂ ਨੇ ਲੜਨ ਦਾ ਹੌਸਲਾ ਹੀ ਨਹੀਂ ਕੀਤਾ। ਨਹੀਂ ਤਾਂ ਸੂਰਜ ਚੜ੍ਹੇ

SikhBookClub.com

ਤੋਂ ਡੁਬਦੇ ਤੀਕ ਕੀ ਲੜਾਈ ਹੋਣੀ ਸੀ? ਸ੍ਰ: ਚੜ੍ਹਤ ਸਿੰਘ ਪਾਸ ਐਹ ਦੋ ਕੁ ਹਜ਼ਾਰ ਜਵਾਨ ਹੋਣਗੇ। ਕੋਈ ਬਹੁਤ ਫੌਜ ਨਹੀਂ ਹੋਵੇਗੀ।

ਅਸਲ ਵਿਚ ਅਹਿਮਦ ਸ਼ਾਹ ਤੇ ਜਹਾਨ ਖਾਂ ਸਿੰਘਾਂ ਦੇ ਹਠ ਵੇਖ ਚੁਕੇ ਹੋਏ ਸਨ, ਇਸ ਲਈ ਅੰਦਰੋਂ ਅੰਦਰ ਇਨ੍ਹਾਂ ਦੇ ਦਿਲ ਡੁਬਦੇ ਜਾਂਦੇ ਸਨ। ਉੱਝ ਉਤੋਂ ਵਿਖਾਵੇ ਦੀ ਖ਼ਾਤਰ ਬਥੇਰੀਆਂ ਫੜ੍ਹਾਂ ਮਾਰਦੇ ਸਨ ਕਿ ਸਿੰਘ ਕਿਤੇ ਲੱਭਦੇ ਨਹੀਂ, ਨਹੀਂ ਤਾਂ ਇਕ-ਦੂ-ਇਕ ਕਰ ਵਿਖਾਈਏ। ਹੁਣ ਸਤਾਰ੍ਹੇ ਜਾਂ ਅਠਾਹਰੇ ਵਾਲਾ ਅਹਿਮਦ ਸ਼ਾਹ ਨਹੀਂ ਰਹਿ ਗਿਆ ਸੀ। ਲੋਕ-ਲਾਜ ਦਾ ਮਾਰਿਆ ਲਾਹੌਰੋਂ ਤੁਰ ਤਾਂ ਪੈਂਦਾ ਹੈ, ਪਰ ਚੌਥੇ ਦਿਨ ਸ੍ਰੀ ਅੰਮ੍ਰਿਤਸਰ ਜੀ ਅੱਪੜਦਾ ਹੈ ਅਤੇ ਤੁਰਨ ਲੱਗਾ ਸਾਰਾ ਅਸਬਾਬ ਵੀ ਲਾਹੌਰ ਹੀ ਛੱਡ ਆਉਂਦਾ ਹੈ। ਇਉਂ ਜਾਪਦਾ ਹੈ ਕਿ ਉਸ ਨੂੰ ਹਰ ਸਮੇਂ ਸਿੰਘਾਂ ਦੇ ਆ ਪੈਣ ਦਾ ਡਰ ਰਹਿੰਦਾ ਸੀ ਅਤੇ ਸ੍ਰੀ ਅੰਮ੍ਰਿਤਸਰ ਜੀ ਵੱਲ ਜਾਣੋਂ ਉਹ ਕੰਨੀਂ ਕਤਰਾਂਦਾ ਸੀ। ਹਰ ਮੰਜ਼ਲ ਪਤਾ ਕਰਦਾ ਰਹਿੰਦਾ ਹੋਣਾ ਹੈ ਕਿ ਸ੍ਰੀ ਅੰਮ੍ਰਿਤਸਰ ਜੀ ਸਿੰਘ ਤਾਂ ਨਹੀਂ ਹਨ ? ਕਿਉਂਕਿ ਅਜੇ ਸਵਾ ਕੁ ਹੀ ਵਰ੍ਹਾ ਹੋਇਆ ਸੀ ਕਿ ਉਹ ਇਸੇ ਰਾਹ ਭਾਂਜ ਖਾ ਕੇ ਨੱਸਿਆ ਸੀ।

ਇਤਿਹਾਸਕਾਰਾਂ ਨੂੰ ਨਿਸਚਾ ਨਹੀਂ ਆਉਂਦਾ ਕਿ ਪਾਣੀਪਤ ਦੇ ਵਿਜਈ ਨੂੰ ਪਾਣੀਪਤ ਦੀ ਲੜਾਈ ਤੋਂ ਪੌਣੇ ਦੋ ਹੀ ਸਾਲ ਮਗਰੋਂ ਸਿੰਘਾਂ ਨੇ ਭਜਾ ਦਿੱਤਾ ਹੋਊ। ਪਰ ਨੂਰ ਮੁਹੰਮਦ ਦੱਸ ਰਿਹਾ ਹੈ ਕਿ ਇਹ ਗੱਲ ਠੀਕ ਹੈ ਅਤੇ ਇਤਿਹਾਸਕਾਰਾਂ ਨੂੰ ਅਹਿਮਦ ਸ਼ਾਹ ਦੀ ਬਹਾਦਰੀ ਦੀ ਸ਼ਾਲਾਘਾ ਕਰਨ ਦੀ ਲੋੜ ਨਹੀਂ, ਉਨ੍ਹਾਂ ਨੂੰ ਖਾਲਸੇ ਦੀ ਬਹਾਦਰੀ ਦੀ ਸ਼ਲਾਘਾ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਪਾਣੀਪਤ ਦੇ ਵਿਜਈ ਨੂੰ ਮੁੜ ਦਿੱਲੀ ਤੀਕ ਅੱਪੜਨ ਹੀ ਨਹੀਂ ਦਿੱਤਾ।

ਲਾਹੌਰੋਂ ਹੌਲੀ ਹੌਲੀ ਤੁਰ ਕੇ ਅਹਿਮਦ ਸ਼ਾਹ ਜਾਣ ਬੁੱਝ ਕੇ ਸ੍ਰੀ ਅੰਮ੍ਰਿਤਸਰ ਜੀ ਦੇ ਸਿੰਘਾਂ ਨੂੰ ਨੱਸ ਜਾਣ ਲਈ ਕਹਿ ਰਿਹਾ ਹੈ। ਉਸ ਨੂੰ ਚਾਹੀਦਾ ਸੀ ਕਿ ਅੱਧੀ ਰਾਤੋਂ ਤੁਰ ਕੇ ਪੋਹ-ਫੁਟਾਲੇ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਜੀ ਜਾ ਪੈਂਦਾ, ਪਰ ਉਹ ਐਸਾ ਨਹੀਂ ਕਰ ਰਿਹਾ। ਜੇਕਰ ਇਨ੍ਹਾਂ ਤੀਹ ਸਿੰਘਾਂ ਦੀ ਸ਼ਹੀਦ ਹੋਣ ਦੀ ਨੀਤ ਨਾ ਹੁੰਦੀ, ਤਾਂ ਇਹ ਵੀ ਕਈ ਦਿਨ ਪਹਿਲਾਂ ਦੇ ਕਿਤੇ ਏਧਰ ਉਧਰ ਹੋ ਗਏ ਹੁੰਦੇ ਪਰ ਇਹ ਤਾਂ ਟਿਕੇ ਹੋਏ ਹੀ ਸ਼ਹੀਦ ਹੋਣ ਲਈ ਸਨ, ਇਸ ਲਈ ਇਹ ਅਹਿਮਦ ਸ਼ਾਹ ਨੂੰ ਉਡੀਕਦੇ ਰਹੇ ਅਤੇ ਉਸ ਦੇ ਆਉਂਦਿਆਂ ਹੀ ਹੱਲਾ ਕਰ ਕੇ ਪਠਾਣਾਂ ਉਤੇ ਜਾ ਪਏ। ਇਹ ਭਾਈ ਗੁਰਬਖਸ਼ ਸਿੰਘ ਜੀ ਸ਼ਹੀਦ ਦਾ ਜੱਥਾ ਸੀ, ਜਿਨ੍ਹਾਂ ਦਾ ਸ਼ਹੀਦ ਗੰਜ ਸ੍ਰੀ ਅਕਾਲ ਤਖ਼ਤ ਜੀ ਦੇ ਪਿਛਲੇ ਪਾਸੇ ਵੱਲ ਹੈ। ਇਨ੍ਹਾਂ ਦੀ ਸ਼ਹੀਦੀ ਦੇ ਪੂਰੇ ਹਾਲਾਂ ਲਈ ਵੇਖੋ 'ਪੰਥ ਪ੍ਰਕਾਸ਼' ਸਰਦਾਰ ਰਤਨ ਸਿੰਘ ਜੀ ਕ੍ਰਿਤ।

SikhBookClub.com

## ੩

# ਪਾਤਸ਼ਾਹ ਦਾ ਲਾਹੌਰ ਮੁੜ ਕੇ ਆਉਣਾ[੧]

ਜਦ ਪਾਤਸ਼ਾਹ ਮੁੜ ਕੇ ਲਾਹੌਰ ਆਇਆ ਤਾਂ ਉਸ ਨੇ ਫੇਰ ਦਰਬਾਰ ਲਾਇਆ ਅਤੇ ਸਲਾਹ ਲਈ। ਸਾਰੇ ਸਰਦਾਰ ਸੱਦੇ। ਕਹਿਣ ਲੱਗਾ, ਕਿ ਮੈਂ ਇਹਨਾਂ ਸਿੱਖਾਂ ਦਾ ਕੀ ਇਲਾਜ ਕਰਾਂ? ਮੈਂ ਜਿਥੇ ਜਾਂਦਾ ਹਾਂ, ਇਹ ਉਥੋਂ ਹੀ ਨੱਸ ਜਾਂਦੇ ਹਨ, ਇਨ੍ਹਾਂ ਦਾ ਤਾਂ ਕੋਈ ਥਾਂ ਟਿਕਾਣਾ ਹੀ ਨਹੀਂ, ਸੋ ਇਹਨਾਂ ਦੀ ਕੀ ਬਿਧ ਕੀਤੀ ਜਾਵੇ?

ਸਭ ਸਰਦਾਰਾਂ ਨੇ ਆਪਣੇ ਆਪਣੇ ਦਿਲ ਦੀ ਅਰਜ਼ ਕਰ ਦਿੱਤੀ। ਜਦ ਬਲੋਚ ਖਾਨ ਦੀ ਵਾਰੀ ਆਈ ਤਾਂ ਉਸ ਨੇ ਕਿਹਾ ਕਿ ਸਾਨੂੰ ਇਥੋਂ ਤੁਰ ਪੈਣਾ ਚਾਹੀਦਾ ਹੈ ਤੇ ਸਿੱਖਾਂ ਦਾ ਪਿੱਛਾ ਕਰੀ ਜਾਣਾ ਚਾਹੀਦਾ ਹੈ। ਜੇਕਰ ਇਹਨਾਂ ਕਾਫਰਾਂ ਵਿਚੋਂ ਕੋਈ ਸਾਡੇ ਸਾਹਮਣੇ ਆਵੇਗਾ ਤਾਂ ਹਜ਼ੂਰ ਦੇ ਇਕਬਾਲ ਨਾਲ ਉਹ ਕਾਲੇ ਮੂੰਹ ਵਾਲਾ ਮਾਰਿਆ ਜਾਵੇਗਾ। ਸਰਹੰਦ ਜਾ ਕੇ ਇਤਨਾ ਚਿਰ ਠਹਿਰੀਏ ਕਿ ਦਿੱਲੀ ਤੋਂ ਨਜੀਬ ਖਾਂ ਵੱਲੋਂ ਖਬਰ ਆ ਜਾਵੇ ਕਿ ਉਥੇ ਕੀ ਚੰਗਾ ਮੰਦਾ ਹੋਇਆ ਹੈ। ਜਦ ਆਪ ਦੀ ਖਬਰ ਸਰਹੰਦ ਤਕ ਅੱਪੜੇਗੀ ਤਾਂ ਦਿੱਲੀ ਤੀਕ ਵੀ ਖਬਰਾਂ ਪੁੱਜ ਪੈਣਗੀਆਂ। ਉਸੇ ਵੇਲੇ ਕਾਫਰ ਕੰਬਣ ਲੱਗ ਪੈਣਗੇ ਕਿ ਦੁਨੀਆਂ ਦਾ ਸ਼ਹਿਨਸ਼ਾਹ ਆ ਗਿਆ ਹੈ। ਉਹ ਐਧਰ ਉਧਰ ਨੱਸ ਜਾਣਗੇ ਤੇ ਨਸੀਰ ਖਾਂ ਘੇਰੇ ਵਿਚੋਂ ਨਿਕਲ ਕੇ ਆਪ ਦੇ ਚਰਨਾਂ ਵਿਚ ਹਾਜ਼ਰ ਹੋ ਜਾਵੇਗਾ। ਫਿਰ ਉਸ ਵੇਲੇ ਜੋ ਸਲਾਹ ਹੋਊ, ਉਹ ਕੁਝ ਕਰਨਾ ਚਾਹੇ ਤਾਂ ਪਿੱਛੇ ਨੂੰ ਮੁੜ ਪੈਣਾ, ਚਾਹੇ ਅੱਗੇ ਵਧ ਜਾਣਾ।

ਇਹ ਸਲਾਹ ਨੂੰ ਸਾਰਿਆਂ ਨੇ ਪਸੰਦ ਕੀਤਾ ਤੇ ਅਗਲੇ ਦਿਨ ਕੂਚ ਕਰਨ ਦੀ ਤਿਆਰੀ ਹੋ ਗਈ :-

*ਵਗਰਨਾ ਬ ਸਰਹੰਦ ਚੰਦੀਂ ਦਰੰਗ।*
*ਬਕੁਨ ਐ ਖੁਦਾਵੰਦ ਨਾਮੂਸ ਨੰਗ।*
*ਕਿ ਤਾ ਅਜ਼ ਨਜੀਬੇ ਵਜ਼ ਦਿਹਲੀ ਖ਼ਬਰ।*
*ਰਸਦ ਤਾ ਚਿ ਕਰਦੰਦ ਅਜ਼ ਖੈਰੋ ਸ਼ਰ।*
*ਬ ਸਰਹੰਦ ਚੂੰ ਰਫਤ ਅਵਾਰਹ ਅੱਤ।*
*ਬ ਦਿਹਲੀ ਰਵਦ ਐਫਲਕ ਮਰਤਬਤ।*

---

੧੧ ਰਸਾਲਾ ਫੁਲਵਾੜੀ, ਅਗਸਤ ੧੯੨੯ ਈ:।

SikhBookClub.com

ਫਿਤਦ ਲਰਜ਼ਾ ਦਰ ਕਾਫਿਰਾਨਿ ਲਈਨ।
ਕਿ ਆਮਦ ਸ਼ਹਿਨਸ਼ਾਹ ਰੁਏ ਜ਼ਮੀਨ।
ਲਈਨਾਂ ਬਹਰ ਸੂ ਗਰੇਜ਼ਾਂ ਸ਼ਵੰਦ।
ਬਹਰ ਜਾਨਬ ਉਫਤਾਂ ਵ ਖੇਜ਼ਾਂ ਸ਼ਵੰਦ।
ਜ਼ਿ ਮਹਿਸੂਰੀ ਆਇਦ ਬਰੂੰ ਹਮ ਨਜੀਬ।
ਰਸਦ ਬਰ ਦਰੱਤ ਚੂੰ ਬਗੁਲ ਅੰਦਲੀਬ।
ਦਰ ਆਂ ਜਾ ਹਰਾਂਚਿ ਫਤਦ ਮਸਲਹਤ।
ਹਮਅਜ਼ਪੇਸ਼ਿਰਫਤਨਹਮਅਜ਼ਗਸ਼ਤਨਤ।
ਬਮੁਲਕੋ ਦਿਆਰਿ ਖੁਦਤ ਐ ਕਰੀਮ।
ਬਕੁਨ ਹਰਚਿ ਖਾਹੀ ਕਿ ਫਰਮਾਂਬਰੀਮ।

وگرنہ بسر ہند چندیں درنگ
چو شد خداوند ناموس ننگ
کہ تا از نجیب و ز دہلی خبر
رسد ہیچ گردند از خیرہ سر
بسر ہند چوں رفت آوارہ ات
بدہلی رود اے فلک مرتبت
فتد لرزہ در کافران لعین
کہ آمد شہنشاہ روئے زمین
لعیناں بہر سو گریزاں شوند
بہر جانب افتان و خیزاں شوند
ز محصوری آید بروں ہم نجیب
رسد بر درخت چوں بگل عندلیب
در انجا ہر انچہ فتد مصلحت
ہم از پیش رفتن ہم از گشتنت
بملک و دیار خودت اے کریم
بکن ہرچہ خواہی کہ فرماں بریم

*ਨੋਟ:- ਪਾਠਕਾਂ ਦੇ ਸਮਝਣ ਵਾਸਤੇ ਮੈਂ ਜ਼ਰੂਰੀ ਸਮਝਦਾ ਹਾਂ ਕਿ ਉਸ ਸਮੇਂ ਦਿੱਲੀ ਗਿਰਦੇ ਜੋ ਕੁਝ ਹੋ ਰਿਹਾ ਸੀ ਉਹ ਦਸ ਦਿੱਤਾ ਜਾਵੇ।*

ਸੂਰਜ ਮੱਲ ਭਰਤਪੁਰੀਏ ਦੀ ਇਹ ਮਨਸ਼ਾ ਸੀ ਕਿ ਮੇਰੇ ਤੇ ਖਾਲਸਾ ਜੀ ਦੇ ਵਿਚਕਾਰ ਜੋ ਮੁਸਲਮਾਨੀ ਇਲਾਕਾ ਹੈ, ਉਸ ਨੂੰ ਉਠਾ ਦਿੱਤਾ ਜਾਵੇ। ਸੋ ਇਹ ਨੀਤ ਧਾਰ ਕੇ ਉਸ ਨੇ ਰੇਵਾੜੀ, ਗੜ੍ਹੀ ਹਰਸਰੋ ਤੇ ਰੋਹਤਕ ਉਤੇ ਕਬਜ਼ਾ ਕਰ ਲਿਆ ਅਤੇ ਦੋ ਮਹੀਨੇ ਦੇ ਘੇਰੇ ਮਗਰੋਂ ਮੁਸੱਵੀ ਖਾਂ ਨੂੰ ਕੈਦ ਕਰ ਕੇ ਫਰਖ ਨਗਰ ਵੀ ਲੈ ਗਿਆ।

ਹੁਣ ਸੂਰਜ ਮੱਲ ਬਹਾਦਰ ਗੜ੍ਹ ਵੱਲ ਵਧਿਆ। ਇਸੇ ਵੇਲੇ ਸੂਰਜ ਮੱਲ ਦਾ ਛੋਟਾ ਪੁੱਤਰ ਨਾਹਰ ਸਿੰਘ ਸਣੇ ਬਲਰਾਮ ਤੇ ਹੋਰ ਸਰਦਾਰਾਂ ਦੇ ਗੰਗ ਦੁਆਬ ਨੂੰ

SikhBookClub.com

ਲੁੱਟ ਰਿਹਾ ਸੀ। ਨਜੀਬੁ-ਦੌਲਾ ਫਰਖ-ਨਗਰੀਆਂ ਦੀ ਸਹਾਇਤਾ ਨੂੰ ਆ ਰਿਹਾ ਸੀ ਕਿ ਫਰਖ ਨਗਰ ਦਾ ਟੁੱਟਣਾ ਸੁਣ ਕੇ ਉਹ ਖੜ੍ਹੋ ਗਿਆ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਵਜ਼ੀਰ ਸ਼ਾਹ ਵਲੀ ਖਾਂ ਦੇ ਭਰਾ ਯਾਕੂਬ ਅਲੀ ਖਾਂ ਨੂੰ ਸੂਰਜ ਮੱਲ ਵੱਲ ਘੱਲਿਆ ਕਿ ਆਪੋ ਵਿਚ ਸੁਲ੍ਹਾ ਹੋ ਜਾਵੇ, ਪਰ ਸੂਰਜ ਮੱਲ ਨੇ ਸਿਰ ਫੇਰ ਦਿੱਤਾ।

ਹੁਣ ਦਿੱਲੀਓਂ ਸੱਤ ਕੋਹ ਦੀ ਵਿੱਥ ਉੱਤੇ ਦੋਹਾਂ ਦਾ ਆਪੋ ਵਿਚ ਟਾਕਰਾ ਹੋਇਆ, ਜਿਸ ਵਿਚ ਸੂਰਜ ਮੱਲ ਮਾਰਿਆ ਗਿਆ। ਇਹ ਗੱਲ ਪੋਹ ਸੰਮਤ ੧੮੨੦ ਬਿ: ਦੀ ਹੈ। ਇਸ ਤੋਂ ਕੁਝ ਹੀ ਦਿਨ ਮਗਰੋਂ ਖਾਲਸਾ ਜੀ ਨੇ ਸਰਹੰਦ ਮਾਰ ਕੇ ਨਜੀਬੁ-ਦੌਲਾ ਦਾ ਗੰਗ ਦੁਆਬ ਦਾ ਇਲਾਕਾ ਜਾ ਸੋਧਿਆ ਅਤੇ ਸੱਯਦਾਂ ਦੇ ਬਾਰ੍ਹੇ ਨੂੰ ਚੰਗਾ ਉਗਰਾਹਿਆ ਸੀ।

ਸੂਰਜ ਮੱਲ ਦੇ ਵੱਡੇ ਪੁੱਤਰ ਜਵਾਹਰ ਸਿੰਘ ਨੇ ਆਪਣੇ ਪਿਤਾ ਦਾ ਬਦਲਾ ਲੈਣ ਲਈ ਭਾਰੀ ਸੈਨਾ ਇਕੱਠੀ ਕੀਤੀ ਅਤੇ ਆਪਣੀ ਸਹਾਇਤਾ ਲਈ ਮਲਹਾਰ ਰਾਓ ਹੁਲਕਰ ਤੇ ਖਾਲਸਾ ਜੀ ਨੂੰ ਵੀ ਸੱਦਿਆ। ਜਵਾਹਰ ਸਿੰਘ ਦੀ ਆਪਣੀ ਸੱਠ ਹਜ਼ਾਰ ਫੌਜ ਤੇ ਸੌ ਤੋਪਾਂ ਸਨ, ਪੰਝੀ ਹਜ਼ਾਰ ਹੋਲਕਰ ਦੀ ਫੌਜ ਸੀ ਤੇ ਪੰਦਰਾਂ ਹਜ਼ਾਰ ਖਾਲਸਾ ਜੀ ਸਨ। ਕੱਤਕ ਸੰਮਤ ੧੮੨੧ ਬਿ: (੧੭੬੪ ਈ:) ਨੂੰ ਸੈਨਾ ਨੇ ਦਿੱਲੀ ਨੂੰ ਜਾ ਘੇਰਿਆ।

ਮਰਹੱਟੇ ਦਿੱਲੀ ਦੇ ਉੱਤਰ ਵੱਲ, ਖਾਲਸਾ ਜੀ ਉੱਤਰ-ਪੱਛਮ ਵੱਲ ਤੇ ਜਵਾਹਰ ਸਿੰਘ ਦਿੱਲੀ ਤੇ ਅਜਮੇਰੀ ਦਰਵਾਜ਼ਿਆਂ ਦੇ ਸਾਹਮਣੇ ਪਏ ਸਨ। ਆਰੰਭ ਮੱਘਰ ਵਿਚ ਦਿੱਲੀਓਂ ਬਾਹਰ ਲੜਾਈ ਹੋਈ, ਜਿਸ ਵਿਚ ਨਜੀਬੁ-ਦੌਲਾ ਨੂੰ ਹਾਰ ਹੋਈ। ਅਗਲੇਰੇ ਦਿਨ ਜਾਟਾਂ ਨੇ ਸ਼ਾਹਦਰਾ ਲੁੱਟ ਲਿਆ ਤੇ ਤੋਪਾਂ ਲਾ ਦਿੱਤੀਆਂ। ਇਸ ਤੋਂ ਅਗਲੇਰੇ ਦਿਨ ਰੇਤੀ ਛੱਡ ਕੇ ਪਠਾਣ ਸ਼ਹਿਰ ਵਿਚ ਵੜ ਗਏ ਤੇ ਦਰਵਾਜ਼ੇ ਬੰਦ ਕਰ ਲਏ।

ਮੱਘਰ ਵਿਚ ਹੀ ਖਾਲਸਾ ਜੀ ਦਾ ਇਕ ਹੋਰ ਜਥਾ ਜਮਨਾ ਟੱਪ ਕੇ ਨਜੀਬੁ-ਦੌਲਾ ਦੇ ਗੰਗ ਦੁਆਬ ਦੇ ਇਲਾਕੇ ਉਤੇ ਆ ਪਿਆ। ਇਸ ਜੱਥੇ ਨੇ ਪਹਿਲਾਂ ਦਿਉਬੰਦ ਨੂੰ ਸੋਧਿਆ, ਫੇਰ ਸੱਯਦਾਂ ਦੇ ਬਾਰ੍ਹੇ ਨੂੰ ਤੇ ਗੰਗਾ ਪਾਰ ਹੋ ਕੇ ਤਾਗਿਆਂ ਦੇ ਨੈਹਟੌਰ ਨੂੰ ਵੀ ਜਾ ਉਗਰਾਹਿਆ। ਨਜੀਬੁ-ਦੌਲਾ ਨੇ ਆਪਣੇ ਇਲਾਕੇ ਦੀ ਰਾਖੀ ਦਾ ਜ਼ਿੰਮਾ ਰੁਹੇਲ ਖੰਡ ਦੇ ਰੁਹੇਲੇ ਸਰਦਾਰਾਂ ਦੇ ਸਿਰ ਸੁੱਟਿਆ ਹੋਇਆ ਸੀ। ਇਹ ਤਿੰਨ ਕੁ ਵਾਰ ਖਾਲਸਾ ਜੀ ਨਾਲ ਟੱਕਰੇ ਤਾਂ ਸਹੀ, ਪਰ ਇਹਨਾਂ ਤੋਂ ਸਰਿਆ ਕੁਝ ਨਾ।

ਇਧਰ ਢਾਈ ਮਹੀਨੇ ਤੀਕ ਨਜੀਬੁ-ਦੌਲਾ ਦਿੱਲੀ ਵਿਚ ਘੇਰਿਆ ਰਿਹਾ। ਪਰ ਅੰਤ ਮਾਘ ਦੇ ਮਹੀਨੇ ਦੇ ਪਿਛਲੇ ਅੱਧ ਵਿਚ ਨਜੀਬੁ-ਦੌਲਾ ਨੇ ਫਿਰ ਹਿੰਮਤ ਕੀਤੀ

SikhBookClub.com

ਕਿਉਂ ਜੋ ਉਸ ਦਾ ਖਿਆਲ ਸੀ ਕਿ ਅਹਿਮਦ ਸ਼ਾਹ ਦੇ ਆ ਜਾਣ ਕਰਕੇ ਵੈਰੀ ਆਪੇ ਹੀ ਨੱਸ ਜਾਣਗੇ। ਇਹ ਲੜਾਈ ਸਬਜ਼ੀ ਮੰਡੀ ਤੇ ਨਖਾਸ ਦੇ ਪਾਸ ਇਕ ਟਿੱਲੇ ਉੱਤੇ ਹੋਈ, ਜਿਧਰ ਖਾਲਸਾ ਜੀ ਤੇ ਜਾਟਾਂ ਦਾ ਮੋਰਚਾ ਸੀ। ਪਰ ਇਸ ਵੇਲੇ ਵੀ ਨਜੀਬੁ-ਦੌਲਾ ਨੂੰ ਹਾਰ ਹੋਈ।

ਨਜੀਬੁ-ਦੌਲਾ ਨੂੰ ਜਵਾਹਰ ਸਿੰਘ ਦੀਆਂ ਤਿਆਰੀਆਂ ਦਾ ਚਿਰਾਂ ਦਾ ਪਤਾ ਸੀ ਤੇ ਉਹ ਜਾਣਦਾ ਸੀ ਕਿ ਮੈਂ ਉਸ ਦਾ ਟਾਕਰਾ ਨਹੀਂ ਕਰ ਸਕਾਂਗਾ ਤੇ ਇਸ ਲਈ ਉਹ ਅਹਿਮਦ ਸ਼ਾਹ ਨੂੰ ਸਹਾਇਤਾ ਲਈ ਲਿਖ ਰਿਹਾ ਸੀ। ਅਹਿਮਦ ਸ਼ਾਹ ਦਾ ਪੰਜਾਬ ਤੇ ਮੁਲਤਾਨ ਦਾ ਸਾਰਾ ਇਲਾਕਾ ਖਾਲਸਾ ਜੀ ਨੇ ਮੱਲ ਲਿਆ ਸੀ। ਇਸ ਲਈ ਉਸ ਨੇ ਆਉਣਾ ਤਾਂ ਜ਼ਰੂਰੀ ਸੀ ਪਰ ਉਸ ਦਾ ਖਿਆਲ ਸੀ ਕਿ ਮੇਰੇ ਜਾਣ ਨਾਲ ਹੀ ਨਜੀਬੁ-ਦੌਲਾ ਦੀ ਬੰਦ-ਖਲਾਸੀ ਹੋ ਜਾਵੇਗੀ। ਅਹਿਮਦ ਸ਼ਾਹ ਮੱਘਰ ਵਿਚ ਲਾਹੌਰ ਪੁੱਜਦਾ ਹੈ; ਜਦ ਕਿ ਬੁੱਢਾ ਦਲ ਤਾਂ ਦਿੱਲੀ ਸਾਹਮਣੇ ਪਿਆ ਸੀ ਤੇ ਕੁਝ ਕੁ ਮਿਸਲਾਂ ਦੇ ਰਹਿੰਦੇ ਜਵਾਨ ਗੰਗ-ਦਵਾਬ ਨੂੰ ਸੋਧ ਰਹੇ ਸਨ। ਨਜੀਬੁ-ਦੌਲਾ ਸਮਝਦਾ ਸੀ ਕਿ ਹੁਣ ਸਹਿਜੇ ਹੀ ਮੇਰੀ ਖਲਾਸੀ ਹੋ ਜਾਵੇਗੀ, ਪਰ ਅਹਿਮਦ ਸ਼ਾਹ ਦੀ ਨੀਤ ਸਿੱਖਾਂ ਨੂੰ ਪਿੱਛੇ ਛੱਡ ਕੇ ਅੱਗੇ ਵਧਣ ਦੀ ਨਹੀਂ ਸੀ। ਉਹ ਹੌਲੀ ਹੌਲੀ ਸੈਰ ਕਰਦਾ ਤੁਰਿਆ ਜਾਂਦਾ ਸੀ ਤੇ ਚਾਹੁੰਦਾ ਸੀ ਕਿ ਮੇਰੇ ਦਬ-ਦਬਾ ਨਾਲ ਹੀ ਨਜੀਬੁ-ਦੌਲਾ ਦੀ ਬੰਦ-ਖਲਾਸੀ ਹੋ ਜਾਵੇ। ਜਦ ਨਜੀਬੁ-ਦੌਲਾ ਨੇ ਢਾਈ ਮਹੀਨੇ ਤਕ ਅਹਿਮਦ ਸ਼ਾਹ ਦੀ ਉਡੀਕ ਕੀਤੀ ਤੇ ਉਹੋ ਆ ਕੇ ਅੰਬਾਲੇ ਗਿਰਦੇ ਹੀ ਘੁੰਮਦਾ ਰਿਹਾ ਤਾਂ ਉਸ ਨੇ ਮਾਘ ਵਿਚ ਫੇਰ ਲੜਾਈ ਕੀਤੀ ਪਰ ਹਾਰ ਖਾ ਕੇ ਫਿਰ ਸ਼ਹਿਰ ਵਿਚ ਜਾ ਵੜਿਆ।

ਪਰ ਸ਼ਹਿਰ ਦੇ ਵਸਨੀਕ ਭੁੱਖੇ ਮਰ ਰਹੇ ਸਨ। ਉਹ ਸ਼ਹਿਰੋਂ ਨਿਕਲ ਕੇ ਜਵਾਹਰ ਸਿੰਘ ਦੇ ਕੈਂਪ ਵਿਚ ਆ ਗਏ ਤੇ ਨਜੀਬੁ-ਦੌਲਾ ਸ਼ਹਿਰ ਛੱਡ ਕੇ ਕਿਲ੍ਹੇ ਵਿਚ ਜਾ ਵੜਿਆ।

ਮਰਹੱਟੇ ਅਹਿਮਦ ਸ਼ਾਹ ਦੇ ਨਾਮ ਤੋਂ ਥਰ-ਥਰ ਪਏ ਕੰਬਦੇ ਸਨ। ਸੋ ਹੁਲਕਰ ਨੇ ਜ਼ੋਰ ਦੇ ਕੇ ਇਸ ਲੜਾਈ ਤੋਂ ਅਗਲੇਰੇ ਹੀ ਦਿਨ ਨਜੀਬੁ-ਦੌਲਾ ਤੇ ਜਵਾਹਰ ਸਿੰਘ ਦੀ ਸੁਲਾਹ ਕਰਵਾ ਦਿੱਤੀ ਤੇ ਚੜ੍ਹੇ ਫੱਗਣ ਆਪਣੇ ਘਰਾਂ ਨੂੰ ਮੁੜ ਗਏ।

ਖਾਲਸਾ ਜੀ ਅਹਿਮਦ ਸ਼ਾਹ ਨੂੰ ਕੁਝ ਨਹੀਂ ਸਮਝਦੇ ਸਨ ਤੇ ਇਨ੍ਹਾਂ ਦੇ ਹੌਸਲਾ ਦੇਣ ਕਰਕੇ ਜਵਾਹਰ ਸਿੰਘ ਸੁਲਾਹ ਕਰਨੀ ਨਹੀਂ ਚਾਹੁੰਦਾ ਸੀ। ਪਰ ਹੁਲਕਰ ਦੇ ਪ੍ਰਾਣ ਨਿਕਲਦੇ ਜਾਂਦੇ ਸਨ। ਇਸ ਲਈ ਸੁਲਾਹ ਕਰਨੀ ਹੀ ਪਈ। ਪਰ ਇਸ ਦਗਾ ਦੇਣ ਦੇ ਕਾਰਨ ਜਿਤਨੀ ਰਕਮ ਹੁਲਕਰ ਦੀ ਜਵਾਹਰ ਸਿੰਘ ਵੱਲ ਰਹਿੰਦੀ ਸੀ, ਉਹ ਜਵਾਹਰ ਸਿੰਘ ਨੇ ਨਾ ਦਿੱਤੀ।

ਹੁਣ ਖਾਲਸਾ ਜੀ ਵਿਹਲਾ ਹੋ ਕੇ ਪੰਜਾਬ ਵੱਲ ਆਇਆ ਤੇ ਸਰਬੱਤ ਖਾਲਸਾ

SikhBookClub.com

ਜੀ ਨੇ ਗੁਰਮਤਾ ਕੀਤਾ ਕਿ ਇਹ ਬਿੱਲਾ ਰੋਜ਼ ਆ ਆ ਕੇ ਤੰਗ ਕਰਦਾ ਹੈ, ਇਸ ਨੂੰ ਕੁਝ ਮਤ ਹੀ ਦੇ ਲਈਏ। ਸੋ ਸੱਤ ਦਿਨ ਅਹਿਮਦ ਸ਼ਾਹ ਦੀ ਐਸੀ ਬਾਬ ਕੀਤੀ ਕਿ ਉਸ ਨੂੰ ਪੰਜਾਬ ਦੋਜ਼ਕ ਨਜ਼ਰ ਆਉਣ ਲੱਗ ਪਿਆ।

## ਪਾਤਸ਼ਾਹ ਦਾ ਲਾਹੌਰੋਂ ਸਰਹੰਦ ਨੂੰ ਤੁਰਨਾ–

ਜਦ ਸਵੇਰ ਹੋਈ ਤਾਂ ਪਾਤਸ਼ਾਹ ਦੇ ਹੁਕਮ ਨਾਲ ਸਾਰੀ ਸੈਨਾ ਲਾਹੌਰੋਂ ਬਾਹਰ ਨਿਕਲ ਆਈ ਤੇ ਦੁਆਬੇ ਵੱਲ ਨੂੰ ਤੁਰੀ, ਜਿਧਰ ਸਿੱਖ ਰਹਿੰਦੇ ਸਨ। ਜਦ ਲਾਹੌਰੋਂ ਤੁਰੇ ਤਾਂ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਇਹ ਦੇਸ਼ ਕਾਫਰਾਂ ਦਾ ਹੈ, ਇਸ ਨੂੰ ਖੁੱਲ੍ਹੇ ਦਿਲ ਲੁੱਟੋ ਤੇ ਉਜਾੜੋ।

ਜਦ ਲਸ਼ਕਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਹਰ ਸ਼ਹਿਰ ਤੇ ਹਰ ਪਿੰਡ ਵੱਲ ਨੱਸ ਉਠੇ ਕਿਉਂਕਿ ਉਹ ਇਸ ਗੱਲ ਨੂੰ ਤਾਂ ਦਿਲੋਂ ਚਾਹੁੰਦੇ ਸਨ ਤੇ ਦਿਨ ਰਾਤ ਰੱਬ ਪਾਸੋਂ ਇਹੋ ਕੁਝ ਮੰਗਦੇ ਸਨ। ਲਸ਼ਕਰ ਹਰ ਪਾਸੇ ਧਾਈਆਂ ਕਰਨ ਲੱਗ ਪਿਆ ਤੇ ਲੋਕਾਂ ਦੇ ਭਾ ਦਾ ਕਹਿਰ ਆ ਗਿਆ। ਜਿਧਰ ਲਸ਼ਕਰ ਪੈਂਦਾ ਸੀ, ਸਿੱਖ ਤੇ ਬੇ-ਸਿੱਖ ਵਿਚ ਕੁਝ ਫਰਕ ਨਹੀਂ ਕੀਤਾ ਜਾਂਦਾ ਸੀ। ਫੌਜ ਹਰ ਪਾਸੇ ਲੁੱਟਦੀ ਜਾਂਦੀ ਸੀ, ਦੇਸ਼ ਨੂੰ ਖੇਹ ਨਾਲ ਰਲਾਉਂਦੀ ਜਾਂਦੀ ਸੀ। ਹਰ ਪਿੰਡ ਦੇ ਵਸਨੀਕ ਨੱਸ ਗਏ ਸਨ ਤੇ ਜਿੱਥੇ ਸਰਿਆ ਬਣਿਆ, ਸਿਰ ਲੁਕਾ ਲਿਆ ਸੀ। ਇਸ ਲੁੱਟ-ਮਾਰ ਵਿਚ ਲਸ਼ਕਰ ਦੇ ਕੀ ਕੁਝ ਹੱਥ ਆਇਆ, ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ। ਅਨੇਕਾਂ ਗਊਆਂ, ਖੋਤੇ, ਭੇਡਾਂ ਤੇ ਬੱਕਰੀਆਂ ਸਨ। ਅਨੇਕਾਂ ਕਮਾਦਾਂ ਦੇ ਖੇਤ ਸਨ। ਅਨੇਕਾਂ ਢੇਰ ਗੁੜ ਤੇ ਤਿਲਾਂ ਦੇ ਸਨ। ਕੀ ਆਦਮੀ ਤੇ ਕੀ ਪਸ਼ੂ ਕੋਈ ਵੀ ਗੁੜ ਤੇ ਤਿਲਾਂ ਤੋਂ ਬਿਨਾਂ ਹੋਰ ਕੁਝ ਨਹੀਂ ਖਾਂਦਾ ਸੀ। ਕੀ ਛੋਟਾ ਕੀ ਵੱਡਾ, ਕੀ ਗੋਲਾ ਕੀ ਬਾਂਦੀ, ਹਰ ਕੋਈ ਇਨ੍ਹਾਂ ਚੌਹਾਂ ਚੀਜ਼ਾਂ ਨਾਲ ਢਿੱਡ ਭਰੀ ਜਾਂਦਾ ਸੀ। ਇਕ ਤਾਂ ਗਊ ਦਾ ਮਾਸ, ਦੂਜੇ ਕਮਾਦ, ਤੀਜੇ ਗੁੜ ਤੇ ਚੌਥੇ ਤਿਲ। ਅਜਿਹੇ ਪਾਤਸ਼ਾਹ ਉਤੇ ਹਜ਼ਾਰਾਂ ਆਫਰੀਨ ਹੈ, ਜਿਹੜਾ ਦੇਸ਼ ਦਾ ਦੇਸ਼ ਹੀ ਲਸ਼ਕਰ ਨੂੰ ਬਖਸ਼ ਦੇਵੇ। ਪਾਤਸ਼ਾਹ ਵੱਲੋਂ ਬਖਸ਼ਿਸ਼ ਹੋਵੇ ਤਾਂ ਅਜਿਹੀ ਹੀ ਹੋਵੇ ਕਿ ਤੱਕੜੀ ਵੱਟੇ ਦੀ ਲੋੜ ਹੀ ਨਾ ਪਵੇ, ਜਿਸ ਤਰੀਕੇ ਨਾਲ ਸਾਰਾ ਲਸ਼ਕਰ ਦਿਨੇ ਰਾਤ ਲੁੱਟ-ਮਾਰ ਕਰਦਾ ਵਧਦਾ ਜਾਂਦਾ ਸੀ। ਜਦ ਦਸ ਪੰਦਰਾਂ ਦਿਨ ਇਸ ਤਰ੍ਹਾਂ ਲੰਘ ਗਏ ਤਾਂ ਵਟਾਲੇ ਦਾ ਇਲਾਕਾ ਆ ਗਿਆ :-

*ਚੂ ਲਸ਼ਕਰ ਬਰੀਂ ਆਗਹੀ ਯਾਫ਼ਤੰਦ।*
*ਅਨਾਨਿ ਬਹਿਰ ਸ਼ਹਿਰ ਦਿਹ ਤਾਖ਼ਤੰਦ।*
*ਕਿ ਈਂ ਆਰਜ਼ੂ ਰਾ ਬਦਿਲ ਦਾਸ਼ਤੰਦ।*
*ਸ਼ਬੋ ਰੋਜ਼ ਅਜ਼ ਹਕ ਹਮੀਂ ਖ਼ਾਸਤੰਦ।*
*ਬਹਰ ਸੂ ਸ਼ੁਦਾ ਤੁਰਕਤਾਜ਼ ਅਜ਼ ਸਿਪਾਹ।*

SikhBookClub.com

ਬਮਰਦਮ ਸ਼ੁਦਹ ਰੋਜ਼ਿ ਰੋਸ਼ਨ ਸਿਆਹ।
ਨ ਸ਼ੁਦ ਅਜ਼ ਸਗੋ ਗ਼ੈਰ ਸਗ ਇਮਤਿਆਜ਼।
ਬਹਰਾਜਿ ਜ਼ਿ ਲਸ਼ਕਰ ਸ਼ੁਦਹ ਤੁਰਕਤਾਜ਼।
ਚੂੰ ਅਜ਼ ਬਾਗੇ ਮਰਦਮ ਖੁਰਦ ਸੇਬਿ ਸ਼ਾਹ।
ਤਬਾ ਸਾਜ਼ਦ ਆਂ ਬੋਸਤਾਂ ਰਾਹ ਸਿਪਾਹ।
ਅਸਾਕਰਿ ਬਹਰ ਸੂ ਹਮੀਂ ਤਾਖ਼ਤੰਦ।
ਹਮਹ ਮੁਲਕ ਜੋਰੋ ਜ਼ਬਰ ਸਾਖ਼ਤੰਦ।
ਜ਼ਿ ਹਰ ਦਿਹ ਰਿਆਇਆਂ ਗਰੇਜ਼ਾਂ ਸ਼ੁਦੰਦ।
ਬਹਰ ਜਾਨਬ ਉਫਤਾਂ ਵ ਖੇਜ਼ਾਂ ਸ਼ੁਦੰਦ।
ਬਸੇ ਗਾਉ ਖ਼ਰ ਅਜ਼ ਬੁਜ਼ੋ ਗੋਸਫੰਦ।
ਸ਼ੁਮਾਰੇ ਨਾ ਬੁਦ ਤਾਕਿ ਗੋਇਮ ਕਿ ਚੰਦ।
ਬਸੇ ਮਜ਼ਰਆ ਨੇਸ਼ਕਰ ਜ਼ਾਰ ਹਾ।
ਜ਼ਿ ਕੰਦੋ ਜ਼ਿ ਕੁੰਜਦ ਬਖਰਵਾਰ ਹਾ।
ਬਦਸਤਿ ਸਪਾਹਿ ਮਜਾਹਦ ਫਤਾਦ।
ਕਸ ਅਜ਼ ਕਸ ਦਰਾਂ ਤਾਖਤ ਨਿ ਆਵੁਰਦ ਯਾਦ।
ਚਿ ਅਜ਼ ਨੌਇ ਹੈਵਾਂ ਚਿ ਨੌਇ ਬਸ਼ਰ।
ਨਮੇ ਖੁਰਦ ਜੁਜ਼ ਕੰਦ ਜੁਜ਼ ਨੇਸ਼ਕਰ।
ਯਕੇ ਗੋਸ਼ਤ ਗਾਉ ਦਿਗਰ ਨੇਸ਼ਕਰ।
ਸਿਯੁਮ ਕੰਦ ਚਾਰਮ ਤੂ ਕੁੰਜਦ ਸ਼ਿਮੁਰ।
ਸ਼ਿਕਮ ਸੈਰ ਗਸਤੰਦ ਜ਼ੀਂ ਚਾਰ ਚੀਜ਼।
ਸਗੀਰੋ ਕਬੀਰੋ ਗੁਲਾਮੋ ਕਨੀਜ਼।
ਹਜ਼ਾਰ ਆਫਰੀਂ ਬਰ ਚੁਨਾ ਬਾਦਸ਼ਾਹ।
ਕਿ ਮੁਲਕੇ ਕੁਨਦ ਬਰ ਸਿਪਾਹ ਰਾ ਅਤਾ।
ਅਤਾਏ ਚੁਨੀਂ ਬਾਇਦ ਅਜ਼ ਸ਼ਹਿਰ ਯਾਰ।
ਕਿ ਨੇ ਕੇਲ ਆਇਦ ਨਾ ਮੀਜ਼ਾਂ ਬਕਾਰ।
ਬਾ ਈਂ ਰਸਮੋ ਆਈਨ ਲਸ਼ਕਰ ਤਮਾਮ।
ਹਮੀ ਰਫਤ ਗ਼ਾਰਤ ਕੁਨਾਂ ਸੁਬਹ ਸ਼ਾਮ।
ਚੌਦਹ, ਪਾਨਜ਼ਦਹ ਰੋਜ਼ ਤੈ ਗਸ਼ਤ ਰਾਹ।
ਦਰ ਆਮਦ ਬਮੁਲਕਿ ਬਟਾਲਾ ਸਿਪਾਹ।

SikhBookClub.com

چو لشکر بدین آگهی یافتند    فغان بهر شهر و قصبے یافتند
که این آرزو را بدل داشتند    شب و روز از حق همی خواستند
بهر سو شده ترکتاز از سپاه    بردم شده روز روشن سیاه
نه شد از سگ و غیر سگ احتیاط    بهر جا ز لشکر شده ترکتاز
چو از باغ مردم خورد سیب شاه    تبه سازد آن بوستان را سپاه
عساکر بهر سو همی تاختند    همه ملک زیر و زبر ساختند
نه برنا رعایا گریزان شدند    بهر جانب افتان و خیزان شدند
بسے گاو خر از یهود گوسفند    شمارے نه بد تا که گویم که چند
بسے خورده نیشکر زارها    ز قند و ز کنجد به خروارها
پرست سپاه مجاهد فساد    کسی از کس دران تاخت نیاورد یاد
چو از نوع حیوان چه نوع بشر    نمی خورد جز قند جز نیشکر
یکے گوشت گاؤ دگر نیشکر    سیوم قند چارم تو کنجد شمر
شکم سیر گشتند زین چهار چیز    صغیر و کبیر و غلام و کنیز
هزار آفرین بر چنان بادشاه    که ظلے کند مر سپاه را عطا
عطائے چنین باید از شهریار    که نے کیل آید نه میزان بکار
بایں رسم و آئین لشکر تمام    همی رفت غارت کنان صبح شام
چهارده پانزده روز طے گشت را    دره آمد بملک بٹاله سپاه

ਨੋਟ- ਲਾਹੌਰੋਂ ਤੁਰ ਕੇ ਅਹਿਮਦ ਸ਼ਾਹ ਵਟਾਲੇ ਦੇ ਰਾਹ ਪੈਂਦਾ ਹੈ ਤੇ ਵਟਾਲਿਓਂ ਹੁਸ਼ਿਆਰਪੁਰ ਰੋਪੜ ਦੇ ਰਾਹ ਪੰਜੌਰ ਅੱਪੜਦਾ ਹੈ। ਰਿਆੜਕੀ ਤੇ ਦੁਆਬੇ ਵਿਚ ਗੁੜ, ਗੰਨੇ ਤੇ ਤਿਲਾਂ ਦਾ ਕੀ ਅੰਤ ਸੀ, ਪਰ ਇਹ ਚੀਜ਼ਾਂ ਭੁੱਖੇ ਪਠਾਣਾਂ ਲਈ ਬਹਿਸ਼ਤੀ ਨਿਆਮਤਾਂ ਸਨ।

ਇਥੇ ਕਾਜ਼ੀ ਨੂਰ ਮੁਹੰਮਦ ਕੁਝ ਭੁੱਲ ਗਿਆ ਜਾਪਦਾ ਹੈ, ਉਸ ਨੂੰ ਕੁਝ ਪਤਾ ਹੀ ਨਹੀਂ ਲੱਗਾ ਕਿ ਬਿਆਸਾ ਦਰਿਆ ਕਦੋਂ ਲੰਘ ਗਏ ਹਾਂ। ਅਗਲੇ ਧਿਆਇ ਵਿਚ ਜੋ ਉਹ ਖਾਲਸਾ ਜੀ ਦੀ ਇਕ ਲੜਾਈ ਦਾ ਜ਼ਿਕਰ ਕਰਦਾ ਹੈ, ਇਹ ਲੜਾਈ ਦੁਆਬੇ ਵਿਚ ਹੋਈ ਹੈ, ਰਿਆੜਕੀ ਵਿਚ ਨਹੀਂ ਹੋਈ।

ਉਸ ਸਮੇਂ ਪਠਾਣਾਂ ਹੱਥੋਂ ਦੇਸ਼ ਦਾ ਕੀ ਹਾਲ ਹੁੰਦਾ ਸੀ, ਇਸ ਦਾ ਕੁਝ ਕੁ ਅੰਦਾਜ਼ਾ ਕਾਜ਼ੀ ਨੂਰ ਮੁਹੰਮਦ ਦੀ ਲਿਖਤ ਤੋਂ ਲਾਇਆ ਜਾ ਸਕਦਾ ਹੈ। ਇਕ ਗੱਲ ਕਾਜ਼ੀ ਜੀ ਜਾਣ ਕੇ ਨਹੀਂ ਦੱਸਦੇ ਜਾਪਦੇ ਕਿ ਇਸ ਲੁੱਟ-ਮਾਰ ਵਿਚ ਜੋ ਮੁੰਡੇ

SikhBookClub.com

ਕੁੜੀਆਂ ਜਾਂ ਤ੍ਰੀਮਤਾਂ ਹੱਥ ਆਉਂਦੀਆਂ ਸਨ, ਉਹ ਗੁਲਾਮ ਬਾਂਦੀਆਂ ਬਣਾ ਲਈਆਂ ਜਾਂਦੀਆਂ ਸਨ। ਅੱਗੇ ਚਲ ਕੇ ਪਤਾ ਲੱਗ ਜਾਊ ਕਿ ਇਹ ਲੁਟੇਰੇ ਪੰਜਾਬ ਵਿਚੋਂ ਕੀ ਕੀ ਕੁਝ ਲੁੱਟ ਕੇ ਲੈ ਜਾਇਆ ਕਰਦੇ ਸਨ।

ਇਹ ਪਠਾਣ ਆਉਂਦੇ ਹੀ ਲੁੱਟ ਦੇ ਲਾਲਚ ਲਈ ਸਨ, ਪਰ ਕਹਿੰਦੇ ਸਨ ਕਿ ਅਸੀਂ ਇਸਲਾਮ ਦੇ ਕੰਮ ਲਈ ਜਾ ਰਹੇ ਹਾਂ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਲੁੱਟ-ਮਾਰ ਵਿਚ ਨਾ ਹਿੰਦੂਆਂ ਦਾ ਕੋਈ ਲਿਹਾਜ਼ ਰੱਖਿਆ ਜਾਂਦਾ ਸੀ ਤੇ ਨਾ ਮੁਸਲਮਾਨਾਂ ਦਾ। ਸਭ ਇਕ ਵੱਢਿਓਂ ਲੁੱਟੇ ਜਾਂਦੇ ਸਨ। ਅਹਿਮਦਸ਼ਾਹ ਦਾ ਆਉਣਾ ਸੁਣ ਕੇ ਪਿੰਡਾਂ ਦੇ ਪਿੰਡ ਉਜੜ ਜਾਂਦੇ ਸਨ। ਲੋਕੀਂ ਸਭ ਕੁਝ ਛੱਡ ਕੇ ਨੱਸ ਜਾਂਦੇ ਤੇ ਆਪਣੇ ਬਾਲ-ਬੱਚੇ ਦੀ ਇਜ਼ਤ ਅਬਰੋ ਤੇ ਜਾਨ ਨੂੰ ਬਚਾ ਲੈਂਦੇ। ਜਿਧਰ ਦੀ ਇਹ ਫੌਜ ਲੰਘਦੀ, ਖਾਲੀ ਘਰਾਂ ਨੂੰ ਲੁੱਟਦੀ ਤੇ ਫੂਕਦੀ ਤੁਰੀ ਜਾਂਦੀ। ਮਾਝੇ ਦੁਆਬੇ ਦਾ ਇਹ ਹਾਲ ਸੀ ਕਿ ਸੜਕ ਦੇ ਉੱਤਰ ਵੱਲ ਦੇ ਲੋਕ ਤਾਂ ਪਹਾੜੀ ਚੜ੍ਹ ਜਾਂਦੇ ਤੇ ਸੜਕ ਤੋਂ ਦੱਖਣ ਵੱਲ ਦੇ ਲੋਕ ਦਰਿਆ ਦੇ ਬੇਲਿਆਂ ਜਾਂ ਮਾਝੇ ਦੇ ਉਜਾੜ ਬੀਆਬਾਨਾਂ ਵੱਲ ਚਲੇ ਜਾਂਦੇ। ਅਜੇ ਤੀਕ ਕਈ ਟੱਬਰਾਂ ਨੂੰ ਯਾਦ ਹੈ ਕਿ ਭਾਜੜ ਸਮੇਂ ਉਹ ਢੋਲਵਾਹੇ ਦੀ ਖੱਡ ਵਿਚ ਜਾ ਲੁਕਿਆ ਕਰਦੇ ਸਨ। ਰਿਆੜਕੀ ਦਾ ਤੇ ਦੁਆਬੇ ਦੀ ਕੰਢੀ ਦਾ ਸਾਰਾ ਇਲਾਕਾ ਪਹਾੜਾਂ ਤੇ ਢੋਲਵਾਹੇ ਦੀ ਖੱਡ ਵਿਚ ਜਾ ਲੁਕਿਆ ਕਰਦਾ ਸੀ।

ਪਹਿਲਾਂ ਪਹਿਲ ਤਾਂ ਲੋਕਾਂ ਨੂੰ ਪਤਾ ਨਹੀਂ ਸੀ, ਪਰ ਇਕ ਵਾਰ ਪਠਾਣਾਂ ਦੇ ਆਉਣ ਕਰਕੇ ਪੰਜਾਬ ਦੇ ਲੋਕੀਂ ਇਨ੍ਹਾਂ ਵਹਿਸ਼ੀਆਂ ਦੀ ਖੋ ਬੋ ਦੇ ਜਾਣੂ ਹੋ ਗਏ ਸਨ ਅਤੇ ਮਾਲ ਡੰਗਰ ਤੇ ਘਰ ਘਾਟ ਤਾਂ ਭਾਵੇਂ ਸਾਰਾ ਲੁਟਾ ਦਿੰਦੇ ਸਨ, ਪਰ ਬਾਲ ਬੱਚੇ ਤ੍ਰੀਮਤਾਂ ਆਦਿਕ ਨੂੰ ਪਰਾਏ ਹੱਥੋਂ ਬਚਾ ਲੈਂਦੇ ਸਨ, ਪਰ ਗੰਗ ਦੁਆਬ ਦੇ ਇਲਾਕੇ ਵੱਲ ਜਦ ਵੀ ਇਹ ਪਠਾਣ ਗਏ ਸਨ, ਇਹ ਹਜ਼ਾਰਾਂ ਮੁੰਡੇ ਤ੍ਰੀਮਤਾਂ ਫੜ ਕੇ ਲੈ ਆਏ ਸਨ।

*"ਕਾਬਲ ਦੇ ਜੰਮਿਆਂ ਨੂੰ ਨਿੱਤ ਦੀਆਂ ਮੁਹਿੰਮਾਂ" ਉਸ ਵੇਲੇ ਦੀ ਆਮ ਅਖੌਤ ਸੀ, ਜਿਸ ਤੋਂ ਸਾਫ ਸਿੱਧ ਹੈ ਕਿ ਹਰ ਵਰ੍ਹੇ ਸਿਆਲ ਉਤਰਦਿਆਂ ਹੀ ਭਲੇ ਲੋਕ ਪੰਜਾਬ ਨੂੰ ਲੁੱਟਣ ਆ ਜਾਂਦੇ ਸਨ। "ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ" ਇਹ ਅਖੌਤ ਸਾਰੇ ਦੇਸ਼ ਵਿਚ ਪ੍ਰਚਲਿਤ ਸੀ ਅਤੇ ਇਸ ਤੋਂ ਸਾਫ ਸਿੱਧ ਹੈ ਕਿ ਉਸ ਸਮੇਂ ਲੋਕਾਂ ਦੀ ਕੈਸੀ ਤਰਸਯੋਗ ਦਸ਼ਾ ਸੀ।*

*ਇਨ੍ਹਾਂ ਲੁਟੇਰਿਆਂ ਦੇ ਮੂੰਹ ਖਾਲਸਾ ਜੀ ਨੇ ਭੰਨੇ ਅਤੇ ਇਨ੍ਹਾਂ ਨੂੰ ਅਜਿਹੀ ਸੱਥਾ ਦਿੱਤੀ ਕਿ ਮੁੜ ਇਹ ਪੰਜਾਬ ਵੱਲ ਮੂੰਹ ਕਰਨੋਂ ਵੀ ਸੰਗਣ ਲੱਗੇ। ਖਾਲਸਾ ਜੀ ਦਾ ਪੰਜਾਬ ਉਤੇ ਇਹ ਅਜਿਹਾ ਉਪਕਾਰ ਹੈ, ਜਿਸ ਦਾ ਬਦਲਾ ਪੰਜਾਬ ਕਦੇ ਵੀ ਨਹੀਂ ਦੇ ਸਕਦਾ।" (ਕਰਮ ਸਿੰਘ)*

SikhBookClub.com

## ਕਾਫ਼ਰਾਂ ਦੇ ਲਸ਼ਕਰ ਦਾ ਆਉਣਾ ਤੇ ਉਨ੍ਹਾਂ ਨਾਲ ਸਾਡਾ ਜੰਗ ਕਰਨਾ

ਇਸ ਦਿਨ ਐਸਾ ਸੰਜੋਗ ਹੋਇਆ ਕਿ ਸਿੱਖਾਂ ਦਾ ਲਸ਼ਕਰ ਆ ਪਿਆ। ਉਨ੍ਹਾਂ ਦੇ ਸਿਰ ਹੰਕਾਰ ਨਾਲ ਤੇ ਦਿਲ ਕੀਨੇ ਨਾਲ ਭਰੇ ਹੋਏ ਸਨ। ਉਨ੍ਹਾਂ ਨੇ ਆਉਂਦਿਆਂ ਹੀ ਹਰੌਲ ਦਾ ਰਾਹ ਰੋਕ ਲਿਆ ਤੇ ਸਰਦਾਰ ਨੇ ਉਸੇ ਵੇਲੇ ਸ਼ਾਹ ਵੱਲ ਇਕ ਸਵਾਰ ਘੱਲਿਆ ਕਿ 'ਹੁਣੇ ਹੀ ਭੈੜੇ ਮੂੰਹ ਵਾਲੇ ਪਲੀਤ, ਨਿ-ਜੱਸ ਤੇ ਚੰਦਰੀ ਖੋ ਵਾਲੇ.....ਆ ਪਏ ਹਨ :-

*ਕਿ ਈਨਕ ਰਸੀਦਹ ਸਗਿ ਜਿਸ਼ਤ ਰੂ।*
*ਪਲੀਦੋ ਨਜਿਸ ਖ਼ੁਕ ਖੋਰ ਜ਼ਿਸ਼ਤ ਖ਼ੂ।*

که اینک رسیده سگ زشت رو
پلید و نجس خوک خور زشت خو

ਉਸੇ ਦਿਨ ਸਰਦਾਰ ਜਹਾਨ ਖਾਂ ਫੌਜ ਦਾ ਮੁਹਰੈਲ ਸੀ, ਜੋ ਸਿੱਖਾਂ ਦੇ ਜੰਗਾਂ ਤੋਂ ਜਾਣੂ ਸੀ। ਇਸ ਨੇ ਸਿੱਖਾਂ ਨਾਲ ਕਈ ਲੜਾਈਆਂ ਕੀਤੀਆਂ ਸਨ ਤੇ ਇਨ੍ਹਾਂ ਦੇ ਮਕਰਾਂ ਤੇ ਚਲਾਕੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਹ ਆਪਣੀ ਹੀ ਥਾਂ ਉਤੇ ਖੜ੍ਹੋਤਾ ਰਿਹਾ ਤੇ ਉਥੋਂ ਰਤਾ ਭਰ ਵੀ ਅੱਗੇ ਨਾ ਹਿਲਿਆ। ਉਹ ਵੇਖਦਾ ਰਿਹਾ ਸੀ ਕਿ ਮੇਰੀ ਸਹਾਇਤਾ ਕਰਨ ਵਾਲੇ ਕਦ ਆਉਂਦੇ ਹਨ। 'ਲਈਨ' ਮੈਦਾਨ ਵਿਚ ਚੜ੍ਹ ਮਚਾਈ ਤੇ ਰੌਲਾ-ਗੌਲਾ ਪਾਈ ਫਿਰਦੇ ਸਨ, ਉਨ੍ਹਾਂ ਦੇ ਹੱਥਾਂ ਵਿਚ ਬੰਦੂਕਾਂ ਤੇ ਧੁਖਦੇ ਤੋੜੇ ਸਨ ਅਤੇ ਉਹ ਮੈਦਾਨ ਵਿਚ ਸੱਜੇ ਖੱਬੇ ਮਾਰੋ-ਮਾਰ ਕਰਦੇ ਫਿਰਦੇ ਸਨ।

ਇਕਾ ਇਕ ਹੀ ਸ਼ਾਹੀ ਫੌਜ ਅੱਪੜ ਪਈ, ਜਿਸ ਦੇ ਅੱਗੇ ਅੱਗੇ ਗਾਜ਼ੀ ਨਸੀਰ ਖਾਂ ਸੀ। ਇਸ ਨੇ ਜਦ 'ਸਗਾਂ' ਨੂੰ ਵੇਖਿਆ ਤਾਂ ਸ਼ੇਰ ਵਾਂਗ ਉਨ੍ਹਾਂ ਵਿਚ ਜਾ ਵੜਿਆ। ਇਸ ਦੇ ਨਾਲ ਹੀ ਇਸ ਦਾ ਖਾਸ ਅਮਲਾ ਸੀ, ਜਿਸ ਨੇ ਲੜਾਈ ਵਿਚ ਰਤਾ ਕਸਰ ਨਾ ਰੱਖੀ। ਸਾਰਿਆਂ ਨਾਲੋਂ ਅੱਗੇ ਅੱਗੇ ਸੱਯਦ ਨੂਰ ਸ਼ਾਹ ਸੀ, ਜਿਸ ਨੇ ਤਲਵਾਰ ਮਾਰ ਕੇ ਇਕ ਵੈਰੀ ਦਾ ਲੱਕ ਤੋੜ ਦਿੱਤਾ। ਗੁਲਾਮ ਹੁਸੈਨ ਬੰਗਲਜ਼ਈ ਨੇ ਇਕ ਵੈਰੀ ਨੂੰ ਐਸੀ ਤਲਵਾਰ ਮਾਰੀ ਕਿ ਉਸ ਨੂੰ ਘੋੜੇ ਤੋਂ ਜ਼ਮੀਨ ਉਤੇ ਸੁੱਟ ਦਿੱਤਾ। ਖਾਨ ਦੇ ਖਜ਼ਾਨਚੀ ਨੇ ਇਕ ਸਵਾਰ ਨੂੰ ਅਜਿਹੀ ਗੋਲੀ ਮਾਰੀ ਕਿ ਉਹ ਉਸੇ ਵੇਲੇ ਨਰਕੀਂ ਚਲਿਆ ਗਿਆ। ਮੁਹੰਮਦ ਹੁਸੈਨ ਨੇ ਵੀ ਇਕ ਕਾਲੇ ਮੂੰਹ ਵਾਲੇ ਕਾਫਰ ਨੂੰ ਜਾਨੋਂ ਮਾਰਿਆ। ਬਰਫੀ ਕੰਬਰਾਨੀ ਨੇ ਇਕ ਵੈਰੀ ਨੂੰ ਅਜਿਹੀ ਤਲਵਾਰ ਮਾਰੀ ਕਿ ਉਸ ਦੇ ਟੋਟੇ ਕਰ ਦਿੱਤੇ ਅਤੇ ਘੋੜੇ ਤੋਂ ਉਤਰ ਕੇ ਉਸ ਦੇ ਹਥਿਆਰ ਵੀ ਲਾਹ ਲਏ।

ਇਸ ਘਮਸਾਨ ਵਿਚ ਸੁਲੇਮਾਨ ਯਸਾਵਲ ਨੇ ਇਕ ਸਿੱਖ ਮਗਰ ਘੋੜਾ

SikhBookClub.com

ਸੁੱਟਿਆ ਤੇ ਪਾਸ ਮੁੜ ਕੇ ਐਸੀ ਜ਼ੋਰ ਦੀ ਤਲਵਾਰ ਮਾਰੀ ਕਿ ਉਸ ਨੂੰ ਘੋੜੇ ਤੋਂ ਹੇਠਾਂ ਸੁੱਟ ਦਿੱਤਾ। ਉਸੇ ਵੇਲੇ ਪਿੱਛੋਂ ਇਕ 'ਸਗ' ਪਿਆ, ਜਿਸ ਨੇ ਤਲਵਾਰ ਮਾਰ ਇਸ ਦਾ ਸਿਰ ਲਾਹ ਦਿੱਤਾ ਤੇ ਇਹ ਸ਼ਹੀਦ ਬਹਿਸ਼ਤੀਂ ਅੱਪੜ ਪਿਆ।

ਜਦ 'ਖਾਨ' ਨੇ ਘੋੜੇ ਨੂੰ ਚਮਕਾਇਆ ਤਾਂ ਕਾਫਰਾਂ ਨੂੰ ਭਾਂਜ ਪੈ ਗਈ। ਉਹ ਛੇ ਕੋਹ ਤੀਕ ਨੱਸੇ ਗਏ, ਅੱਗੇ ਇਕ ਪਿੰਡ ਆਇਆ ਤਾਂ ਉਸ ਵਿਚ ਵੜ ਕੇ ਲੁਕ ਗਏ। ਨਸੀਰ ਖਾਂ ਵੀ ਮਗਰੇ ਮਗਰ ਸੀ, ਉਹ ਪਿੰਡ ਪਾਸ ਆ ਕੇ ਘੋੜੇ ਤੋਂ ਉਤਰ ਖਲੋਤਾ ਤੇ ਉਸ ਦਾ ਸਾਰਾ ਅਮਲਾ ਬੰਦੂਕਾਂ ਫੜੀ ਉਸ ਦੇ ਆਲੇ ਦੁਆਲੇ ਖੜ੍ਹੋ ਗਿਆ। ਉਦੋਂ ਹੀ ਰਾਤ ਪੈ ਗਈ ਤੇ ਰਾਤ ਵੀ ਹਨੇਰੀ ਰਾਤ ਸੀ। ਉਧਰ ਸ਼ਹਿਨਸ਼ਾਹ ਵੀ ਖਾਨ ਦਾ ਰਾਹ ਵੇਖ ਰਿਹਾ ਸੀ ਤੇ ਹਨੇਰਾ ਹੁੰਦਾ ਜਾਂਦਾ ਵੇਖ ਕੇ ਹੈਰਾਨ ਹੋ ਰਿਹਾ ਸੀ ਕਿ ਰਾਤ ਨੂੰ ਲੜਾਈ ਨਹੀਂ ਕਰਨੀ ਚਾਹੀਦੀ। ਅੰਤ ਉਸ ਨੇ ਵਜ਼ੀਰ ਨੂੰ ਹੁਕਮ ਦਿੱਤਾ ਕਿ ਖਾਨ ਨੂੰ ਵਾਪਸ ਬੁਲਾ ਲਵੇ।

ਵਜ਼ੀਰ ਨੇ ਖਾਨ ਵੱਲ ਸੁਨੇਹਾ ਘਲਵਾਇਆ ਕਿ ਪਾਤਸ਼ਾਹ ਸਲਾਮਤ ਆਪ ਨੂੰ ਯਾਦ ਕਰਦੇ ਹਨ, ਛੇਤੀ ਆ ਜਾਵੇ। ਖਾਨ ਨੇ ਕਿਹਾ ਕਿ ਜਦ ਤੀਕ ਵੈਰੀ ਇਥੋਂ ਬਾਹਰ ਨਹੀਂ ਨਿਕਲਦੇ, ਮੈਂ ਨਹੀਂ ਮੁੜਦਾ। ਪਰ ਜਦ ਵੇਖਿਆ ਤਾਂ ਉਥੇ ਕੋਈ ਵੀ ਵੈਰੀ ਨਹੀਂ ਸੀ, ਸੋ ਉਹ ਘੋੜੇ ਉਤੇ ਸਵਾਰ ਹੋਇਆ ਤੇ ਡੇਰੇ ਨੂੰ ਮੁੜ ਆਇਆ ਅਤੇ ਆ ਕੇ ਪਾਤਸ਼ਾਹ ਨੂੰ ਜਿੱਤ ਦੀ ਵਧਾਈ ਦਿੱਤੀ।

*ਨੋਟ-ਇਹ ਲੜਾਈ ਦੁਆਬੇ ਵਿਚ ਹੋਈ ਹੈ, ਕਿਉਂ ਜੋ ਅਗਲੇ ਹਾਲ ਤੋਂ ਪਤਾ ਲੱਗਦਾ ਹੈ ਕਿ ਅਹਿਮਦ ਸ਼ਾਹ ਤੀਜੇ ਦਿਨ ਸ਼ਾਮ ਨੂੰ ਸਤਲੁਜ ਕੰਢੇ ਅੱਪੜ ਪਿਆ ਸੀ।*

*ਇਸ ਸਮੇਂ ਬੁੱਢਾ ਦਲ ਤਾਂ ਦਿੱਲੀ ਵੱਲ ਸੀ ਅਤੇ ਪੰਜਾਬ ਵਿਚ ਤਰੁਨਾ ਦਲ ਦੀਆਂ ਹੀ ਪੰਜ ਮਿਸਲਾਂ ਸਨ। ਪਹਿਲੀ ਲੜਾਈ ਲਾਹੌਰ ਦੀਆਂ ਕੰਧਾਂ ਹੇਠ ਸ੍ਰ: ਚੜ੍ਹਤ ਸਿੰਘ ਸ਼ੁੱਕਰਚੱਕੀਏ ਨੇ ਕੀਤੀ ਅਤੇ ਇਹ ਦੂਜੀ ਲੜਾਈ ਘਨੱਈਆਂ, ਰਾਮਗੜ੍ਹੀਆਂ ਨੇ ਕੀਤੀ ਹੋਵੇਗੀ, ਜਿਨ੍ਹਾਂ ਦਾ ਇਲਾਕਾ ਅਹਿਮਦ ਸ਼ਾਹ ਦੇ ਰਾਹ ਉਤੇ ਸੀ। ਸਾਰਾ ਦਿਨ ਲੜਾਈ ਹੁੰਦੀ ਰਹੀ, ਜਦ ਸੰਝ ਹੋ ਗਈ ਤਾਂ ਖਾਲਸਾ ਜੀ ਪਿੱਛੇ ਨੂੰ ਹਟ ਗਏ। ਇਹੋ ਹੀ ਉਸ ਸਮੇਂ ਦੇ ਖਾਲਸਾ ਜੀ ਦੀ ਲੜਾਈ ਦਾ ਤਰੀਕਾ ਸੀ। ਨੂਰ ਮੁਹੰਮਦ ਦੇ ਕਥਨ ਤੋਂ ਲੜਾਈ ਦਾ ਕੁਝ ਠੀਕ ਥਹੁ ਨਹੀਂ ਲੱਗਦਾ, ਪਰ ਇਤਨਾ ਸਾਫ ਸਪਸ਼ਟ ਹੈ ਕਿ ਅਹਿਮਦ ਸ਼ਾਹ ਆਪਣਾ ਬਚਾਉ ਕਰੀ ਜਾਣ ਨੂੰ ਹੀ ਆਪਣੀ ਜਿੱਤ ਸਮਝਦਾ ਸੀ ਅਤੇ ਅੱਗੇ ਵਧ ਕੇ ਖੁੱਲ੍ਹ ਕੇ ਲੜਾਈ ਨਹੀਂ ਕਰਦਾ ਸੀ।*

*(ਕਰਮ ਸਿੰਘ)*

SikhBookClub.com

## ੪

# ਅਹਿਮਦ ਸ਼ਾਹ ਅਬਦਾਲੀ ਦੀ ਸਿੱਖਾਂ ਤੋਂ ਘਬਰਾਹਟ, ਦਿੱਲੀ ਜਾਣ ਦੀ ਬਜਾਏ ਕੰਨੀਂ ਖਿਸਕਾ ਕੇ ਪੰਜਾਬੋਂ ਹੀ ਵਾਪਸ ਮੁੜ ਜਾਣਾ,

**ਮਹਾਰਾਜਾ ਆਲਾ ਸਿੰਘ ਨੂੰ ਅਹਿਮਦ ਸ਼ਾਹ ਨੇ ਸਰਹੰਦ ਦਾ ਇਲਾਕਾ ਬਖਸ਼ ਕੇ ਆਪਣੇ ਨਾਲ ਰਲਾਣਾ ਤੇ ਮਗਰੋਂ ਸਿੰਘਾਂ ਪਾਸੋਂ ਮਹਾਰਾਜਾ ਆਲਾ ਸਿੰਘ ਨੇ ਮੁਆਫ਼ੀ ਮੰਗਣੀ !**[੧੨]

ਸੁਵੱਖਤੇ ਹੀ ਕੂਚ ਦਾ ਤੁਰਮ ਵਜਾ ਕੇ ਲਸ਼ਕਰ ਅੱਗੇ ਨੂੰ ਤੁਰ ਪਿਆ। ਜਿਧਰ ਨਜ਼ਰ ਜਾਂਦੀ ਸੀ ਕੋਈ ਆਦਮੀ, ਘੋੜਾ ਜਾਂ ਊਠ ਨਜ਼ਰ ਨਹੀਂ ਆਉਂਦਾ ਸੀ ਤੇ ਫੌਜ ਅੱਡ ਅੱਡ ਜਥੇ ਬਣ ਕੇ ਬੀਆਬਾਨ ਵਿਚ ਦੀ ਤੁਰੀ ਜਾਂਦੀ ਸੀ। ਲੜਾਈ ਦੀ ਥਾਂ ਤੋਂ ਤੁਰ ਕੇ ਦੋ ਰਾਤਾਂ ਰਾਹ ਵਿਚ ਰਹੇ ਤੇ ਤੀਜੀ ਰਾਤ ਦਰਿਆ ਦੇ ਕੰਢੇ ਉਤੇ ਆ ਡੇਰਾ ਕੀਤਾ। ਦਿਨ ਚੜ੍ਹਿਆ ਤਾਂ ਪਾਤਸ਼ਾਹ ਦੇ ਹੁਕਮ ਨਾਲ ਦਰਿਆ ਨੂੰ ਗਾਹਣ ਪਾ ਕੇ ਲੰਘ ਤੁਰਿਆ ਅਤੇ ਪਾਰਲੇ ਕੰਢੇ ਉਤੇ ਜਾ ਡੇਰਾ ਕੀਤਾ।

ਪਾਤਸ਼ਾਹ ਨੇ ਬਲੋਚਾਂ ਦੇ ਖਾਨ ਨੂੰ ਹੁਕਮ ਦਿੱਤਾ ਕਿ ਚੌਕਸੀ ਨਾਲ ਖੜ੍ਹੇ ਰਹੋ, ਮਤਾਂ ਕੋਈ ਵੈਰੀ ਘੋੜੇ ਊਠਾਂ ਉਤੇ ਆ ਪਵੇ। ਸੋ ਇਸ ਕਰਕੇ ਨਸੀਰ ਖਾਂ ਦਰਿਆ ਦੇ ਕੰਢੇ ਚੌਕਸ ਹੋ ਕੇ ਖੜ੍ਹੋ ਗਿਆ। ਉਦੋਂ ਹੀ ਏਕਾ-ਏਕ ਪਲੀਤ ਸੂਰ ਖਾਣੇ ਸਿੱਖ ਕਿਧਰੋਂ ਨਿਕਲ ਆਏ। ਉਹਨਾਂ ਦੀ ਮਨਸ਼ਾ ਇਹ ਸੀ ਕਿ ਜੇ ਦਾਉ ਲੱਗੇ ਤਾਂ ਦਰਿਆ ਦੇ ਕੰਢੇ ਇਕ ਜੰਗ ਹੀ ਕਰ ਲਈਏ, ਨਹੀਂ ਤਾਂ ਐਵੇਂ ਵੇਖਦੇ ਰਹੀਏ ਕਿ ਕੀ ਹੁੰਦਾ ਹੈ। ਸੋ ਇਸ ਕਰਕੇ ਉਹ ਸਾਰਾ ਦਿਨ ਦਰਿਆ ਦੇ ਕੰਢੇ ਉਡੀਕ ਕਰਦੇ ਰਹੇ। ਪਰ ਚੂੰਕਿ ਨਸੀਰ ਖਾਂ ਫੌਜ ਲਈ ਕੰਧ ਬਣਿਆ ਖੜ੍ਹੋਤਾ ਸੀ, ਇਸ ਲਈ ਉਨ੍ਹਾਂ ਦੀ ਕੁਝ ਪੇਸ਼ ਨਾ ਗਈ ਤੇ ਲਾਚਾਰ ਹੋ ਕੇ ਉਹ ਉਥੋਂ ਹੀ ਮੁੜ ਗਏ[੧੩]।

ਰਾਤ ਇਥੇ ਹੀ ਡੇਰੇ ਕੀਤੇ ਤੇ ਦਿਨ ਚੜ੍ਹੇ ਅੱਗੇ ਨੂੰ ਕੂਚ ਕੀਤਾ। ਜਦ ਕੁਝ ਦੂਰ ਅੱਗੇ ਗਏ ਤਾਂ ਫੇਰ ਰਾਹ ਦੀ ਸੋਚ ਕੀਤੀ। ਇਥੇ ਸੱਜੇ ਹੱਥ ਰਾਹ ਤਾਂ ਸਰਹੰਦ ਨੂੰ ਜਾਂਦਾ ਸੀ, ਪਰ ਉਧਰ ਨਾ ਘਾਹ ਸੀ, ਨਾ ਦਾਣਾ। ਖੱਬੇ ਹੱਥ ਰਾਹ ਜੋ ਜਾਂਦਾ ਸੀ, ਉਹ ਆਬਾਦ ਇਲਾਕੇ ਵਿਚ ਦੀ ਜਾਂਦਾ ਸੀ। ਇਧਰ ਦਾਣਾ ਪੱਠਾ ਬਹੁਤ ਸੀ। ਸੋ

---

*੧੨ ਰਸਾਲਾ ਫੁਲਵਾੜੀ, ਸਤੰਬਰ ੧੯੨੯, ਪੰਨਾ ੯੧੧।*

*੧੩ ਇਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਅਹਿਮਦ ਸ਼ਾਹ ਸਿੱਖਾਂ ਨੂੰ ਸਜ਼ਾ ਨਹੀਂ ਦੇ ਰਿਹਾ ਸੀ, ਸਗੋਂ ਸਿੱਖਾਂ ਹੱਥੋਂ ਆਪਣਾ ਬਚਾਅ ਕਰ ਰਿਹਾ ਸੀ।*

SikhBookClub.com

ਅੰਤ ਇਸੇ ਰਾਹ ਥਾਣੀਂ ਜਾਣ ਦੀ ਸਲਾਹ ਹੋਈ।

ਇਹ ਸਾਰਾ ਇਲਾਕਾ ਬੜਾ ਆਬਾਦ ਸੀ ਤੇ ਹਰ ਇਕ ਜਿਨਸ ਕਣਕ ਜੌਂ, ਛੋਲੇ, ਮਾਂਹ, ਸਭੋ ਕੁਝ ਇਧਰ ਬਹੁਤ ਸੀ, ਜਿਸ ਕਰਕੇ ਪਸ਼ੂ ਤੇ ਬੰਦੇ ਸਾਰੇ ਹੀ ਤਕੜੇ ਨਰੋਏ ਹੋ ਗਏ। ਰੋਜ਼ ਪੰਜ ਸੱਤ ਕੋਹ ਪੈਂਡਾ ਕਰਦੇ ਸਨ ਤੇ ਹੌਲੀ ਹੌਲੀ ਤੁਰੇ ਜਾਂਦੇ ਸਨ।

ਰਾਹ ਵਿਚ ਇਕ ਬਾਗ ਆਇਆ ਜਿਸ ਦੀ ਕਾਜ਼ੀ ਨੂਰ ਮੁਹੰਮਦ ਬਹੁਤ ਉਪਮਾ ਕਰਦਾ ਸੀ। ਇਹ ਪੰਜੌਰ ਦਾ ਬਾਗ ਹੋਵੇਗਾ। ਦੋ ਦਿਨ ਇਥੇ ਮੁਕਾਮ ਕੀਤਾ ਤੇ ਤੀਜੇ ਦਿਨ ਇਥੋਂ ਕੂਚ ਕੀਤਾ। ਏਸੇ ਤਰ੍ਹਾਂ ਦੋ ਮਹੀਨੇ ਲਸ਼ਕਰ ਤੁਰਿਆ ਗਿਆ, ਪਰ ਕਦੇ ਪੰਜ-ਛੇ ਕੋਹ ਤੋਂ ਵੱਧ ਪੈਂਡਾ ਨਾ ਕੀਤਾ। ਕਦੇ ਸੱਜੇ ਨੂੰ ਚਲੇ ਜਾਂਦੇ ਸਨ ਤੇ ਕਦੇ ਖੱਬੇ ਨੂੰ, ਕਦੇ ਅੱਗੇ ਨੂੰ ਵਧਦੇ ਸਨ ਤੇ ਕਦੇ ਪਿੱਛੇ ਨੂੰ ਹਟ ਆਉਂਦੇ ਸਨ। ਲਸ਼ਕਰ ਵੀ ਖੂਬ ਤਿਆਰ ਤੇ ਤਕੜਾ ਹੋ ਗਿਆ ਸੀ। ਸਲਾਹ ਤਾਂ ਦਿੱਲੀ ਜਾਣ ਦੀ ਸੀ, ਪਰ ਉਧਰ ਜਾਂਦਾ ਕੋਈ ਨਹੀਂ ਸੀ :

*ਦੋ ਰੋਜ਼ਿ ਅੰਦਰਾਂ ਬਾਗੇ ਇਸ਼ਰਤ ਨਮੂਦ।*
*ਸਿਓਮ ਰੋਜ਼ ਜ਼ਾਂ ਜਾ ਰਵਾਂ ਸ਼ੁਦ ਕਿ ਬੂਦ।*
*ਚੁਨੀਂ ਤਾ ਦੋ ਮਾਹ ਅੰਦਰ ਆਂ ਜਾ ਸਿਪਾਹ।*
*ਨਮੇਂ ਰਫਤ ਪੇਸ਼ੇ ਅਜ਼ ਦੋ ਫਰਸੰਗ ਰਾਹ।*
*ਗਹੇ ਦਸਤ ਚਪ ਰਾਂਦ ਗਹੇ ਦਸਤ ਰਾਸਤ।*
*ਗਹੇ ਪਸ ਗਹੇ ਪੇਸ਼ ਹਰ ਸੂ ਕਿ ਖਾਸਤ।*

دو روز اندراں باغ عشرت نمود — سیوم روز زانجا رواں شد کہ بود
چنیں تا دو ماہ اندر آنجا سپاہ — نمے رفت پیش از دو فرسنگ راہ
گہے دست چپ راند گہے دست راست — گہے پس گہے پیش ہر سو کہ خواست

ਕਿਤੇ ਕਿਤੇ ਚਾਰ-ਚਾਰ ਪੰਜ-ਪੰਜ ਦਿਨ ਵੀ ਮੁਕਾਮ ਕਰ ਦਿੱਤਾ ਜਾਂਦਾ ਸੀ। ਅੰਤ ਕੁੰਜ ਪੁਰੇ ਅੱਪੜ ਗਏ, ਜੋ ਬੜਾ ਆਬਾਦ ਇਲਾਕਾ ਸੀ। ਇਥੇ ਪਾਤਸ਼ਾਹ ਨੇ ਦਰਬਾਰ ਕੀਤਾ ਤੇ ਸਾਰੇ ਸਰਦਾਰਾਂ ਪਾਸੋਂ ਸਲਾਹ ਪੁੱਛੀ ਕਿ ਹੁਣ ਅੱਗੇ ਚਲੀਏ ਕਿ ਪਿਛਾਹਾਂ ਦੇਸ਼ ਨੂੰ ਮੁੜੀਏ ?

ਨਸੀਰ ਖਾਂ ਬਲੋਚ ਨੂੰ ਕਹਿਆ ਕਿ ਚੰਗੀ ਗੱਲ ਤਾਂ ਇਹ ਹੈ ਕਿ ਅਸੀਂ ਦਿੱਲੀ ਚੱਲ ਕੇ ਰਹੀਏ ਅਤੇ ਚੁਮਾਸੇ ਦੇ ਚਾਰ ਮਹੀਨੇ ਉਥੇ ਚੱਲ ਕੱਟੀਏ। ਉਥੇ ਪਤਾ ਲੱਗ ਜਾਊ ਕਿ ਜਾਟਾਂ, ਮਰਹੱਟਿਆਂ ਤੇ ਨਜੀਬ ਖਾਂ ਦਾ ਕੀ ਹਾਲ-ਹਵਾਲ ਹੈ। ਉਹਨਾਂ ਨੇ

SikhBookClub.com

ਕਿਸ ਤਰ੍ਹਾਂ ਲੜਾਈ ਤੇ ਕਿਸ ਤਰ੍ਹਾਂ ਸੁਲ੍ਹਾ ਕੀਤੀ ਅਤੇ ਇਸ ਦੀ ਔਕੜ ਕਿਸ ਤਰ੍ਹਾਂ ਸਿਰੋਂ ਟਲੀ। ਇਨ੍ਹਾਂ ਸਾਰਿਆਂ ਕੰਮਾਂ ਦਾ ਪ੍ਰਬੰਧ ਦਿੱਲੀ ਜਾ ਕੇ ਹੋ ਜਾਊ ਅਤੇ ਅਲੀ ਗੌਹਰ ਦੇ ਹਾਲ ਹਵਾਲ ਦਾ ਪਤਾ ਵੀ ਲੱਗ ਜਾਊ ਕਿ ਉਸ ਦੀ ਕੀ ਸਲਾਹ ਹੈ। ਉਹ ਲੜਾਈ ਕਰਦਾ ਹੈ ਕਿ ਮਿੱਤਰ ਬਣਦਾ ਹੈ। ਉਹ ਤਾਂ ਸਾਰੇ ਆਦਮੀ ਕਹਿੰਦੇ ਹਨ ਕਿ ਉਸ ਨੇ ਲੜਾਈ ਦੀ ਤਿਆਰੀ ਕੀਤੀ ਹੋਈ ਹੈ। ਜੇਕਰ ਇਹ ਗੱਲ ਹੋਵੇ ਤਾਂ ਪਹਿਲਾਂ ਉਸ ਉਤੇ ਹੱਲਾ ਕਰ ਕੇ ਉਸ ਮੂਰਖ ਦੀ ਅਕਲ ਟਿਕਾਣੇ ਲਿਆਉਣੀ ਚਾਹੀਦੀ ਹੈ, ਪਰ ਜੇਕਰ ਉਹ ਮਿੱਤਰ ਬਣੇ ਤਾਂ ਉਸ ਉਤੇ ਮਿਹਰ ਕਰਨੀ ਚਾਹੀਦੀ ਹੈ। ਫਿਰ ਸੁਜਾਹ ਉਤੇ ਕਿਰਪਾ ਕੀਤੀ ਸੀ ਕਿ ਉਹ ਮਾਲ ਖਜ਼ਾਨੇ ਦੇਂਦਾ ਹੈ ਕਿ ਨਹੀਂ। ਜਦ ਇਸ ਤਰ੍ਹਾਂ ਇਹ ਸਾਰੇ ਕੰਮ ਪੱਕੇ ਹੋ ਜਾਣ ਤਾਂ ਨਸੀਰ ਖਾਂ ਸ਼ਾਹ ਸੁਜਾਹ ਤੇ ਹੋਰ ਸਾਰੇ ਸਿਰ ਕੱਢਵਿਆਂ ਨੂੰ ਆਪਣੇ ਨਾਲ ਲੈ ਕੇ ਫੌਜ ਤਿਆਰ ਕੀਤੀ ਜਾਵੇ ਅਤੇ ਜਾਟਾਂ ਤੇ ਮਰਹੱਟਿਆਂ ਦੀ ਵੀ ਬਹੁਤ ਸਾਰੀ ਸੈਨਾ ਨੂੰ ਆਪਣੇ ਨਾਲ ਲੈ ਕੇ ਇਨ੍ਹਾਂ ਸਿੱਖਾਂ ਦੇ ਸਿਰਾਂ ਉਤੇ ਆ ਪਿਆ ਜਾਵੇ ਤੇ ਇਹਨਾਂ ਦੀ ਜੜ੍ਹ ਮੇਖ ਪੁੱਟ ਦਿੱਤੀ ਜਾਵੇ, ਕਿਉਂ ਜੁ ਹਰ ਥਾਂ ਦੇ ਸਹੇ ਨੂੰ ਉਥੋਂ ਦਾ ਕੁੱਤਾ ਹੀ ਫੜ ਸਕਦਾ ਹੈ :

*ਬਮਾਨੀਮ ਈਂ ਚਾਰ ਮਹ ਬਰਸ਼ਗਾਲ।*
*ਬਦਿਹਲੀ ਬਖ਼ਸ਼ ਵਕਤੇ ਆਸੂਦਹ ਹਾਲ।*
*ਜ਼ਿ ਜਾਟੋ ਮਰਹਟਾ ਜ਼ਿ ਕਾਰਿ ਨਜੀਬ।*
*ਸ਼ਵੀ ਵਾਕਫ਼ ਅਜ਼ ਗੀਰੋ ਦਾਰਿ ਨਜੀਬ।*
*ਕਿ ਬਾ ਓਹ ਚਿ ਕਰਦੰਦ ਅਜ਼ ਸੁਲਹ ਜੰਗ।*
*ਜ਼ਿ ਸਾਂ ਸ਼ੁਦ ਕੁਸ਼ਾਦ ਆ ਚੁਨਾਂ ਕਾਰਿ ਤੰਗ।*
*ਬਦਿਹਲੀ ਕੁਨੀ ਐ ਸ਼ਹਿ ਹਕ ਪ੍ਰਸਤ।*
*ਅਜ਼ੀਂ ਕਾਰਹਾ ਅਵਲਨ ਬੰਦੋਬਸਤ।*
*ਵਜ਼ਾਂ ਪਸ ਜ਼ਿ ਅਹਿਵਾਲੇ ਆਲੀ ਗੁਹਰ।*
*ਸ਼ਵੀ ਆਗਹ ਅਜ਼ ਰਜ਼ਮ ਵ ਅਜ਼ ਖੈਰੋ ਸ਼ਰ।*
*ਕਿ ਈਂ ਅਸਤ ਗੋਯੰਦ ਮਰਦਮ ਹਮਾ।*
*ਕਿ ਅਰਾਸਤ ਅਜ਼ ਜੰਗ ਓ ਦਮਦਮਾ।*
*ਬਤਾਜ਼ੀਮ ਅਵਲ ਬਰ ਬਦ ਸਗਾਲ।*
*ਬਰੂੰ ਅਜ਼ ਸਰਸ਼ ਕੁਨ ਖਿਆਲਿ ਮੁਹਾਲ।*
*ਵਗਰ ਮੇ ਜ਼ਨਦ ਦਰ ਰਹ ਇਖ਼ਲਾਸ ਗਾਮ।*
*ਬਦੋ ਕੁਨ ਨਿਗਹ ਅਜ਼ ਤਲੁਤਫ ਤਮਾਮ।*
*ਨਵਾਜ਼ਿਸ਼ ਗਰੀ ਕੁਨ ਬਹਾਲਿ ਸ਼ੁਜਾਅ।*

SikhBookClub.com

ਕਿ ਓ ਮੀ ਦਹਦ ਗੰਜ ਮਾਲੋ ਮਤਾਅ।
ਚੁ ਈਂ ਕਾਰਹਾ ਰਾ ਨਮੂਦੇ ਤਮਾਮ।
ਸ਼ੁਦਹ ਪੁਖਤਾ ਸਰਗਿਸ਼ਤਾਏ ਕਾਰਖ਼ਾਮ।
ਨਜੀਬੋ ਸ਼ੁਜਾਅ ਵਾ ਹਮਾ ਨਾਮਦਾਰ।
ਜ਼ਿ ਦਿਹਲੀ ਤੁ ਬਰ ਗੀਰੋ ਫ਼ੌਜਿ ਬਿਆਰ।
ਜ਼ਿ ਜਾਟੋ ਮਰਹਟਾ ਅਸਾਕਰ ਬਸੇ।
ਚੁਨਾ ਚੂੰ ਦਰ ਆਂ ਜਾ ਨਮਾਨਦ ਕਸੇ।
ਬਗੀਰੋ ਬਯਾ ਬਰ ਸਰੇ ਈਂ ਸਗਾਂ।
ਬਕੁਨ ਬੇਖ ਬੁਨਿਆਦ ਈਂ ਬਦਰ ਗਾਂ।
ਕਿ ਖ਼ਰਗੋਸ਼ ਹਰ ਮਰਜ਼ ਰਾ ਮੀ ਸ਼ਿਗੁਫਤ।
ਸਗੋ ਆਂ ਵਲਾਇਤ ਤਵਾਨਦ ਗ੍ਰਿਫਤ।


بجانیم این چار مه برشگال / بعیش و بخوش وقتے آسوده حال
ز جاٹ و مرهٹہ ز کار نجیب / شوی واقف از گیر و دار نجیب
که با او چه کردند از صلح جنگ / چه سان شد کشاد آنچنان کار تنگ
سر هلی گفتی اے شه حق پرست / ازین کارها او فلا بند و بست
ولیکن نپس ز احوال عالی گهر / شوی آگه از رزم و از خیر و شر
که این است گویند مردم همه / که آراسته از جنگ او دمدمه
بما نیم اهل بران بد سگال / بدون سرش کی خیال محال
دگر میزند در ره اخلاص گام / بدو کن نگاه از تلطف تمام
فرش گرمی کن بجان شجاع / که او میدهد گنج مال و متاع
چو این کارها را نمودی تمام / شده پخته سررشتهٔ کارخام
نجیب و شجاع و همه نامدار / ز دهلی تو برگیر فوجے بسیار
ز جاٹ و مرهٹه عساکر بسے / چنان چون در آنجا نماند کسے
بگیر و بیا بر سر این سگان / بکن بیخ بنیاد این بدرگان
که خرگوش هر مرز را می شگفت / سگ آن ولایت تواند گرفت

ਦੁਰਾਨੀ ਸਰਦਾਰਾਂ ਨੇ ਇਹ ਸਲਾਹ ਦਿੱਤੀ ਕਿ ਚੰਗੀ ਗੱਲ ਇਹ ਹੈ ਕਿ ਅਸੀਂ ਇਸ ਵਾਰ ਵੀ ਦੇਸ ਨੂੰ ਮੁੜ ਚਲੀਏ ਅਤੇ ਉੱਥੇ ਜਾ ਕੇ ਅੱਸੂ ਦੇ ਮਹੀਨੇ ਤਿਆਰ ਹੋ ਜਾਈਏ। ਚੁਮਾਸੇ ਦੇ ਇਨ੍ਹਾਂ ਚੌਹਾਂ ਮਹੀਨਿਆਂ ਵਿਚ ਸਾਡੇ ਘੋੜੇ ਤੇ ਊਠ ਇਧਰ

SikhBookClub.com

ਬਹੁਤ ਮਰ ਜਾਣਗੇ ਤੇ ਦਿੱਲੀ ਵਿਚ ਨਾ ਅੰਨ ਹੈ, ਨਾ ਪੱਠਾ, ਜਿਸ ਕਰ ਕੇ ਸਾਰਾ ਲਸ਼ਕਰ ਤਬਾਹ ਹੋ ਜਾਊ। ਉਤੋਂ ਗਰਮੀ ਆ ਗਈ ਹੈ। ਇਸ ਨਾਲ ਸਾਨੂੰ ਬਹੁਤ ਦੁੱਖ ਹੋਵੇਗਾ। ਕਾਬਲ ਜਾ ਕੇ ਇਹ ਚਾਰ ਮਹੀਨੇ ਕੱਟੀਏ, ਫਿਰ ਉਥੋਂ ਫੌਜ ਇਕੱਠੀ ਕਰਕੇ ਹਿੰਦੁਸਤਾਨ ਉਤੇ ਹੱਲਾ ਕਰੀਏ ਤੇ 'ਸਗਾਂ' ਦੇ ਸਿਰ ਧੜ ਨਾਲੋਂ ਅੱਡ ਕਰੀਏ ਕਿ ਇਕ ਦਾ ਸਿਰ ਲਾਹ ਕੇ ਦੂਜੇ ਦੇ ਸਿਰ ਉੱਤੇ ਮਾਰੀਏ।

ਸਾਰਿਆਂ ਨੇ ਇਸ ਸਲਾਹ ਨੂੰ ਸਲਾਹਿਆ, ਸੋ ਇਹੋ ਹੀ ਮੰਨੀ ਗਈ ਤੇ ਅੱਗੇ ਵਧਣ ਦੀ ਥਾਂ ਪਿੱਛੇ ਦੇਸ ਨੂੰ ਮੁੜ ਜਾਣਾ ਹੀ ਚੰਗਾ ਸਮਝਿਆ ਗਿਆ।

ਨੋਟ-"ਅਹਿਮਦ ਸ਼ਾਹ ਲਾਹੌਰੋਂ ਤੁਰ ਕੇ ਵਟਾਲੇ, ਹੁਸ਼ਿਆਰਪੁਰ ਦੇ ਰਾਹ ਰੋਪੜ ਨੂੰ ਆਉਂਦਾ ਹੈ ਤੇ ਉਥੋਂ ਪੰਜੌਰ ਤੀਕ ਆ ਕੇ ਡਾਵਾਂ-ਡੋਲ ਜਿਹਾ ਹੋ ਜਾਂਦਾ ਹੈ। ਇਥੋਂ ਦਿੱਲੀ ਕੋਈ ਦੂਰ ਨਹੀਂ, ਪਰ ਇਹ ਦੋ ਮਹੀਨੇ ਐਧਰ ਓਧਰ ਫਿਰਨ ਵਿਚ ਹੀ ਗਵਾ ਦੇਂਦਾ ਹੈ। ਜਵਾਹਰ ਸਿੰਘ ਦਿੱਲੀ ਤੋਂ ਘੇਰਾ ਚੁੱਕ ਕੇ ਆਪਣੇ ਇਲਾਕੇ ਵੱਲ ਮੁੜ ਗਿਆ ਹੋਇਆ ਹੈ। ਸਿੰਘ ਪੰਜਾਬ ਵੱਲ ਮੁੜ ਆਏ ਹੋਏ ਹਨ। ਸ਼ਾਹ ਸ਼ੁਜਾਹ ਬਕਸਰ ਦੀ ਲੜਾਈ ਵਿਚ ਅੰਗਰੇਜ਼ਾਂ ਪਾਸੋਂ ਭਾਂਜ ਖਾ ਕੇ ਰੋਹੇਲਿਆਂ ਪਾਸੋਂ ਸਹਾਇਤਾ ਮੰਗਣ ਆਇਆ ਹੋਇਆ ਹੈ। ਅਹਿਮਦ ਸ਼ਾਹ ਨੂੰ ਆਇਆ ਸੁਣ ਕੇ ਇਸ ਨੂੰ ਬਹੁਤ ਸਾਰਾ ਧਨ-ਦੌਲਤ ਦੇਣ ਦਾ ਵਾਹਦਾ ਕਰਦਾ ਹੈ, ਜੇਕਰ ਉਸ ਦੀ ਸਹਾਇਤਾ ਕੀਤੀ ਜਾਵੇ। ਅਹਿਮਦ ਸ਼ਾਹ ਨੂੰ ਕੋਈ ਦੁਸ਼ਮਣ ਸਾਹਮਣੇ ਨਜ਼ਰ ਨਹੀਂ ਆ ਰਿਹਾ, ਪਰ ਉਹ ਡਰ ਰਿਹਾ ਹੈ। ਨਿਰਸੰਦੇਹ ਉਹ ਸਿੱਖਾਂ ਪਾਸੋਂ ਹੀ ਡਰ ਰਿਹਾ ਹੈ।

ਨਸੀਰ ਖ਼ਾਂ ਦੀ ਸਲਾਹ ਅਹਿਮਦ ਸ਼ਾਹ ਦੀ ਸਾਰੀ ਤਾਕਤ ਦਾ ਪੜਦਾ ਪਾੜ ਦੇਂਦੀ ਹੈ। ਅਹਿਮਦ ਸ਼ਾਹ ਜਾਣਦਾ ਹੈ ਕਿ ਮੈਂ ਇਕੱਲਾ ਸਿੱਖਾਂ ਦਾ ਟਾਕਰਾ ਨਹੀਂ ਕਰ ਸਕਦਾ। ਇਸ ਵੇਲੇ ਸਾਰੇ ਰੁਹੇਲੇ ਤੇ ਸ਼ਾਹ ਸ਼ੁਜਾਹ ਇਸ ਦਾ ਸਾਥ ਦੇਣ ਨੂੰ ਤਿਆਰ ਹਨ, ਪਰ ਇਤਨੀ ਤਾਕਤ ਨਾਲ ਸਿੱਖਾਂ ਨੂੰ ਮਾਰ ਸਕਣਾ ਉਸ ਨੂੰ ਔਖਾ ਨਜ਼ਰ ਆ ਰਿਹਾ ਹੈ। ਹਾਲਾਂ ਕਿ ਇਤਨੀ ਤਾਕਤ ਨਾਲ ਚਾਰ ਕੁ ਸਾਲ ਪਹਿਲਾਂ ਇਹੋ ਅਹਿਮਦ ਸ਼ਾਹ ਮਰਹੱਟਿਆਂ ਨੂੰ ਖੇਹ ਕਰ ਚੁੱਕਾ ਸੀ। ਹੁਣ ਜ਼ਰੂਰੀ ਮਲੂਮ ਹੁੰਦਾ ਹੈ ਕਿ ਸਿੱਖਾਂ ਦੇ ਟਾਕਰੇ ਲਈ ਜਾਟਾਂ ਤੇ ਮਰਹੱਟਿਆਂ ਦੀ ਸੈਨਾ ਵੀ ਆਪਣੇ ਨਾਲ ਰਲਾਈ ਜਾਵੇ ਅਤੇ ਇਤਨੀ ਸੈਨਾ ਦਾ ਜਮਜਮਾ ਕਰਕੇ ਸਿੱਖਾਂ ਉੱਤੇ ਹੱਲਾ ਕੀਤਾ ਜਾਵੇ।

ਇਸ ਵੇਲੇ ਸਿੱਖਾਂ ਪਾਸ ਕੋਈ ਕਿਲ੍ਹਾ ਨਹੀਂ, ਕੋਈ ਤੋਪਖਾਨਾ ਨਹੀਂ, ਕੋਈ ਈਨ ਦੀ ਫੌਜ ਨਹੀਂ, ਫਿਰ ਪਾਨੀਪਤ ਦਾ ਬਿਜੈਈ ਸਿੱਖਾਂ ਪਾਸੋਂ ਇਤਨਾ ਕਿਉਂ ਡਰ ਰਿਹਾ ਹੈ ਕਿ ਉਹ ਅੱਗੇ ਵਧ ਕੇ ਉਨ੍ਹਾਂ ਉਤੇ ਹੱਲਾ ਨਹੀਂ ਕਰਦਾ ! ਅਜੇ ਤਿੰਨ ਹੀ ਸਾਲ ਹੋਏ ਹਨ ਕਿ ਉਹ ਲਾਹੌਰੋਂ ਦੋਹਾਂ ਦਿਨਾਂ ਵਿਚ ਯਲਗਾਰ ਕਰਕੇ ਕੁੱਪ ਰਹੀੜੇ ਸਿੱਖਾਂ ਉਤੇ ਆ ਪਿਆ ਸੀ, ਪਰ ਹੁਣ ਉਹੋ ਅਹਿਮਦ ਸ਼ਾਹ ਸਿੱਖਾਂ ਦੇ ਛੋਟੇ ਜਿਹੇ ਜਥੇ ਨੂੰ

SikhBookClub.com

ਵੇਖ ਕੇ ਆਪਣੇ ਪੈਂਤੜੇ ਤੋਂ ਨਹੀਂ ਹਿੱਲਦਾ ਅਤੇ ਅੱਗੇ ਹੋ ਕੇ ਲੜਨ ਦੀ ਥਾਂ ਸਗੋਂ ਆਪਣੇ ਬਚਾਉ ਦਾ ਹੀ ਜਤਨ ਕਰੀ ਜਾਂਦਾ ਹੈ।

ਨਿਰਸੰਦੇਹ ਅਹਿਮਦ ਸ਼ਾਹ ਜਾਣਦਾ ਹੈ ਕਿ ਇਹ ਕੋਈ ਇਸ ਧਰਤੀ ਦੇ ਬੰਦੇ ਨਹੀਂ ਹਨ। ਇਹ ਤਾਂ ਕਿਸੇ ਹੋਰਸ ਹੀ ਤਬਕੇ ਦੇ ਰਹਿਣ ਵਾਲੇ ਹਨ, ਜਿਹਨਾਂ ਉਤੇ ਸੱਟ-ਫੇਟ ਜਾਂ ਚੋਟ ਦਾ ਕੁਝ ਅਸਰ ਨਹੀਂ ਹੁੰਦਾ। ਕੁੱਪ ਰਹੀੜੇ ਦੇ ਘੱਲੂਘਾਰੇ ਵਿਚ ਇਹ ਸਿੱਖਾਂ ਨੂੰ ਵੀ ਆਪਣੇ ਵੱਲੋਂ ਮਰਹੱਟਿਆਂ ਵਾਂਗ ਮਾਰ ਚੁੱਕਾ ਸੀ, ਪਰ ਸਿੱਖਾਂ ਨੇ ਦਿਨਾਂ ਵਿਚ ਹੀ ਸੰਭਲ ਕੇ ਆਉਂਦੀ ਦੀਵਾਲੀ ਸਮੇਂ ਅਹਿਮਦ ਸ਼ਾਹ ਦੀ ਓਹ ਬਾਬ ਕੀਤੀ ਕਿ ਫੇਰ ਅਹਿਮਦ ਸ਼ਾਹ ਨੂੰ ਹੌਸਲਾ ਹੀ ਨਹੀਂ ਪਿਆ ਕਿ ਉਹ ਨਿਧੜਕ ਹੋ ਕੇ ਸਿੱਖਾਂ ਨਾਲ ਲੜ ਸਕੇ। ਸਿੱਖਾਂ ਨੇ ਕਿਸ ਬੇ-ਜਿਗਰੀ ਨਾਲ ਸਾਰਾ ਦਿਨ ਅਹਿਮਦ ਸ਼ਾਹ ਦਾ ਟਾਕਰਾ ਕੀਤਾ ਅਤੇ ਅੰਤ ਨੂੰ ਸੰਝ ਹੋਣ ਤੋਂ ਪਹਿਲਾਂ ਪਹਿਲਾਂ ਉਸ ਨੂੰ ਚਾਲੂ ਕਰ ਲਿਆ ਹੋਊ। ਇਸ ਦਾ ਅੰਦਾਜ਼ਾ ਕਾਜ਼ੀ ਨੂਰ ਮੁਹੰਮਦ ਦੇ ਜੰਗ ਨਾਮੇ ਤੋਂ ਲੱਗ ਸਕਦਾ ਹੈ ਕਿ ਉਹੋ ਅਹਿਮਦ ਸ਼ਾਹ ਪੰਜਾਬ ਵਿਚ ਸਿੱਖਾਂ ਨੂੰ ਸਜ਼ਾ ਦੇਣ ਆਇਆ, ਕਿਸ ਤਰ੍ਹਾਂ ਸਿੱਖਾਂ ਤੋਂ ਡਰਦਾ ਫਿਰਦਾ ਹੈ। *(ਕਰਮ ਸਿੰਘ)*

## ਆਲੇ ਜੱਟ ਦਾ ਪਾਤਸ਼ਾਹ ਦੇ ਹਜ਼ੂਰ ਆਉਣਾ

ਕਾਜ਼ੀ ਅੱਗੇ ਲਿਖਦਾ ਹੈ :-

ਜਦ ਕੁੰਜ ਪੁਰੇ ਤੋਂ ਪਿੱਛੇ ਮੁੜ ਪੈਣ ਦੀ ਸਲਾਹ ਪੱਕੀ ਹੋ ਗਈ ਤਾਂ ਤਿੰਨ-ਚਾਰ ਮੰਜ਼ਲਾਂ ਵਿਚ ਹੀ ਪਾਤਸ਼ਾਹ ਸਰਹੰਦ ਅੱਪੜ ਪਿਆ। ਸਰਹੰਦ ਬੜਾ ਪੁਰਾਣਾ ਤੇ ਪ੍ਰਸਿੱਧ ਸ਼ਹਿਰ ਸੀ। ਲੋਕੀਂ ਇਸ ਦੀ ਸੈਰ ਨੂੰ ਨਿਕਲ ਤੁਰੇ। ਕੀ ਵੇਖਦੇ ਹਨ ਕਿ ਸਾਰਾ ਸ਼ਹਿਰ ਉੱਜੜਿਆ ਪਿਆ ਹੈ। ਨਾ ਉਥੇ ਕੋਈ ਬੰਦਾ ਹੈ, ਨਾ ਕੋਈ ਕਰਿੰਦਾ ਹੈ। ਨੂਰ ਮੁਹੰਮਦ ਦੱਸਦਾ ਹੈ ਕਿ ਮੈਂ ਸਾਰੇ ਸ਼ਹਿਰ ਵਿਚ ਫਿਰਿਆ, ਪਰ ਮੈਂ ਬਿਨਾਂ ਉੱਲੂ ਦੇ ਹੋਰ ਕਿਸੇ ਜੀਵ ਨੂੰ ਨਾ ਦੇਖਿਆ। ਸਾਰੇ ਘਰ, ਖਾਨਗਾਹਾਂ, ਸਭ ਮਸੀਤਾਂ, ਮਦਰੱਸੇ, ਚੁਬੱਚੇ ਤੇ ਖੂਹ ਖਰਾਬ ਹੋਏ ਪਏ ਸਨ। ਹੱਟ-ਬਾਜ਼ਾਰ ਤਾਂ ਕਾਇਮ ਸਨ, ਪਰ ਹਟਵਾਣੀਆਂ ਕੋਈ ਨਹੀਂ ਦਿਸਦਾ ਸੀ।

ਇਸ ਸਰਹੰਦ ਦੇ ਇਲਾਕੇ ਵਿਚ ਫੌਜਾਂ ਦਾ ਸਰਦਾਰ ਇਕ ਜ਼ਿਮੀਂਦਾਰ ਰਹਿੰਦਾ ਸੀ, ਜਿਹੜਾ ਆਪ ਹੀ ਹਾਕਮ ਸੀ। ਉਹ ਸੀ ਤਾਂ ਜੰਞੂ ਪਾਉਣ ਵਾਲਾ ਬੁੱਤ-ਪ੍ਰਸਤ, ਪਰ ਪਾਤਸ਼ਾਹ ਦਾ ਬੜਾ ਆਗਿਆਕਾਰੀ ਸੀ। ਉਸ ਦਾ ਨਾਮ ਆਲਾ ਸੀ, ਜਾਂ ਆਲਾ ਜੱਟ। ਪਤਾ ਨਹੀਂ 'ਜੱਟ' ਉਸ ਦਾ ਖਤਾਬ ਸੀ, ਕਿ ਜ਼ਾਤ। ਜਦ ਪਾਤਸ਼ਾਹ ਉਸ ਦੇ ਇਲਾਕੇ ਵਿਚ ਦੀ ਲੰਘਿਆ ਤਾਂ ਉਸ ਪਾਸ ਕਿਸੇ ਨੂੰ ਘੱਲ ਕੇ ਕਿਹਾ ਕਿ ਛੇਤੀ ਪਾਤਸ਼ਾਹ ਪਾਸ ਹਾਜ਼ਰ ਹੋ ਜਾਵੇ ਤਾਂ ਤੇ ਆਪਣੇ ਮਨਦੀਆਂ ਮੁਰਾਦਾਂ ਪਾਵੇ, ਨਹੀਂ ਤਾਂ ਤੁਸਾਡਾ ਸਾਰਾ ਇਲਾਕਾ ਲੁੱਟਿਆ ਜਾਵੇਗਾ।

ਇਹ ਸੁਣਦਿਆਂ ਹੀ ਆਲਾ ਜੱਟ ਕੁਝ ਕੁ ਤੋਹਫੇ ਲੈ ਕੇ ਪਾਤਸ਼ਾਹ ਦੀ

SikhBookClub.com

ਦਰਗਾਹ ਵਿਚ ਆਇਆ, ਜੋ ਕਬੂਲ ਕਰ ਲਏ ਗਏ। ਪੰਜਾਬ, ਲਾਹੌਰ ਤੇ ਸਰਹੰਦ ਦੇ ਇਲਾਕਿਆਂ ਵਿਚ ਹੋਰ ਕੋਈ ਐਸਾ ਨਹੀਂ, ਜਿਸ ਦੀ ਇਸ ਜਿੰਨੀ ਰਸਾਈ ਹੋਵੇ। ਇਹ ਹੋਰਨਾਂ ਹਿੰਦੀਆਂ ਨਾਲੋਂ ਪਾਤਸ਼ਾਹ ਦਾ ਵਧੇਰੇ ਅਨੁਸਾਰੀ ਹੈ। ਭਾਵੇਂ ਇਹ ਹਿੰਦੂ ਤੇ ਬੁੱਤ-ਪੂਜ ਹੀ ਹੈ, ਪਰ ਇਹ ਦੂਜੇ ਹਿੰਦੂਆਂ ਨਾਲੋਂ ਬਹੁਤ ਚੰਗਾ ਹੈ। ਇਹ ਸਿੱਖਾਂ ਨਾਲ ਸਦਾ ਹੀ ਲੜਾਈਆਂ ਕਰਦਾ ਰਹਿੰਦਾ ਹੈ, ਭਾਵੇਂ ਉਹ ਲੜਾਈਆਂ ਦੁਨੀਆਂ ਦੀ ਖਾਤਰ ਹਨ, ਦੀਨ ਦੀ ਖਾਤਰ ਨਹੀਂ। ਸਿੱਖ ਇਸ ਪਾਸੋਂ ਕੰਨੀ ਕਤਰਾਂਦੇ ਹਨ ਤੇ ਲੜਾਈ ਵਿਚ ਇਸ ਅੱਗੇ ਨੱਸ ਜਾਂਦੇ ਹਨ। ਇਸ ਦੇ ਨੌਕਰ ਮੁਸਲਮਾਨ ਵੀ ਹਨ ਤੇ ਹਿੰਦੂ ਵੀ। ਇਹ ਸਾਹਮਣੇ ਵੀ ਤੇ ਪਿੱਛੇ ਵੀ ਪਾਤਸ਼ਾਹ ਦੀ ਸੇਵਾ ਨੂੰ ਦਿਲੋਂ-ਮਨੋਂ ਚਾਹੁੰਦਾ ਹੈ ਅਤੇ ਜੋ ਹੁਕਮ ਹੋਵੇ, ਉਸ ਨੂੰ ਸਿਰ ਮੱਥੇ 'ਤੇ ਮੰਨਦਾ ਹੈ।

ਦੂਜੇ ਜ਼ਿਮੀਂਦਾਰ ਮੂਰਖ ਹਨ, ਜਿਨ੍ਹਾਂ ਨੇ ਅਕਲ ਦੀ ਗੱਲ ਨਾ ਮੰਨੀ ਤੇ ਪਾਤਸ਼ਾਹ ਪਾਸੋਂ ਨੱਸ ਕੇ ਕਿਧਰੇ ਅੱਗੇ ਪਿੱਛੇ ਜਾ ਲੁਕੇ। ਉਹਨਾਂ ਦਾ ਸਾਰਾ ਦੇਸ਼ ਤੇ ਮਾਲ ਮਤਾ ਇਸੇ ਕਰ ਕੇ ਲੁੱਟਿਆ ਪੁੱਟਿਆ ਗਿਆ। ਜੇਕਰ ਉਨ੍ਹਾਂ ਦੇ ਸਿਰ ਵਿਚ ਕੁਝ ਵੀ ਅਕਲ ਹੁੰਦੀ ਤਾਂ ਉਹ ਆਪਣੀ ਹੈਸੀਅਤ ਮੂਜਬ ਨਜ਼ਰਾਨਾ ਲੈ ਕੇ ਪਾਤਸ਼ਾਹ ਪਾਸ ਹਾਜ਼ਰ ਹੋ ਜਾਂਦੇ ਤੇ ਪਾਤਸ਼ਾਹ ਉਹਨਾਂ ਨੂੰ ਮੁਲਕ ਬਖਸ਼ ਦਿੰਦਾ ! ਪਾਤਸ਼ਾਹ ਕਈ ਵਾਰ ਇਹ ਗੱਲ ਕਹਿੰਦਾ ਸੀ ਕਿ ਇਹ ਜ਼ਿਮੀਂਦਾਰ ਬਹੁਤ ਬੁਰਾ ਕਰ ਰਹੇ ਹਨ ਜੋ ਮੈਥੋਂ ਨੱਸੇ ਜਾਂਦੇ ਹਨ। ਮੈਂ ਇਹਨਾਂ ਪਾਸੋਂ ਕੋਈ ਧੰਨ ਦੌਲਤ ਤਾਂ ਨਹੀਂ ਮੰਗਦਾ ਤੇ ਜੋ ਕੁਝ ਇਹਨਾਂ ਦੇ ਪੱਲੇ ਹੈ, ਲੈ ਆਉਣ ਤੇ ਮੈਥੋਂ ਰਤਾ ਨਾ ਡਰਨ। ਜ਼ਿਮੀਂਦਾਰਾਂ ਦੀ ਤਾਂ ਕੀ ਗੱਲ ਹੈ, ਜੇਕਰ ਸਿੱਖ ਵੀ ਆ ਜਾਣ ਤਾਂ ਪਾਤਸ਼ਾਹ ਉਹਨਾਂ ਦੇ ਕਸੂਰਾਂ ਨੂੰ ਮਾਫ ਕਰ ਦੇਵੇ ! ਪਰ ਜਿਸ ਦੇ ਦਿਨ ਮਾੜੇ ਆਉਣ, ਉਸ ਦੀ ਮੱਤ ਪਹਿਲਾਂ ਹੀ ਮਾਰੀ ਜਾਂਦੀ ਹੈ।

ਮੁੱਕਦੀ ਗੱਲ ਇਹ ਕਿ ਜਦ ਆਲਾ ਜੱਟ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਪਾਤਸ਼ਾਹ ਨੇ ਉਸ ਪਾਸੋਂ ਪੁੱਛਿਆ ਕਿ ਇਹ ਸ਼ਹਿਰ ਉਜਾੜ ਕਿਸ ਤਰ੍ਹਾਂ ਹੋ ਗਿਆ? ਤਾਂ ਉਸ ਨੇ ਦੱਸਿਆ ਕਿ ਇਹ ਇਲਾਕਾ ਸਿੱਖਾਂ ਦੇ ਹੱਥੋਂ ਉਜਾੜ ਹੋ ਗਿਆ ਹੈ। ਭਾਵੇਂ ਸਿੱਖਾਂ ਨਾਲ ਕਈ ਲੜਾਈਆਂ ਕੀਤੀਆਂ ਹਨ ਤੇ ਉਨ੍ਹਾਂ ਦੀ ਮਿੱਝ ਕੱਢੀ ਹੈ ਅਤੇ ਉਹ ਮੈਥੋਂ ਭਾਵੇਂ ਕਈ ਵਾਰ ਹਾਰ ਖਾ ਚੁੱਕੇ ਹਨ, ਪਰ ਕੁਝ ਪੇਸ਼ ਨਹੀਂ ਜਾਂਦੀ, ਕਿਉਂਕਿ ਐਧਰੋਂ ਓਧਰੋਂ ਆਦਮੀ ਆ ਕੇ ਸਿੱਖਾਂ ਪਾਸ ਜਾਂਦੇ ਹਨ ਤੇ ਸਿੱਖ ਬਣ ਜਾਂਦੇ ਹਨ। ਜਿਥੇ ਇਕ ਸਿੱਖ ਮਰਦਾ ਹੈ, ਉਥੇ ਉਸ ਦਾ ਬਦਲਾ ਲੈਣ ਲਈ ਦੋ ਸਿੱਖ ਆ ਜਾਂਦੇ ਹਨ, ਕਿਉਂ ਜੁ ਸਿੱਖਾਂ ਦੇ ਗੁਰੂ ਦੀ ਇਹ ਅਸੀਸ ਹੈ ਕਿ ਜਿਥੇ ਇਕ ਸਿੱਖ ਮਰੂ ਉੱਥੇ ਦੋ ਸਿੱਖ ਆ ਜਾਣਗੇ। ਜੇਕਰ ਪਾਤਸ਼ਾਹ ਸਰਹੰਦ ਦਾ ਇਲਾਕਾ ਮੈਨੂੰ ਬਖਸ਼ ਦੇਵੇ ਤਾਂ ਮੈਂ ਛੇਤੀ ਹੀ ਪਹਿਲਾਂ ਨਾਲੋਂ ਵਧੇਰੇ ਆਬਾਦ ਕਰ ਦੇਵਾਂਗਾ, ਪਰ ਇਕ ਸਾਲ ਦਾ ਹਾਲਾ ਮੈਨੂੰ ਛੱਡ ਦਿੱਤਾ ਜਾਵੇ।

ਪਾਤਸ਼ਾਹ ਨੇ ਜਦ ਉਸ ਨੂੰ ਅਜਿਹਾ ਅਨੁਸਾਰੀ ਵੇਖਿਆ ਤਾਂ ਉਸੇ ਵੇਲੇ

SikhBookClub.com

ਸਰਹੰਦ ਦਾ ਇਲਾਕਾ ਉਸ ਨੂੰ ਬਖਸ਼ ਦਿੱਤਾ, ਉਸ ਦੇ ਲਾਇਕ ਸਿਰੋਪਾਉ ਦਿੱਤਾ ਅਤੇ ਝੰਡਾ ਤੇ ਧੌਂਸਾ ਵੀ ਬਖਸ਼ਿਆ ਤੇ ਵਿਦਾ ਕੀਤਾ।

ਇੱਥੋਂ ਜਦ ਤੁਰੇ ਤਾਂ ਦੋ ਮੁਕਾਮ ਰਾਹ ਵਿਚ ਕਰਕੇ ਤੀਜੇ ਦਿਨ ਸ਼ਾਮ ਨੂੰ ਦਰਿਆ ਦੇ ਕੰਢੇ ਪੁੱਜ ਗਏ।

ਨੋਟ-ਸਰਹੰਦ ਨੂੰ ਮਾਘ, ਸੰਮਤ ੧੮੨੦ (੧੬੬੪ ਈ:) ਵਿਚ ਖਾਲਸਾ ਜੀ ਨੇ ਸਰ ਕੀਤਾ ਤੇ ਉਜਾੜਿਆ ਸੀ ਅਤੇ ਇਥੇ ਖੋਤਿਆਂ ਦੇ ਹਲ ਚਲਾਏ ਸਨ।

ਅਹਿਮਦ ਸ਼ਾਹ ਦੀ ਇੱਛਾ ਸੀ ਕਿ ਇਲਾਕਿਆਂ ਦੇ ਜ਼ਿਮੀਂਦਾਰ ਤੇ ਸਿਰ-ਕੱਢਵੇਂ ਆਦਮੀ ਮੇਰੇ ਪਾਸ ਆ ਜਾਣ ਤਾਂ ਜੁ ਮੈਂ ਉਹਨਾਂ ਨੂੰ ਆਪਣਾ ਅਨੁਸਾਰੀ ਬਣਾ ਕੇ ਨੀਤੀ ਨਾਲ ਸਿੱਖਾਂ ਦਾ ਪ੍ਰਬੰਧ ਕਰ ਸਕਾਂ। ਪਰ ਮਹਾਰਾਜਾ ਆਲਾ ਸਿੰਘ ਜੀ ਤੋਂ ਬਿਨਾਂ ਕੋਈ ਵੀ ਸਿਰ-ਕੱਢਵਾਂ ਅਹਿਮਦ ਸ਼ਾਹ ਪਾਸ ਨਾ ਆਇਆ। ਕਿਉਂ ਜੁ ਸਾਰੇ ਹੀ ਜਾਣਦੇ ਸਨ ਕਿ ਅਹਿਮਦ ਸ਼ਾਹ ਤਾਂ ਦੋ ਦਿਨਾਂ ਦੀ ਖੇਡ ਹੈ, ਫਿਰ ਤਾਂ ਅਸਾਂ ਸਿੰਘਾਂ ਦੇ ਹੀ ਵੱਸ ਪੈਣਾ ਹੈ। ਸੋ ਇਸ ਲਈ ਉਹ ਅਹਿਮਦ ਸ਼ਾਹ ਦੀ ਈਨ ਨਾਲੋਂ ਖ਼ਾਲਸਾ ਦੀ ਈਨ ਚੰਗੀ ਸਮਝਦੇ ਸਨ।

ਅਹਿਮਦ ਸ਼ਾਹ ਨੇ ਮਹਾਰਾਜਾ ਆਲਾ ਸਿੰਘ ਜੀ ਦੇ ਰਾਹੀਂ ਜਤਨ ਕੀਤਾ ਸੀ ਕਿ ਖ਼ਾਲਸਾ ਜੀ ਉਸ ਪਾਸ ਹਾਜ਼ਰ ਹੋ ਜਾਣ ਤੇ ਜੋ ਜੋ ਇਲਾਕਾ ਜਿਸ ਜਿਸ ਨੇ ਮੱਲਿਆ ਹੋਇਆ ਹੈ, ਉਹ ਉਸੇ ਪਾਸ ਹੀ ਰਹੇ। ਮਹਾਰਾਜਾ ਜੀ ਨੇ ਨਾਨੂੰ ਸਿੰਘ ਗਰੇਵਾਲ ਨੂੰ ਖ਼ਾਲਸਾ ਜੀ ਪਾਸ ਘੱਲਿਆ ਸੀ, ਪਰ ਖ਼ਾਲਸਾ ਜੀ ਨੇ ਉੱਤਰ ਦਿੱਤਾ ਸੀ ਕਿ ਸਾਨੂੰ ਇਲਾਕੇ ਦੇਣ ਵਾਲਾ ਅਹਿਮਦ ਸ਼ਾਹ ਕੌਣ ਹੈ ! ਸਾਨੂੰ ਤਾਂ ਸਾਡੇ ਸਤਿਗੁਰਾਂ ਨੇ ਪਾਤਸ਼ਾਹੀ ਦੇ ਰੱਖੀ ਹੈ। ਉਹ ਸੁਤੰਤ੍ਰ ਰੂਹਾਂ ਤੁਰਕ ਅੱਗੇ ਸਿਰ ਨਿਵਾਉਣ ਨੂੰ ਅਜਿਹਾ ਬੁਰਾ ਸਮਝਦੀਆਂ ਸਨ ਕਿ ਜਦ ਅਹਿਮਦ ਸ਼ਾਹ ਪੰਜਾਬੋਂ ਚਲਿਆ ਗਿਆ ਤਾਂ ਸਰਬੱਤ ਖ਼ਾਲਸਾ ਜੀ ਇਕੱਠੇ ਹੋ ਕੇ ਮਹਾਰਾਜਾ ਆਲਾ ਸਿੰਘ ਜੀ ਉਤੇ ਚੜ੍ਹ ਆਏ ਕਿ ਆਪ ਨੇ ਸਿੰਘ ਹੋ ਕੇ ਤੁਰਕ ਅੱਗੇ ਸਿਰ ਕਿਉਂ ਨਿਵਾਇਆ ! ਮਹਾਰਾਜਾ ਜੀ ਸਿਆਣੇ ਸਨ। ਆਪਣਾ ਕਸੂਰ ਮੰਨ ਲਿਆ ਅਤੇ ਤਨਖ਼ਾਹ ਲਵਾ ਕੇ ਖ਼ਾਲਸਾ ਜੀ ਨੂੰ ਠੰਢਿਆਂ ਕਰ ਦਿੱਤਾ।

ਅਹਿਮਦ ਸ਼ਾਹ ਸਭ ਕੁਝ ਜਾਣਦਾ ਸੀ ਅਤੇ ਉਸ ਨੂੰ ਖੁੜਕਦੀ ਸੀ ਕਿ ਖ਼ਾਲਸਾ ਜੀ ਐਤਕੀਂ ਮੈਨੂੰ ਸੁੱਕਾ ਨਹੀਂ ਜਾਣ ਦੇਣਗੇ। ਸੋ ਉਹ ਲਾਹੌਰ ਤੀਕ ਮਹਾਰਾਜਾ ਆਲਾ ਸਿੰਘ ਜੀ ਨੂੰ ਆਪਣੇ ਨਾਲ ਲਈ ਗਿਆ ਅਤੇ ਜਦ ਲਾਹੌਰੋਂ ਸਿੱਖਾਂ ਵਲੋਂ ਨਿਸਚਿੰਤ ਹੋ ਗਿਆ ਤਾਂ ਮਹਾਰਾਜਾ ਜੀ ਨੂੰ ਵਾਪਸ ਮੋੜ ਦਿੱਤਾ। ਕਿਆਸ ਕਹਿੰਦਾ ਹੈ ਕਿ ਦੁਆਬੇ ਵਿਚ ਸਤ ਦਿਨ ਲਗਾਤਾਰ ਜੋ ਅਹਿਮਦ ਸ਼ਾਹ ਤੇ ਖ਼ਾਲਸਾ ਜੀ ਵਿਚ ਜੰਗ ਹੁੰਦਾ ਰਿਹਾ, ਉਸ ਵਿਚ ਅਹਿਮਦ ਸ਼ਾਹ ਨੂੰ ਮਹਾਰਾਜ ਆਲਾ ਸਿੰਘ ਦੀ ਸਿਆਣਪ ਤੋਂ ਬਹੁਤ ਸਹਾਇਤਾ ਮਿਲੀ ਹੋਵੇਗੀ।

SikhBookClub.com

# ੫

# ਅਹਿਮਦ ਸ਼ਾਹ ਅਬਦਾਲੀ ਨਾਲ ਸਿੰਘਾਂ ਦੀ ਝੜਪਾਂ, ਅਹਿਮਦ ਸ਼ਾਹ ਦਾ ਜਾਨ ਬਚਾ ਕੇ ਪੰਜਾਬੋਂ ਨੱਸਣਾ ਤੇ ਕਾਜ਼ੀ ਨੂਰ ਮੁਹੰਮਦ ਦੇ ਮੂੰਹੋਂ ਸਿੰਘਾਂ ਦੀ ਬਹਾਦਰੀ ਦੀ ਉਪਮਾ, ਪਾਤਸ਼ਾਹ ਦਾ ਦਰਿਆ ਲੰਘਣ ਤੇ ਸਿੰਘਾਂ ਦੇ ਲਸ਼ਕਰ ਦਾ ਆਉਣਾ[੧੪]।

ਅੱਗੇ ਲਿਖਦਾ ਹੈ:-

"ਜਦ ਪਾਤਸ਼ਾਹ ਦਰਿਆ ਪਾਰ ਹੋ ਗਿਆ ਤਾਂ ਦੂਜੇ ਪਾਸੇ ਡੇਰਾ ਕੀਤਾ। ਉਸ ਦਿਨ ਦੂਰੋਂ ਨੇੜਿਓਂ ਕਰ ਕੇ ਸਾਰਾ ਲਸ਼ਕਰ ਦਰਿਆ ਪਾਰ ਹੋ ਗਿਆ ਤੇ ਰਾਤ ਉਥੇ ਹੀ ਪਏ ਰਹੇ। ਸਵੇਰੇ ਜਦ ਅੱਗੇ ਨੂੰ ਤੁਰੇ ਤਾਂ ਕਿਸੇ ਨੇ ਆ ਕੇ ਦੱਸਿਆ ਕਿ ਸਿੱਖਾਂ ਦੀ ਬਹੁਤ ਸਾਰੀ ਸੈਨਾ ਗੁਰੂ ਚੱਕ ਲੜਾਈ ਕਰਨ ਲਈ ਇਕੱਠੀ ਹੋਈ ਹੈ। ਇਹ ਗਧਲ ਦੀ ਤਾਂ ਉਡੀਕ ਵਿਚ ਸਨ। ਪਾਤਸ਼ਾਹ ਨੇ ਹੁਕਮ ਦਿੱਤਾ ਕਿ ਆਪਣਾ ਲਸ਼ਕਰ ਚੱਕ ਵੱਲ ਵਧਾ ਕੇ ਕਾਫਰਾਂ ਉਤੇ ਹੱਲਾ ਕਰੋ ਤੇ ਉਹਨਾਂ ਦੀ ਜੜ੍ਹ ਮੇਖ ਪੁੱਟ ਸੁੱਟੋ।

ਜਦੋਂ ਕੋਹ ਕੁ ਅੱਗੇ ਵਧੇ ਹੋਵਾਂਗੇ ਕਿ ਕਿਸੇ ਨੇ ਆ ਕੇ ਦੱਸਿਆ ਕਿ ਸਿਖਾਂ ਦੀ ਬਹੁਤ ਸਾਰੀ ਸੈਨਾ ਨੇ ਲਸ਼ਕਰ ਦਾ ਰਾਹ ਰੋਕ ਲਿਆ ਹੈ। ਪਾਤਸ਼ਾਹ ਨੇ ਜਦ ਅਜਿਹੀ ਗੁਸਤਾਖੀ ਦੀ ਗੱਲ ਸੁਣੀ ਤਾਂ ਗੁੱਸੇ ਵਿਚ ਆ ਕੇ ਕਹਿਆ ਕਿ ਮੇਰਾ ਲਸ਼ਕਰ ਦੀਨ ਦੀ ਲੜਾਈ ਕਰਨ ਵਿਚ ਸੁਸਤ ਹੈ ਤਾਂ ਸਿੱਖ ਐਸ ਤਰ੍ਹਾਂ ਹੱਲੇ ਕਰਦੇ ਹਨ, ਪਰ ਮੈਂ ਇਹਨਾਂ ਕਾਫਰਾਂ ਨੂੰ ਐਸਾ ਮਾਰਾਂਗਾ ਕਿ ਇਹਨਾਂ ਦੇ ਸਰੀਰਾਂ ਵਿਚ ਹੱਡੀਆਂ ਰੂੰ ਬਣ ਜਾਣਗੀਆਂ।

ਲੜਾਈ ਲਈ ਸਾਰੀ ਸੈਨਾ ਤਿਆਰ ਹੋ ਗਈ। ਲਸ਼ਕਰ ਦੇ ਵਿਚਕਾਰ ਤਾਂ ਪਾਤਸ਼ਾਹ ਆਪ ਸੀ, ਸੱਜੇ ਪਾਸੇ ਵੱਲ ਵਜ਼ੀਰ ਅੰਜਲਾਂ ਖਾਂ, ਜਹਾਨ ਖਾਂ ਤੇ ਸ਼ਾਹ ਪਸੰਦ ਜ਼ਬਤ ਬੇਗੀ ਆਦਿ ਹੋਰ ਕਈ ਸਰਦਾਰ ਬਾਰਾਂ ਹਜ਼ਾਰ ਜਵਾਨ ਲਈ ਖੜ੍ਹੇ ਸਨ। ਖੱਬੇ ਪਾਸੇ ਵੱਲ ਬਲੋਚਾਂ ਦਾ ਸਰਦਾਰ ਸੀ ਤੇ ਸਾਰੀ ਸੈਨਾ ਆਪਣੇ ਹਥਿਆਰ ਤੇ ਬੰਦੂਕਾਂ ਸੰਭਾਲੀ ਖੜ੍ਹੀ ਸੀ।

ਓਧਰ ਸਿੱਖ ਵੀ ਆਪਣੀ ਸੈਨਾ ਲਈ ਵਧੇ ਆਉਂਦੇ ਸਨ। ਉਨ੍ਹਾਂ ਦੀ ਸੈਨਾ ਦੇ

---

੧੪ ਰਸਾਲਾ ਫੁਲਵਾੜੀ, ਅਕਤੂਬਰ ੧੯੨੯, ਪੰਨਾ ੯੭੩।

SikhBookClub.com

ਵਿਚਕਾਰ ਜੱਸਾ ਸਿੰਘ ਕਲਾਲ ਸੀ, ਜੋ ਪਹਾੜ ਵਾਂਗ ਡਟਿਆ ਹੋਇਆ ਸੀ। ਇਸ ਦੇ ਨਾਲ ਹੀ ਦੂਜਾ ਜੱਸਾ ਸਿੰਘ ਤਰਖਾਣ ਸੀ, ਜਿਹੜਾ ਡੀਲ-ਡੌਲ ਵਿਚ ਸ਼ੇਰ ਵਰਗਾ ਸੀ। ਹੋਰ ਵੀ ਕਈ ਸੂਰਮੇ ਸੈਨਾ ਦੇ ਵਿਚਕਾਰ ਜੱਸਾ ਸਿੰਘ ਦੇ ਨਾਲ ਸਨ। ਸੱਜੇ ਹੱਥ ਵੱਲ ਚੜ੍ਹਤ ਸਿੰਘ ਸੀ, ਜਿਸ ਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਤੇ ਜੈ ਸਿੰਘ ਸਨ। ਖੱਬੇ ਹੱਥ ਵੱਲ ਹਰੀ ਸਿੰਘ ਭੰਗੀ ਗੁਲਾਬ ਸਿੰਘ, ਗੁੱਜਰ ਸਿੰਘ ਤੇ ਰਾਮ ਦਾਸ ਸਨ। ਇਸ ਤਰ੍ਹਾਂ ਚੜ੍ਹਤ ਸਿੰਘ ਬਲੋਚਾਂ ਦੇ ਖਾਨ ਦੇ ਸਾਹਮਣੇ ਸੀ ਤੇ ਬੜੀ ਫੂੰ ਫਾਂ ਕਰਦਾ ਸੀ, ਪਰ ਬਣਿਆ ਉਸ ਤੋਂ ਕੁਝ ਵੀ ਨਾ, ਉਹ ਦੂਰੋਂ ਹੀ ਬੰਦੂਕਾਂ ਚਲਾਉਂਦਾ ਰਿਹਾ। ਇਸੇ ਤਰ੍ਹਾਂ ਇਧਰੋਂ ਗਾਜ਼ੀ ਕਰਦੇ ਰਹੇ।

ਪਾਤਸ਼ਾਹ ਦਾ ਹੁਕਮ ਸੀ ਕਿ ਕੋਈ ਸਰਦਾਰ ਆਪਣਾ ਪੈਂਤੜਾ ਛੱਡ ਕੇ ਅੱਗੇ ਨਾ ਵਧੇ, ਇਸ ਲਈ ਬਲੋਚਾਂ ਦਾ ਖਾਨ ਸਿੱਖਾਂ ਉਤੇ ਹੱਲਾ ਨਹੀਂ ਕਰ ਸਕਦਾ ਸੀ। ਇਸ ਤਰ੍ਹਾਂ ਲੜਾਈ ਹੋ ਰਹੀ ਸੀ ਕਿ ਪਾਤਸ਼ਾਹ ਵੱਲੋਂ ਇਕ ਸਵਾਰ ਆਇਆ ਤੇ ਦੱਸਿਆ ਕਿ ਪਾਤਸ਼ਾਹ ਸਲਾਮਤ ਯਾਦ ਕਰਦੇ ਹਨ। ਜਦ ਖਾਨ ਪਾਤਸ਼ਾਹ ਪਾਸ ਪੁੱਜਾ ਤਾਂ ਉਨ੍ਹਾਂ ਕਹਿਆ "ਸੱਜੇ ਪਾਸੇ ਵੱਲ ਸਿੱਖਾਂ ਨੇ ਜ਼ੋਰ ਪਾ ਲਿਆ ਹੈ। ਇਸ ਪਾਸੇ ਦੇ ਗਾਜ਼ੀ ਹੱਲਾ ਕਰ ਕੇ ਸਿੱਖਾਂ ਮਗਰ ਜਾ ਪਏ ਤੇ ਦੂਰ ਨਿਕਲ ਗਏ, ਇਸ ਲਈ ਇਹ ਪਾਸਾ ਖਾਲੀ ਹੋ ਗਿਆ ਤੇ ਸਿੱਖ ਮੁੜ ਕੇ ਆ ਪਏ ਹਨ ਤੇ ਤੂੰ ਵੇਖਦਾ ਹੈਂ ਕਿ ਉਨ੍ਹਾਂ ਦਾ ਜ਼ੋਰ ਪੈ ਗਿਆ ਹੈ ਤੇ ਉਹ ਤਾਤਾਰੀ ਕਾਫਰਾਂ ਵਾਂਗ ਤੀਰਾਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਹਨ, ਕਦੇ ਸੱਜੇ ਪਾਸੇ ਵੱਲ ਹੱਲਾ ਕਰਦੇ ਹਨ ਕਦੇ ਖੱਬੇ ਪਾਸੇ ਵੱਲ, ਮੈਂ ਤਾਂ ਇਹਨਾਂ ਦੀ ਦਲੇਰੀ ਵੇਖ ਕੇ ਹੈਰਾਨ ਰਹਿ ਗਿਆ ਹਾਂ, ਤੂੰ ਇਸ ਪਾਸੇ ਵੱਲ ਜਾਹ ਤੇ ਠੱਲ੍ਹ ਪਾ, ਪਰ ਤੈਨੂੰ ਕਸਮ ਹੈ ਕਿ ਆਪਣੀ ਥਾਂ ਤੋਂ ਹਿੱਲ ਕੇ ਅੱਗੇ ਨਾ ਵਧੀਂ। ਵੈਰੀ ਆਪ ਤੇਰੇ ਪਾਸ ਆਵੇਗਾ, ਤੂੰ ਉਸ ਵੱਲ ਨਾ ਜਾਈਂ।"

ਖਾਂ ਆਪ ਤਾਂ ਕੁਝ ਸੈਨਾ ਲੈ ਕੇ ਉਧਰ ਚਲਿਆ ਗਿਆ ਅਤੇ ਆਪਣੇ ਸਰਦਾਰਾਂ ਵੱਲ ਅਖਵਾ ਘੱਲਿਆ ਕਿ ਆਪਣੇ ਆਪਣੇ ਪਾਸੇ ਦਾ ਧਿਆਨ ਰੱਖਣਾ। ਇਧਰ ਚੜ੍ਹਤ ਸਿੰਘ ਜਦ ਹੱਲਾ ਕਰ ਕੇ ਪਿਆ, ਇਨ੍ਹਾਂ ਸੂਰਮਿਆਂ ਨੇ ਐਸੀਆਂ ਬੰਦੂਕਾਂ ਚਲਾਈਆਂ ਤੇ ਤਲਵਾਰ ਵਾਹੀ ਕਿ ਵੈਰੀ ਪਿੱਛੇ ਹਟ ਜਾਂਦਾ ਰਿਹਾ। ਸਿੱਖਾਂ ਨੇ ਕਈ ਵਾਰ ਹੱਲੇ ਕੀਤੇ, ਪਰ ਗਾਜ਼ੀ ਬਲੋਚ ਪਹਾੜ ਵਾਂਗ ਆਪਣੀ ਥਾਂ ਉਤੇ ਕਾਇਮ ਰਹੇ। ਜਦ ਸਿੱਖਾਂ ਨੇ ਵੇਖਿਆ ਕਿ ਇਹ ਸੂਰਮੇ ਆਪਣੀ ਥਾਂ ਤੋਂ ਹਿਲਦੇ ਹੀ ਨਹੀਂ (ਇਸ ਤੋਂ ਅੱਗੇ ਅਸਲ ਸੈਂਚੀ ਵਿਚ ਇਕ ਪੱਤਰਾ ਗਵਾਚਾ ਹੋਇਆ ਸੀ, ਇਸ ਲਈ ਪਤਾ ਨਹੀਂ ਕਿ ਬਲੋਚਾਂ ਵਿਚ ਸ੍ਰ: ਚੜ੍ਹਤ ਸਿੰਘ ਨੇ ਕੀ ਕੁਝ ਕੀਤਾ ) *(ਕਰਮ ਸਿੰਘ)*।

ਬਲੋਚਾਂ ਦਾ ਖਾਨ ਕੁਝ ਸੈਨਾ ਲੈ ਕੇ ਸੱਜੇ ਪਾਸੇ ਵੱਲ ਗਿਆ ਸੀ, ਜਿਧਰ ਸਿੱਖਾਂ ਦਾ ਜ਼ੋਰ ਪੈ ਗਿਆ ਸੀ। ਇਸ ਨੇ ਜਾ ਕੇ ਖੂਬ ਲੜਾਈ ਕੀਤੀ ਤੇ ਸਿੱਖਾਂ ਨੂੰ ਭਜਾ ਦਿੱਤਾ। ਜਦ ਸਿੱਖ ਪਿੱਛੇ ਹਟੇ ਤਾਂ ਖਾਨ ਤੇ ਉਸ ਦੀ ਸੈਨਾ ਵੀ ਉਨ੍ਹਾਂ ਦੇ ਗਲ ਪੈ

SikhBookClub.com

ਗਈ। ਕੁਝ ਦੂਰ ਜਾ ਕੇ ਜਦ ਸਿੱਖਾਂ ਨੇ ਵੇਖਿਆ ਕਿ ਖਾਨ ਦੀ ਸੈਨਾ ਖਿੰਡ ਗਈ ਹੈ ਅਤੇ ਨਾਲ ਕੇਵਲ ਪੰਜਾਹ ਕੁ ਸਵਾਰ ਹੀ ਹਨ ਤਾਂ ਉਹ ਏਕਾ-ਏਕ ਮੁੜ ਪਏ ਤੇ ਖਾਨ ਨੂੰ ਚੁਤਰਫੋਂ ਘੇਰ ਲਿਆ। ਹੁਣ ਖਾਨ ਤੇ ਉਸ ਦੇ ਸਾਥੀ ਘੋੜਿਆਂ ਤੋਂ ਹੇਠਾਂ ਉਤਰ ਕੇ ਖੜ੍ਹੋ ਗਏ ਤੇ ਲੱਗੇ ਸਿੱਖਾਂ ਦਾ ਟਾਕਰਾ ਕਰਨ। ਸਿੱਖਾਂ ਬਥੇਰਾ ਜ਼ੋਰ ਲਾਇਆ, ਪਰ ਇਹ ਪਹਾੜ ਵਾਂਗ ਡਟੇ ਰਹੇ ਤੇ ਰਤਾ ਨਾ ਹਿੱਲੇ। ਕੁਝ ਸਿੱਖ ਮੋਏ, ਕੁਝ ਇਧਰੋਂ ਵੀ ਮੋਏ ਤੇ ਪੇਸ਼ੀ ਦੀ ਨਮਾਜ਼ ਦੇ ਵੇਲੇ ਤੋਂ ਲੈ ਕੇ ਮਗਰਬ ਨਮਾਜ਼ ਦੇ ਵੇਲੇ ਤੀਕ ਲੜਾਈ ਹੁੰਦੀ ਰਹੀ। ਤਦੋਂ ਤੀਕ ਸਿੱਖ ਖਿੰਡ-ਪੁੰਡ ਗਏ ਤੇ ਖਾਨ ਲਸ਼ਕਰ ਵੱਲ ਵਾਪਸ ਹੋ ਗਿਆ।

ਅਜੇ ਲਸ਼ਕਰ ਪਾਸ ਪੁੱਜੇ ਹੀ ਸਨ ਕਿ ਸਿੱਖਾਂ ਦੀ ਇਕ ਹੋਰ ਸੈਨਾ ਆ ਪਈ। ਇਸ ਵੇਲੇ ਸਿੱਖ, ਪਾਤਸ਼ਾਹ ਤੇ ਬਲੋਚਾਂ ਦੇ ਖਾਨ ਦੇ ਵਿਚਕਾਰ ਆ ਗਏ ਸਨ। ਦੋਹਾਂ ਪਾਸਿਆਂ ਤੋਂ ਬੜੀ ਗਹਿਗਚ ਲੜਾਈ ਹੋਈ ਅਤੇ ਸੂਰਜ ਡੁੱਬੇ ਤੋਂ ਮਗਰੋਂ ਹਨੇਰਾ ਹੁੰਦੇ ਤੀਕ ਲੜਾਈ ਹੁੰਦੀ ਰਹੀ। ਅੰਤ ਨੂੰ ਸਿੱਖ ਮੁੜ ਗਏ ਤੇ ਗਾਜ਼ੀ ਆਪੋ ਆਪਣੇ ਡੇਰੇ ਆ ਗਏ।

ਅੱਜ ਦੀ ਲੜਾਈ ਵਿਚ ਗਾਜ਼ੀਆਂ ਨੇ ਪੰਜ ਸੌ ਸਿੱਖਾਂ ਦੇ ਸਿਰ ਵੱਢੇ ਸਨ। ਵੱਢੇ ਸਿਰਾਂ ਦੀ ਗਿਣਤੀ ਦਫ਼ਤਰ ਵਿਚ ਲਿਖੀ ਗਈ। ਪਤਾ ਲੱਗਾ ਕਿ ਬਲੋਚਾਂ ਨੇ ਸਵਾ ਸੌ ਸਿੱਖਾਂ ਦਾ ਸਿਰ ਵੱਢਿਆ ਸੀ। ਪਤਾ ਨਹੀਂ ਗਾਜ਼ੀਆਂ ਦੀ ਬੰਦੂਕ ਤੇ ਤਲਵਾਰ ਨਾਲ ਕਿਤਨੇ ਕੁ ਸਿੱਖ ਜ਼ਖ਼ਮੀ ਹੋਏ ਹੋਣਗੇ।

ਨੋਟ:- "ਭਾਵੇਂ ਨੂਰ ਮੁਹੰਮਦ ਨੂੰ ਸਾਰੇ ਸਿੱਖ ਸਰਦਾਰਾਂ ਦਾ ਤਾਂ ਪਤਾ ਨਹੀਂ, ਪਰ ਉਹ ਮੋਟੇ ਮੋਟੇ ਜਥੇਦਾਰਾਂ ਦਾ ਨਾਮ ਲਿਖਦਾ ਹੈ। ਸੈਨਾ ਦੇ ਵਿਚਕਾਰ ਉਹੋ ਖੜ੍ਹੋਇਆ ਕਰਦਾ ਸੀ, ਜੋ ਸਭ ਤੋਂ ਵੱਡਾ ਹੋਵੇ ਤੇ ਸਾਰੀ ਸੈਨਾ ਜਿਸ ਦੇ ਤਾਬੇ ਹੋਵੇ। ਨੂਰ ਮੁਹੰਮਦ ਦੇ ਕਥਨ ਅਨੁਸਾਰ ਉਹ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਸਨ। ਇਨ੍ਹਾਂ ਦੇ ਨਾਲ ਹੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੀ ਤੇ ਹੋਰ ਸਰਦਾਰ ਵੀ ਸਨ, ਜਿਨ੍ਹਾਂ ਦੇ ਨਾਮ ਨੂਰ ਮੁਹੰਮਦ ਸਾਨੂੰ ਨਹੀਂ ਦੱਸਦਾ।

ਖਾਲਸਈ ਸੈਨਾ ਦੇ ਸੱਜੇ ਪਾਸੇ ਵੱਲ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਸੀ ਅਤੇ ਆਪ ਦੇ ਨਾਲ ਸਰਦਾਰ ਝੰਡਾ ਸਿੰਘ ਭੰਗੀ, ਸਰਦਾਰ ਲਹਿਣਾ ਸਿੰਘ ਭੰਗੀ ਤੇ ਸਰਦਾਰ ਜੈ ਸਿੰਘ ਘਨੱਯਾ ਸਨ। ਖੱਬੇ ਪਾਸੇ ਵੱਲ ਸਰਦਾਰ ਹਰੀ ਸਿੰਘ ਭੰਗੀ ਸੀ, ਜਿਸ ਦੇ ਨਾਲ ਸਰਦਾਰ ਗੁਲਾਬ ਸਿੰਘ ਭੰਗੀ, ਸਰਦਾਰ ਗੁੱਜਰ ਸਿੰਘ ਭੰਗੀ ਤੇ ਰਾਮਦਾਸ ਸਨ। ਪਤਾ ਨਹੀਂ ਲੱਗ ਸਕਿਆ ਕਿ ਇਹ ਰਾਮਦਾਸ ਕੌਣ ਸੀ, ਅੰਤ ਕੋਈ ਤਕੜਾ ਜਥੇਦਾਰ ਹੀ ਹੋਵੇਗਾ ਨਹੀਂ ਤਾਂ ਨੂਰ ਮੁਹੰਮਦ ਨੂੰ ਕੀ ਪਤਾ ਲੱਗਣਾ ਸੀ ! ਸਾਡੇ ਇਤਿਹਾਸ ਦਾ ਇਹ ਹਾਲ ਹੈ ਕਿ ਸਾਨੂੰ ਆਪਣੇ ਵੱਡੇ ਵੱਡੇ ਜਥੇਦਾਰਾਂ ਦੇ ਨਾਮ ਦਾ ਵੀ ਪਤਾ ਨਹੀਂ, ਹੋਰ ਹਾਲਾਂ ਦੀ ਤਾਂ ਕਿਹੜੀ ਗੱਲ ਹੈ !

SikhBookClub.com

ਨੂਰ ਮੁਹੰਮਦ ਦੇ ਕਥਨ ਤੋਂ ਪਤਾ ਲੱਗਦਾ ਹੈ ਕਿ ਸੈਨਾ ਵਿਚ 'ਬੁੱਢਾ ਦਲ' ਸ਼ਾਮਲ ਨਹੀਂ ਸੀ। ਇਹ ਸਾਰੀ ਸੈਨਾ 'ਤਰੁਨਾ' ਦਲ ਦੀ ਹੀ ਸੀ। ਮਲੂਮ ਅਜਿਹਾ ਹੁੰਦਾ ਹੈ ਕਿ 'ਬੁੱਢਾ ਦਲ' ਦਿੱਲੀ ਵੱਲ ਹੀ ਰਹਿ ਗਿਆ ਹੋਵੇਗਾ, ਜਾਂ ਜੇਕਰ ਪੰਜਾਬ ਵੱਲ ਆਇਆ ਹੋਵੇਗਾ ਤਾਂ ਸਾਰਾ ਬੁੱਢਾ ਦਲ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਹੀ ਹੋਵੇਗਾ। ਕੁਝ ਵੀ ਹੋਵੇ, ਨੂਰ ਮੁਹੰਮਦ ਦੇ ਕਥਨ ਤੋਂ ਇਹ ਸਾਫ ਸਿੱਧ ਹੈ ਕਿ ਉਸ ਸਮੇਂ ਸਾਰੀਆਂ ਮਿਸਲਾਂ ਨਾਲੋਂ ਭੰਗੀਆਂ ਦੀ ਮਿਸਲ ਦਾ ਬਹੁਤਾ ਜ਼ੋਰ ਸੀ। ਬਹੁਤੇ ਜਥੇਦਾਰ ਭੰਗੀਆਂ ਦੀ ਮਿਸਲ ਦੇ ਹੀ ਸਨ ਅਤੇ ਜੇਕਰ ਰਤਾ ਕੁ ਗਹੁ ਨਾਲ ਵੇਖਿਆ ਜਾਵੇ ਤਾਂ ਪਤਾ ਲੱਗ ਜਾਵੇਗਾ ਕਿ ਜਿਤਨੇ ਸੂਰਮੇ ਤੇ ਸਿਰਲੱਥ ਖਾਲਸੇ ਭੰਗੀਆਂ ਦੀ ਮਿਸਲ ਨੇ ਪੈਦਾ ਕੀਤੇ ਹਨ, ਉਤਨੇ ਹੋਰ ਬਾਕੀਆਂ ਸਾਰੀਆਂ ਮਿਸਲਾਂ ਵਿਚ ਨਹੀਂ ਹੋਏ ਅਤੇ ਜਿਤਨਾ ਇਲਾਕਾ ਭੰਗੀਆਂ ਦੀ ਇਕੱਲੀ ਮਿਸਲ ਪਾਸ ਸੀ, ਉਤਨਾ ਹੋਰ ਸਾਰੀਆਂ ਮਿਸਲਾਂ ਪਾਸ ਹੋਵੇਗਾ।

ਸਾਡੇ ਇਤਿਹਾਸਕਾਰਾਂ ਨੇ ਭੰਗੀ ਮਿਸਲ ਦੇ ਵਧਣ ਫੁੱਲਣ ਵੱਲ ਬਹੁਤ ਘੱਟ ਧਿਆਨ ਦਿੱਤਾ ਹੈ ਇਸ ਕਰ ਕੇ ਉਹ 'ਪੰਥ' ਦੀ ਪਹਿਲੀ ਅਵਸਥਾ ਨੂੰ ਠੀਕ ਨਹੀਂ ਸਮਝ ਸਕੇ। ਜਿਸ ਤਰ੍ਹਾਂ ਸ੍ਰ: ਕਪੂਰ ਸਿੰਘ ਜੀ 'ਬੁੱਢਾ ਦਲ' ਦੇ ਮੋਢੀ ਸਨ, ਇਸੇ ਤਰ੍ਹਾਂ ਸ੍ਰ: ਭੰਮਾ ਸਿੰਘ ਜੀ ਤਰੁਨਾ ਦਲ ਦੇ ਮੋਢੀ ਸਨ। ਭੰਮਾ ਸਿੰਘ ਦੀ ਮਿਸਲ ਜਾਂ ਭੰਗੀਆਂ ਦੀ ਮਿਸਲ ਰਾਠਾਂ ਦਾ ਸੋਮਾ ਸੀ ਤੇ ਕਪੂਰ ਸਿੰਘ ਜੀ ਭੁਜੰਗੀਆਂ ਦਾ ਸੋਮਾ ਸਨ। ਸ੍ਰ: ਚੜ੍ਹਤ ਸਿੰਘ ਜੀ ਪਹਿਲਾਂ ਭੰਗੀਆਂ ਨਾਲ ਹੀ ਸਨ ਪਰ ਫਿਰ ਤਕੜੇ ਹੋ ਕੇ ਆਪਣੀ ਅੱਡ ਮਿਸਲ ਬਣਾ ਬੈਠੇ। ਇਲਾਕੇ ਦੀਆਂ ਵੰਡਾਂ ਤੋਂ ਸਾਫ ਪਿਆ ਦਿੱਸਦਾ ਹੈ ਕਿ ਸ੍ਰ: ਚੜ੍ਹਤ ਸਿੰਘ ਜੀ ਭੰਗੀਆਂ ਦੀ ਵੰਡ ਵਿਚੋਂ ਹਿੱਸਾ ਲੈ ਰਹੇ ਹਨ। ਜੰਮੂ ਤੋਂ ਲੈ ਕੇ ਮੁਲਤਾਨ ਤੀਕ ਭੰਗੀਆਂ ਦਾ ਇਲਾਕਾ ਸੀ। ਰਿਆੜਕੀ ਵਿਚ ਘਨੱਈਏ ਤੇ ਰਾਮਗੜ੍ਹੀਏ ਸਨ ਤੇ ਨੱਕੇ ਵਿਚ ਨਕਈ, ਦੁਆਬੇ ਵਿਚ ਤੇ ਪਵਾਧ ਮੈਨ ਦੁਆਬ ਵਿਚ 'ਬੁੱਢੇ ਦਲ' ਦਾ ਕਬਜ਼ਾ ਸੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਜਿਤਨਾ ਇਲਾਕਾ ਬਣਾਇਆ ਸੀ, ਇਹ ਸਭ ਭੰਗੀਆਂ ਨੂੰ ਮਾਰ ਕੇ ਹੀ ਬਣਾਇਆ ਸੀ।

ਕੁਝ ਵੀ ਹੋਵੇ, 'ਬੁੱਢਾ ਦਲ' ਦੀਆਂ ਪੰਜ ਮਿਸਲਾਂ ਵਿਚੋਂ ਨੂਰ ਮੁਹੰਮਦ ਕੇਵਲ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦਾ ਹੀ ਨਾਮ ਲੈਂਦਾ ਹੈ ਅਤੇ ਘੱਨਈਆਂ ਰਾਮਗੜ੍ਹੀਆਂ ਤੋਂ ਛੁੱਟ ਹੋਰ ਜਿਤਨੇ ਜਥੇਦਾਰ ਹਨ, ਸਾਰੇ ਭੰਗੀ ਹੀ ਹਨ।

ਨੂਰ ਮੁਹੰਮਦ ਨੇ ਇਤਨਾ ਤਾਂ ਦੱਸਿਆ ਹੈ ਕਿ ਇਸ ਲੜਾਈ ਵਿਚ ਪੰਜ ਸੌ ਖਾਲਸੇ ਦਾ ਸੀਸ ਲੱਗਾ ਹੈ, ਪਰ ਇਹ ਨਹੀਂ ਦੱਸਿਆ ਕਿ ਤੁਰਕਾਨੀ ਸੈਨਾ ਕਿਤਨੇ ਕੁ ਮੋਏ ? ਅੱਗੇ ਚਲ ਕੇ ਜਦ ਝਨਾਂ ਦਰਿਆ ਵਿਚ ਬਹੁਤ ਸਾਰੇ ਆਦਮੀ ਡੁੱਬ ਮੋਏ ਤਾਂ ਨੂਰ ਮੁਹੰਮਦ ਤ੍ਰਾਹ ਤ੍ਰਾਹ ਕਰ ਉਠਦਾ ਹੈ ਅਤੇ ਦੱਸਦਾ ਹੈ ਕਿ ਐਤਨਾ ਨੁਕਸਾਨ ਤਾਂ ਸਿੱਖਾਂ ਹੱਥੋਂ ਵੀ ਨਹੀਂ ਹੋਇਆ ਸੀ, ਜਿਤਨਾ ਕਿ ਝਨਾਂ ਦਰਿਆ ਨੇ

SikhBookClub.com

ਕੀਤਾ ਹੈ। ਇਸ ਤੋਂ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਖਾਲਸਾ ਜੀ ਹੱਥੋਂ ਕੁੱਝ ਘੱਟ ਗਾਜ਼ੀ ਨਹੀਂ ਮੋਏ ਹੋਣੇ।

ਅਹਿਮਦ ਸ਼ਾਹ ਅਬਦਾਲੀ ਦੇ ਸੱਜੇ ਹੱਥ ਵੱਲ ਸ਼ਾਹ ਵਲੀ ਖਾਂ ਵਜ਼ੀਰ, ਸਰਦਾਰ ਜਹਾਨ ਖਾਂ ਤੇ ਸ਼ਾਹ ਪਸੰਦ ਖਾਂ ਆਦਿ ਉਹ ਸੂਰਮੇ ਸਨ, ਜਿਨ੍ਹਾਂ ਵਿਚੋਂ ਇਕ ਇਕ ਨੇ ਪਾਣੀਪਤ ਦੀ ਲੜਾਈ ਸਮੇਂ ਮਰਹੱਟਿਆਂ ਦੇ ਤੁਮਣਾਂ ਦੇ ਤੁਮਣਾਂ ਨੂੰ ਅੱਗੇ ਲਾ ਲਿਆ ਸੀ। ਪਰ ਇਸ ਸਮੇਂ ਉਹ ਸਾਰੇ ਹੀ ਰਲ ਕੇ ਸ੍ਰ: ਹਰੀ ਸਿੰਘ ਭੰਗੀ ਦੇ ਹੱਲੇ ਨੂੰ ਨਹੀਂ ਰੋਕ ਸਕੇ ਅਤੇ ਅਹਿਮਦ ਸ਼ਾਹ ਨੂੰ ਲਚਾਰ ਹੋ ਕੇ ਉਨ੍ਹਾਂ ਦੀ ਸਹਾਇਤਾ ਲਈ ਨਸੀਰ ਖਾਂ ਬਲੋਚ ਨੂੰ ਘੱਲਣਾ ਪਿਆ ਸੀ। ਇਤਨਾ ਹੋਣ, ਪਰ ਵੀ ਸਾਰਾ ਦਿਨ ਗਹਿਗੱਚ ਲੜਾਈ ਕਰਕੇ ਥੱਕ ਟੁੱਟ ਕੇ ਤੀਜੇ ਪਹਿਰੇ ਖਾਲਸਾ ਜੀ ਅਹਿਮਦ ਸ਼ਾਹ ਤੇ ਉਸ ਦੇ ਸੱਜੇ ਹੱਥ ਦੀ ਸੈਨਾ ਵਿਚਕਾਰ ਆ ਵੜਦੇ ਸਨ ਅਤੇ ਡੂੰਘਾ ਹਨੇਰਾ ਹੋ ਜਾਣ ਤੀਕ ਘਮਸਾਣ ਮਚਾਈ ਰੱਖਦੇ ਸਨ। ਇਹ ਹੱਲਾ ਸ੍ਰ: ਹਰੀ ਸਿੰਘ ਭੰਗੀ ਦਾ ਸੀ। ਜੇ ਇਸ ਸਮੇਂ ਅਹਿਮਦ ਸ਼ਾਹ ਵਿਚ ਕੁਝ ਜਾਨ ਹੁੰਦੀ ਤਾਂ ਉਹ ਖਾਲਸਾ ਜੀ ਨੂੰ ਇਉਂ ਪੀਹ ਸੁੱਟਦਾ ਜੀਕੂੰ ਚੱਕੀ ਦੇ ਦੋਹਾਂ ਪੁੜਾਂ ਵਿਚ ਦਾਣੇ ਪੀਠੇ ਜਾਂਦੇ ਹਨ ! ਪਰ ਨੂਰ ਅਹਿਮਦ ਦੱਸਦਾ ਹੈ ਕਿ ਸੂਰਜ ਡੁੱਬਣ ਤੋਂ ਮਗਰੋਂ ਵੀ 'ਇਸ਼ਾ' ਤੀਕ ਲੜਾਈ ਹੁੰਦੀ ਰਹੀ ਅਤੇ ਸਵੇਰ ਤੋਂ ਇਸ਼ਾ ਤੀਕ ਅਹਿਮਦ ਸ਼ਾਹ ਆਪਣੀ ਸਾਰੀ ਸੈਨਾ ਵਿਚ ਚੱਕਰ ਲਾਉਂਦਾ ਅਤੇ ਹਰ ਸਰਦਾਰ ਦਾ ਹੌਂਸਲਾ ਵਧਾਉਂਦਾ ਰਿਹਾ ਤੇ ਹਰ ਇਕ ਨੂੰ ਤਾਕੀਦ ਕਰਦਾ ਰਿਹਾ ਕਿ ਆਪਣੇ ਪੈਂਤੜੇ ਤੋਂ ਅੱਗੇ ਨਾ ਵਧਣਾ। ਵੈਰੀ ਆਪ ਤੁਹਾਡੀ ਮਾਰ ਹੇਠ ਆਵੇਗਾ। ਇਸ ਤੋਂ ਸਿੱਧ ਹੈ ਅਹਿਮਦ ਸ਼ਾਹ ਆਪਣਾ ਬਚਾਉ ਕਰੀ ਜਾਂਦਾ ਸੀ ਤੇ ਖਾਲਸਾ ਜੀ ਉਸ ਉੱਤੇ ਹੱਲੇ ਕਰ ਰਹੇ ਸਨ। ਅਹਿਮਦ ਸ਼ਾਹ ਨੂੰ ਅਰਮਾਨ ਸੀ ਕਿ ਸਿੰਘ ਮੈਨੂੰ ਟੱਕਰਦੇ ਹੀ ਨਹੀਂ ਪਰ ਹੁਣ ਜਦੋਂ ਸਿੰਘ ਟੱਕਰੇ ਹਨ ਤਾਂ ਉਹ ਆਪਣੇ ਮੋਰਚੇ ਤੋਂ ਬਾਹਰ ਨਿਕਲਦਾ ਹੀ ਨਹੀਂ। ਸਿੰਘ ਹਰ ਪਾਸਿਓਂ ਟੁੱਟ ਟੁੱਟ ਕੇ ਉਸ ਦੀ ਸੈਨਾ ਉਤੇ ਆ ਆ ਪੈਂਦੇ ਹਨ ਅਤੇ ਉਸ ਦੇ ਸੱਜੇ ਪਾਸੇ ਨੂੰ ਖੇਰੂੰ ਖੇਰੂੰ ਵੀ ਕਰ ਦੇਂਦੇ ਹਨ। ਪਰ ਸਾਰੇ ਦਿਨ ਦੀ ਲੜਾਈ ਵਿਚ ਇਹ ਤੀਹ ਹਜ਼ਾਰ ਗਾਜ਼ੀ ਕੇਵਲ ਪੰਜ ਸੌ ਸਿੰਘਾਂ ਨੂੰ ਹੀ ਸ਼ਹੀਦ ਕਰ ਸਕੇ ਹਨ ਅਤੇ ਇਸ ਨੂੰ ਆਪਣੀ ਜਿੱਤ ਸਮਝਦੇ ਹਨ।

ਨੂਰ ਮੁਹੰਮਦ ਤੁਰਕਾਨੀ ਸੈਨਾ ਦੀ ਬੇਬਸੀ ਤੇ ਖਾਲਸਈ ਸੈਨਾ ਦੇ ਵਧ ਵਧ ਕੇ ਹੱਥ ਮਾਰਨ ਉਤੇ ਬਥੇਰੇ ਪੜਦੇ ਪਾਉਂਦਾ ਹੈ। ਪਰ ਸੱਚ ਉੱਤੇ ਪੜਦਾ ਪੈ ਨਹੀਂ ਸਕਦਾ, ਸੋ ਲਾਚਾਰ ਹੋ ਕੇ ਉਹ ਇਕ ਪੂਰੇ ਅਧਿਆਇ ਵਿਚ ਖਾਲਸਾ ਜੀ ਦੀ ਉਸਤਤ ਵੀ ਕਰਦਾ ਹੈ ਤੇ ਦੱਸਦਾ ਹੈ ਕਿ ਇਹ ਦੀਨ ਦਾ ਵੈਰੀ ਕਿਸ ਪ੍ਰਕਾਰ ਦਾ ਵੈਰੀ ਹੈ ? ਉਹ ਇਸ ਪ੍ਰਕਾਰ ਲਿਖਦਾ ਹੈ:-

SikhBookClub.com

## 'ਧਰਮ ਯੁੱਧ ਸਮੇਂ ਸਗਾਂ ਦੀ ਮਰਦਾਨਗੀ ਦੇ ਬਿਆਨ ਵਿਚ'–

"ਸਿੰਘਾਂ ਨੂੰ ਸਗਾਂ ਨਾ ਕਹਿ, ਉਹ ਸ਼ੇਰ ਹਨ, ਉਹ ਮਰਦਾਂ ਦੇ ਮਰਦਾਨੇ ਸ਼ੇਰਾਂ ਵਾਂਗ ਦਲੇਰ ਹਨ। ਭਲਾ ਕੋਈ ਰਣ ਦਾ ਸੂਰਮਾ, ਜੋ ਲੜਾਈ ਵਿਚ ਸ਼ੀਂਹ ਵਾਂਗ ਬੁੱਕੇ, ਕਦੇ ਸਗ ਹੋ ਸਕਦਾ ਹੈ? ਜੇਕਰ ਤੈਨੂੰ ਲੜਾਈ ਦਾ ਕਸਬ ਸਿੱਖਣ ਦੀ ਚਾਹ ਹੈ ਤਾਂ ਰਣਭੂਮੀ ਵਿਚ ਇਹਨਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਐਸੇ ਐਸੇ ਢੰਗ ਸਿਖਾਉਣਗੇ ਕਿ ਸਾਰੇ ਪਏ ਵਾਹ ਵਾਹ ਕਰਨਗੇ। ਹੇ ਤਲਵਾਰੀਏ, ਜੇਕਰ ਤੈਨੂੰ ਜੰਗ ਦਾ ਹੁਨਰ ਸਿੱਖਣ ਦੀ ਚਾਹ ਹੈ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਸ ਤਰ੍ਹਾਂ ਮਰਦਾਂ ਵਾਂਗ ਵੈਰੀ ਦੇ ਸਾਹਮਣੇ ਹੋਣਾ ਚਾਹੀਦਾ ਹੈ ਤੇ ਕਿਸ ਤਰ੍ਹਾਂ ਲੜਾਈ ਵਿਚੋਂ ਆਪਣੇ ਆਪ ਨੂੰ ਸਾਫ ਬਚਾ ਲਿਜਾਣਾ ਚਾਹੀਦਾ ਹੈ। ਇਨ੍ਹਾਂ ਦਾ ਲਕਬ ਸਿੰਘ ਹੈ। ਇਹ ਨਿਆਉਂ ਦੀ ਗੱਲ ਨਹੀਂ ਕਿ ਇਹਨਾਂ ਨੂੰ ਸਗ ਕਹਿਆ ਜਾਵੇ। ਹਿੰਦ ਦੀ ਬੋਲੀ ਵਿਚ ਸਿੰਘ ਨੂੰ ਸ਼ੇਰ ਕਹਿੰਦੇ ਹਨ ਅਤੇ ਲੜਾਈ ਦੇ ਸਮੇਂ ਤਾਂ ਇਹ ਸੱਚਮੁੱਚ ਹੀ ਸ਼ੇਰ ਹਨ ਤੇ ਮੌਜ ਮੇਲੇ ਦੇ ਸਮੇਂ ਹਾਤਮ ਨੂੰ ਵੀ ਪਿੱਛੇ ਸੁੱਟ ਜਾਂਦੇ ਹਨ।

"ਜਦ ਇਹ ਹੱਥ ਵਿਚ ਤਲਵਾਰ ਫੜਦੇ ਹਨ ਤਾਂ ਸਿੰਧ ਤੀਕ ਮਾਰੋ ਮਾਰ ਕਰਦੇ ਚਲੇ ਜਾਂਦੇ ਹਨ। ਕੋਈ ਅਦਾਮੀ ਇਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿੱਡਾ ਹੀ ਜਰਵਾਣਾ ਕਿਉਂ ਨਾ ਹੋਵੇ ! ਜਦ ਇਹ ਹੱਥ ਵਿਚ ਨੇਜ਼ਾ ਫੜਦੇ ਹਨ ਤਾਂ ਵੈਰੀ ਦੀ ਸੈਨਾ ਵਿਚ ਭਾਂਜ ਪਾ ਦੇਂਦੇ ਹਨ। ਜਦ ਉਹ ਨੇਜ਼ੇ ਦੀ ਅਣੀ ਉਤਾਹਾਂ ਨੂੰ ਚੁੱਕਦੇ ਹਨ ਤਾਂ ਅੱਗੇ ਭਾਵੇਂ ਕੋਹ-ਕਾਫ ਹੋਵੇ, ਇਹ ਉਸ ਨੂੰ ਵੀ ਲੀਰਾਂ ਕਰ ਦੇਂਦੇ ਹਨ। ਜਦ ਇਹ ਕਮਾਨ ਦਾ ਚਿਲ੍ਹਾ ਚਾੜ੍ਹਦੇ ਹਨ ਤੇ ਉਸ ਵਿਚ ਵੈਰੀ ਦੀ ਜਾਨ ਲੈਣ ਵਾਲਾ ਤੀਰ ਰੱਖਦੇ ਹਨ ਤੇ ਫਿਰ ਚਿਲ੍ਹੇ ਖਿੱਚ ਕੇ ਕੰਨ ਤੀਕ ਲੈ ਜਾਂਦੇ ਹਨ ਤਾਂ ਵੈਰੀ ਦਾ ਸਰੀਰ ਥਰ ਥਰ ਕੰਬਣ ਲੱਗ ਪੈਂਦਾ ਹੈ। ਜਦ ਇਹਨਾਂ ਦਾ ਤਬਰ ਚਿਲ੍ਹਤ* ਉਤੇ ਪੈਂਦਾ ਹੈ ਤਾਂ ਵੈਰੀ ਲਈ ਉਹ ਚਿਲ੍ਹਤ ਹੀ ਖੱਫਣ ਬਣ ਜਾਂਦਾ ਹੈ।

"ਇਹਨਾਂ ਦਾ ਸਰੀਰ ਵੇਖੋ ਤਾਂ ਹਰ ਇਕ ਪਾਸਿਓਂ ਇਉਂ ਜਾਪਦਾ ਹੈ ਜੀਕੂੰ ਕਿਸੇ ਪਹਾੜੀ ਦਾ ਟਿੱਲਾ ਅਤੇ ਡੀਲ ਡੌਲ ਵਿਚ ਇਕ ਇਕ ਜਣਾ ਪੰਜਾਹ ਮਰਦਾਂ ਤੋਂ ਵਧੀਕ ਹੈ। ਕਹਿੰਦੇ ਹਨ ਕਿ ਬਹਿਰਾਮ ਗੋਰ, ਗੌਰਾਂ ਦਾ ਸ਼ਿਕਾਰ ਕਰਦਾ ਸੀ ਤੇ ਸ਼ੇਰਾਂ ਦੀਆਂ ਚੀਕਾਂ ਕੱਢ ਦੇਂਦਾ ਸੀ। ਪਰ ਜੇਕਰ ਬਹਿਰਾਮ ਗੋਰ ਇਹਨਾਂ ਦੇ ਸਾਹਮਣੇ ਆ ਜਾਵੇ ਤਾਂ ਉਹ ਵੀ ਇਹਨਾਂ ਅੱਗੇ ਸਿਰ ਨੀਵਾਂ ਕਰ ਦੇਵੇ !

"ਲੜਾਈ ਦੇ ਸਮੇਂ ਜਦ ਇਹ ਬੰਦੂਕ ਫੜਦੇ ਹਨ ਤਾਂ ਸ਼ੇਰਾਂ ਵਾਂਗ ਬੁੱਕਦੇ ਅਤੇ ਪੈਲਾਂ ਪਾਉਂਦੇ ਰਣਭੂਮੀ ਵਿਚ ਆਉਂਦੇ ਹੀ ਕਈਆਂ ਦੇ ਸੀਨੇ ਚੀਰ ਘੱਤਦੇ ਹਨ ਤੇ

---

*ਇਕ ਹਿਫਾਜ਼ਤੀ ਲਿਬਾਸ ਦੇਖੋ = ਮਹਾਨ ਕੋਸ਼, ੧੯੮੧, ਪੰਨਾ ੪੭੦*

SikhBookClub.com

ਕਈਆਂ ਦਾ ਲਹੂ ਮਿੱਟੀ ਵਿਚ ਮਿਲਾਉਂਦੇ ਹਨ। ਇਉਂ ਸਮਝੋ ਕਿ ਇਹ ਬੰਦੂਕ ਕਿਸੇ ਪਿਛਲੇ ਸਮੇਂ ਵਿਚ ਇਹਨਾਂ ਨੇ ਹੀ ਬਣਾਈ ਹੋਵੇਗੀ, ਲੁਕਮਾਨ ਨੇ ਨਹੀਂ ਬਣਾਈ ਹੋਣੀ। ਭਾਵੇਂ ਬੰਦੂਕਾਂ ਤਾਂ ਹਰ ਕਿਸੇ ਪਾਸ ਬਥੇਰੀਆਂ ਹਨ, ਪਰ ਇਹਨਾਂ ਨਾਲੋਂ ਵਧ ਕੇ ਇਸ ਦਾ ਜਾਨਣ ਵਾਲਾ ਕੋਈ ਨਹੀਂ। ਇਹ ਸੱਜੇ ਖੱਬੇ, ਅੱਗੇ ਪਿੱਛੇ ਲਗਾਤਾਰ ਗੋਲੀਆਂ ਦਾਗੀ ਜਾਂਦੇ ਹਨ। ਜੇਕਰ ਮੇਰੀ ਗੱਲ ਦਾ ਨਿਸਚਾ ਨਹੀਂ ਤਾਂ ਲੜਾਈ ਕਰਨ ਵਾਲਿਆਂ ਪਾਸੋਂ ਪੁੱਛ ਵੇਖ ਕਿ ਉਹ ਮੈਥੋਂ ਵੀ ਵਧ-ਵਧ ਕੇ ਦੱਸਣਗੇ ਤੇ ਉਹਨਾਂ ਦੇ ਜੁੱਧ ਦੇ ਢੰਗ ਨੂੰ ਚੰਗਾ ਆਖਣਗੇ। ਮੇਰੀ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ, ਜੋ ਲੜਾਈ ਵਿਚ ਇਹਨਾਂ ਨਾਲ ਲੜ ਚੁਕੇ ਹਨ।

"ਜੇਕਰ ਇਹ ਨੱਸ ਉੱਠਣ ਤਾਂ ਇਸ ਨੂੰ ਇਨ੍ਹਾਂ ਦੀ ਭਾਂਜ ਨਾ ਸਮਝ ਕਿ ਇਹ ਵੀ ਇਨ੍ਹਾਂ ਦੀ ਲੜਾਈ ਦਾ ਇਕ ਢੰਗ ਹੈ। ਵੇਖੀਂ ਇਹਨਾਂ ਦੀ ਇਸ ਫਾਹੀ ਤੋਂ ਬਚੀਂ। ਇਹ ਢੰਗ ਇਸ ਲਈ ਕੀਤਾ ਜਾਂਦਾ ਹੈ ਕਿ ਵੈਰੀ ਤਕੜਾ ਹੋ ਕੇ ਇਨ੍ਹਾਂ ਦੇ ਮਗਰ ਪੈਂਦਾ ਹੈ ਅਤੇ ਆਪਣੇ ਲਸ਼ਕਰ ਤੋਂ ਅੱਡ ਹੋ ਕੇ ਸਹਾਇਤਾ ਤੋਂ ਦੂਰ ਚਲਿਆ ਜਾਂਦਾ ਹੈ। ਤਦ ਇਹ ਪਿੱਛੇ ਮੁੜ ਪੈਂਦੇ ਹਨ ਅਤੇ ਫੇਰ ਪਾਣੀ ਵਿਚ ਵੀ ਅੱਗ ਲਾ ਦੇਂਦੇ ਹਨ। ਤੂੰ ਨਹੀਂ ਵੇਖਿਆ ਕਿ ਲੜਾਈ ਸਮੇਂ ਆਪਣੇ ਖਾਨ ਦੇ ਅੱਗੋਂ ਇਹ ਮਕਰ ਨਾਲ ਨੱਠ ਉਠੇ ਤੇ ਫੇਰ ਪਿੱਛੇ ਮੁੜ ਕੇ ਉਸ ਨੂੰ ਚੌਤਰਫੋਂ ਘੇਰ ਲਿਆ। ਤਦ ਉਹ ਸੂਰਮਾ ਘੋੜੇ ਤੋਂ ਉੱਤਰ ਕੇ ਪੈਦਲ ਹੋ ਗਿਆ ਤੇ ਤੀਰ ਤੇ ਗੋਲੀ ਨਾਲ ਲੜਾਈ ਕਰਨ ਲੱਗਾ ਅਤੇ ਆਪਣੀ ਬਹਾਦਰੀ ਨਾਲ ਉਨ੍ਹਾਂ ਦੇ ਵਿਚਕਾਰੋਂ ਬਚ ਕੇ ਨਿਕਲ ਆਇਆ।"

"ਐ ਸੂਰਮੇ! ਤੂੰ ਆਪ ਹੀ ਨਿਆਉਂ ਕਰ ਕਿ ਇਨ੍ਹਾਂ ਦੀ ਲੜਾਈ ਕੈਸੀ ਹੈ ਤੇ ਫੌਜ ਕੈਸੀ ਹੈ ! ਇਹਨਾਂ ਪਸ਼ੌਰ ਤੇ ਮੁਲਤਾਨ ਨੂੰ ਜਾ ਸੋਧਿਆ ਅਤੇ ਸ਼ਹਿਰ ਅੰਦਰ ਵੜ ਕੇ ਸ਼ਹਿਰ ਨੂੰ ਲੁੱਟ ਖਾਧਾ। ਇਹ ਉਥੋਂ ਬੜਾ ਮਾਲ ਲਿਆਏ ਹਨ। ਮੇਰਾ ਦਿਲ ਨਹੀਂ ਕਰਦਾ ਕਿ ਮੈਂ ਉਹ ਗੱਲਾਂ ਦੱਸਾਂ, ਜੋ ਇਨ੍ਹਾਂ ਨੇ ਉਥੇ ਕੀਤੀਆਂ ਹਨ। ਕਰਤਾਰ ਨੇ ਜਦ ਦੀ ਇਹ ਸ੍ਰਿਸ਼ਟੀ ਸਾਜੀ ਹੈ, ਤਦ ਤੋਂ ਲੈ ਕੇ ਅੱਜ ਤੀਕ ਕਿਸੇ ਨੇ ਮੁਲਤਾਨ ਦੀ ਬਾਬ ਐਸੀ ਨਹੀਂ ਕੀਤੀ ਸੀ, ਪਰ ਰੱਬ ਦੀ ਮਰਜ਼ੀ ਹੀ ਐਸੀ ਸੀ ! ਇਸ ਲਈ ਮੇਰੀ ਤੇਰੀ ਇਸ ਵਿਚ ਕੀ ਮਜਾਲ ਹੈ !

"ਇਨ੍ਹਾਂ ਦੀ ਲੜਾਈ ਤੋਂ ਵਧ ਕੇ ਇਕ ਹੋਰ ਗੱਲ ਵੀ ਸੁਣ, ਜਿਸ ਵਿਚ ਇਹ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਵਧੇ ਹੋਏ ਹਨ। ਇਹ ਨਾਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰੱਖ ਦੇਵੇ) ਕਦੇ ਵੀ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਿਆ ਲੁੱਟਦੇ ਹਨ, ਭਾਵੇਂ ਉਹ ਸਵਾਣੀ ਹੋਵੇ, ਭਾਵੇਂ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ। ਤ੍ਰੀਮਤ ਭਾਵੇਂ ਜਵਾਨ ਹੋਵੇ, ਭਾਵੇਂ ਬੁੱਢੀ ਇਹ ਉਸ ਨੂੰ ਬੁੱਢੀ ਹੀ ਆਖਦੇ ਹਨ।

SikhBookClub.com

ਹਿੰਦੀ ਵਿਚ 'ਬੁੱਢੀ' ਦੇ ਅਰਥ ਹਨ 'ਵੱਡੀ ਉਮਰ ਵਾਲੀ ਤ੍ਰੀਮਤ'। ਇਹ ਨਾ ਚੋਰੀ ਕਰਦੇ ਹਨ ਨਾ ਸੰਨ੍ਹ ਮਾਰਦੇ ਹਨ ਅਤੇ ਨਾ ਹੀ ਚੋਰ ਜਾਂ ਸੰਨ੍ਹ ਮਾਰਨ ਵਾਲੇ ਨੂੰ ਮਿੱਤਰ ਬਣਾਉਂਦੇ ਹਨ।"

## "ਸਿੱਖਾਂ ਦੀਆਂ ਮੱਲਾਂ ਦੇ ਬਿਆਨ ਵਿਚ"

"ਝੰਡਾ ਸਿੰਘ ਨੇ ਚੰਨੀਉਟ ਮੱਲੀ ਹੋਈ ਹੈ। ਚੱਠਿਆਂ ਦਾ ਤੇ ਝੰਗ ਦਾ ਸਾਰਾ ਇਲਾਕਾ ਹਰੀ ਸਿੰਘ ਭੰਗੀ ਪਾਸ ਹੈ। ਕਰਮ ਸਿੰਘ ਪਾਸ ਵੀਰ ਪਾਲਾੜਾ ਹੈ ਅਤੇ ਜੈ ਸਿੰਘ ਪਾਸ ਪੜੋਲ। ਜੱਸਾ ਸਿੰਘ ਕਲਾਲ ਪਾਸ ਕਲਾਨੌਰ ਹੈ ਤੇ ਦੁਆਬਾ ਵੀ ਇਸੇ ਪਾਸ ਹੈ। ਜਲੰਧਰ ਜੱਸਾ ਸਿੰਘ ਤਰਖਾਣ ਪਾਸ ਹੈ ਤੇ ਇਹ ਦੋਵੇਂ ਜਣੇ ਆਪੋ ਵਿਚ ਇੱਕ-ਮਿੱਕ ਹਨ। ਬਟਾਲੇ ਦਾ ਸਾਰਾ ਇਲਾਕਾ ਇਹ ਦੋਵੇਂ ਰਲ ਕੇ ਖਾਂਦੇ ਹਨ ਤੇ ਇਨ੍ਹਾਂ ਦਾ ਧੌਂਸਾ ਤੇ ਨਿਸ਼ਾਨ ਸਾਂਝਾ ਹੀ ਹੈ। ਗੁੱਜਰ ਸਿੰਘ ਤੇ ਲਹਿਣਾ ਸਿੰਘ ਵਣੀਏ ਕਿਆਂ ਨੂੰ ਖਾਂਦੇ ਹਨ ਤੇ ਆਪਣੀ ਸਾਰੀ ਆਮਦਨ ਉਥੇ ਲੈ ਜਾਂਦੇ ਹਨ। ਔਘੜ ਸਿੰਘ ਤੇ ਸਾਂਵਲ ਸਿੰਘ ਦਾ ਇਲਾਕਾ ਸੱਜਦਾਂ ਦੀ ਪਿੰਡੀ ਤੀਕ ਹੈ ਤੇ ਚਮਿਆਰੀ ਵੀ ਇਨ੍ਹਾਂ ਦੇ ਪਾਸ ਹੈ। ਸੂਬਾ ਸਿੰਘ ਤੇ ਵਸਾਵਾ ਸਿੰਘ ਦੋਵੇਂ ਇਕੱਠੇ ਹੀ ਹਨ ਤੇ ਅਦੀਨਾ ਨਗਰ ਇਨ੍ਹਾਂ ਦੇ ਹਿੱਸੇ ਹਨ ਅਤੇ ਇਨ੍ਹਾਂ ਦੋਹਾਂ ਦਾ ਇਲਾਕਾ ਦਰਿਆਉਂ ਪਾਰ ਏਮਨਾਬਾਦ ਤੀਕ ਪਿਆ ਹੈ। ਚੜ੍ਹਤ ਸਿੰਘ ਪਾਸ ਰੁਹਤਾਸ ਹੈ ਤੇ ਇਹ ਸ਼ਹਿਰ ਇਸੇ ਦਾ ਵਸਾਇਆ ਹੋਇਆ ਹੈ। ਨੱਥਾ ਸਿੰਘ ਪਾਸ ਦੀਪਾਲ ਪੁਰ ਹੈ ਤੇ ਇਸ ਨਾਲ ਕਰਮ ਸਿੰਘ ਤੇ ਜੱਸਾ ਸਿੰਘ ਦਾ ਭਰਾ ਹਿੱਸੇਦਾਰ ਹਨ।

ਇਨ੍ਹਾਂ ਤੋਂ ਬਿਨਾਂ ਹੋਰ ਅਨੇਕਾਂ ਵੱਡੇ ਵੱਡੇ ਸਿੰਘ ਹਨ, ਜਿਨ੍ਹਾਂ ਦੇ ਹੋਰ ਇਲਾਕੇ ਮੱਲੇ ਹੋਏ ਹਨ। ਸਰਹੰਦ ਤੋਂ ਲੈ ਕੇ ਲਾਹੌਰ ਤੇ ਮੁਲਤਾਨ ਬਲਕਿ ਡੇਰਿਆਂ ਤੀਕ ਸਭ ਇਨ੍ਹਾਂ ਦੇ ਹੀ ਮਾਤਿਹਤ ਹੈ। ਸਾਰਾ ਦੇਸ਼ ਇਨ੍ਹਾਂ ਨੇ ਆਪੋ ਵਿਚ ਵੰਡ ਲਿਆ ਹੋਇਆ ਹੈ ਤੇ ਆਪ ਹੀ ਖਾਂਦੇ ਹਨ ਤੇ ਕਿਸੀ ਦੀ ਰਤਾ ਪ੍ਰਵਾਹ ਨਹੀਂ ਕਰਦੇ। ਮੁਸਲਮਾਨਾਂ ਲਈ ਵਾਜਬ ਹੈ ਕਿ ਭਾਵੇਂ ਉਹ ਦੂਰ ਹੋਣ, ਭਾਵੇਂ ਨੇੜੇ, ਸਾਰੇ ਹੀ ਇਕੱਠੇ ਹੋ ਕੇ ਇਨ੍ਹਾਂ ਉਤੇ ਆ ਪੈਣ ਤੇ ਇਨ੍ਹਾਂ ਦੀ ਜੜ੍ਹ ਮੇਖ ਪੁੱਟ ਸੁੱਟਣ। ਹੇ ਰੱਬਾ! ਮੇਰੇ ਪਾਤਸ਼ਾਹ ਨੂੰ ਜਿੱਤ ਦੇਹ, ਜਿਹੜਾ ਨਬੀ ਦੀ ਖਾਤਰ ਤੇ ਲੋਕਾਂ ਦੇ ਭਲੇ ਖਾਤਰ ਜਤਨ ਕਰ ਰਿਹਾ ਹੈ ਕਿ ਉਹ ਸਿੱਖਾਂ ਦੀ ਜੜ੍ਹ ਪੁੱਟ ਦੇਵੇ ਤੇ ਇਹਨਾਂ ਦਾ ਨਾਮ ਧਰਤੀ ਤੋਂ ਉਡਾ ਦੇਵੇ।"

ਨੋਟ-ਨੂਰ ਮੁਹੰਮਦ ਨੇ ਖ਼ਾਲਸਾ ਜੀ ਦੀਆਂ ਗੱਲਾਂ ਸੰਬੰਧੀ ਕੁਝ ਕੁ ਭੁੱਲਾਂ ਕੀਤੀਆਂ ਹਨ, ਜੋ ਸੁਭਾਵਕ ਗੱਲ ਹੈ। ਇਸ ਨੇ ਲਿਖਿਆ ਹੈ ਕਿ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਤੇ ਸ੍ਰ: ਜੱਸਾ ਸਿੰਘ ਆਹਲੂਵਾਲੀਆ ਇਕੱਠੇ ਮਾਰਾਂ ਮਾਰਦੇ ਸਨ ਤੇ ਰਲ ਕੇ ਵਟਾਲੇ ਦਾ ਇਲਾਕਾ ਖਾਂਦੇ ਸਨ। ਇਹ ਗੱਲ ਠੀਕ ਨਹੀਂ। ਰਾਮਗੜ੍ਹੀਏ ਤੇ ਘਨੱਈਏ ਇਕੱਠੇ ਰਹਿੰਦੇ ਸਨ ਤੇ ਰਲ ਕੇ ਬਟਾਲੇ ਦਾ ਇਲਾਕਾ ਖਾਂਦੇ ਸਨ ਤੇ

SikhBookClub.com

ਇਹਨਾਂ ਦਾ ਧੌਂਸਾ ਤੇ ਨਿਸ਼ਾਨ ਸਾਂਝਾ ਸੀ। ਸਫਰ ਵਿਚ ਨੂਰ ਮੁਹੰਮਦ ਨੇ ਜੋ ਨੋਟ ਕੀਤੇ ਹੋਣਗੇ, ਘਰ ਜਾ ਕੇ ਉਹ ਠੀਕ ਨਹੀਂ ਵਾਚੇ ਹੋਣੇ, ਇਸ ਲਈ ਉਸ ਤੋਂ ਕੁਝ ਕੁ ਭੁੱਲਾਂ ਹੋ ਗਈਆਂ ਹਨ।

ਇਹ ਗੱਲ ਸਪੱਸ਼ਟ ਹੈ ਕਿ ਇਸ ਸਮੇਂ ਸੰਮਤ ੧੮੨੧ (੧੭੬੪ ਈ:) ਤੋਂ ਪਹਿਲਾਂ ਖ਼ਾਲਸਾ ਜੀ ਮੁਲਤਾਨ ਨੂੰ ਸਰ ਕਰ ਕੇ ਲੁੱਟ ਚੁਕੇ ਸਨ। ਸਾਰੇ ਇਤਿਹਾਸਾਂ ਵਿਚ ਇਹੋ ਮੰਨਿਆ ਹੈ ਕਿ ਮੁਲਤਾਨ ਨੂੰ ਸਭ ਤੋਂ ਪਹਿਲਾਂ ਸ੍ਰ: ਝੰਡਾ ਸਿੰਘ ਭੰਗੀ ਨੇ ਸੰਮਤ ੧੮੨੭ ਬਿ: ਵਿਚ ਮੱਲਿਆ। ਨੂਰ ਮੁਹੰਮਦ ਦੱਸਦਾ ਹੈ ਕਿ ਸੰਮਤ ੧੮੨੧ ਤੋਂ ਪਹਿਲਾਂ ਵੀ ਖ਼ਾਲਸਾ ਜੀ ਮੁਲਤਾਨ ਨੂੰ ਸਰ ਕਰ ਚੁਕੇ ਸਨ। ਮਾਲੂਮ ਹੁੰਦਾ ਹੈ ਕਿ ਸਰਹੰਦ ਮਾਰਨ ਤੋਂ ਮਗਰੋਂ ਸਰਦਾਰ ਹਰੀ ਸਿੰਘ ਭੰਗੀ ਤਰੁਨਾ ਦਲ ਨੂੰ ਲੈ ਕੇ ਮੁਲਤਾਨ ਵੱਲ ਵਧਿਆ ਹੋਵੇਗਾ ਅਤੇ ਮੁਲਤਾਨ ਨੂੰ ਸਰ ਕਰ ਕੇ ਫਿਰ ਡੇਰਿਆਂ ਦਾ ਇਲਾਕਾ ਜਾ ਉਗਰਾਹਿਆ ਹੋਵੇਗਾ। ਪਰ ਮੁਲਤਾਨ ਉਤੇ ਕਬਜ਼ਾ ਨਹੀਂ ਕੀਤਾ ਹੋਵੇਗਾ। ਹੋ ਸਕਦਾ ਹੈ ਕਿ ਇਸ ਹੀ ਸਮੇਂ ਉਹ ਮੁਲਤਾਨੀ ਹਿੰਦੂ ਭੰਗੀਆਂ ਦੇ ਇਲਾਕੇ ਸ੍ਰੀ ਅੰਮ੍ਰਿਤਸਰ ਜੀ ਵਿਚ ਆ ਵਸੇ ਹੋਣ, ਜੋ ਮੁਲਤਾਨ ਦੀ ਮੁਸਲਮਾਨੀ ਹਕੂਮਤ ਤੋਂ ਨੱਕ ਜਿੰਦ ਆਏ ਹੋਏ ਸਨ।

SikhBookClub.com

# ੬

ਦੂਜੇ ਦਿਨ ਜਦ ਸੂਰਜ ਚੜ੍ਹਿਆ ਤਾਂ ਬਾਦਸ਼ਾਹ ਨੇ ਫੇਰ ਕੂਚ ਬੋਲ ਦਿੱਤਾ।[੧੫] ਅਜੇ ਦੋ ਤਿੰਨ ਕੋਹ ਹੀ ਗਏ ਸਨ ਕਿ ਅੱਗੋਂ ਕਾਲੇ ਮੂੰਹ ਵਾਲੇ ਕੁੱਤੇ ਆ ਪਏ ਤੇ ਇਨ੍ਹਾਂ ਪਾਤਸ਼ਾਹ ਨੂੰ ਅੱਗੋਂ ਤੇ ਸੱਜਿਓਂ-ਖੱਬਿਓਂ ਰੋਕ ਲਿਆ। ਅੱਜ ਇਨ੍ਹਾਂ ਨੇ ਆਪਣੀ ਸੈਨਾ ਨੂੰ ਕਲ੍ਹ ਨਾਲੋਂ ਵਟਾ ਦਿੱਤਾ ਸੀ, ਅਰਥਾਤ ਸੱਜੇ ਪਾਸੇ ਦੀ ਸੈਨਾ ਖੱਬੇ ਪਾਸੇ ਤੇ ਖੱਬੇ ਪਾਸੇ ਦੀ ਸੱਜੇ ਪਾਸੇ। ਇਸੇ ਤਰ੍ਹਾਂ ਮੁਹਰੈਲ ਸੈਨਾ ਬੰਨੀ ਹੋ ਗਈ ਤੇ ਬੰਨੇ ਵਾਲੇ ਮੁਹਰੈਲ ਬਣ ਗਏ ਸਨ।

ਪਾਤਸ਼ਾਹ ਆਪਣੀ ਸੈਨਾ ਵਿਚ ਥਾਂ ਥਾਂ ਚੱਕਰ ਲਾਉਂਦਾ ਫਿਰਦਾ ਸੀ ਤੇ ਹਰ ਇਕ ਸਰਦਾਰ ਨੂੰ ਹੌਸਲਾ ਦੇਂਦਾ ਸੀ। ਥੋੜ੍ਹਾ ਜਿਹਾ ਅੱਗੇ ਤੁਰ ਕੇ ਪਾਤਸ਼ਾਹ ਨੇ ਡੇਰਾ ਕਰ ਦਿੱਤਾ ਤੇ ਹੁਕਮ ਦਿੱਤਾ ਕਿ ਸਾਰੀ ਫੌਜ ਕਲ੍ਹ ਵਾਂਗ ਆਪੋ ਆਪਣੀ ਥਾਂ ਖੜ੍ਹੇ ਕੇ ਲੜਾਈ ਕਰੇ। ਪਾਤਸ਼ਾਹ ਆਪ ਹਰ ਇਕ ਸਰਦਾਰ ਪਾਸ ਗਿਆ ਤੇ ਕਹਿਆ ਕਿ ਆਪਣੀ ਥਾਂ ਤੋਂ ਹਿਲ ਕੇ ਅੱਗੇ ਨਹੀਂ ਵਧਣਾ। ਇਸੇ ਤਰ੍ਹਾਂ ਜਦ ਪਾਤਸ਼ਾਹ ਬਲੋਚਾਂ ਦੇ ਖਾਨ ਪਾਸ ਆਇਆ ਤਾਂ ਤਕੀਦ ਕੀਤੀ ਕਿ ਜਦ ਤੀਕ ਮੇਰਾ ਹੁਕਮ ਨਾ ਆਵੇ ਆਪਣੀ ਥਾਂ ਉਤੇ ਪਹਾੜ ਵਾਂਗ ਡਟੇ ਰਹਿਣਾ ਤੇ ਜਦ ਹੱਲੇ ਦਾ ਹੁਕਮ ਹੋਵੇ ਤਾਂ ਸਾਰੀ ਸੈਨਾ ਨੇ ਕਾਫਰਾਂ 'ਤੇ ਟੁੱਟ ਪੈਣਾ।

ਚੰਗਾ ਸਮਾਂ ਲੰਘ ਗਿਆ ਤਾਂ ਪਾਤਸ਼ਾਹ ਦਾ ਹੁਕਮ ਆਇਆ ਕਿ ਹੱਲਾ ਕਰੋ। ਸਾਰੀ ਸੈਨਾ ਟੁੱਟ ਕੇ ਜਾ ਪਈ ਤੇ ਵੈਰੀ ਅੱਗੇ ਅੱਗੇ ਨੱਸ ਤੁਰਿਆ। ਜਦ ਦੋ ਤਿੰਨ ਕੋਹ ਵਧ ਗਏ ਤਾਂ ਵੈਰੀ ਵਿਚੋਂ ਕੋਈ ਰਣਭੂਮੀ ਵਿਚ ਨਜ਼ਰ ਨਹੀਂ ਆਉਂਦਾ ਸੀ, ਇਸ ਲਈ ਸਾਰੇ ਗਾਜ਼ੀ ਪਿੱਛੇ ਨੂੰ ਮੁੜ ਪਏ ਤੇ ਇਨ੍ਹਾਂ ਦੇ ਮਗਰੇ ਮਗਰ ਸਿੱਖ ਵੀ ਆ ਗਏ ਜੋ ਕਮਲਿਆਂ ਵਾਂਗ ਪਿੱਛੇ ਖਿੰਡ-ਪੁੰਡ ਕੇ ਹੱਲੇ ਕਰਦੇ ਤੇ ਰਣਭੂਮੀ ਵਿਚ ਬਹਾਦਰੀ ਵਿਖਾਉਂਦੇ ਸਨ।

ਹੁਣ ਫੇਰ ਪਾਤਸ਼ਾਹ ਆਪਣੀ ਸੈਨਾ ਵਿਚ ਚੱਕਰ ਲਾਉਣ ਲੱਗ ਪਿਆ ਤੇ ਬਲੋਚਾਂ ਦੇ ਖਾਨ ਨੂੰ ਉਸ ਨੇ ਕਹਿਆ ਕਿ ਵੈਰੀ ਨੂੰ ਆਪਣੇ ਸਾਹਮਣੇ ਵੇਖ ਕੇ ਆਪਣੀ ਥਾਂ ਤੋਂ ਅੱਗੇ ਨਾ ਵਧਣਾ। ਇਹੋ ਤਕੀਦ ਹਰ ਇਕ ਸਰਦਾਰ ਨੂੰ ਕੀਤੀ ਗਈ। ਸਾਰਾ ਦਿਨ ਲੜਾਈ ਹੁੰਦੀ ਰਹੀ। ਜਦ ਸੂਰਜ ਡੁੱਬ ਗਿਆ ਤਾਂ ਆਪਣੀ ਆਦਤ ਅਨੁਸਾਰ ਸਿੱਖ ਮੈਦਾਨੋਂ ਪਿੱਛੇ ਹਟ ਗਏ। ਪਾਤਸ਼ਾਹ ਤੇ ਸਾਰੀ ਸੈਨਾ ਵੀ

---

੧੫ ਰਸਾਲਾ ਫੁਲਵਾੜੀ, ਨਵੰਬਰ ੧੯੨੯ ਈ:।

SikhBookClub.com

ਆਪੋ ਆਪਣੀ ਥਾਂ ਉਤੇ ਆ ਗਈ। ਅੱਜ ਵੀ ਤੀਰ ਤੇ ਗੋਲੀ ਨਾਲ ਕਈ ਵੈਰੀ ਮਾਰੇ ਗਏ ਸਨ।

ਨੋਟ-ਮੁੱਕਦੀ ਗੱਲ ਇਹ ਕਿ ਸੂਰਜ ਚੜ੍ਹੇ ਤੋਂ ਸੂਰਜ ਡੁੱਬੇ ਤੀਕ ਲੜਾਈ ਹੁੰਦੀ ਰਹੀ ਅਤੇ ਜਦ ਹਨੇਰਾ ਹੋ ਗਿਆ ਤਾਂ ਖ਼ਾਲਸਾ ਜੀ ਪਿੱਛੇ ਹਟ ਗਏ। ਮਾਲੂਮ ਹੁੰਦਾ ਹੈ ਕਿ ਅੱਜ ਖ਼ਾਲਸਾ ਜੀ ਵਧੇਰੇ ਸਿਆਣਪ ਨਾਲ ਲੜੇ ਤੇ ਘੱਟ ਸ਼ਹੀਦ ਹੋਏ। ਜੇਕਰ ਸ਼ਹੀਦਾਂ ਦੀ ਗਿਣਤੀ ਕੁਝ ਵਧੇਰੇ ਹੁੰਦੀ ਤਾਂ ਨੂਰ ਮੁਹੰਮਦ ਜ਼ਰੂਰ ਲਿਖਦਾ।

## ਸਿੱਖਾਂ ਦੀ ਤੀਜੇ ਦਿਨ ਦੀ ਲੜਾਈ–

ਜਦ ਤੀਜੇ ਦਿਨ ਸੂਰਜ ਚੜ੍ਹਿਆ ਤਾਂ ਸਾਰੀ ਸੈਨਾ ਨੇ ਅੱਗੇ ਨੂੰ ਕੂਚ ਕੀਤਾ। ਅਜੇ ਪੰਜ-ਛੇ ਕੋਹ ਹੀ ਗਏ ਹੋਵਾਂਗੇ ਕਿ ਕੱਲ੍ਹ ਵਾਂਗ ਫਿਰ ਸਿੱਖ ਆ ਗਏ। ਉਹ ਕਲ੍ਹ ਵਾਂਗ ਹੀ ਲੜੇ ਤੇ ਉਸੇ ਤਰ੍ਹਾਂ ਹੀ ਪਿੱਛੇ ਹਟ ਗਏ। ਇਸੇ ਤਰ੍ਹਾਂ ਉਹ ਸੱਤ ਦਿਨ ਜੰਗ ਕਰਦੇ ਰਹੇ। ਜਦ ਪਾਤਸ਼ਾਹ ਸਵਾਰ ਹੁੰਦਾ ਸੀ ਤਾਂ ਇਹ ਵੀ ਆ ਜਾਂਦੇ ਸਨ ਅਤੇ ਪਾਤਸ਼ਾਹ ਦੇ ਲਸ਼ਕਰ ਦੇ ਨਾਲ ਨਾਲ ਤੁਰੇ ਜਾਂਦੇ ਸਨ, ਜਦ ਪਾਤਸ਼ਾਹ ਡੇਰਾ ਕਰ ਦੇਂਦਾ ਤਾਂ ਇਹ ਵੀ ਸਾਹਮਣੇ ਹੋ ਕੇ ਲੜਨ ਲੱਗ ਪੈਂਦੇ।

## ਸੱਤਵੇਂ ਦਿਨ ਸਿੱਖਾਂ ਦਾ ਜੰਗ–

ਜਦ ਸੱਤਵੇਂ ਦਿਨ ਸੂਰਜ ਨਿਕਲਿਆ ਤਾਂ ਪਾਤਸ਼ਾਹ ਨੇ ਕੂਚ ਕਰ ਦਿੱਤਾ। ਜਦ ਦਰਿਆ ਦੇ ਕੰਢੇ ਅੱਪੜੇ ਤਾਂ ਪਾਤਸ਼ਾਹ ਨੇ ਹੁਕਮ ਕੀਤਾ ਕਿ ਲੱਦੇ ਹੋਏ ਊਠ, ਸੌਦਾਗਰ ਦੁਕਾਨਦਾਰ, ਟੱਬਰਦਾਰ, ਤ੍ਰੀਮਤਾਂ, ਬੱਚੇ, ਅੰਞਾਣੇ, ਖੋਤੇ, ਬਲਦ ਆਦਿ ਸਭ ਤੋਂ ਪਹਿਲਾਂ ਦਰਿਆਓਂ ਪਾਰ ਹੋ ਜਾਣ। ਜਦ ਇਹ ਪਾਰ ਹੋ ਗਏ ਤਾਂ ਪਾਤਸ਼ਾਹ ਆਪ ਲੰਘਣ ਲਈ ਦਰਿਆ ਦੇ ਕੰਢੇ ਆਇਆ। ਉਸੇ ਵੇਲੇ ਕਿਸੇ ਨੇ ਆ ਕੇ ਦੱਸਿਆ ਕਿ ਸਿੱਖਾਂ ਦੀ ਸੈਨਾ ਆ ਪਈ ਹੈ।

ਤੀਹ ਹਜ਼ਾਰ ਜੰਗੀ ਸੂਰਮੇ ਦਰਿਆ ਦੇ ਦੱਖਣੀ ਕੰਢੇ ਉਤੇ ਲੜਾਈ ਦੀ ਉਡੀਕ ਵਿਚ ਖੜ੍ਹੇ ਗਏ ਅਤੇ ਸਦਾ ਵਾਂਗ ਪਾਤਸ਼ਾਹ ਨੇ ਹਰ ਇਕ ਸਰਦਾਰ ਨੂੰ ਹੁਕਮ ਦਿੱਤਾ ਕਿ ਆਪੋ ਆਪਣੀ ਥਾਂ ਉਤੇ ਖੜ੍ਹੇ ਰਹੋ। ਝਟਪਟ ਹੀ ਸਿੱਖ ਆ ਪਏ ਅਤੇ ਹਰ ਪਾਸੇ ਮਾਰੋ ਮਾਰ ਕਰਨ ਲੱਗ ਪਏ। ਜਦ ਨਸੀਰ ਖਾਂ ਨੇ ਇਹ ਹਾਲ ਵੇਖਿਆ ਤਾਂ ਵੈਰੀ ਵੱਲ ਘੋੜਾ ਵਧਾਇਆ, ਮਗਰੇ ਮਗਰ ਹੋਰ ਸੈਨਾ ਵਧੀ ਤੇ ਸਿੱਖ ਅੱਗੇ ਅੱਗੇ ਨੱਸ ਉਠੇ। ਪੰਜ ਛੇ ਕੋਹ ਇਸੇ ਤਰ੍ਹਾਂ ਸਾਰੀ ਸੈਨਾ ਨੇ ਪਿੱਛਾ ਕੀਤਾ ਤੇ ਫੇਰ ਵਾਪਸ ਮੁੜ ਕੇ ਦਰਿਆ ਕੰਢੇ ਆ ਖੜ੍ਹੇ ਹੋਏ।

ਹੁਣ ਹੋਰ ਭਾਰ ਬਰਦਾਰੀ ਦਾ ਸਾਮਾਨ, ਲੱਦੇ ਹੋਏ ਊਠ, ਖੋਤੇ, ਬੈਲ, ਤ੍ਰੀਮਤਾਂ, ਬੱਚੇ, ਦੁਕਾਨਦਾਰ, ਤੇ ਹੋਰ ਸਾਰੇ ਸ਼ਗਿਰਦ ਪੇਸ਼ਾ, ਜਦ ਦਰਿਆਓਂ ਲੰਘ ਗਏ ਤਾਂ ਫਿਰ ਪਾਤਸ਼ਾਹ ਪਾਰ ਹੋ ਗਿਆ ਅਤੇ ਅੰਤ ਵਿਚ ਬਲੋਚਾਂ ਦਾ ਖਾਨ ਆਪਣੀ

SikhBookClub.com

ਬਲੋਚੀ ਸੈਨਾ ਸਣੇ ਦਰਿਆ ਲੰਘ ਗਿਆ। ਬੱਸ ਸਿੱਖਾਂ ਦਾ ਇਹ ਆਖਰੀ ਜੰਗ ਸੀ ਤੇ ਦੁਆਬੇ ਦਾ ਇਹ ਦੂਜਾ ਦਰਿਆ ਸੀ। ਇਥੋਂ ਜਦ ਪਾਤਸ਼ਾਹ ਅੱਗੇ ਤੁਰਿਆ ਤਾਂ ਕੁਝ ਕੁ ਪੜਾਵਾਂ ਮਗਰੋਂ ਸਾਰੀ ਸੈਨਾ ਦਰਿਆ ਕੰਢੇ ਅੱਪੜ ਪਈ। ਪਾਤਸ਼ਾਹ, ਸਾਰੀ ਸੈਨਾ ਛੜੀ ਸਵਾਰੀ ਪਾਰ ਹੋ ਗਏ ਤੇ ਇਸੇ ਤਰ੍ਹਾਂ ਤੁਰਦੇ ਚਨਾਬ ਦਰਿਆ ਕੰਢੇ ਅੱਪੜ ਗਏ।

ਨੋਟ: ਮੁੱਕਦੀ ਗੱਲ ਇਹ ਕਿ ਜਦ ਅਹਿਮਦ ਸ਼ਾਹ ਸਤਲੁਜ ਟੱਪਿਆ ਤਾਂ ਖ਼ਾਲਸਾ ਜੀ ਨੇ ਉਸ ਨੂੰ ਆ ਘੇਰਿਆ, ਅਹਿਮਦ ਸ਼ਾਹ ਥੋੜ੍ਹਾ ਜਿਹਾ ਤੁਰ ਕੇ ਡੇਰਾ ਕਰ ਦੇਂਦਾ ਅਤੇ ਮੋਰਚੇ ਮੱਲ ਕੇ ਸ਼ਾਮ ਤੀਕ ਆਪਣਾ ਬਚਾਉ ਕਰਦਾ ਰਹਿੰਦਾ। ਹਨੇਰਾ ਹੋਇਆ ਖ਼ਾਲਸਾ ਜੀ ਪਿਛੇ ਹਟ ਜਾਂਦੇ ਤੇ ਦਿਨ ਚੜ੍ਹਿਆਂ ਪਰਸ਼ਾਦ ਪਾਣੀ ਛਕ ਕੇ ਫੇਰ ਅਹਿਮਦ ਸ਼ਾਹ ਨੂੰ ਆ ਘੇਰਦੇ।

ਅਹਿਮਦ ਸ਼ਾਹ ਰੋਪੜੋਂ ਹੁਸ਼ਿਆਰਪੁਰ ਦੇ ਰਾਹ ਪਹਾੜ ਦੀ ਕੰਢੀ ਕੰਢੀ ਵਟਾਲੇ ਵੱਲ ਆ ਰਿਹਾ ਸੀ। ਉਹ ਖ਼ਾਲਸਾ ਜੀ ਨੂੰ ਆਉਂਦਾ ਵੇਖ ਕੇ ਜਿਥੇ ਕਿਤੇ ਪਿੰਡ-ਪੀੜ੍ਹ ਦਾ ਆਸਰਾ ਦੇਖਦਾ, ਉਥੇ ਡੇਰਾ ਕਰ ਕੇ ਸੰਝ ਤੀਕ ਆਪਣਾ ਬਚਾਉ ਕਰਦਾ ਰਹਿੰਦਾ। ਸੁਵੱਖਤੇ ਹੀ ਕੂਚ ਕਰ ਕੇ ਖ਼ਾਲਸਾ ਜੀ ਦੇ ਪਰਸ਼ਾਦ ਪਾਣੀ ਛਕ ਕੇ ਵੇਹਲੇ ਹੋਣ ਤੀਕ ਕੁਝ ਕੁ ਕੋਹ ਅੱਗੇ ਵਧ ਜਾਂਦਾ। ਇਸ ਤਰ੍ਹਾਂ ਸਤਵੇਂ ਦਿਨ ਉਹ ਬਿਆਸਾ ਕੰਢੇ ਪੁੱਜਾ ਅਤੇ ਮਾੜੀ ਜਿਹੀ ਲੜਾਈ ਕਰ ਕੇ ਦਰਿਆਓਂ ਪਾਰ ਹੋ ਗਿਆ। ਇਥੋਂ ਖ਼ਾਲਸਾ ਜੀ ਨੇ ਅਹਿਮਦ ਸ਼ਾਹ ਦਾ ਖਹਿੜਾ ਛੱਡ ਦਿੱਤਾ।

ਹੁਣ ਅਹਿਮਦ ਸ਼ਾਹ ਨੇ ਸੁਖ ਦਾ ਸਾਹ ਲਿਆ ਤੇ ਵੱਡੀਆਂ ਵੱਡੀਆਂ ਮੰਜ਼ਲਾਂ ਕਰ ਕੇ ਝਟ ਰਾਵੀ ਕੰਢੇ ਅੱਪੜ ਪਿਆ। ਉਸ ਨੂੰ ਇਤਨਾ ਹੌਸਲਾ ਨਹੀਂ ਪਿਆ ਕਿ ਲਾਹੌਰ ਠਹਿਰ ਕੇ ਕੁਝ ਦਿਨ ਅਰਾਮ ਹੀ ਕਰ ਲਵੇ। ਉਹ ਲਾਹੌਰ ਗਿਆ ਹੀ ਨਹੀਂ ਅਤੇ ਨਾ ਹੀ ਰਾਵੀ ਕੰਢੇ ਡੇਰਾ ਕੀਤਾ ਹੈ, ਸਗੋਂ ਉਸੇ ਵੇਲੇ ਛੜੀ ਸਵਾਰੀ ਦਰਿਆ ਲੰਘ ਕੇ ਅੱਗੇ ਨੂੰ ਵਧ ਗਿਆ ਹੈ ਤੇ ਵਾਹੋ-ਦਾਹੀ ਚਨਾਬ ਕੰਢੇ ਅੱਪੜ ਕੇ ਜਾ ਦਮ ਲਿਆ। ਅਜਿਹਾ ਮਲੂਮ ਹੁੰਦਾ ਹੈ ਕਿ ਬਿਆਸਾ ਲੰਘ ਕੇ ਅਹਿਮਦ ਸ਼ਾਹ ਸਿਆਲਕੋਟ ਵੱਲ ਨੂੰ ਹੋ ਗਿਆ ਤੇ ਖ਼ਾਲਸਾ ਜੀ ਦਾ ਇਲਾਕਾ ਆਪਣੇ ਖੱਬੇ ਹੱਥ ਵੱਲ ਛੱਡ ਕੇ ਰਣਜੀਤ ਦੇਵ ਜੰਮੂ ਵਾਲੇ ਦੇ ਇਲਾਕੇ ਵਿਚ ਦੀ ਪਹਾੜੀ ਦੀ ਕੰਢੀ ਕੰਢੀ ਤੁਰਿਆ ਗਿਆ। ਇਸ ਵੇਲੇ ਲਾਹੌਰ ਦਾ ਸੂਬਾ ਕਾਬਲੀ ਮੱਲ ਤਾਂ ਅਹਿਮਦ ਸ਼ਾਹ ਦੇ ਨਾਲ ਹੈ ਤੇ ਕਾਬਲੀ ਮੱਲ ਦਾ ਭਾਣਜਾ ਅਮੀਰ ਸਿੰਘ ਲਾਹੌਰ ਦਾ ਸੂਬਾ ਬਣਿਆ ਬੈਠਾ ਹੈ।

ਪਾਤਸ਼ਾਹ ਅਜੇ ਚਨਾਬ ਗਿਰਦੇ ਹੀ ਹੋਵੇਗਾ ਕਿ ਸਰਦਾਰ ਗੁੱਜਰ ਸਿੰਘ ਭੰਗੀ ਤੇ ਸਰਦਾਰ ਸੋਭਾ ਸਿੰਘ ਕਨ੍ਹਈਏ ਨੇ ਵਸਾਖੀ ਤੋਂ ਮਗਰੋਂ ਗੁਰਮਤਾ ਕਰ ਕੇ ਲਾਹੌਰ ਨੂੰ ਆ ਘੇਰਿਆ ਤੇ ੮ ਵਸਾਖ ਸੰਮਤ ੧੮੨੨ ਬਿ: (ਅਪ੍ਰੈਲ ੧੭੬੫ ਈ:) ਨੂੰ ਲਾਹੌਰ ਉਤੇ ਕਬਜ਼ਾ ਕਰ ਲਿਆ। ਚਨਾਬ ਲੰਘਣ ਲੱਗਿਆਂ ਅਹਿਮਦ ਸ਼ਾਹ ਨੇ

SikhBookClub.com

ਕਾਬਲੀ ਮੱਲ ਨੂੰ ਵਾਪਸ ਕਰ ਦਿੱਤਾ ਕਿ ਉਹ ਲਾਹੌਰ ਨੂੰ ਚਲਾ ਜਾਵੇ। ਪਰ ਉਸ ਨੇ ਜਦ ਸੁਣਿਆ ਕਿ ਲਾਹੌਰ ਉਤੇ ਤਾਂ ਖ਼ਾਲਸਾ ਜੀ ਨੇ ਕਬਜ਼ਾ ਕਰ ਲਿਆ ਹੈ ਤਾਂ ਉਹ ਰਾਜਾ ਰਣਜੀਤ ਦੇਵ ਨਾਲ ਜੰਮੂ ਨੂੰ ਚਲਿਆ ਗਿਆ।

ਅਹਿਮਦ ਸ਼ਾਹ ਸਰਹੰਦੋਂ ਮਹਾਰਾਜਾ ਆਲਾ ਸਿੰਘ ਜੀ ਨੂੰ ਆਪਣੇ ਨਾਲ ਲੈ ਆਇਆ ਸੀ, ਸ਼ਾਇਦ ਇਸ ਖਿਆਲ ਕਰਕੇ ਕਿ ਜੇਕਰ ਖ਼ਾਲਸਾ ਜੀ ਨਾਲ ਕੋਈ ਔਕੜ ਆ ਬਣੀ ਤਾਂ ਮਹਾਰਾਜਾ ਆਲਾ ਸਿੰਘ ਜੀ ਕਿਸੇ ਕੰਮ ਆ ਸਕਣਗੇ। ਜਦ ਅਹਿਮਦ ਸ਼ਾਹ ਬਿਆਸਾ ਕੰਢੇ ਪੁੱਜਾ ਅਤੇ ਵਿਸਾਖੀ ਦੇ ਪੁਰਬ ਦੇ ਕਾਰਨ ਸਾਰਾ ਖ਼ਾਲਸਾ ਜੀ ਅਹਿਮਦ ਸ਼ਾਹ ਦਾ ਖਹਿੜਾ ਛੱਡ ਕੇ ਸ੍ਰੀ ਅੰਮ੍ਰਿਤਸਰ ਜੀ ਵੱਲ ਚਲਾ ਗਿਆ ਤਾਂ ਅਹਿਮਦ ਸ਼ਾਹ ਨੇ ਸੁਖ ਦਾ ਸਾਹ ਲਿਆ ਅਤੇ ਰਾਵੀ ਕੰਢੇ ਅੱਪੜ ਕੇ ਮਹਾਰਾਜਾ ਰਣਜੀਤ ਸਿੰਘ[੧੬] ਜੀ ਨੂੰ ਵਾਪਸ ਕਰ ਦਿੱਤਾ।

ਜਦ ਤੀਕ ਅਹਿਮਦ ਸ਼ਾਹ ਚਨਾਬ ਨਹੀਂ ਟੱਪ ਜਾਂਦਾ, ਉਹ ਨੱਸਿਆ ਹੀ ਜਾਂਦਾ ਹੈ। ਚਨਾਬ ਟੱਪ ਕੇ ਉਹ ਹੌਲੀਆਂ ਮੰਜ਼ਲਾਂ ਕਰਨ ਲੱਗ ਪਿਆ ਹੈ।

ਚਨਾਬ ਕੰਢੇ ਹੀ ਉਸ ਨੇ ਸੁਣ ਲਿਆ ਹੋਵੇਗਾ ਕਿ ਖ਼ਾਲਸਾ ਜੀ ਨੇ ਮੇਰੀਆਂ ਅੱਖਾਂ ਸਾਹਮਣੇ ਹੀ ਲਾਹੌਰ ਨੂੰ ਮੱਲ ਲਿਆ ਹੈ। ਜੇਕਰ ਅਹਿਮਦ ਸ਼ਾਹ ਵਿਚ ਕੁਝ ਜਾਨ ਹੁੰਦੀ ਤਾਂ ਉਹ ਵਾਪਸ ਮੁੜ ਕੇ ਲਾਹੌਰ ਨੂੰ ਛੁਡਾਉਂਦਾ, ਪਰ ਉਹ ਤਾਂ ਆਪਣਾ ਆਪ ਹੀ ਸੁੱਖਾਂ ਸੁਖ ਕੇ ਬਚਾਈ ਜਾਂਦਾ ਸੀ। ਉਹ ਖ਼ਾਲਸਾ ਜੀ ਪਾਸੋਂ ਡਰਦਾ ਨੱਸਿਆ ਜਾਂਦਾ ਸੀ। ਉਹ ਕਿਸ ਤਰ੍ਹਾਂ ਹੁਣ ਖ਼ਾਲਸਾ ਜੀ ਸਾਹਮਣੇ ਆ ਸਕਦਾ ਸੀ ! ਸੋ ਉਹ ਲਾਹੌਰ ਦੀ ਗੱਲ ਸੁਣ ਕੇ ਪੀ ਗਿਆ ਤੇ ਆਪਣੀ ਪੱਗ ਦੇ ਬਚ ਜਾਣ ਨੂੰ ਹੀ ਆਪਣੀ ਇੱਜ਼ਤ ਸਮਝਦਾ ਗਿਆ।

## ਪਾਤਸ਼ਾਹ ਦਾ ਦਰਿਆ ਝਨਾਂ ਨੂੰ ਲੰਘਣਾ ਤੇ ਲੋਕਾਂ ਦਾ ਡੁੱਬਣਾ

"ਜਦ ਪਾਤਸ਼ਾਹ ਝਨਾਂ ਕੰਢੇ ਪੁੱਜਾ ਤਾਂ ਉਥੇ ਡੇਰਾ ਕਰ ਦਿੱਤਾ ਅਤੇ ਸਵੇਰੇ ਫ਼ੌਜ ਦੇ ਪਾਰ ਹੋਣ ਲਈ ਰਾਹ ਲੱਭਣ ਲੱਗੇ। ਕਿਸੇ ਨੇ ਆ ਕੇ ਦੱਸਿਆ ਕਿ ਪਹਾੜ ਦੇ ਹੇਠੋਂ ਦਰਿਆ ਅੱਠਾਂ ਨਾਲਿਆਂ ਵਿਚ ਵੰਡਿਆ ਜਾਂਦਾ ਹੈ ਇਸ ਲਈ ਉਥੋਂ ਪਾਰ ਹੋਣਾ ਸੁਖਾਲਾ ਹੈ। ਸੋ ਸਾਰੀ ਸੈਨਾ ਉਥੋਂ ਪਾਰ ਹੋਣ ਲੱਗ ਪਈ। ਛੇ ਨਾਲੇ ਤਾਂ ਸੁਖਾਲੇ ਲੰਘ ਗਏ, ਪਰ ਬਾਕੀ ਦੇ ਦੋ ਨਾਲੇ ਬੜੇ ਤਿੱਖੇ ਤੇ ਡੂੰਘੇ ਸਨ। ਸਾਰੀ ਸੈਨਾ ਤੇ ਬਾਰ ਬਰਦਾਰੀ ਜਦ ਉਨ੍ਹਾਂ ਵਿਚ ਜਾ ਵੜੀ ਤਾਂ ਪਾਣੀ ਦੇ ਜ਼ੋਰ ਨਾਲ ਸਾਰੇ ਰੁੜ੍ਹਨ ਲੱਗ ਪਏ, ਹਜ਼ਾਰਾਂ ਲੱਦੇ ਲਦਾਏ ਊਠ, ਹਜ਼ਾਰਾਂ ਕੱਸੇ ਕਸਾਏ ਘੋੜੇ, ਬੇਅੰਤ ਖੋਤੇ, ਬੈਲ ਤੇ ਮਹੀਆਂ, ਮਾਲ-ਅਸਬਾਬ ਤੰਬੂ ਕਨਾਤਾਂ, ਰੁਪਿਆ ਪੈਸਾ, ਮਰਦ ਤ੍ਰੀਮਤਾਂ, ਸਭੇ ਰੁੜ੍ਹੇ ਜਾਂਦੇ ਸਨ। ਉਦੋਂ ਇਉਂ ਜਾਪਦਾ ਸੀ ਕਿ ਕਿਆਮਤ ਦਾ ਦਿਨ ਆ ਪੁੱਜਾ ਹੈ।

*੧੬ ਇਹ ਮਹਾਰਾਜਾ ਆਲਾ ਸਿੰਘ ਸੀ। ਕਿਸੇ ਭੁੱਲ ਕਾਰਨ ਰਣਜੀਤ ਸਿੰਘ ਛਪ ਗਿਆ ਹੈ। ਵੇਖੋ ਕਰਮ ਸਿੰਘ ਬਾਬਾ ਆਲਾ ਸਿੰਘ, ਪ੍ਰਕਾਸ਼ ਪੁਸਤਕਾਲਾ, ਪਟਿਆਲਾ, ਪੰਨਾ ੨੨੪-੨੫*

SikhBookClub.com

ਮੈਂ ਵੀ ਘੋੜੇ ਉਤੇ ਸਵਾਰ, ਇਕ ਘੋੜੇ ਉਤੇ ਤੁਰਿਆ ਜਾਂਦਾ ਸਾਂ ਅਤੇ ਮੇਰੇ ਉਤਲੇ ਪਾਸੇ ਹਜ਼ਾਰਾਂ ਊਠਾਂ ਦੀਆਂ ਕਤਾਰਾਂ ਸਨ। ਜਦ ਊਠ ਰੁੜ੍ਹਨ ਲੱਗੇ ਤਾਂ ਤ੍ਰੀਮਤਾਂ ਵੀ ਰੁੜ੍ਹੀਆਂ। ਇਸ ਹਫਰਾ ਤਫਰੀ ਵਿਚ ਇਕ ਪਰੀ ਵਰਗੀ ਜਵਾਨ ਤ੍ਰੀਮਤ ਊਠੋਂ ਡਿੱਗ ਕੇ ਮੇਰੀ ਕਾਠੀ ਉਤੇ ਆ ਪਈ। ਉਸ ਦੇ ਦੋਵੇਂ ਪੈਰ ਪਾਣੀ ਵਿਚ ਸਨ ਤੇ ਦੋਹਾਂ ਹੱਥਾਂ ਵਿਚ ਉਸ ਨੇ ਮੇਰੀ ਲੱਕ ਫੜੀ ਹੋਈ ਸੀ। ਮੈਂ ਬਥੇਰਾ ਪਿੱਛਾ ਛੁਡਾਉਣਾ ਚਾਹੁੰਦਾ ਸਾਂ, ਪਰ ਉਹ ਮੈਨੂੰ ਨਹੀਂ ਛੱਡਦੀ ਸੀ ਤੇ ਮੈਨੂੰ ਆਪਣੀ ਮੌਤ ਨਜ਼ਰ ਆ ਰਹੀ ਸੀ। ਅੰਤ ਉਸ ਦਾ ਵਾਰਸ ਬਹੁੜ ਪਿਆ ਤੇ ਉਸ ਨੇ ਉਸ ਤ੍ਰੀਮਤ ਹੱਥੋਂ ਮੇਰੀ ਜਾਨ ਛੁਡਾਈ।"

"ਉਸ ਦਿਨ ਹਰ-ਇਕ ਨੂੰ ਅਜਿਹੀ ਆਪੋ-ਧਾਪੀ ਪਈ ਹੋਈ ਸੀ ਕਿ ਹੋਰ ਤਾਂ ਹੋਰ, ਪਿਤਾ ਨੇ ਪੁੱਤਰ ਤੀਕ ਨੂੰ ਨਹੀਂ ਪਛਾਣਿਆ। ਉਸ ਦਿਨ ਦੀ ਬਿਪਤਾ ਦਾ ਜਦ, ਹੁਣ ਵੀ, ਮੈਨੂੰ ਚੇਤਾ ਆਉਂਦਾ ਹੈ ਤਾਂ ਮੇਰੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਪਿਛਲੀਆਂ ਲੜਾਈਆਂ ਵਿਚ ਸਿੱਖਾਂ ਹੱਥੋਂ ਐਤਨੇ ਆਦਮੀ ਨਹੀਂ ਮਰੇ, ਜਿਤਨੇ ਕਿ ਇਸ ਵੇਲੇ ਝਨਾਂ ਵਿਚ ਡੁੱਬ ਮੋਏ।"

"ਮੁੱਕਦੀ ਗੱਲ ਇਹ ਕਿ ਜਦ ਪਾਤਸ਼ਾਹ ਤੇ ਸੈਨਾ ਦਰਿਆ ਪਾਰ ਹੋ ਗਈ ਤੇ ਉਥੇ ਡੇਰਾ ਕਰ ਦਿੱਤਾ ਅਤੇ ਅਗਲੇ ਦਿਨ ਜਹਾਨ ਖਾਂ ਨੂੰ ਅਗੇਤਰਾ ਤੋਰ ਦਿੱਤਾ ਕਿ ਅੱਗੋਂ ਜਾ ਕੇ ਬੇੜੀਆਂ ਇਕੱਠੀਆਂ ਕਰੇ ਤੇ ਦਰਿਆ ਜੇਹਲਮ ਉਤੇ ਪੁਲ ਬੰਨ੍ਹਾਵੇ ਕਿ ਸਾਰੀ ਸੈਨਾ ਸੁਖ-ਸਾਂਦ ਨਾਲ ਦਰਿਆ ਪਾਰ ਹੋ ਜਾਵੇ।"

"ਹੁਣ ਪਾਤਸ਼ਾਹ ਪੰਜ ਸੱਤ ਕੋਹ ਰੋਜ਼ ਤੁਰਦਾ ਸੀ ਕਿ ਸਾਰੀ ਸੈਨਾ ਸੌਖੀ ਹੋ ਜਾਵੇ। ਇਕ ਦਿਨ ਪਾਤਸ਼ਾਹ ਨੇ ਬਲੋਚਾਂ ਦੇ ਖਾਨ ਨੂੰ ਸੱਦ ਕੇ ਕਹਿਆ ਕਿ ਤੁਹਾਡੀ ਸਹਾਇਤਾ ਦਾ ਮੈਂ ਬੜਾ ਹਸਾਨਮੰਦ ਹਾਂ, ਹੁਣ ਤੁਸਾਂ ਨੂੰ ਛੁੱਟੀ ਹੈ, ਤੁਸੀਂ ਆਪਣੇ ਦੇਸ਼ ਨੂੰ ਜਾ ਸਕਦੇ ਹੋ। ਬਲੋਚਾਂ ਦੇ ਖਾਨ ਨੇ ਕੁਝ ਕੁ ਮੰਗਾਂ ਕੀਤੀਆਂ, ਜੋ ਸਭ ਮੰਨੀਆਂ ਗਈਆਂ, ਉਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਸ਼ਾਲ ਕੋਇਟੇ ਦਾ ਇਲਾਕਾ ਮੈਨੂੰ ਦਿੱਤਾ ਜਾਵੇ। ਪਾਤਸ਼ਾਹ ਨੇ ਮੰਨ ਲਿਆ ਤੇ ਦਿਆਲਤਾ ਨਾਲ ਚਨਾਬ, ਝੰਗ, ਮੁਲਤਾਨ ਤੇ ਡੇਰਿਆਂ ਦਾ ਇਲਾਕਾ ਦੇਣਾ ਚਾਹਿਆ, ਪਰ ਨਾ ਹੀ ਬਲੋਚਾਂ ਦੇ ਖਾਨ ਨੇ ਤੇ ਨਾ ਹੀ ਕਿਸੇ ਬਲੋਚ ਸਰਦਾਰ ਨੇ ਇਸ ਗੱਲ ਨੂੰ ਮੰਨਿਆ।"

"ਜਦ ਜੇਹਲਮ ਕੰਢੇ ਪੁੱਜੇ ਤਾਂ ਬੇੜੀਆਂ ਦੇ ਪੁਲ ਰਾਹੀਂ ਦੋ ਦਿਨ ਵਿਚ ਸਾਰੀ ਸੈਨਾ ਪਾਰ ਹੋ ਗਈ। ਇਥੋਂ ਚੱਲ ਕੇ ਰੁਹਤਾਸ ਡੇਰਾ ਹੋਇਆ ਜਿਥੋਂ ਬਲੋਚਾਂ ਦਾ ਖਾਨ ਆਪਣੇ ਦੇਸ਼ ਨੂੰ ਤੁਰ ਗਿਆ। ਦਰਿਆ ਸਿੰਧ ਕੰਢੇ ਪੁੱਜੇ ਤਾਂ ਇਸਮਾਈਲ ਖਾਂ ਨੇ ਬੇੜੀਆਂ ਦਾ ਪ੍ਰਬੰਧ ਕਰ ਛੱਡਿਆ ਸੀ। ਉਥੋਂ ਦੀ ਲੰਘ ਕੇ ਫੇਰ ਗਾਜ਼ੀ ਖਾਂ ਦੇ ਇਲਾਕੇ ਵਿਚ ਆਏ ਤੇ ਇਥੋਂ ਮੰਜ਼ਲੋ-ਮੰਜ਼ਲੀ ਕਲਾਤ ਅੱਪੜ ਪਏ।

ਆਪਣੇ ਘਰ ਆ ਕੇ ੧੧੭੮ ਹਿਜਰੀ ਵਿਚ ਕਾਜ਼ੀ ਨੂਰ ਮੁਹੰਮਦ ਨੇ ਇਸ ਜੰਗਨਾਮੇ ਨੂੰ ਖਤਮ ਕੀਤਾ।

SikhBookClub.com

ਨੋਟ:- ਅਹਿਮਦ ਸ਼ਾਹ ਨਸੀਰ ਖਾਂ ਬਲੋਚ ਦਾ ਧੰਨਵਾਦੀ ਸੀ ਕਿ ਉਸ ਨੇ ਬਾਰ੍ਹਾਂ ਹਜ਼ਾਰ ਸੈਨਾ ਨਾਲ ਉਸ ਦੀ ਸਹਾਇਤਾ ਕੀਤੀ ਸੀ। ਅਹਿਮਦ ਸ਼ਾਹ ਨਸੀਰ ਖਾਂ ਨੂੰ ਪੰਜਾਬ ਦਾ ਇਲਾਕਾ ਦੇਣਾ ਚਾਹੁੰਦਾ ਸੀ, ਪਰ ਬਲੋਚ ਖ਼ਾਲਸਾ ਜੀ ਦੇ ਹੱਥ ਵੇਖ ਚੁਕੇ ਸਨ, ਇਸ ਲਈ ਆਪਣੇ ਗੁਆਂਢ ਦੇ ਡੇਰਿਆਂ ਦਾ ਇਲਾਕਾ ਲੈਣੋਂ ਵੀ ਨਾਂਹ ਕਰ ਦਿੱਤੀ ਅਤੇ ਇਸ ਤੋਂ ਢਾਈ ਕੁ ਸਾਲ ਮਗਰੋਂ ਜਦ ਅੰਤਲੀ ਵਾਰ ਅਹਿਮਦ ਸ਼ਾਹ ਪੰਜਾਬ ਵੱਲ ਆਇਆ ਤਾਂ ਨਸੀਰ ਖਾਂ ਉਸ ਦੇ ਨਾਲ ਨਹੀਂ ਆਇਆ। ਇਹਨਾਂ ਬਲੋਚਾਂ ਨੇ ਸਮਝਿਆ ਸੀ ਕਿ ਜੀਕੂੰ ਅਸੀਂ ਪਾਣੀਪਤ ਦੀ ਲੜਾਈ ਸਮੇਂ ਮਾਰੋ-ਮਾਰ ਕਰਦੇ ਆਏ ਸਾਂ ਤੇ ਲੁੱਟ ਨਾਲ ਰੱਜ ਗਏ ਸਾਂ, ਇਸੇ ਤਰ੍ਹਾਂ ਹੁਣ ਸਿੱਖਾਂ ਨਾਲ ਕਰਾਂਗੇ ਤੇ ਲੁੱਟ ਦੇ ਮਾਲ ਨਾਲ ਊਠਾਂ ਦੇ ਊਠ ਲੱਦ ਲਿਆਵਾਂਗੇ, ਪਰ ਖ਼ਾਲਸਾ ਜੀ ਨੇ ਸਭਸ ਦੇ ਨਾਲ ਉਹ ਬਾਬ ਕੀਤੀ ਕਿ ਮੁੜ ਪੰਜਾਬ ਵੱਲ ਮੂੰਹ ਕਰਨੋਂ ਵੀ ਉਹ ਸੰਗਣ ਲੱਗ ਪਏ।

ਕਾਜ਼ੀ ਨੂਰ ਮੁਹੰਮਦ ਦਾ ਇਹ 'ਜੰਗ-ਨਾਮਾ' ਅੱਖੀਂ ਡਿੱਠੇ ਹਾਲ ਹਨ, ਜੋ ਇਕ ਵੈਰੀ ਦੀ ਕਲਮੋਂ ਨਿਕਲੇ ਹਨ। ਅਹਿਮਦ ਸ਼ਾਹ ਦੇ ਇਸ ਹਮਲੇ ਦਾ ਹਾਲ ਕਿਸੇ ਇਤਿਹਾਸ ਵਿਚ ਚੱਜ ਦਾ ਨਹੀਂ ਦਿੱਤਾ ਹੋਇਆ। ਹਰ ਇਕ ਇਤਿਹਾਸ ਵਿਚ ਐਵੇਂ ਗੋਲ-ਮੋਲ ਗੱਲਾਂ ਲਿਖੀਆਂ ਹੋਈਆਂ ਹਨ। ਪਰ ਇਸ ਘਾਟੇ ਨੂੰ ਕਾਜ਼ੀ ਨੂਰ ਮੁਹੰਮਦ ਨੇ ਪੂਰਾ ਕਰ ਦਿੱਤਾ ਹੈ ਅਤੇ ਸੱਚ ਪੁੱਛੋ ਤਾਂ ਸਿੱਖ ਇਤਿਹਾਸ ਦੀ ਬੜੀ ਭਾਰੀ ਊਣਤਾਈ ਦੂਰ ਕੀਤੀ ਹੈ। ਸਤਿਗੁਰੂ ਜੀ ਨੇ ਚਾਹਿਆ ਤਾਂ ਛੇਤੀ ਹੀ ਇਹ "ਜੰਗਨਾਮਾ" ਛਪਵਾ ਦਿੱਤਾ ਜਾਵੇਗਾ। ਇਸ ਵੇਲੇ ਇਸ ਦੀਆਂ ਕੇਵਲ ਪੰਜ ਚਾਰ ਕਾਪੀਆਂ ਹੀ ਲੱਭਦੀਆਂ ਹਨ, ਜਿਹਨਾਂ ਵਿਚੋਂ ਇਕ ਦਾ ਉਤਾਰਾ ਮੈਂ ਕੋਇਟੇ ਤੋਂ ਸੁਰਗਵਾਸੀ ਸਰਦਾਰ ਸਾਧੂ ਸਿੰਘ ਜੀ ਦੀ ਸਹਾਇਤਾ ਨਾਲ ਸੰਨ ੧੯੦੬ ਈ: ਵਿਚ ਕਰ ਲਿਆਇਆ ਸਾਂ।

SikhBookClub.com

# ਫੁਟਕਲ ਲਿਖਤਾਂ

## ੧੨

## ਮਿਰਜ਼ਾ ਸਾਹਿਬਾਂ ਨੰਬਰ ੧

ਸਾਡਾ ਇਹ ਸੁਭਾਵ ਹੈ ਕਿ ਅਸੀਂ ਬੁਰਾਈ ਵੱਲ ਛੇਤੀ ਝੁਕ ਪੈਂਦੇ ਹਾਂ ਤੇ ਚੰਗਿਆਈ ਸਾਨੂੰ ਅਲੂਣੀ ਸਿਲ ਜਾਪਦੀ ਹੈ। ਸੰਸਾਰ ਵਿਚ ਚੰਗੇ ਮੁੰਡੇ ਕੁੜੀਆਂ ਵੀ ਹੋਏ ਹਨ, ਪਰ ਲੋਕਾਂ ਨੇ ਉਹਨਾਂ ਦੇ ਨਾਮ ਯਾਦ ਨਹੀਂ ਰੱਖੇ। ਜਿਹੜੇ ਗੰਦੇ ਕੁੜੀਆਂ ਮੁੰਡੇ ਹੋਏ ਹਨ, ਉਹ ਲੋਕਾਂ ਨੂੰ ਅੱਜ ਤੀਕ ਯਾਦ ਹਨ ਅਤੇ ਕਵੀਆਂ ਨੇ ਲੋਕਾਂ ਦੀ ਇਸ ਮੰਦ-ਵਾਸ਼ਨਾ ਨੂੰ ਪੂਰਾ ਕਰਨ ਲਈ ਗੰਦਿਆਂ ਦੀਆਂ ਮੰਦਿਆਈਆਂ ਉਤੇ ਐਸੀ ਪੋਚਾ-ਪਾਚੀ ਕੀਤੀ ਹੈ ਕਿ ਉਹਨਾਂ ਨੂੰ ਪ੍ਰੇਮ ਦੇ ਪੁਤਲੇ ਬਣਾ ਕੇ ਉਹਨਾਂ ਨੂੰ ਪੂਜਣ ਦੀ ਥਾਂ ਬਣਾ ਦਿੱਤੀ ਹੈ।

ਸਿੱਧੀ ਮੋਟੀ ਬੋਲੀ ਵਿਚ ਹੀਰ ਤੇ ਰਾਂਝਾ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ, ਇਹ ਸਭ ਵਿਗੜੇ ਹੋਏ ਮੁੰਡੇ ਕੁੜੀਆਂ ਸਨ, ਜਿਹਨਾਂ ਆਪਣੇ ਮਾਪਿਆਂ ਤੇ ਕੌਮ ਦੀ ਇੱਜ਼ਤ ਦਾ ਖਿਆਲ ਨਾ ਕਰ ਕੇ ਉਹ ਕੰਮ ਕੀਤੇ ਜਿਹਨਾਂ ਨੂੰ ਲੋਕੀਂ ਚੰਗਾ ਨਹੀਂ ਸਮਝਦੇ ਸਨ, ਪਰ ਹੌਲੀ ਹੌਲੀ ਲੋਕਾਂ ਨੇ ਉਹਨਾਂ ਦੇ ਔਗੁਣਾਂ ਨੂੰ ਗੁਣ ਬਣਾ ਦਿੱਤਾ ਤੇ ਇਹਨਾਂ ਮੁੰਡੇ ਕੁੜੀਆਂ ਨੂੰ ਪਰੇਮ ਦੇ ਆਦਰਸ਼ ਸਮਝਣ ਲੱਗ ਪਏ। ਪਰੇਮ ਆਪਣਿਆਂ ਨਾਲ ਹੁੰਦਾ ਹੈ, ਬਿਗਾਨਿਆਂ ਨਾਲ ਪਰੇਮ ਦੇ ਕੀ ਅਰਥ ?

ਇਸ ਸੰਸਾਰ ਵਿਚ ਐਸੀਆਂ ਗੱਲਾਂ ਰੋਜ਼ ਹੁੰਦੀਆਂ ਹਨ ਪਰ ਜੋ ਗੱਲ ਲੋਕਾਂ ਦੇ ਮੂੰਹ ਚੜ੍ਹ ਗਈ ਤੇ ਕਵੀਆਂ ਦੇ ਕਾਬੂ ਆ ਗਈ, ਉਹ ਅਸਲੋਂ ਬੇ-ਅਸਲ ਹੋ ਕੇ ਕੁਝ ਦੀ ਕੁਝ ਹੋ ਜਾਂਦੀ ਹੈ। ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਦੀਆਂ ਗੱਲਾਂ ਅਜੇ ਕੱਲ੍ਹ ਦੀਆਂ ਗੱਲਾਂ ਹਨ। ਇਹਨਾਂ ਨੂੰ ਹੋਇਆਂ ਅਜੇ ਦੋ ਸੌ ਸਾਲ ਵੀ ਨਹੀਂ ਹੋਏ, ਪਰ ਲੋਕਾਂ ਨੇ ਖੰਭਾਂ ਦੀਆਂ ਡਾਰਾਂ ਬਣਾ ਦਿੱਤੀਆਂ ਹਨ।

ਗੁਜਰਾਤ ਦੇ ਵਸਨੀਕ ਗਣੇਸ਼ ਦਾਸ ਜੀ ਹੋਏ ਹਨ ਜਿਨ੍ਹਾਂ ਨੇ 'ਚਹਾਰ ਬਾਗ ਪੰਜਾਬ' ਨਾਮੇ ਇਕ ਤਵਾਰੀਖ ਲਿਖੀ ਸੀ। ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ

---

੧ ਰਸਾਲਾ ਫੁਲਵਾੜੀ, ਅਗਸਤ ੧੯੨੮।

SikhBookClub.com

ਤੋਂ ਕੇਵਲ ਸੱਤਰ ਅੱਸੀ ਸਾਲ ਪਿੱਛੋਂ ਹੀ ਗਣੇਸ਼ ਦਾਸ ਜੀ ਹੋਏ ਹਨ। ਭਾਵੇਂ ਇਹਨਾਂ ਦੇ ਸਮੇਂ ਵੀ ਲੋਕਾਂ ਨੇ ਅਸਲ ਗੱਲ ਨੂੰ ਵਧਾ ਘਟਾ ਛੱਡਿਆ ਸੀ ਪਰ ਤਦ ਵੀ ਇਹਨਾਂ ਦੀ ਲਿਖਤ ਬਹੁਤ ਕੁਝ ਸੱਚ ਦੇ ਲਾਗੇ ਚਾਗੇ ਹੈ। ਮੈਂ ਇਹਨਾਂ ਦੇ ਆਧਾਰ ਤੇ ਹੀ ਸੰਖੇਪ ਜਿਹੇ ਹਾਲ ਲਿਖਦਾ ਹਾਂ :

ਸੋਹਣੀ ਮਹੀਂਵਾਲ ਦੀ ਘਟਨਾ ਸੰਮਤ ੧੭੮੯ (੧੭੩੨ ਈਸਵੀ) ਵਿਚ ਹੋਈ ਹੈ ਜਿਸ ਸਾਲ ਕਿ ਭਾਈ ਤਾਰਾ ਸਿੰਘ ਜੀ ਵਾਂਈਏ ਸ਼ਹੀਦ ਹੋਏ ਹਨ। ਇਸ ਤੋਂ ਕੁਝ ਸਾਲ ਮਗਰੋਂ ਮਿਰਜ਼ਾ ਸਾਹਿਬਾਂ ਦੀ ਘਟਨਾ ਹੋਈ ਹੈ। ਇਹ ਉਹ ਸਮਾਂ ਸੀ, ਜਦ ਕਿ ਦਿੱਲੀ ਦੇ ਤਖ਼ਤ ਉਤੇ ਮੁਹੰਮਦ ਸ਼ਾਹ ਸੀ ਅਤੇ ਲਾਹੌਰ ਦਾ ਸੂਬਾ ਖਾਨ ਬਹਾਦਰ ਸੀ ਜੋ ਸਿੱਖਾਂ ਨੂੰ ਥਾਂ ਥਾਂ ਮਾਰਦਾ ਤੇ ਕਤਲ ਕਰੀ ਜਾਂਦਾ ਸੀ ਅਤੇ ਸਿੱਖ ਪੰਜਾਬ ਨੂੰ ਛੱਡ ਕੇ ਪ੍ਰਦੇਸਾਂ ਵਿਚ ਦਿਨ ਬਤੀਤ ਕਰ ਰਹੇ ਸਨ।

ਸਿਆਲ ਤੇ ਖਰਲ ਦੋ ਪ੍ਰਸਿੱਧ ਗੋਤਾਂ ਹਨ, ਜੋ ਮੁਗਲਾਂ ਦੇ ਸਮੇਂ ਸੁਤੰਤਰ ਜੀਵਨ ਬਤੀਤ ਕਰਦੇ ਅਤੇ ਆਪਣੇ ਕਬੀਲਿਆਂ ਨਾਲ ਖੁੱਲ੍ਹ ਖੁਲਾਸੇ ਰਿਹਾ ਕਰਦੇ ਸਨ। ਇਹਨਾਂ ਦੀ ਰਹਿਤ-ਬਹਿਤ ਅੱਜ ਤੀਕ ਖੁਲਾਸੀ ਹੈ। ਪਰ ਮੁਗਲਾਂ ਦੇ ਸਮੇਂ ਤਾਂ ਇਹ ਹੋਰ ਭੀ ਖੁਲਾਸੇ ਸਨ। ਸ਼ਾਦੀਆਂ ਵੱਡੀਆਂ ਉਮਰਾਂ ਵਿਚ ਹੁੰਦੀਆਂ ਸਨ ਅਤੇ ਅਠਾਰ੍ਹਾਂ-ਵੀਹ, ਵਰ੍ਹੇ ਦੇ ਕੁਆਰੇ ਮੁੰਡੇ-ਕੁੜੀਆਂ ਇਕੱਠੇ ਖੇਡਦੇ-ਮੱਲਦੇ ਤੇ ਖੁਲ੍ਹੇ-ਖੁਲਾਸੇ ਰਿਹਾ ਕਰਦੇ ਸਨ।

ਖੀਵੇ ਸਿਆਲ ਨੇ ਇਕ ਪਿੰਡ ਵਸਾਇਆ ਸੀ ਜੋ ਹੌਲੀ-ਹੌਲੀ ਚੰਗਾ ਤਕੜਾ ਪਿੰਡ ਹੋ ਗਿਆ। ਇਸ ਨੂੰ ਲੋਕੀਂ ਸਿਆਲਾਂ ਦਾ ਖੀਵਾ ਆਖਦੇ ਹਨ। ਸਮੇਂ ਦੇ ਰਿਵਾਜ ਅਨੁਸਾਰ ਇਥੇ ਇਕ ਮਸੀਤ ਵੀ ਸੀ, ਜਿਸ ਵਿਚ ਪਿੰਡ ਦੇ ਮੁੰਡੇ ਕੁੜੀਆਂ ਇਕੱਠੇ ਪੜ੍ਹਿਆ ਕਰਦੇ ਸਨ। ਇਸ ਖੀਵੇ ਦੇ ਦੋ ਪੁੱਤਰ, ਖਾਨ ਸੁਮੀਰ ਤੇ ਖਾਨ ਅਮੀਰ ਸਨ ਅਤੇ ਬੀਬੀ ਸੀ ਜਿਸ ਦਾ ਨਾਮ ਸਾਹਿਬਾਂ ਸੀ। ਸਮੇਂ ਦੇ ਰਿਵਾਜ ਅਨੁਸਾਰ ਇਹ ਸਾਹਿਬਾਂ ਵੀ ਆਪਣੇ ਪਿੰਡ ਦੀ ਮਸੀਤ ਵਿਚ ਪੜ੍ਹਨ ਜਾਇਆ ਕਰਦੀ ਸੀ।

ਰਾਵੀ ਦਰਿਆ ਦੇ ਕੰਢੇ ਫਰੀਦਾਬਾਦ ਇਕ ਪ੍ਰਸਿਧ ਕਸਬਾ ਹੈ। ਇਹ ਪੁਰਾਣੀ ਬਸਤੀ ਹੈ। ਜਿਸ ਸਮੇਂ ਪਹਿਲਾਂ ਪਹਿਲ ਬੰਦਾ ਬਹਾਦਰ ਦੜਕਿਆ ਅਤੇ ਖ਼ਾਲਸੇ ਨੇ ਵਜ਼ੀਰ ਖਾਂ ਨੂੰ ਮਾਰ ਕੇ ਸਰਹੰਦ ਨੂੰ ਸੋਧਿਆ ਤੇ ਸਾਹਿਬਜ਼ਾਦਿਆਂ ਦੇ ਬਦਲੇ ਲਏ, ਉਸ ਸਮੇਂ ਲਾਹੌਰ ਦਾ ਹਾਕਮ ਅਸਲਮ ਖਾਂ ਸੀ ਅਤੇ ਫਰੀਦਾਬਾਦ ਦਾ ਚੌਧਰੀ ਨਜੀਬ ਖਾਂ ਖਰਲ ਇਸ ਪਾਸ ਨੌਕਰ ਸੀ। ਪਹਿਲਾਂ ਤਾਂ ਅਸਲਮ ਖਾਂ ਡਰ ਦਾ ਮਾਰਿਆ ਲਾਹੌਰ ਦੜ ਵੱਟੀ ਪਿਆ ਰਿਹਾ ਪਰ ਜਦ ਬਹਾਦਰ ਸ਼ਾਹ ਪਾਤਸ਼ਾਹ ਫੌਜਾਂ ਲੈ ਕੇ ਪੰਜਾਬ ਵੱਲ ਵਧਿਆ ਤਾਂ ਲਾਹੌਰ ਦੇ ਮੁਸਲਮਾਨਾਂ ਨੂੰ ਵੀ ਸੁਰਤ ਆ ਗਈ ਅਤੇ ਉਹਨਾਂ ਨੇ ਖ਼ਾਲਸੇ ਨਾਲ ਲੜਾਈ ਕਰਨ ਲਈ ਹੈਦਰੀ ਝੰਡਾ ਕੱਢਿਆ।

SikhBookClub.com

ਉਸ ਸਮੇਂ ਅਸਲਮ ਖ਼ਾਂ ਨੇ ਪੰਜ ਸੌ ਪਿਆਦਾ ਦੇ ਕੇ ਇਸੇ ਨਜੀਬ ਖਾਂ ਖਰਲ ਨੂੰ ਗਾਜ਼ੀਆਂ ਨਾਲ ਤੋਰਿਆ ਸੀ।

ਇਸ ਸਮੇਂ ਤੋਂ ਦੋ ਚਾਰ ਸਾਲ ਮਗਰੋਂ ਨਜੀਬ ਖਾਂ ਦੇ ਘਰ ਪੁੱਤਰ ਹੋਇਆ, ਜਿਸ ਦਾ ਨਾਮ ਮਿਰਜ਼ਾ ਰੱਖਿਆ ਗਿਆ। ਜਦ ਇਹ ਕੁਝ ਵੱਡਾ ਹੋਇਆ ਤਾਂ ਇਸ ਦੀ ਮਾਸੀ ਇਸ ਨੂੰ ਪੜ੍ਹਾਉਣ ਲਈ ਆਪਣੇ ਪਿੰਡ ਖੀਵੇ (ਸਿਆਲਾਂ ਦੇ) ਲੈ ਗਈ। ਇਹ ਉਸੇ ਮਸੀਤ ਵਿਚ ਪੜ੍ਹਨ ਲੱਗ ਗਿਆ ਜਿਥੇ ਪਿੰਡ ਦੇ ਚੌਧਰੀ ਦੀ ਬੀਬੀ ਸਾਹਿਬਾਂ ਪੜ੍ਹਿਆ ਕਰਦੀ ਸੀ।

ਦੋਵੇਂ ਹੀ ਹੁੰਦੜ-ਹੇਲ ਤੇ ਸੋਹਣੇ ਸਨ। ਇਕੱਠੇ ਪੜ੍ਹਦੇ, ਇਕੱਠੇ ਹੀ ਖੇਡਦੇ। ਸਮਾਂ ਹੀ ਐਸਾ ਸੀ, ਪੁੰਨ-ਪਾਪ ਦਾ ਕੋਈ ਖਿਆਲ ਨਹੀਂ ਸੀ, ਦੋਹਾਂ ਵਿਚ ਪਿਆਰ ਸੀ ਅਤੇ ਦੋਵੇਂ ਇਕ ਦੂਜੇ ਦੇ ਘਰ ਆਉਂਦੇ ਜਾਂਦੇ ਸਨ।

ਜਦ ਮਿਰਜ਼ਾ ਕੁਝ ਵੱਡਾ ਹੋ ਗਿਆ ਤਾਂ ਇਸ ਦੇ ਮਾਪਿਆਂ ਨੇ ਇਸ ਨੂੰ ਫਰੀਦਾਬਾਦ ਸਦਵਾ ਲਿਆ। ਹੌਲੀ ਹੌਲੀ ਇਹ ਜਵਾਨ ਹੋ ਗਿਆ ਅਤੇ ਸਮੇਂ ਦੇ ਰਿਵਾਜ ਅਨੁਸਾਰ ਘੋੜੇ ਦੀ ਸਵਾਰੀ ਤੇ ਤੀਰ ਚਲਾਉਣ ਦਾ ਹੁਨਰ ਚੰਗੀ ਤਰ੍ਹਾਂ ਸਿਖ ਗਿਆ। ਉਹ ਸਮੇਂ ਮਾਰਾਂ-ਧਾੜਾਂ ਦੇ ਸਨ ਅਤੇ ਹਰ ਇਕ ਗੱਭਰੂ ਸਵਾਰੀ ਤੇ ਤੀਰ ਚਲਾਉਣ ਦਾ ਚੰਗਾ ਜਾਣੂ ਹੋਇਆ ਕਰਦਾ ਸੀ। ਭਾਵੇਂ ਮੁਗਲਾਂ ਦੀਆਂ ਫੌਜਾਂ ਵਿਚ ਤੋੜੇਦਾਰ ਬੰਦੂਕਾਂ ਦਾ ਰਿਵਾਜ ਸੀ, ਪਰ ਪਿੰਡਾਂ ਵਿਚ ਬੰਦੂਕ ਨੂੰ ਕੋਈ ਨਹੀਂ ਜਾਣਦਾ ਸੀ। ਇਹਨਾਂ ਦਾ ਵੱਡਾ ਹਥਿਆਰ ਤੀਰਕਮਾਨ ਸੀ ਅਤੇ ਇਸ ਤੋਂ ਉਤਰ ਕੇ ਸੇਲਾ, ਭਾਲਾ ਤੇ ਤਲਵਾਰ।

ਹੁਣ ਮਿਰਜ਼ਾ ਭਰਵਾਂ ਜਵਾਨ ਸੀ। ਇਕ ਦਿਨ ਇਕ ਮੰਗਤਾ ਜੋ ਪਿੰਡੋ ਪਿੰਡ ਮੰਗਦਾ ਫਿਰਦਾ ਸੀ, ਫਰੀਦਾਬਾਦ ਪੁੱਜਾ। ਇਹ ਆਪਣੇ ਆਪ ਨੂੰ ਪੀਰ ਅਖਵਾਉਂਦਾ ਸੀ। ਸਮੇਂ ਦੇ ਰਿਵਾਜ ਅਨੁਸਾਰ ਪਿੰਡ ਦੇ ਆਦਮੀ ਤਕੀਏ ਵਿਚ ਇਕੱਠੇ ਹੋਏ ਅਤੇ ਇਸ ਨਵੇਂ ਆਏ ਸੈਲਾਨੀ ਦੀਆਂ ਗੱਲਾਂ ਸੁਣਨ ਲੱਗੇ। ਇਸ ਨੇ ਸਾਹਿਬਾਂ ਦੀ ਜਵਾਨੀ ਤੇ ਹੁਸਨ ਦੀ ਬੜੀ ਉਪਮਾ ਕੀਤੀ ਅਤੇ ਮੰਗਦਾ ਖਾਂਦਾ ਅੱਗੇ ਨੂੰ ਚਲਿਆ ਗਿਆ।

ਮਿਰਜ਼ੇ ਨੂੰ ਆਪਣੀ ਬਾਲੀ ਉਮਰ ਦੀਆਂ ਗੱਲਾਂ ਚੇਤੇ ਆ ਗਈਆਂ। ਉਹ ਆਪਣੀ ਘੋੜੀ ਉਤੇ ਸਵਾਰ ਹੋਇਆ ਅਤੇ ਰਵਾਂ ਰਵੀਂ ਪਿੰਡ ਆਪਣੀ ਮਾਸੀ ਪਾਸ ਚਲਿਆ ਗਿਆ। ਮਾਸੀ ਨੂੰ ਆਪਣੇ ਦਿਲ ਦੀ ਸਾਰੀ ਗੱਲ ਦੱਸੀ ਜਿਸ ਨੇ ਸਾਰੀਆਂ ਗੱਲਾਂ ਸਾਹਿਬਾਂ ਦੇ ਕੰਨੀਂ ਪਾਈਆਂ। ਉਸ ਨੂੰ ਵੀ ਆਪਣੀ ਛੋਟੀ ਉਮਰ ਦੀਆਂ ਗੱਲਾਂ ਚੇਤੇ ਆ ਗਈਆਂ ਤੇ ਮਿਰਜ਼ੇ ਨੂੰ ਵੇਖ ਕੇ ਉਹ ਵੀ ਪਿਆਰ ਕਰਨ ਲੱਗ ਗਈ।

ਭਾਵੇਂ ਕੋਈ ਪੜ੍ਹਦਾ ਤਾਂ ਨਹੀਂ ਸੀ, ਪਰ ਤਦ ਵੀ ਇਕ ਜਵਾਨ ਕੁੜੀ ਦਾ ਇਕ ਓਪਰੇ ਜਵਾਨ ਮੁੰਡੇ ਨੂੰ ਹਨੇਰੇ ਸਵੇਰੇ ਇਕਾਂਤ ਵਿਚ ਮਿਲਣਾ ਚੰਗਾ ਨਹੀਂ ਸਮਝਿਆ

SikhBookClub.com

ਜਾਂਦਾ ਸੀ। ਇਕ ਦਿਨ ਮਿਰਜ਼ੇ ਦੀ ਮਾਸੀ ਨੇ ਸਾਹਿਬਾਂ ਦੀ ਮਾਂ ਨੂੰ ਜਾ ਕੇ ਆਖਿਆ ਕਿ ਕੁੜੀ ਬੀਮਾਰ ਜੇਹੀ ਰਹਿੰਦੀ ਹੈ, ਜੇਕਰ ਤੂੰ ਇਸ ਨੂੰ ਮੇਰੇ ਸਪੁਰਦ ਕਰ ਦੇਵੇਂ ਤਾਂ ਮੈਂ ਇਸ ਦਾ ਦਵਾ-ਦਾਰੂ ਕਰਾਂ, ਜ਼ਰੂਰ ਰਾਜ਼ੀ ਹੋ ਜਾਊ। ਸਾਹਿਬਾਂ ਦੀ ਮਾਂ ਨੇ ਕਹਿਆ:- "ਕੀ ਡਰ ਹੈ, ਇਹ ਵੀ ਤੁਹਾਡੀ ਹੀ ਧੀ ਹੈ। ਆਪਣੇ ਘਰ ਲੈ ਜਾਓ ਤੇ ਦਵਾ-ਦਾਰੂ ਕਰੋ।"

ਇਸ ਤਰ੍ਹਾਂ ਮਿਰਜ਼ਾ ਤੇ ਸਾਹਿਬਾਂ ਇਕੱਠੇ ਹੋ ਗਏ ਅਤੇ ਆਪੋ ਵਿਚ ਇਹਨਾਂ ਦਾ ਪਿਆਰ ਵਧ ਗਿਆ ਪਰ ਮਾਲੂਮ ਹੁੰਦਾ ਹੈ ਕਿ ਮਿਰਜ਼ਾ ਹੁਣ ਆਪਣੀ ਮਾਸੀ ਦੇ ਘਰ ਚੋਰਾਂ ਵਾਂਗ ਲੁਕ ਕੇ ਰਹਿੰਦਾ ਸੀ, ਨਸ਼ੰਗ ਹੋ ਕੇ ਨਹੀਂ ਰਹਿੰਦਾ ਸੀ।

ਇਕ ਦਿਨ ਸਾਹਿਬਾਂ ਦੇ ਕਿਸੇ ਨਜ਼ਦੀਕੀ ਨੇ ਇਹਨਾਂ ਦੋਹਾਂ ਨੂੰ ਪਿਆਰ ਕਰਦੇ ਵੇਖ ਲਿਆ। ਉਸ ਨੇ ਮਿਰਜ਼ੇ ਦੀ ਮਾਸੀ ਨੂੰ ਬਹੁਤ ਬੁਰਾ ਭਲਾ ਕਹਿਆ ਅਤੇ ਸਾਹਿਬਾਂ ਨੂੰ ਫੜ ਕੇ ਉਸ ਦੀ ਮਾਂ ਪਾਸ ਲੈ ਗਿਆ।

ਸਾਹਿਬਾਂ ਖੇਖਨ-ਹੱਥੀ ਰੋਣ ਲੱਗ ਪਈ ਤੇ ਕਹਿਣ ਲੱਗੀ ਕਿ ਇਸ ਸ਼ਰੀਕ ਨੇ ਮੈਨੂੰ ਝੂਠੀ ਊਜ ਲਾਈ ਹੈ, ਭਲਾ ਮੈਂ ਕਿਥੇ ਤੇ ਮਿਰਜ਼ਾ ਕਿਥੇ ? ਭਾਲ ਕੀਤੀ ਤਾਂ ਮਿਰਜ਼ੇ ਦਾ ਕੁਝ ਥਹੁ ਨਾ ਲੱਗਾ, ਕਿਉਂ ਜੁ ਮਿਰਜ਼ਾ ਡਰਦਾ ਮਾਰਾ ਉਦੋਂ ਹੀ ਫਰੀਦਾਬਾਦ ਨੂੰ ਨੱਸ ਗਿਆ ਸੀ।

ਮਾਪਿਆਂ ਨੇ ਸੋਚਿਆ ਕਿ ਸਾਹਿਬਾਂ ਜਵਾਨ ਹੈ। ਇਸ ਦਾ ਕਿਤੇ ਨਿਕਾਹ ਕਰ ਦੇਣਾ ਚਾਹੀਦਾ ਹੈ। ਤਾਹਰ ਖਾਂ ਇਕ ਸਰਦਾਰ ਸੀ, ਇਸ ਨਾਲ ਮੰਗਣੀ ਕੀਤੀ ਗਈ ਤੇ ਨਿਕਾਹ ਦਾ ਦਿਨ ਵੀ ਮਿਥ ਦਿੱਤਾ। ਸਾਹਿਬਾਂ ਨੇ ਮਿਰਜ਼ੇ ਪਾਸ ਸੁਨੇਹਾ ਘਲਵਾਇਆ ਕਿ 'ਫਲਾਣੇ ਦਿਨ ਮੇਰਾ ਨਿਕਾਹ ਹੈ, ਜੇ ਹੋ ਸਕਦਾ ਹੈ ਤਾਂ ਮੈਨੂੰ ਆ ਕੇ ਲੈ ਜਾਵੇ।'

ਮਿਰਜ਼ਾ ਫਰੀਦਾਬਾਦੋਂ ਤੁਰਿਆ ਤੇ ਖੀਵੇ ਆ ਕੇ ਜਨੇਤੀਆਂ ਨਾਲ ਰਲ ਗਿਆ। ਥਾਂ ਥਾਂ ਦੇ ਆਦਮੀ, ਕਿਸੇ ਨੂੰ ਕੀ ਪਤਾ ਕਿ ਕੌਣ ਕਿਥੋਂ ਦਾ ਹੈ ? ਮਿਰਜ਼ੇ ਨੇ ਸਾਹਿਬਾਂ ਪਾਸ ਸੁਨੇਹਾ ਘਲਵਾ ਦਿੱਤਾ ਕਿ ਉਹ ਲੈਣ ਆ ਗਿਆ ਹੈ। ਬੇਸ਼ਰਮ ਸਾਹਿਬਾਂ ਘਰੋਂ ਨਿਕਲੀ ਅਤੇ ਮਿਰਜ਼ੇ ਨੂੰ ਆ ਮਿਲੀ। ਪਿੰਡ ਵਿਚ ਤਾਂ ਚੁਤਰਫੀਂ ਜਨੇਤ ਦਾ ਰਾਮ-ਰੌਲਾ ਪਿਆ ਹੋਇਆ ਸੀ, ਮਿਰਜ਼ੇ ਨੇ ਸਾਹਿਬਾਂ ਨੂੰ ਆਪਣੇ ਪਿੱਛੇ ਘੋੜੇ ਉਤੇ ਸੁੱਟਿਆ ਅਤੇ ਫਰੀਦਾਬਾਦ ਨੂੰ ਵਗ ਤੁਰਿਆ। ਜਦ ਸਿਆਲਾਂ ਦੀ ਹੱਦ ਟੱਪ ਕੇ ਖਰਲਾਂ ਦੀ ਹੱਦ ਅੰਦਰ ਅੱਪੜ ਪਿਆ ਤਾਂ ਬੇ-ਫਿਕਰ ਹੋ ਕੇ ਖੜ੍ਹੋ ਗਿਆ ਅਤੇ ਚਾਹਿਆ ਕਿ ਥੋਹੜੀ ਜਿਹੀ ਅੱਖ ਲਾ ਕੇ ਫੇਰ ਪਿੰਡ ਨੂੰ ਤੁਰਾਂਗੇ।

ਹੁਣ ਖੀਵੇ ਵੱਲ ਦੀ ਸੁਣੋ। ਜਦ ਨਿਕਾਹ ਦਾ ਸਮਾਂ ਆਇਆ ਤਾਂ ਸਾਹਿਬਾਂ ਦਾ ਕਿਤੇ ਪਤਾ ਨਹੀਂ ਸੀ। ਭਰਾ ਸਮਝ ਗਏ ਕਿ ਇਹ ਮਿਰਜ਼ੇ ਦਾ ਕਾਰਾ ਹੈ। ਸਾਹਿਬਾਂ ਦੇ ਦੋਵੇਂ ਭਰਾ ਤੇ ਹੋਰ ਰਿਸ਼ਤੇਦਾਰ ਘੋੜੀਆਂ ਪੀੜ ਕੇ ਪਿੱਛੇ ਨੱਠੇ ਅਤੇ ਚਾਹਿਆ ਕਿ

SikhBookClub.com

ਮਿਰਜ਼ੇ ਨੂੰ ਪਿੰਡ ਪੁੱਜਣ ਤੋਂ ਪਹਿਲਾਂ ਹੀ ਫੜ ਲਈਏ।

ਮਿਰਜ਼ਾ ਤਾਂ ਉਨੀਂਦੇ ਦਾ ਮਾਰਿਆ ਸੁੱਤਾ ਹੋਇਆ ਸੀ ਅਤੇ ਸਾਹਿਬਾਂ ਉਸ ਦੇ ਪਾਸ ਰਾਖੀ ਲਈ ਜਾਗਦੀ ਬੈਠੀ ਸੀ। ਇਸ ਨੇ ਮਿਰਜ਼ੇ ਦਾ ਤੀਰਾਂ ਦਾ ਭੱਥਾ ਤੇ ਉਸ ਦੀ ਕਮਾਨ ਰੁੱਖ ਨਾਲ ਲਟਕਾ ਦਿੱਤੇ ਸਨ, ਜਿਸ ਹੇਠ ਮਿਰਜ਼ਾ ਸੁੱਤਾ ਹੋਇਆ ਸੀ। ਜਦ ਸਾਹਿਬਾਂ ਨੇ ਦੂਰੋਂ ਘੋੜਿਆਂ ਦੇ ਹਿਣਕਣ ਤੇ ਟਾਪਾਂ ਨੂੰ ਸੁਣਿਆ ਤਾਂ ਮਿਰਜ਼ੇ ਨੂੰ ਜਗਾਇਆ। ਕਾਇਰ ਛੇਤੀ ਨਾਲ ਘੋੜੇ ਉੱਤੇ ਸਵਾਰ ਹੋਇਆ ਤੇ ਸਾਹਿਬਾਂ ਨੂੰ ਆਪਣੇ ਪਿਛੇ ਸੁੱਟ ਕੇ ਨੱਠਾ, ਪਰ ਅਫੜਾ-ਦਫੜੀ ਵਿਚ ਆਪਣੇ ਤੀਰਾਂ ਦਾ ਭੱਥਾ ਤੇ ਕਮਾਨ ਲਾਹੁਣੀ ਭੁੱਲ ਗਿਆ। ਵੈਰੀ ਮਗਰੇ ਮਗਰ ਖੋਜ ਨੱਪੀ ਆ ਰਹੇ ਸਨ। ਉਹ ਸਮਝ ਗਏ ਕਿ ਮਿਰਜ਼ਾ ਹੁਣੇ ਹੀ ਇਥੋਂ ਨੱਸਿਆ ਹੈ। ਉਹ ਰਤਾ ਤਿੱਖੇ ਹੋਏ ਤੇ ਮਿਰਜ਼ੇ ਨੂੰ ਜਾ ਮਿਲੇ। ਮਿਰਜ਼ੇ ਨੇ ਹਿਰਖ ਕੀਤਾ ਕਿ ਉਸ ਦੇ ਤੀਰ ਕਮਾਨ ਉਸ ਪਾਸ ਨਹੀਂ ਹਨ। ਲਾਚਾਰ ਤਲਵਾਰ ਧੂਹ ਕੇ ਲੜਿਆ ਪਰ ਵੈਰੀਆਂ ਹੱਥੋਂ ਮਾਰਿਆ ਗਿਆ।

ਗਿਰਦ-ਨਵਾਹੀ ਦੇ ਮੁਸਲਮਾਨਾਂ ਨੇ ਮਿਰਜ਼ੇ ਦੀ ਲੋਥ ਨੂੰ ਉਥੇ ਹੀ ਦੱਬ ਦਿੱਤਾ। ਜਿਥੇ ਫਰੀਦਾਬਾਦ ਦੇ ਰਾਹ ਉਤੇ ਉਸ ਦੀ ਕਬਰ ਜ਼ਿਆਰਤ ਦੀ ਥਾਂ ਬਣ ਗਈ। ਗਣੇਸ਼ ਦਾਸ ਲਿਖਦਾ ਹੈ ਕਿ ਖੀਵਾ ਪਿੰਡ ਕਦੇ ਦਾ ਉੱਜੜ ਚੁੱਕਾ ਹੈ ਅਤੇ ਜਿਸ ਮਸੀਤ ਵਿਚ ਮਿਰਜ਼ਾ ਤੇ ਸਾਹਿਬਾਂ ਪੜ੍ਹਿਆ ਕਰਦੇ ਸਨ, ਉਸ ਦੀ ਇਕ ਕੰਧ ਅਜੇ ਤੀਕ ਖੜ੍ਹੀ ਹੈ।

ਮੇਰੀ ਜਾਚੇ ਇਹ ਘਟਨਾ ਉਸ ਸਮੇਂ ਦੇ ਏੜ ਗੇੜ ਹੋ ਗਈ ਹੈ ਜਦ ਕਿ ਨਾਦਰ ਸ਼ਾਹ ਇਸ ਦੇਸ਼ ਵਿਚ ਆਇਆ ਸੀ। ਇਸ ਗੱਲ ਤੋਂ ਸਿਆਲਾਂ ਤੇ ਖਰਲਾਂ ਦਾ ਆਪੋ ਵਿਚ ਇਤਨਾ ਵੈਰ ਵਧ ਗਿਆ ਕਿ ਹੁਣ ਤੀਕ ਉਨ੍ਹਾਂ ਦੇ ਮਨ ਆਪੋ ਵਿਚ ਸਾਫ਼ ਨਹੀਂ ਹੋਏ ਪਰ ਲੋਕੀਂ ਮਿਰਜ਼ੇ ਨੂੰ ਸੂਰਮਾ ਕਹਿੰਦੇ ਹਨ ਤੇ ਉਸ ਦੀ ਬਹਾਦਰੀ ਦੇ ਦਿਨੇ ਰਾਤ ਗੀਤ ਗਾਉਂਦੇ ਹਨ। ਜੇ ਸੱਚ ਮੁਚ ਮਿਰਜ਼ਾ ਸੂਰਮਾ ਹੁੰਦਾ ਤਾਂ ਐਸਾ ਨੀਚ ਕੰਮ ਕਦੇ ਨਾ ਕਰਦਾ ਅਤੇ ਜੇ ਕਾਇਰ ਨਾ ਹੁੰਦਾ ਤਾਂ ਉਸੇ ਰੁੱਖ ਹੇਠ ਖਲੋ ਕੇ ਲੜਦਾ, ਜਿਸ ਹੇਠ ਸੁੱਤਾ ਸੀ। ਵੈਰੀ ਨੂੰ ਨੇੜੇ ਆਇਆ ਵੇਖ ਕੇ ਨੱਸ ਨਾ ਉੱਠਦਾ ਤੇ ਅਫੜਾ-ਤਫੜੀ ਵਿਚ ਆਪਣੇ ਤੀਰ ਤੇ ਕਮਾਨ ਨਾ ਭੁੱਲ ਜਾਂਦਾ।

ਅਜੇਹਾ ਮਾਲੂਮ ਹੁੰਦਾ ਹੈ ਕਿ ਨਿੱਕੇ ਹੁੰਦੇ ਮਿਰਜ਼ੇ ਦੀ ਮਾਂ ਮਰ ਚੁਕੀ ਹੋਵੇਗੀ ਤੇ ਇਸੇ ਤਰ੍ਹਾਂ ਨਿੱਕੀ ਹੁੰਦੀ ਸਾਹਿਬਾਂ ਦਾ ਪਿਤਾ ਵੀ ਮਰ ਚੁੱਕਾ ਹੋਵੇਗਾ। ਸਾਹਿਬਾਂ ਆਪਣੇ ਦੋਹਾਂ ਭਰਾਵਾਂ ਤੋਂ ਛੋਟੀ ਤੇ ਮਾਂ ਦੀ ਲਡਿੱਕੀ ਹੋਵੇਗੀ, ਜੋ ਸਮੇਂ ਦੇ ਰਿਵਾਜ ਅਨੁਸਾਰ ਉਸ ਦੇ ਖੁੱਲ-ਖੁਲਾਸੇ ਸੁਭਾਵ ਤੋਂ ਬੁਰਾ ਨਹੀਂ ਮਨਾਉਂਦੀ ਹੋਵੇਗੀ। ਮਾਵਾਂ ਆਪਣੀਆਂ ਧੀਆਂ ਦੇ ਮਾਮਲੇ ਵਿਚ ਸਦਾ ਕਮਜ਼ੋਰ ਹੋਇਆ ਕਰਦੀਆਂ ਹਨ। ਜੇ ਖੀਵਾ ਜੀਉਂਦਾ ਹੁੰਦਾ ਤਾਂ ਸਾਹਿਬਾਂ ਸ਼ਾਇਦ ਇਤਨਾ ਹੌਂਸਲਾ ਹੀ ਨਾ ਕਰਦੀ।

SikhBookClub.com

# ਮਿਰਜ਼ਾ-ਸਾਹਿਬਾਂ* ਨੰਬਰ ੨

'ਮਿਰਜ਼ਾ-ਸਾਹਿਬਾਂ' ਲੇਖ ਉਤੇ ਬਾਵਾ ਬੁੱਧ ਸਿੰਘ ਦੇ ਇਤਰਾਜ ਤੇ ਕਰਮ ਸਿੰਘ ਜੀ ਦਾ ਉੱਤਰ-

ਪਿਆਰੇ 'ਦਰਦ' ਜੀ !

ਸਾਉਣ ਭਾਦਰੋਂ ਕੀ ਫੁਲਵਾੜੀ ਵਿਚ ਬਿਨਾਂ ਬਰਖਾਈ ਈ ਆਨੰਦ ਸੀ। ਮਿਰਜ਼ਾਂ ਸਾਹਿਬਾਂ ਦੇ ਪੀਂਘ ਹੁਲਾਰੇ ਮਨ ਨੂੰ ਜ਼ਰੂਰ ਹਿਲਾਉਂਦੇ, ਪਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਨੇ ਆਨੰਦ ਵਿਚ ਭੰਗ ਪਾਇਆ। ਸਰਦਾਰ ਕਰਮ ਸਿੰਘ ਜੀ ਹਿਸਟੋਰੀਅਨ ਆਖਦੇ ਨੇ ਜੇ ਉਹਨਾਂ ਦੀ ਖੋਜ ਉਹੀ ਹੈ, ਜੋ ਮਿਰਜ਼ਾ-ਸਾਹਿਬਾਂ ਦੇ ਲੇਖ ਵਿਚ ਰੌਸ਼ਨ ਹੈ ਤਾਂ ਬਸ ਫਿਰ ਰੱਬ ਹੀ ਰਾਖਾ।

ਮੈਨੂੰ ਲੰਮਾ ਚੌੜਾ ਲੇਖ ਲਿਖਣ ਦੀ ਵੇਹਲ ਨਹੀਂ ਮੋਟੀਆਂ ਮੋਟੀਆਂ ਭੁੱਲਾਂ ਦੱਸਦਾ ਹਾਂ, ਕਿਉਂਕਿ ਇਸ ਲੇਖ ਨੂੰ ਜੇਹੜਾ ਪਾਠਕਾਂ ਨੂੰ ਟਪਲੇ ਵਿਚ ਪਾਵੇ, ਬਿਨਾਂ ਵੰਗਾਰੇ ਨਹੀਂ ਜਾਣ ਦੇਣਾ ਚਾਹੀਦਾ। ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ ਤੇ ਹੀਰ ਰਾਂਝਾ ਨੂੰ ਹਿਸਟੋਰੀਅਨ ਸਾਹਿਬ ਨੇ ਵਿਗੜੇ ਹੋਏ ਤੇ ਗੰਦੇ ਮੁੰਡੇ-ਕੁੜੀਆਂ ਕਹਿਆ ਹੈ, ਸੋ ਆਖਣਾ ਕਿਥੋਂ ਤਕ ਦਰੁਸਤ ਹੈ, ਪਾਠਕ ਜਨ ਵਿਚਾਰ ਕਰ ਸਕਦੇ ਹਨ। ਇਸ਼ਕ ਵਿਚ ਸਿਰ-ਧੜ ਦੀ ਬਾਜ਼ੀ ਕਿੰਨੇ ਕੁ ਲਾ ਸਕਦੇ ਹਨ ? ਹਰ ਗਰਾਂ, ਹਰ ਸ਼ਹਿਰ, ਗਲੀ ਮਹੱਲੇ ਕਿੰਨੇ ਹੀ ਗੰਦੇ ਤੇ ਵਿਗੜੇ ਹੋਏ ਮੁੰਡੇ ਕੁੜੀਆਂ ਅੱਜ ਕਲ ਵੀ ਹੋਸਨ। ਪਰ ਕੀ ਸਭ ਹੀਰ ਰਾਂਝਾ ਹੋ ਗਏ ? ਕੋਈ ਕਵੀ ਬਣਾ ਤਾਂ ਵਿਖਾਵੇ ! ਮੈਂ ਹਿਸਟੋਰੀਅਨ ਸਾਹਿਬ ਦਾ ਧਿਆਨ ਭਾਈ ਗੁਰਦਾਸ ਜੀ ਦੇ ਬਚਨਾਂ ਵੱਲ ਦੁਆਉਂਦਾ ਹਾਂ :-

"ਲੈਲਾ ਮਜਨੂੰ ਆਸ਼ਕੀ ਚਹੁੰ ਚਕੀ ਜਾਤੀ।"

ਫੇਰ ਆਪ ਜੀ ਇਕ ਅਨੋਖਾ ਅਸੂਲ ਲਿਖਦੇ ਹਨ, 'ਪ੍ਰੇਮ ਆਪਣਿਆਂ ਨਾਲ ਹੁੰਦਾ ਹੈ, ਬਿਗਾਨਿਆ ਨਾਲ ਨਹੀਂ?'

ਪ੍ਰੇਮ ਨੂੰ ਸਮਝਿਆ ਹੋਇਆ ਫੇਰ ਠੋਕਰ ਖਾਧੀ, ਪ੍ਰੇਮ ਕੇਵਲ ਮਾਂ ਪੁੱਤਰ, ਭੈਣ ਭਰਾ, ਮਾਂ ਧੀ ਦੇ ਸਾਕਾਂ ਵਿਚ ਹੀ ਨਹੀਂ ਬੱਧਾ, ਇਹ ਸਾਕਾਦਾਰੀ ਦੀ ਮਮਤਾ ਹੁੰਦੀ

---

*ਇਸ ਲੇਖ ਦੇ ਉੱਤਰ ਵਿਚ ਸ: ਕਰਮ ਸਿੰਘ ਜੀ ਨੇ ਜੋ ਉੱਤਰ ਦਿੱਤਾ ਉਹ ਅੱਗੇ ਦਰਜ ਕੀਤਾ ਜਾਂਦਾ ਹੈ।*

SikhBookClub.com

ਹੈ, ਲਹੂ ਮਾਸ ਦਾ ਸਾਕ। ਪਰ ਪਿਆਰ ਇਸ ਤੋਂ ਅੱਗੇ ਹੈ। ਜਿਨ੍ਹਾਂ ਦੇ ਦਿਲਾਂ ਵਿਚ ਹੋ ਗਿਆ ਤਾਂ ਆਪਸ ਵਿਚ ਮਿਕਨਾਤੀਸੀ ਖਿੱਚ ਜੰਮ ਗਈ। ਭਲਾ ਜੀ, ਜਿਥੇ ਪਿਆਰ ਉਥੇ ਬਿਗਾਨਾਪਨ ਕਿਥੇ ? ਕੀ ਹਿਸਟੋਰੀਅਨ ਜੀ ਦੱਸ ਸਕਦੇ ਹਨ ਕਿ ਵਿਆਹ ਤੋਂ ਪਹਿਲੇ ਵਹੁਟੀ-ਗੱਭਰੂ ਆਪਣੇ ਹੁੰਦੇ ਹਨ ਕਿ ਬਿਗਾਨੇ ? ਪ੍ਰੇਮ-ਗਾਥਾ ਨੂੰ ਸਮਝਣ ਲਈ ਕੋਮਲ ਹਿਰਦਾ ਚਾਹੀਏ , ਪੱਥਰ ਹਿਰਦੇ ਪਿਆਰ ਦੀ ਫਿਲਾਸਫੀ ਨਹੀਂ ਸਮਝ ਸਕਦੇ। ਹਾਂ ਜੀ, ਪਰ ਅੱਜ ਕਲ੍ਹ ਦੇ ਨਹੀਂ, ਰਤੀ ਪੁਰਾਤਨ ਸੋਸ਼ਲ ਰੀਫਾਰਮਰ ਤਾਂ ਇਸ਼ਕ ਦੇ ਨਾਂ ਤੋਂ ਹੀ ਤ੍ਰਬਕਦੇ ਸਨ। ਹਿਸਟੋਰੀਅਨ ਸਾਹਿਬ ਆਪ ਸ਼ਾਇਦ ਉਸ ਲੀਕ 'ਤੇ ਟੁਰੇ ਜਾਂ ਅਸੀਂ ਉਹਨਾਂ ਦਾ ਮੰਤਵ ਨਹੀਂ ਸਮਝੇ। ਖ਼ੈਰ ਜੇ ਇਹਨਾਂ ਦੀ ਆਵਾਜ਼ ਅੱਜ ਕਲ੍ਹ ਦੇ ਮੁੰਡੇ ਕੁੜੀਆਂ ਨੂੰ ਬਚਾਵੇ, ਹਾਂ ਜੀ ਗੰਦੇ ਤੇ ਵਿਗੜੇ ਮੁੰਡੇ ਕੁੜੀਆਂ ਨੂੰ ਉੱਚਾ ਕਰੇ ਤਾਂ ਲਾਭ ਦੀ ਨੀਂਹ ਰੱਖੀ ਗਈ ਸਮਝੋ। ਹਿਸਟੋਰੀਅਨ ਸਾਹਿਬ ਨੇ ਲਾਲਾ ਗਣੇਸ਼ ਦਾਸ ਰੁਹਤਾਸੀਏ ਦੀ 'ਚਹਾਰ ਬਾਗ ਪੰਜਾਬ' ਨੂੰ ਮੁਖ ਰੱਖਿਆ ਹੈ। ਪਰ ਜੇ ਗਣੇਸ਼ ਦਾਸ ਹੀ ਭੁੱਲਾ ਹੋਵੇ ਤਾਂ ਫੇਰ ਖੋਜ ਕਾਹਦੀ ?

ਸੋਹਣੀ-ਮਹੀਂਵਾਲ ਸ਼ਾਹ ਜਹਾਨ ਦੇ ਸਮੇਂ ਹੋਏ। ਉਹਨਾਂ ਦੀ ਵਾਰ ਤੇ ਕਿੱਸੇ ਵੀ ਇਸ ਗੱਲ ਦੇ ਗਵਾਹ ਹਨ ਪਰ ਅਸਾਂ ਤਾਂ ਮਿਰਜ਼ਾਂ ਸਾਹਿਬਾਂ ਦਾ ਇਤਿਹਾਸ ਵੇਖਣਾ ਹੈ। ਸਿਆਲ ਰਾਜਪੂਤਾਂ ਤੇ ਖਰਲ ਜੱਟਾਂ ਦੇ ਅੱਡ ਅੱਡ ਫਿਰਕੇ ਹਨ। ਪੁਰਾਣੇ ਸਮਿਆਂ ਵਿੱਚ ਜੱਟਾਂ ਤੇ ਰਾਜਪੂਤਾਂ ਦੇ ਆਪਸ ਵਿਚ ਸਾਕ ਨਹੀਂ ਹੁੰਦੇ ਸਨ। ਇਹੀ ਰੁਕਾਵਟ ਹੀਰ ਰਾਂਝੇ ਤੇ ਮਿਰਜ਼ਾ ਸਾਹਿਬਾਂ ਦੇ ਵਿਆਹ ਹੋਣ ਵਿਚ ਸੀ।

ਆਪ ਮਿਰਜ਼ੇ ਸਾਹਿਬਾਂ ਦੀ ਘਟਨਾ ਨਾਦਰ ਸ਼ਾਹ ਦੇ ਵੇਲੇ ਦੱਸਦੇ ਹਨ। ਇਹ ਉੱਕਾ ਹੀ ਗਲਤ ਹੈ। ਮਿਰਜ਼ਾ ਸਾਹਿਬਾਂ ਦੀ ਪਹਿਲੀ ਵਾਰ ਪੀਲੂ ਸ਼ਾਇਰ ਨੇ ਲਿਖੀ ਜੋ ਔਰੰਗਜ਼ੇਬ ਦੇ ਰਾਜ ਸਮੇਂ ਹੋਇਆ *(ਦੇਖੋ ਬੰਬੀਹਾ ਬੋਲ)*। ਦੂਜੀ ਵਾਰ ਜਿਸ ਦਾ ਸਾਨੂੰ ਪਤਾ ਹੈ, ਹਾਫ਼ਜ਼ ਬਰਖੁਰਦਾਰ ਨੇ ਲਿਖੀ *(ਦੇਖੋ ਕੋਇਲ ਕੂਕ)* ਅਰ ਇਹ ਕਵੀ ਔਰੰਗਜ਼ੇਬ ਦੇ ਸਮੇਂ ਹੋਏ ਹਨ। ਇਨ੍ਹਾਂ ਦੀ ਕਿਤਾਬ ਯੂਸਫ ਜ਼ੁਲੈਖਾਂ ੧੦੯੦ ਹਿਜਰੀ (ਸੰਮਤ ੧੬੭੭) ਵਿਚ ਲਿਖੀ ਗਈ ਸੀ ਪਰ ਪੀਲੂ ਕਵੀ ਇਸ ਤੋਂ ਵੀ ਪੁਰਾਣਾ ਹੈ, ਕਿਉਂਕਿ ਹਾਫਜ਼ ਬਰਖੁਰਦਾਰ ਆਪਣੀ ਵਾਰ ਵਿਚ ਪੀਲੂ ਦੀ ਤਾਰੀਫ ਕਰਦਾ ਹੈ। ਔਰੰਗਜ਼ੇਬ ੧੬੫੮ ਈ: ਨੂੰ ਤਖ਼ਤ 'ਤੇ ਬੈਠਾ ਇਸ ਕਰਕੇ ਮਿਰਜ਼ਾ ਸਾਹਿਬਾਂ ਸ਼ਾਹ ਜਹਾਨ ਦੇ ਰਾਜ ਦੇ ਅੰਤਲੇ ਸਮੇਂ ਜਾਂ ਔਰੰਗਜ਼ੇਬ ਦੇ ਮੁੱਢ ਵਿਚ ਹੋਏ ਹੋਣਗੇ। ਮਿਰਜ਼ਾ ਸੂਰਮਾ ਸੀ 'ਤੇ ਸਾਹਿਬਾਂ ਨੂੰ ਘਰੋਂ ਕੱਢ ਘੋੜੇ 'ਤੇ ਬਿਠਾ ਕੇ ਨਠਾ ਲੈ ਜਾਣਾ, ਕਾਇਰਤਾ ਨਹੀਂ। ਕੀ ਹਿਸਟੋਰੀਅਨ ਜੀ ਮਹਾਂ ਭਾਰਤ ਭੁੱਲ ਗਏ ? ਕੀ ਕ੍ਰਿਸ਼ਨ ਜੀ ਦਾ ਰੁਕਮਣੀ ਨੂੰ ਲੈ ਕੇ ਨੱਠਣਾ ਜਾਂ ਅਰਜਨ ਦਾ ਕ੍ਰਿਸ਼ਨ ਦੀ ਭੈਣ ਨੂੰ ਲੈ ਜਾਣਾ ਕਾਇਰਤਾ ਦੀਆਂ ਗੱਲਾਂ ਹਨ? ਪਾਠਕ ਆਪੇ ਸੋਚ ਵਿਚਾਰ ਕਰ ਲੈਣ। ਆਪ ਨੇ ਜੋ ਲਿਖਿਆ ਹੈ ਕਿ ਮਿਰਜ਼ਾ ਵੈਰੀਆਂ ਨੂੰ ਵੇਖ ਘੋੜੀ 'ਤੇ ਚੜ੍ਹ ਉਠ ਨੱਠਿਆ, ਤਰਕਸ਼

SikhBookClub.com

ਵੀ ਭੁੱਲ ਗਿਆ, ਇਹ ਕਿਸੇ ਪੁਰਾਤਨ ਵਾਰ ਤੋਂ ਸਿੱਧ ਨਹੀਂ ਹੁੰਦਾ। ਮਿਰਜ਼ਾ ਤੇ ਸਾਹਿਬਾਂ ਨੂੰ ਕਹਿੰਦਾ ਰਿਹਾ ਕਿ ਤੂੰ ਮੇਰਾ ਤਰਕਸ਼ ਕਿਉਂ ਟੰਗ ਦਿੱਤਾ। ਏਸੇ ਹਾੜੇ ਵਿਚ ਜ਼ਖ਼ਮੀ ਹੋ ਮਰ ਗਿਆ। ਮਿਰਜ਼ਾ ਸੂਰਮਾ ਸੀ, ਬਹਾਦਰ ਸੀ, ਇਸ ਵਿਚ ਰਤੀ ਵੀ ਸ਼ੱਕ ਨਹੀਂ। ਅੰਤ ਵੈਰੀਆਂ ਨੇ ਜ਼ਖ਼ਮੀ ਕੀਤਾ ਤੇ ਕਹਿੰਦਾ ਹੈ :-

**ਮਿਰਜ਼ਾ**– ਮੰਦਾ ਕੀਤੋ ਸੁਣ ਸਾਹਿਬਾਂ, ਮੇਰਾ ਤਰਕਸ਼ ਟੰਗਿਓਈ ਜੰਡ।
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ, ਦਿੰਦਾ ਸਿਆਲਾਂ ਨੂੰ ਵੰਡ।
ਪਹਿਲੋਂ ਮਾਰਦਾ ਵੀਰ ਸ਼ਮੀਰ ਦੇ, ਦੂਜੀ ਕੁੱਲੇ ਦੇ ਤੰਗ।
ਤੀਜੀ ਮਾਰਾਂ ਜੋੜ ਕੇ, ਜਿਹਦੀ ਹੈਂ ਤੂੰ ਮੰਗ।

ਮੇਰੀ ਖੋਜ ਵਿਚ ਜੋ ਗੱਲਾਂ ਇਹਨਾਂ ਆਸ਼ਕ-ਮਾਸ਼ੂਕਾਂ ਬਾਬਤ ਆਈਆਂ, ਆਪਣੇ ਪਾਠਕਾਂ ਦੀ ਅੱਖ ਗੋਚਰੀਆਂ ਕਰ ਦਿੱਤੀਆਂ ਹਨ। ਮੈਂ ਲਾਲਾ ਗਣੇਸ਼ ਦਾਸ ਦੀ ਖੋਜ ਭਰੀ 'ਚਹਾਰ ਬਾਗ' ਬਾਬਤ ਕੁਝ ਨਹੀਂ ਕਹਿ ਸਕਦਾ ਕਿਉਂਕਿ ਮੈਂ ਪੜ੍ਹੀ ਨਹੀਂ।

ਜੋ ਲਿਖਿਆ ਹੈ ਪੁਰਾਣੇ ਲਿਟਰੇਚਰ ਦੀ ਖੋਜ ਨੂੰ ਮੁੱਖ ਰੱਖ ਕੇ ਲਿਖਿਆ ਹੈ, ਪਾਠਕ ਜਨ ਭੁੱਲ-ਚੁੱਕ ਮਾਫ਼ ਕਰਨਾ

**ਦਾਸ-ਬਾਵਾ ਬੁੱਧ ਸਿੰਘ**

**ਮੁਲਤਾਨ, ੧੦ ਅਗਸਤ, ੧੯੨੮**

SikhBookClub.com

## ਮਿਰਜ਼ਾ-ਸਾਹਿਬਾਂ[3] ਨੰਬਰ ੩

ਮੇਰੇ ਲੇਖ 'ਮਿਰਜ਼ਾ-ਸਾਹਿਬਾਂ' ਸੰਬੰਧੀ ਜੋ ਖਿਆਲ ਬਾਵਾ ਬੁੱਧ ਸਿੰਘ ਜੀ ਨੇ ਪਰਗਟ ਕੀਤੇ ਹਨ। ਉਹਨਾਂ ਲਈ ਮੈਂ ਆਪ ਦਾ ਅਤਿਅੰਤ ਧੰਨਵਾਦੀ ਹਾਂ ਪਰ ਆਮ ਪਾਠਕਾਂ ਨੂੰ ਭੁਲੇਖੇ ਤੋਂ ਬਚਾਉਣ ਲਈ ਹੇਠ ਲਿਖੀਆਂ ਸਤਰਾਂ ਲਿਖਦਾ ਹਾਂ-

੧. ਮੇਰਾ ਇਹ ਲੇਖ ਯਾ 'ਸੋਹਣੀ ਮਹੀਂਵਾਲ' ਮੇਰੀ ਕਿਸੇ ਖੋਜ ਦਾ ਸਿੱਟਾ ਨਹੀਂ ਹਨ। ਮੈਂ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਮੈਂ ਇਹ ਲੇਖ ਗਣੇਸ਼ ਦਾਸ ਜੀ ਦੇ ਆਧਾਰ ਉਤੇ ਲਿਖ ਰਿਹਾ ਹਾਂ। ਜੋ ਕੁਝ ਗਣੇਸ਼ ਦਾਸ ਜੀ ਨੇ ਲਿਖਿਆ ਸੀ ਉਸ ਦਾ ਸਾਰ ਮੈਂ ਪਾਠਕਾਂ ਅਗੇ ਰੱਖ ਦਿੱਤਾ ਹੈ ਅਤੇ ਉਸ ਦੇ ਆਧਾਰ ਉਤੇ ਆਪਣੀ ਰਾਇ ਕਾਇਮ ਕੀਤੀ ਹੈ। ਇਸ ਲੇਖ ਲਿਖਣ ਦਾ ਮੇਰਾ ਭਾਵ ਇਹ ਸੀ ਕਿ ਜਿਹਨਾਂ ਸੱਜਣਾਂ ਨੂੰ ਇਹਨਾਂ ਲੇਖਾਂ ਨਾਲ ਦਿਲਚਸਪੀ ਹੋਵੇ, ਉਨ੍ਹਾਂ ਨੂੰ ਗਣੇਸ਼ ਦਾਸ ਜੀ ਦੇ ਬਿਆਨ ਦਾ ਵੀ ਪਤਾ ਲੱਗ ਜਾਵੇ, ਕਿਉਂਕਿ ਆਪ ਦੀ ਤਵਾਰੀਖ ਛਪੀ ਨਾ ਹੋਣ ਕਰਕੇ ਆਮ ਨਹੀਂ ਮਿਲਦੀ।

੨. ਸੋਹਣੀ ਮਹੀਂਵਾਲ ਦੀ ਘਟਨਾ ਗਣੇਸ਼ ਦਾਸ ਜੀ ਸੰਮਤ ੧੭੮੯ ਬਿਕ੍ਰਮੀ (੧੭੩੨ ਈ:) ਦੀ ਲਿਖਦੇ ਹਨ। ਕਿਉਂਕਿ ਆਪ ਗੁਜਰਾਤ ਦੇ ਵਸਨੀਕ ਸਨ ਇਸ ਲਈ ਕਿਸੇ ਵਧੀਕ ਜ਼ੋਰਦਾਰ ਸਬੂਤ ਤੋਂ ਬਿਨਾਂ ਆਪ ਦੀ ਤਰੀਕ ਨੂੰ ਝੂਠ ਨਹੀਂ ਕਹਿਆ ਜਾ ਸਕਦਾ। ਆਪ ਨੇ ਸਪਸ਼ਟ ਲਿਖਿਆ ਹੈ ਕਿ ਇਹ ਗੱਲ ਮੁਹੰਮਦ ਸ਼ਾਹ ਦੇ ਸਮੇਂ ਸੰਮਤ ੧੧੪੫ ਹਿਜਰੀ ਵਿਚ ਹੋਈ ਸੀ। ਆਪ ਨੇ ਜ਼ਰੂਰ ਗੁਜਰਾਤ ਦੇ ਬੁੱਢਿਆਂ ਪਾਸੋਂ ਇਹ ਹਾਲ ਸੁਣਿਆ ਹੋਵੇਗਾ। ਨਹੀਂ ਤਾਂ ਉਹ ਐਸਾ ਸਪਸ਼ਟ ਨਾ ਲਿਖਦੇ। ਐਸੇ ਸਬੂਤ ਦੇ ਹੁੰਦਿਆਂ ਮੇਰਾ ਮਨ ਨਹੀਂ ਮੰਨਦਾ ਕਿ ਇਹ ਘਟਨਾ ਸ਼ਾਹ ਜਹਾਨ ਦੇ ਸਮੇਂ ਹੋਈ ਹੋਵੇ।

੩. ਗਣੇਸ਼ ਦਾਸ ਜੀ ਨੇ ਇਹ ਵੀ ਲਿਖਿਆ ਹੈ ਕਿ ਮਿਰਜ਼ਾ ਦਾ ਪਿਤਾ ਨਜੀਬ ਖ਼ਾਂ ਫ਼ਰੁੱਖ਼ਸੀਅਰ ਦਾ ਸਮਕਾਲੀ ਸੀ ਅਤੇ ਮਿਰਜ਼ਾ ਉਸ ਦੇ ਪਿਛਲੇ ਦਿਨਾਂ ਵਿਚ ਹੋਇਆ ਸੀ।

ਮੁਹੰਮਦ ਕਾਸਮ ਲਾਹੌਰੀ ਦੇ ਸਾਹਮਣੇ ਨਜੀਬ ਖਾਂ ਫਰੀਦਾਬਾਦ ਦਾ ਜ਼ਿਮੀਂਦਾਰ ਪੰਜ ਸੌ ਪਿਆਦਾ ਲੈ ਕੇ ਹੈਦਰੀ ਝੰਡੇ ਨਾਲ ਰਲਿਆ ਸੀ। ਇਹ ਗੱਲ ਬਹਾਦਰ ਸ਼ਾਹ ਦੇ ਸਮੇਂ ਦੀ ਹੈ। ਸੋ ਜਦ ਜੋ ਇਤਿਹਾਸਕਾਰ ਇਸ ਗੱਲ ਨੂੰ ਮੰਨਦੇ ਹੋਣ ਅਤੇ ਇਕ

*੩ ਰਸਾਲਾ ਫੁਲਵਾੜੀ, ਅਕਤੂਬਰ ੧੯੨੮ ਈਸਵੀ, ਪੰਨਾ ੯੨੮*

SikhBookClub.com

ਆਪਣੀ ਅੱਖੀਂ ਡਿਠੇ ਹਾਲ ਲਿਖ ਰਿਹਾ ਹੋਵੇ ਤਾਂ ਉਹਨਾਂ ਦੀ ਗੱਲ ਨੂੰ ਸੱਚਾ ਹੀ ਮੰਨਣਾ ਪੈਂਦਾ ਹੈ। ਸੋ ਜੇ ਮਿਰਜ਼ੇ ਦਾ ਪੈਦਾ ਹੋਣਾ ਫਰੱਖਸੀਅਰ ਦੇ ਸਮੇਂ ਪਿਛਲੇ ਦਿਨਾਂ ਵਿਚ ਮੰਨਿਆ ਜਾਵੇ ਤਾਂ ਮਿਰਜ਼ਾ ਸਾਹਿਬਾਂ ਦੀ ਘਟਨਾ ਸਮੇਂ ਮਿਰਜ਼ੇ ਦੀ ਉਮਰ ਅਠਾਰਾਂ ਵੀਹ ਸਾਲ ਤੋਂ ਤਾਂ ਘੱਟ ਕੀ ਹੋ ਸਕਦੀ ਹੈ? ਸੋ ਇਹ ਸਮਾਂ ਨਾਦਰ ਸ਼ਾਹ ਦੇ ਹਿੰਦ ਵੱਲ ਆਉਣ ਦੇ ਏੜ ਗੇੜ ਦਾ ਹੀ ਸਮਾਂ ਹੈ।

ਜੇਕਰ ਮੁਹੰਮਦ ਕਾਸਮ ਲਾਹੌਰੀ ਦਾ ਨਜੀਬ ਖਾਂ ਜ਼ਿਮੀਂਦਾਰ ਫਰੀਦਾਬਾਦ, ਕੋਈ ਹੋਰ ਨਜੀਬ ਖਾਂ ਕਿਸੇ ਹੋਰਸ ਫਰੀਦਾਬਾਦ ਦਾ ਹੈ, ਤਦ ਵੀ ਸਾਨੂੰ ਸੋਚਣਾ ਪਊ ਕਿ ਗਣੇਸ਼ ਦਾਸ ਨੇ ਨਜੀਬ ਖਾਂ ਨੂੰ ਫ਼ਰੁੱਖਸੀਅਰ ਦਾ ਸਮਕਾਲੀ ਕਿਉਂ ਲਿਖਿਆ? ਅੰਤ ਉਸ ਨੇ ਕਿਸੇ ਪਾਸੋਂ ਇਹ ਗੱਲ ਸੁਣੀ ਹੀ ਹੋਊ ! ਪਰ ਮੇਰਾ ਨਿਸਚਾ ਇਹ ਹੈ ਕਿ ਮੁਹੰਮਦ ਕਾਸਮ ਦਾ ਨਜੀਬ ਖਾਂ ਜ਼ਿਮੀਂਦਾਰ ਫਰੀਦਾਬਾਦ ਤੇ ਗਣੇਸ਼ ਦਾਸ ਦਾ ਨਜੀਬ ਖਾਂ ਜ਼ਿਮੀਂਦਾਰ ਫਰੀਦਾਬਾਦ ਇਕੋ ਹੀ ਹਨ। ਇਸ ਲਈ ਮਿਰਜ਼ਾ ਸਾਹਿਬਾਂ ਦਾ ਸਮਾਂ ਨਾਦਰ ਸ਼ਾਹ ਦੇ ਏੜ ਗੇੜ ਦਾ ਹੀ ਹੋ ਸਕਦਾ ਹੈ।

ਇਸ ਗੱਲ ਦਾ ਨਿਰਣਾ ਕਰਨਾ ਕੋਈ ਔਖੀ ਗੱਲ ਨਹੀਂ। ਖਰਲਾਂ ਦੇ ਸ਼ਜਰਿਆਂ ਤੋਂ ਇਹ ਗੱਲ ਸਹਿਜੇ ਹੀ ਸਿੱਧ ਕੀਤੀ ਜਾ ਸਕਦੀ ਹੈ ਕਿ ਮਿਰਜ਼ਾ ਸਾਹਿਬਾਂ ਦੀ ਘਟਨਾ ਕਦ ਹੋਈ। ਮੇਰਾ ਖਿਆਲ ਹੈ ਕਿ ਸਿਆਲਾਂ ਦੀ ਜੋ ਤਵਾਰੀਖ ਇਕ ਮੁਸਲਮਾਨ ਇਤਿਹਾਸਕਾਰ ਨੇ ਲਿਖੀ ਸੀ, ਉਸ ਵਿਚ ਮਿਰਜ਼ਾ ਸਾਹਿਬਾਂ ਦੀ ਸਾਰੀ ਕਹਾਣੀ ਦਿੱਤੀ ਹੈ ਅਤੇ ਸਿਆਲਾਂ ਤੇ ਖਰਲਾਂ ਦੇ ਆਪੋ ਵਿਚ ਵੈਰ ਦਾ ਵੱਡਾ ਕਾਰਨ ਇਸੇ ਨੂੰ ਦੱਸਿਆ ਹੈ। ਜਿਨ੍ਹਾਂ ਸੱਜਣਾਂ ਨੂੰ ਇਨ੍ਹਾਂ ਗੱਲਾਂ ਦੀ ਵਧੀਕ ਖੋਜ ਦੀ ਲੋੜ ਹੋਵੇ, ਉਹ ਸਿਆਲਾਂ ਦੇ ਇਤਿਹਾਸ ਨੂੰ ਵੇਖਣ।

੪. ਜੇਕਰ ਗਣੇਸ਼ ਦਾਸ ਦਾ ਇਹ ਲਿਖਣਾ ਗਲਤ ਨਾ ਹੋਵੇ ਕਿ ਨਜੀਬ ਖਾਂ ਫਰੁੱਖਸੀਅਰ ਦਾ ਸਮਕਾਲੀ ਸੀ ਤਾਂ ਗਣੇਸ਼ ਦਾਸ ਨੇ ਮਿਰਜ਼ਾ ਸਾਹਿਬਾਂ ਸੰਬੰਧੀ ਜੋ ਕੁਝ ਲਿਖਿਆ ਹੈ, ਉਸ ਨੂੰ ਕਿਸੇ ਕਵੀ ਦੇ ਲੇਖ ਤੋਂ ਵਧੀਕ ਸੱਚਾ ਮੰਨਿਆ ਜਾ ਸਕਦਾ ਹੈ। ਕਵੀ ਸਦਾ ਆਪਣੇ ਹੀਰੋ ਨੂੰ ਸੂਰਮਾ ਬਣਾ ਦਿਆ ਕਰਦੇ ਸਨ ਪਰ ਇਤਿਹਾਸਕਾਰ ਸਪਸ਼ਟ ਗੱਲਾਂ ਲਿਖਦਾ ਹੈ ਕਿ ਮਿਰਜ਼ਾ ਜੰਡ ਹੇਠ ਸੌਂ ਗਿਆ, ਸਾਹਿਬਾਂ ਜਾਗਦੀ ਰਹੀ, ਉਸ ਨੇ ਮਿਰਜ਼ੇ ਦੇ ਤੀਰਾਂ ਦਾ ਭੱਥਾ ਜੰਡ ਨਾਲ ਲਟਕਾ ਦਿੱਤਾ। ਜਦ ਤੜਕ ਸਾਰ ਦੂਰੋਂ ਘੋੜਿਆਂ ਦੀ ਟਾਪਾਂ ਤੇ ਹਿਣਕਣ ਦੀਆਂ ਅਵਾਜ਼ਾਂ ਆਈਆਂ ਤਾਂ ਸਾਹਿਬਾਂ ਨੂੰ ਆਪਣੇ ਪਿੱਛੇ ਸੁੱਟ ਕੇ ਘੋੜੀ ਦੁੜ੍ਹਾ ਕੇ ਫਰੀਦਾਬਾਦ ਵੱਲ ਵਧਿਆ ਅਤੇ ਇਸ ਕਾਹਲੀ ਵਿਚ ਜੰਡ ਨਾਲੋਂ ਤੀਰਾਂ ਦਾ ਭੱਥਾ ਤੇ ਕਮਾਨ ਲਾਹੁਣੀ ਵੀ ਉਹ ਭੁੱਲ ਗਏ। ਵਾਹਰੂਆਂ ਨੇ ਹਿੰਮਤ ਕਰ ਕੇ ਮਿਰਜ਼ੇ ਨੂੰ ਜਾ ਘੇਰਿਆ ਅਤੇ ਲੜ ਕੇ ਉਸ ਨੂੰ ਮਾਰ ਦਿੱਤਾ।

ਮੈਂ ਫੇਰ ਕਹਿੰਦਾ ਹਾਂ ਕਿ ਜੇ ਮਿਰਜ਼ਾ ਉਸ ਨਜ਼ੀਬ ਖਾਂ ਦਾ ਪੁੱਤਰ ਸੀ, ਜੋ

SikhBookClub.com

ਨਜੀਬ ਖਾਂ ਬੰਦਾ ਬਹਾਦਰ ਦੇ ਸਮੇਂ ਸਿੱਖਾਂ ਨਾਲ ਲੜਿਆ ਸੀ ਤਾਂ ਗਣੇਸ਼ ਦਾਸ ਦੇ ਉਤਲੇ ਬਿਆਨ ਨੂੰ ਕਿਸੇ ਬਿਧ ਗਲਤ ਨਹੀਂ ਕਹਿਆ ਜਾ ਸਕਦਾ, ਕਿਉਂ ਜੁ ਗਣੇਸ਼ ਦਾਸ ਨੇ ਲਿਖਿਆ ਹੈ, ਉਸ ਅਨੁਸਾਰ ਮਿਰਜ਼ਾ ਪਰਲੇ ਦਰਜੇ ਦਾ ਕਾਇਰ ਸਿੱਧ ਹੁੰਦਾ ਹੈ। ਉਹ ਸੂਰਮਾ ਤਦ ਹੁੰਦਾ, ਜੇ ਉਹ ਜਾਗ ਕੇ ਉਸ ਜੰਡ ਹੇਠ ਖਲੋ ਕੇ ਲੜਦਾ ਅਤੇ ਉਥੇ ਹੀ ਸਰੀਰ ਛੱਡਦਾ। ਉਸ ਦਾ ਉਥੋਂ ਨੱਸਣਾ ਹੀ ਉਸ ਦੀ ਸੂਰਮਤਾਈ ਉਤੇ ਵੱਟਾ ਹੈ। ਸੂਰਮੇ ਨੱਸਿਆ ਨਹੀਂ ਕਰਦੇ।

(ੳ) ਖ਼ਾਲਸਾ ਜੀ ਮੀਰ ਮੰਨੂੰ ਦੀ ਸਹਾਇਤਾ ਲਈ ਲਾਹੌਰ ਜਾਂਦੇ ਹਨ। ਸੁੱਖਾ ਸਿੰਘ ਮਾੜੀ ਵਾਲਾ ਆਪਣੇ ਸਾਥੀਆਂ ਸਣੇ ਰਾਵੀ ਟੱਪ ਕੇ ਪਾਰ ਹੋ ਜਾਂਦਾ ਹੈ। ਲੜਾਈ ਦੇ ਖਿਆਲ ਕਰਕੇ ਨਹੀਂ, ਬਲਕਿ ਸੁਤੇ ਸਿਧ ਹੀ ਫਿਰਦਾ ਫਿਰਾਉਂਦਾ ਪਾਰ ਚਲਿਆ ਜਾਂਦਾ ਹੈ, ਅਗੋਂ ਪਠਾਣ ਇਨ੍ਹਾਂ ਵੱਲ ਵਧਦੇ ਹਨ। ਵੈਰੀ ਨੂੰ ਆਉਂਦਿਆਂ ਵੇਖ ਕੇ ਸੁੱਖਾ ਸਿੰਘ ਜੀ ਸਮਝ ਜਾਂਦੇ ਹਨ ਕਿ ਵੈਰੀ ਬਹੁਤੇ ਹਨ ਅਤੇ ਅਸੀਂ ਗਿਣਤੀ ਦੇ, ਇਸ ਲਈ ਬਚਣਾ ਔਖਾ ਹੈ। ਆਪ ਭੱਜ ਕੇ ਬਚ ਸਕਦੇ ਸਨ, ਪਰ ਇਸ ਨੂੰ ਆਪ ਕਾਇਰਤਾ ਸਮਝਦੇ ਸਨ। ਆਪ ਨੇ ਸਾਥੀਆਂ ਨੂੰ ਕਹਿਆ ਕਿ ਜਿਸ ਨੂੰ ਜਾਨ ਪਿਆਰੀ ਹੈ ਉਹ ਪਿੱਛੇ ਮੁੜ ਜਾਵੇ ਪਰ ਜਿਸ ਨੇ ਸ਼ਹੀਦ ਹੋਣਾ ਹੈ ਉਹ ਸਾਡੇ ਨਾਲ ਰਹੇ। ਕੁਝ ਕੁ ਸਿੰਘ ਮੁੜ ਪਏ ਅਤੇ ਕੁਝ ਕੁ ਸੁੱਖਾ ਸਿੰਘ ਜੀ ਨਾਲ ਹੀ ਰਹੇ। ਪਠਾਣ ਆਏ, ਲੜਾਈ ਹੋਈ ਅਤੇ ਸਾਰੇ ਸਿੰਘ ਸ਼ਹੀਦ ਹੋ ਗਏ। ਸੂਰਮੇ ਇਹ ਸਨ ਜੋ ਜਾਨਾਂ ਬਚਾ ਸਕਦੇ ਹਨ ਪਰ ਵੈਰੀ ਨੂੰ ਵੇਖ ਭੱਜਣਾ ਨਹੀਂ ਚਾਹੁੰਦੇ ਸਨ।

(ਅ) ਖ਼ਾਨ ਬਹਾਦਰ ਲਾਹੌਰ ਦੇ ਸੂਬੇ ਨੇ ਤਾਰਾ ਸਿੰਘ ਵਾਂਈਏ ਨੂੰ ਮਾਰਨ ਲਈ ਫ਼ੌਜ ਤਿਆਰ ਕੀਤੀ। ਫ਼ੌਜ ਨੇ ਅਗਲੇ ਦਿਨ ਕੂਚ ਕਰਨਾ ਸੀ। ਇਹ ਖਬਰ ਲਾਹੌਰ ਦੇ ਇਕ ਸਿੱਖ ਨੂੰ ਜਦ ਹੋਈ ਉਹ ਸੰਝ ਹੁੰਦਿਆਂ ਹੀ ਘੋੜੀ ਲੈ ਕੇ ਰਾਤੋ-ਰਾਤ ਵਾਈਂ ਪੁੱਜਾ ਤੇ ਤਾਰਾ ਸਿੰਘ ਜੀ ਨੂੰ ਖਬਰ ਕਰ ਦਿੱਤੀ ਕਿ ਸਵੇਰੇ ਲਾਹੌਰੋਂ ਆਪ ਵੱਲ ਫ਼ੌਜ ਦਾ ਕੂਚ ਹੋਵੇਗਾ। ਆਪ ਦੋ ਚਾਰ ਦਿਨ ਐਧਰ ਉਧਰ ਹੋ ਜਾਓ, ਫ਼ੌਜ ਫਿਰ ਤੁਰ ਕੇ ਲਾਹੌਰ ਨੂੰ ਮੁੜ ਜਾਊ। ਤਾਰਾ ਸਿੰਘ ਜੀ ਨੇ ਧੰਨਵਾਦ ਕੀਤਾ ਤੇ ਕਹਿਆ ਕਿ ਅਸੀਂ ਨੱਸ ਨਹੀਂ ਸਕਦੇ ਪਰ 'ਸੀਸ' ਦੇ ਦੇਵਾਂਗੇ।

ਫ਼ੌਜ ਨੇ ਲਾਹੌਰੋਂ ਕੂਚ ਕੀਤਾ। ਉਹਨਾਂ ਦਾ ਖਿਆਲ ਸੀ ਕਿ ਤਾਰਾ ਸਿੰਘ ਨੂੰ ਸੁੱਤੇ ਪਿਆਂ ਹੀ ਜਾ ਫੜੀਏ ਪਰ ਵਾਂ ਪਿੰਡ ਦਾ ਪਤਾ ਨਹੀਂ ਸੀ। ਵਾਂ ਤੋ ਤਿੰਨ ਕੁ ਕੋਹਾਂ ਉਤੇ ਇਕ ਪਿੰਡ ਨੂੰ ਐਵੇਂ ਹੀ ਘੇਰ ਲਿਆ ਕਿ ਇਥੇ ਤਾਰਾ ਸਿੰਘ ਰਹਿੰਦਾ ਹੈ ਉਹ ਸਾਨੂੰ ਫੜਾ ਦੇਵੋ।

ਮੁਖੀਏ ਨੇ ਕਿਹਾ ਕਿ ਉਸ ਦਾ ਪਿੰਡ ਇਥੋਂ ਤਿੰਨ ਕੋਹ ਹੈ। ਚਲੋ ਮੈਂ ਰਾਹੇ ਪਾ ਆਉਂਦਾ ਹਾਂ। ਉਸ ਨੇ ਆਪਣੇ ਭਾਈ ਨੂੰ ਤਾਂ ਤਾਰਾ ਸਿੰਘ ਵੱਲ ਨਸਾ ਦਿੱਤਾ ਕਿ ਵੇਲੇ ਸਿਰ ਖ਼ਬਰ ਕਰ ਦੇਵੇ ਅਤੇ ਸ਼ਾਹੀ ਫ਼ੌਜ ਨੂੰ ਕੁਰਾਹੇ ਪਾ ਕੇ ਹੋਰਸ ਪਿੰਡ ਵੱਲ ਲੈ

SikhBookClub.com

ਗਿਆ ਜਿਸ ਨਾਲ ਉਸ ਦਾ ਵੈਰ ਸੀ। ਤਾਰਾ ਸਿੰਘ ਨੂੰ ਜਦ ਫ਼ੌਜ ਦੇ ਆਉਣ ਦੀ ਖਬਰ ਲੱਗੀ ਤਾਂ ਆਪਣੇ ਗਵਾਂਢੀ ਦਾ ਧੰਨਵਾਦ ਕੀਤਾ ਪਰ ਕਹਿਆ ਕਿ ਅਸੀਂ ਨੱਸ ਨਹੀਂ ਸਕਦੇ। ਸਗੋਂ ਉਸੇ ਵੇਲੇ ਨਗਾਰੇ 'ਤੇ ਚੋਟ ਲਗਾ ਦਿੱਤੀ ਕਿ ਸ਼ਾਹੀ ਫ਼ੌਜ ਐਵੇਂ ਭਟਕਦੀ ਨਾ ਫਿਰੇ।

ਸ਼ਾਹੀ ਫ਼ੌਜ ਵਿਚੋਂ ਇਕ ਪਠਾਣ ਉਸੇ ਵੇਲੇ ਨਗਾਰੇ ਦੀ ਸੇਧੇ ਨੱਠਾ ਅਤੇ ਆ ਕੇ ਤਾਰਾ ਸਿੰਘ ਨੂੰ ਕਹਿਣ ਲੱਗਾ ਕਿ ਕਿਉਂ ਜਾਨ ਗਵਾਉਂਦੇ ਹੋ ਰਤਾ ਇਨ੍ਹਾਂ ਝਾੜਾਂ ਓਹਲੇ ਹੋ ਜਾਵੋ, ਅਸੀਂ ਇਥੇ ਆ ਕੇ ਲਾਹੌਰ ਨੂੰ ਮੁੜ ਜਾਵਾਂਗੇ। ਪਰ ਤਾਰਾ ਸਿੰਘ ਜੀ ਨੇ ਕਹਿਆ, 'ਖਾਨ ਜੀ! ਸਾਨੂੰ ਮੌਤ ਦਾ ਡਰ ਨਹੀਂ, ਅਸੀਂ ਨੱਸ ਨਹੀਂ ਸਕਦੇ !'

ਉਹੋ ਗੱਲ ਹੋਈ ! ਫ਼ੌਜ ਆਈ, ਬਾਈ ਸੂਰਮੇ ਉਨ੍ਹਾਂ ਦੇ ਸਾਹਮਣੇ ਹੋ ਕੇ ਲੜੇ ਅਤੇ ਲੜਦੇ ਲੜਦੇ ਸ਼ਹੀਦ ਹੋ ਗਏ। ਸੂਰਮੇ ਇਹ ਸਨ, ਸੋ ਜਾਨਾਂ ਬਚਾ ਸਕਦੇ ਸਨ ਪਰ ਵੈਰੀ ਨੂੰ ਆਉਂਦਾ ਸੁਣ ਕੇ ਵੀ ਨੱਸਣਾ ਨਹੀਂ ਚਾਹੁੰਦੇ ਸਨ।

(ਏ) ਸ: ਤਾਰਾ ਸਿੰਘ ਡੱਲੇਵਾਲੀਏ ਦੀ ਮਿਸਲ ਵਿਚ ਇਕ ਸਰਦਾਰ ਮਿੱਤ ਸਿੰਘ ਮਿਸਲਦਾਰ ਸੀ। ਅਹਿਮਦ ਸ਼ਾਹ ਸਰਹੰਦ ਗਿਰਦੇ ਸੀ ਤੇ ਸਾਰਾ ਖ਼ਾਲਸਾ ਜਮਨਾ ਕੰਢੇ ਪਿਆ ਸੀ। ਸਰਦਾਰ ਮਿੱਤ ਸਿੰਘ ਦੇ ਦਿਲ ਆਈ ਕਿ ਜਮਨਾ ਟੱਪ ਕੇ ਕੁਝ ਇਲਾਕਾ ਹੀ ਉਗਰਾਹ ਲਿਆਈਏ।

ਜਦ ਸਰਦਾਰ ਤਾਰਾ ਸਿੰਘ ਨੂੰ ਇਸ ਗੱਲ ਦੀ ਖ਼ਬਰ ਲੱਗੀ ਤਾਂ ਆਪ ਨੇ ਕਹਿਆ ਕਿ ਅਹਿਮਦ ਸ਼ਾਹ ਨੂੰ ਦੂਰ ਦੂਰ ਨਾ ਜਾਣੋ। ਥੋਹੜੇ ਜਿਹੇ ਖਾਲਸੇ ਨੂੰ ਲੈ ਜਾਵੋਗੇ ਤੇ ਸਾਰਿਆਂ ਨੂੰ ਮਰਵਾ ਆਵੋਗੇ। ਪਰ ਸਰਦਾਰ ਮਿੱਤ ਸਿੰਘ ਨੇ ਕਹਿਆ ਨਾ ਮੰਨਿਆ ਅਤੇ ਪੰਜ ਹਜ਼ਾਰ ਜਵਾਨ ਲੈ ਕੇ ਜਮਨਾ ਟੱਪ ਗਿਆ।

ਇਹ ਇਲਾਕਾ ਨਜੀਬ-ਉਲ-ਦੌਲਾ ਦਾ ਸੀ, ਜੋ ਆਪ ਤਾਂ ਉਸ ਸਮੇਂ ਅਹਿਮਦ ਸ਼ਾਹ ਪਾਸ ਸੀ ਤੇ ਇਲਾਕੇ ਦਾ ਪ੍ਰਬੰਧ ਉਸ ਦਾ ਪੁੱਤਰ ਜ਼ਾਬਤਾ ਖਾਂ ਕਰਦਾ ਸੀ। ਜ਼ਾਬਤਾ ਖਾਂ ਸਰਦਾਰ ਮਿੱਤ ਸਿੰਘ ਨੂੰ ਰੋਕ ਨਾ ਸਕਿਆ। ਇਨ੍ਹਾਂ ਨੇ ਦਿਨਾਂ ਵਿਚ ਹੀ ਬਹੁਤ ਸਾਰਾ ਇਲਾਕਾ ਉਗਰਾਹ ਲਿਆ ਅਤੇ ਮੇਰਠ ਨੂੰ ਲੈ ਕੇ ਉਸ ਨੂੰ ਵੀ ਜਾ ਉਗਰਾਹਿਆ। ਜ਼ਾਬਤਾ ਖਾਂ ਅਬਦਾਲੀ ਪਾਸ ਪੁੱਜਾ ਅਤੇ ਜਹਾਨ ਖਾਂ ਨੂੰ ਆਪਣੇ ਨਾਲ ਲੈ ਕੇ ਮੇਰਠ ਵੱਲ ਵਧਿਆ। ਜਹਾਨ ਖਾਂ ਨੇ ਛੂਟ ਕੀਤੀ ਅਤੇ ਤੜਕਸਾਰ ਸੁੱਤੇ ਪਏ ਸਿੰਘਾਂ ਨੂੰ ਜਾ ਲਿਆ, ਜਿਨ੍ਹਾਂ ਨੂੰ ਵੈਰੀ ਦੇ ਆਉਣ ਦਾ ਚਿਤ-ਚੇਤਾ ਵੀ ਨਹੀਂ ਸੀ। ਸਿੰਘ ਸੰਭਲੇ ਅਤੇ ਲੜਾਈ ਛੋਹ ਕੇ ਸਰਦਾਰ ਮਿੱਤ ਸਿੰਘ ਨੇ ਸਭ ਨੂੰ ਕਹਿ ਦਿੱਤਾ ਕਿ ਜੋ ਕੋਈ ਹਿੰਮਤ ਕਰ ਕੇ ਜਮਨਾ ਟੱਪ ਸਕਦਾ ਹੈ ਟੱਪ ਜਾਵੇ ਤੇ ਜਾਨ ਬਚਾ ਲਵੇ ਪਰ ਅਸੀਂ ਤਾਂ ਇਥੇ ਹੀ ਰਹਾਂਗੇ। ਜਾਨ ਬਚਾ ਕੇ ਗਏ ਤਾਂ ਸਾਰੇ ਸਿੰਘ ਕਹਿਣਗੇ ਕਿ ਸਿੰਘਾਂ ਨੂੰ ਮਰਵਾ ਕੇ ਆ ਗਿਆ ਹੈ। ਸੋ ਸਰਦਾਰ ਮਿੱਤ ਸਿੰਘ ਅੜ ਗਿਆ ਜੋ ਸਾਰੇ ਹੀ ਸ਼ਹੀਦ ਹੋ ਗਏ। ਸੂਰਮੇ ਇਹ ਸਨ !

SikhBookClub.com

ਮੈਂ ਸੂਰਮਿਆਂ ਦੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਹਨ। ਮੈਂ ਮਿਰਜ਼ੇ ਨੂੰ ਸੂਰਮਾ ਕੀਕੂੰ ਆਖਾਂ ? ਰੰਨਾਂ ਕੱਢਣ ਵਾਲੇ ਕਦੇ ਸੂਰਮੇ ਨਹੀਂ ਹੋ ਸਕਦੇ। ਮਿਰਜ਼ਾ ਸੂਰਮਾ ਤਦ ਹੁੰਦਾ, ਜੇ ਉਹ ਆਪਣੇ ਸਾਥੀ ਨੂੰ ਲੈ ਕੇ ਜਾਂਦਾ ਅਤੇ ਮਰਦਾਂ ਦੀ ਜਨੇਤ ਪਾਸੋਂ ਖੋਹ ਕੇ ਸਾਹਿਬਾਂ ਨੂੰ ਲੈ ਜਾਂਦਾ। ਜਦ ਵੈਰੀਆਂ ਨੇ ਘੇਰ ਲਿਆ ਤਾਂ ਅੰਤ ਲੜਨਾ ਹੀ ਸੀ ਪਰ ਇਹ ਲੜਨਾ ਸੂਰਮਿਆਂ ਦਾ ਲੜਨਾ ਨਹੀਂ ਸੀ ਇਹ ਚੋਰਾਂ ਦਾ ਲੜਨਾ ਸੀ।

੫. ਪ੍ਰੇਮ ਸੱਚਮੁਚ ਇਕ ਉੱਚੀ ਅਵਸਥਾ ਹੈ, ਪਰ ਹੀਰ-ਰਾਂਝੇ, ਮਿਰਜ਼ਾ-ਸਾਹਿਬਾਂ ਜਾਂ ਸੋਹਣੀ-ਮਹੀਂਵਾਲ ਵਿਚ ਮੈਂ ਉਹ ਪਰੇਮ ਨਹੀਂ ਵੇਖਦਾ, ਜਿਸ ਦੀ ਉਪਮਾ ਕੀਤੀ ਜਾ ਸਕੇ। ਮੈਂ ਮਹਿਸੂਸ ਕਰਦਾ ਹਾਂ ਕਿ ਸਭ ਵਿਗੜੇ ਹੋਏ ਮੁੰਡੇ-ਕੁੜੀਆਂ ਸਨ। ਜੇਕਰ ਇਹ ਕਹਿ ਕੇ ਮੈਂ ਕਿਸੇ ਮਲੂਕ ਮਨ ਨੂੰ ਸੱਟ ਲਾਈ ਹੈ ਤਾਂ ਇਸ ਲਈ ਮੈਂ ਖ਼ਿਮਾ ਦਾ ਜਾਚਕ ਹਾਂ।

ਅੰਤ ਵਿਚ ਮੈਂ ਫੇਰ ਕਹਿੰਦਾ ਹਾਂ ਕਿ ਮੈਂ ਇਹ ਲੇਖ ਉਹਨਾਂ ਲਈ ਲਿਖੇ ਹਨ, ਜਿਨ੍ਹਾਂ ਨੂੰ ਇਹਨਾਂ ਲੇਖਾਂ ਨਾਲ ਦਿਲਚਸਪੀ ਹੈ ਅਤੇ ਇਕ ਇਤਿਹਾਸਕਾਰ ਦੇ ਲੇਖ ਦਾ ਸੰਖੇਪ ਉਨ੍ਹਾਂ ਅੱਗੇ ਰੱਖ ਦਿੱਤਾ ਹੈ ਕਿ ਸ਼ਾਇਦ ਕਿਸੇ ਦੇ ਕੁਝ ਕੰਮ ਆ ਸਕੇ ! ਇਹ ਵਿਸ਼ਾ ਨਾ ਮੇਰੀ ਖੋਜ ਵਿਚ ਸ਼ਾਮਲ ਹੈ ਅਤੇ ਨਾ ਹੀ ਮੈਂ ਇਸ ਸੰਬੰਧੀ ਆਪਣਾ ਸਮਾਂ ਦੇ ਸਕਦਾ ਹਾਂ।

SikhBookClub.com

# ੧੩

# ਸੋਹਣੀ-ਮਹੀਂਵਾਲ[1]

ਮੁਗਲਾਂ ਦਾ ਪਿੱਛਾ ਤੁਰਕਿਸਤਾਨ ਦਾ ਸੀ, ਇਸ ਲਈ ਉਧਰ ਦਾ ਕੰਗਾਲ ਵੀ ਹਿੰਦੁਸਤਾਨ ਵਿਚ ਆ ਕੇ ਖਾਨਦਾਨੀ ਆਦਮੀ ਬਣ ਜਾਂਦਾ ਅਤੇ ਮੁਗਲ ਬਾਦਸ਼ਾਹਾਂ ਨੂੰ ਆਪਣੇ ਪਿੱਛੇ ਦਾ ਐਸਾ ਖਿਆਲ ਸੀ ਕਿ ਤੁਰਕਿਸਤਾਨ ਦਾ ਜੋ ਵੀ ਘੋੜ-ਚੜ੍ਹਾ ਹਿੰਦੁਸਤਾਨ ਵਿਚ ਆਉਂਦਾ, ਉਹ ਛੇਤੀ ਹੀ ਫ਼ੌਜਾਂ ਦਾ ਸਰਦਾਰ ਤੇ ਵੱਡਾ ਅਹੁਦੇਦਾਰ ਬਣ ਜਾਂਦਾ। ਇਸ ਲਈ ਅਟਕੋਂ ਪਾਰ ਦੇ ਹਜ਼ਾਰਾਂ ਜਵਾਨ ਹਰ ਸਾਲ ਹਿੰਦੁਸਤਾਨ ਆਉਂਦੇ ਤੇ ਇਧਰ ਦੌਲਤ ਦੇ ਆਸਰੇ ਆਪਣੇ ਦਿਨ ਸੁਖ ਨਾਲ ਕੱਟਦੇ। ਕੁਝ ਨੌਕਰੀ ਕਰਦੇ, ਕੁਝ ਚਾਕਰੀ ਕਰਦੇ, ਕੁਝ ਸੁਦਾਗਰੀ ਕਰਦੇ ਅਤੇ ਕੁਝ ਐਵੇਂ ਹੀ ਸੈਰ-ਸਪੱਟਾ ਕਰ ਜਾਂਦੇ। ਹਿੰਦੁਸਤਾਨ ਦਾ ਨਾਮ ਉਦੋਂ ਦੂਰ ਦੂਰ ਤੀਕ ਮਸ਼ਹੂਰ ਸੀ।

ਪੰਚਮ ਪਾਤਸ਼ਾਹ ਜੀ ਦੇ ਸਮੇਂ ਗੁਜਰਾਤ ਸ਼ਹਿਰ ਵਸਿਆ। ਇਹ ਦਿੱਲੀ ਤੋਂ ਕਾਬਲ ਦੇ ਰਾਹ ਉਤੇ ਸੀ, ਇਸ ਲਈ ਛੇਤੀ ਚੰਗਾ ਸ਼ਹਿਰ ਹੋ ਗਿਆ। ਮੁਹੰਮਦ ਸ਼ਾਹ ਦੇ ਵੇਲੇ ਦੀ ਗੱਲ ਹੈ ਕਿ ਇਥੇ ਇਕ ਤੋਲਾ ਨਾਮੇ ਘੁਮਿਆਰ ਵਸਦਾ ਸੀ। ਇਸ ਦੀ ਇਕ ਜਵਾਨ ਲੜਕੀ ਸੋਹਣੀ ਨਾਮੇ ਸੀ ਜੋ ਸਮੇਂ ਦੇ ਰਿਵਾਜ ਅਨੁਸਾਰ ਆਪਣੇ ਪਿਤਾ ਨਾਲ ਕੰਮ ਕਰਵਾਇਆ ਕਰਦੀ ਸੀ।

ਮਾਹਵਾਰ ਨਾਮੇਂ ਇਕ ਸੁਦਾਗਾਰ ਬੱਚਾ ਸੀ, ਜੋ ਆਪਣੇ ਆਪ ਨੂੰ ਸਮਰਕੰਦ ਦਾ ਰਹਿਣ ਵਾਲਾ ਦੱਸਦਾ ਸੀ। ਇਹ ਸੁਦਾਗਰੀ ਯਾ ਸੈਲ ਦੇ ਖਿਆਲ ਨਾਲ ਹਿੰਦੁਸਤਾਨ ਨੂੰ ਆਇਆ ਸੀ। ਜਦ ਇਹ ਗੁਜਰਾਤ ਪੁੱਜਾ ਤਾਂ ਸ਼ਹਿਰ ਦੀ ਸੈਰ ਕਰਨ ਲਈ ਬਾਜ਼ਾਰ ਵਿਚ ਆ ਗਿਆ। ਤੋਲੇ ਘੁਮਿਆਰ ਦੀ ਦੁਕਾਨ ਉਤੇ ਭਾਂਡਾ ਲੈਣ ਲਈ ਖੜ੍ਹੋਤਾ ਸੀ ਕਿ ਉਦੋਂ ਹੀ ਸੋਹਣੀ ਵੀ ਕਿਸੇ ਕੰਮ ਆ ਗਈ। ਮਾਹਵਾਰ ਉਸ ਦਾ ਰੂਪ ਤੇ ਜਵਾਨੀ ਵੇਖ ਕੇ ਮੋਹਿਆ ਗਿਆ ਅਤੇ ਸਵੇਰੇ ਦਿੱਲੀ ਵੱਲ ਜਾਣ ਦੀ ਥਾਂ ਗੁਜਰਾਤ ਹੀ ਰਹਿ ਪਿਆ।

ਅਗਲੇ ਦਿਨ ਮਾਹਵਾਰ ਫੇਰ ਤੋਲੇ ਦੀ ਦੁਕਾਨ 'ਤੇ ਆਇਆ ਅਤੇ ਕਹਿਣ ਲੱਗਾ ਕਿ ਮੈਨੂੰ ਆਪਣਾ ਸ਼ਗਿਰਦ ਬਣਾ ਲਵੋ। ਪਾਸੋਂ ਸੋਹਣੀ ਨੇ ਹੱਸ ਕੇ ਕਹਿਆ

---

*੧ ਰਸਾਲਾ ਫੁਲਵਾੜੀ, ਨਵੰਬਰ ੧੯੨੮ ਈਸਵੀ ਪੰਨਾ ੨੨।*

SikhBookClub.com

ਕਿ ਇਹ ਕਮੀਣੇ ਦਾ ਕੰਮ ਹੈ। ਤੁਸੀਂ ਅਮੀਰ ਜਾਪਦੇ ਹੋ। ਇਸ ਪੇਸ਼ੇ ਵਿਚੋਂ ਤੁਸਾਂ ਕੀ ਲੈਣਾ ਹੈ ? ਪਰ ਮਾਹਵਾਰ ਜ਼ਿੱਦ ਕਰਦਾ ਸੀ ਕਿ ਮੈਂ ਸ਼ਾਗਿਰਦ ਬਣਨਾ ਹੈ ਅਤੇ ਤੋਲਾ ਇਹ ਸਮਝਦਾ ਸੀ ਕਿ ਮਾਹਵਾਰ ਮੇਰੇ ਨਾਲ ਮਖੌਲ ਕਰਦਾ ਹੈ।

ਕੁਝ ਦਿਨ ਇਸੇ ਤਰ੍ਹਾਂ ਲੰਘ ਗਏ। ਮਾਹਵਾਰ ਰੋਜ਼ ਤੋਲੇ ਦੀ ਦੁਕਾਨ ਉਤੇ ਆਉਂਦਾ ਅਤੇ ਗੱਲਾਂ ਬਾਤਾਂ ਕਰ ਜਾਂਦਾ। ਸੋਹਣੀ ਉਸ ਦਾ ਭਾਵ ਸਮਝ ਗਈ ਸੀ ਪਰ ਤੋਲਾ ਵਿਚਾਰਾ ਭੋਲਾ ਸੀ। ਅੰਤ ਜਦ ਲੋਕਾਂ ਵਿਚ ਚਰਚਾ ਹੋ ਪਈ ਅਤੇ ਇਕ ਦਿਨ ਮਾਹਵਾਰ ਨੇ ਵੀ ਮੂੰਹ ਪਾੜ ਕੇ ਕਹਿ ਦਿੱਤਾ ਕਿ ਸੋਹਣੀ ਦਾ ਨਿਕਾਹ ਮੇਰੇ ਨਾਲ ਕਰ ਦੇਵੋ ਤਾਂ ਤੋਲੇ ਨੂੰ ਸੁਰਤ ਆਈ। ਉਸ ਨੇ ਮਾਹਵਾਰ ਨੂੰ ਤਾਂ ਸਾਫ ਜਵਾਬ ਦੇ ਦਿੱਤਾ ਅਤੇ ਸੋਹਣੀ ਦੀ ਮੰਗਣੀ ਆਪਣੇ ਭਤੀਜੇ ਨਾਲ ਕਰ ਦਿੱਤੀ ਜੋ ਉਸ ਸਮੇ ਗਲਿਆਲੇ ਪਿੰਡ ਵੱਸਦਾ ਸੀ।

ਮਾਹਵਾਰ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਆਪਣਾ ਸਾਰਾ ਅਸਬਾਬ ਲੁਟਾ ਦਿੱਤਾ ਅਤੇ ਬਉਰਾ ਹੋ ਕੇ ਗੁਜਰਾਤ ਦੇ ਗਲੀ-ਕੂਚਿਆਂ ਵਿਚ ਘੁੰਮਣ ਲੱਗਾ। ਇਕ ਦਿਨ ਸੰਜੋਗ ਨਾਲ ਉਸ ਨੂੰ ਸੋਹਣੀ ਆਉਂਦੀ ਮਿਲ ਪਈ। ਨੱਠਾ ਅਤੇ ਸਿਰ ਉਸ ਦੇ ਕਦਮਾਂ ਉਤੇ ਰੱਖ ਦਿੱਤਾ। ਸੋਹਣੀ ਅੱਖਾਂ ਵਿਚ ਹੰਝੂ ਭਰ ਲਿਆਈ ਤੇ ਕਹਿਣ ਲੱਗੀ, ਕੀ ਕਰਾਂ, ਪਰ-ਵਸ ਹਾਂ ਅਤੇ ਫੇਰ ਆਪਣੇ ਰਾਹੇ ਪਈ।

ਇਹ ਗੱਲ ਗੁਜਰਾਤ ਦੇ ਘਰ ਘਰ ਮਾਲੂਮ ਸੀ ਅਤੇ ਲੋਕੀਂ ਮਾਹਵਾਰ ਨੂੰ ਮਹੀਂਵਾਲ ਆਖਦੇ ਸਨ। ਹੁਣ ਮਹੀਂਵਾਲ ਪਾਗਲ ਹੋ ਕੇ ਜੰਗਲ ਨੂੰ ਨਿਕਲ ਗਿਆ ਅਤੇ ਮਾਪਿਆਂ ਨੇ ਸੋਹਣੀ ਦਾ ਝਟਪਟ ਨਕਾਹ ਕਰ ਦੇਣਾ ਯੋਗ ਸਮਝਿਆ।

ਜਦ ਗਲਿਆਲੇ ਦੀ ਬਰਾਤ ਗੁਜਰਾਤ ਆਈ ਤਾਂ ਮਹੀਂਵਾਲ ਨੂੰ ਵੀ ਪਤਾ ਲੱਗ ਗਿਆ ਉਹ ਸੋਹਣੀ ਦੇ ਗਵਾਂਢੀਆਂ ਦੇ ਚਲਾ ਗਿਆ ਅਤੇ ਗਵਾਂਢਣ ਦੀ ਸਹਾਇਤਾ ਨਾਲ ਸੋਹਣੀ ਨੂੰ ਬੁਲਾਇਆ, ਜਿਸ ਨੇ ਕਿਹਾ ਕਿ ਮੇਰਾ ਪਿਤਾ ਮੇਰੇ ਨਾਲ ਜ਼ੁਲਮ ਕਰ ਰਿਹਾ ਹੈ। ਮੇਰਾ ਪਤੀ ਤੂੰ ਹੀ ਹੈਂ ਅਤੇ ਮੈਂ ਤੇਰੀ ਔਰਤ ਹਾਂ। ਇਹ ਸੁਣ ਕੇ ਮਹੀਂਵਾਲ ਨੂੰ ਧੀਰਜ ਆਇਆ।

ਜਦ ਨਕਾਹ ਦਾ ਵੇਲਾ ਆਇਆ ਤਾਂ ਰਿਵਾਜ ਅਨੁਸਾਰ ਕਾਜ਼ੀ ਨੇ ਰਜ਼ਾਮੰਦੀ ਪੁੱਛੀ। ਹੁਣ ਸੋਹਣੀ ਨਸ਼ੰਗ ਹੋ ਚੁਕੀ ਸੀ। ਉਸ ਨੇ ਆਪਣੀ ਰਜ਼ਾਮੰਦੀ ਨਾ ਦਿੱਤੀ ਅਤੇ ਰੌਲਾ ਪਾਉਣ ਲੱਗ ਪਈ। ਸੁੱਖ, ਨਕਾਹ ਕਰ ਦਿੱਤਾ ਗਿਆ ਅਤੇ ਸਵੇਰੇ ਸੋਹਣੀ ਡੋਲੀ ਵਿਚ ਪਾ ਕੇ ਗਲਿਆਲੇ ਨੂੰ ਤੋਰ ਦਿੱਤੀ ਗਈ। ਮਹੀਂਵਾਲ ਵੀ ਰੌਲਾ ਪਾਉਂਦਾ ਮਗਰੇ ਮਗਰ ਗਲਿਆਲੇ ਪੁੱਜਾ।

ਹੁਣ ਸੋਹਣੀ ਕੁਝ ਨਾ ਖਾਂਦੀ ਅਤੇ ਸਦਾ ਰੋਂਦੀ ਹੀ ਰਹਿੰਦੀ ਪਰ ਜਦ ਇਹ ਪਗਲਾ ਅੰਦਰ ਆ ਕੇ ਕੁਝ ਦੇ ਜਾਂਦਾ ਤਾਂ ਖਾ ਲੈਂਦੀ। ਗਲਿਆਲੇ ਦੇ ਲੋਕਾਂ ਨੂੰ ਸ਼ੱਕ ਹੋ ਗਿਆ ਕਿ ਇਸ ਨੇ ਜਾਦੂ ਕਰ ਛੱਡਿਆ ਹੈ, ਇਸ ਦਾ ਪਿੰਡੋਂ ਕੱਢ ਦੇਣਾ

SikhBookClub.com

ਯੋਗ ਹੈ। ਸੋ ਹਾਕਮ ਦੇ ਹੁਕਮ ਨਾਲ ਮਹੀਂਵਾਲ ਨੂੰ ਕੱਢ ਦਿਤਾ ਗਿਆ ਅਤੇ ਇਸ ਖ਼ਿਆਲ ਨਾਲ ਕਿ ਫੇਰ ਪਿੰਡ ਨਾ ਆ ਜਾਵੇ, ਦਰਿਆਓਂ ਪਾਰ ਕਰ ਦਿੱਤਾ ਅਤੇ ਪੱਤਣ ਦੇ ਸਭ ਮਲਾਹਾਂ ਨੂੰ ਹੁਕਮ ਹੋ ਗਿਆ ਕਿ ਕੋਈ ਮਲਾਹ ਮਹੀਂਵਾਲ ਨੂੰ ਉਰਾਰ ਨਾ ਲਿਆਵੇ।

ਰਲਿਆਲਾ ਪਿੰਡ ਝਨਾਂ ਦਰਿਆ ਦੇ ਕੰਢੇ ਗੁਜਰਾਤ ਵਾਲੇ ਪਾਸੇ ਵੱਲ ਵਸਦਾ ਸੀ। ਸੋ ਹੁਣ ਮਹੀਂਵਾਲ ਨੂੰ ਵਜ਼ੀਰਾਬਾਦ ਵਾਲੇ ਪਾਸੇ ਵੱਲ ਕੱਢ ਦਿੱਤਾ ਗਿਆ। ਇਸ ਨੇ ਦਰਿਆਉਂ ਪਾਰ ਰਲਿਆਲੇ ਪਿੰਡ ਦੇ ਸਾਹਮਣੇ ਦਰਿਆ ਕੰਢੇ ਆਪਣੀ ਝੁੱਗੀ ਪਾ ਲਈ ਅਤੇ ਮਲਾਹਾਂ ਨਾਲ ਮਿੱਤ੍ਰਾਚਾਰੀ ਗੰਢ ਕੇ ਮੱਛੀਆਂ ਫੜਨ ਨਾਲ ਦਿਨ-ਕਟੀ ਕਰਨ ਲੱਗਾ।

ਸੰਸਾਰ ਵਿਚ ਕੋਈ ਗੱਲ ਵੀ ਅਨਹੋਣੀ ਨਹੀਂ। ਕੁਝ ਦਿਨਾਂ ਮਗਰੋਂ ਮਹੀਂਵਾਲ ਹਰ ਰਾਤ ਉਰਾਰ ਆਉਣ ਲੱਗ ਪਿਆ ਅਤੇ ਰਾਤ ਦੇ ਪਰਦੇ ਵਿਚ ਮੱਛੀਆਂ ਦਾ ਕਬਾਬ ਬਣਾ ਕੇ ਸੋਹਣੀ ਨੂੰ ਦੇ ਜਾਣ ਲੱਗਾ। ਕੁਝ ਦਿਨ ਇਉਂ ਹੀ ਲੰਘ ਗਏ। ਇਕ ਦਿਨ ਮੱਛੀ ਨਾ ਲੱਭੀ ਤਾਂ ਆਪਣੇ ਪੱਟ ਦਾ ਮਾਸ ਚੀਰ ਕੇ ਹੀ ਕਬਾਬ ਬਣਾਇਆ ਅਤੇ ਸੋਹਣੀ ਪਾਸ ਲੈ ਆਇਆ। ਉਸ ਨੇ ਪੁੱਛਿਆ ਕਿ ਕਿਸ ਜਾਨਵਰ ਦਾ ਮਾਸ ਹੈ? ਮਹੀਂਵਾਲ ਨੇ ਪਹਿਲਾਂ ਤਾਂ ਨਾਂਹ-ਨੁੱਕਰ ਕੀਤੀ ਪਰ ਸੋਹਣੀ ਨੇ ਜ਼ਿੱਦ ਕੀਤੀ ਤਾਂ ਦੱਸ ਦਿੱਤਾ ਕਿ ਇਹ ਮੇਰੇ ਪੱਟ ਦਾ ਮਾਸ ਹੈ। ਸੋਹਣੀ ਕਹਿਆ, ਤੇਰੀ ਕਮਾਈ ਹੁਣ ਪੂਰੀ ਹੋ ਚੁਕੀ ਹੈ, ਤੂੰ ਨਾ ਆਇਆ ਕਰ। ਮੈਂ ਹੀ ਹਰ ਰਾਤ ਨੂੰ ਤੇਰੇ ਪਾਸ ਆਇਆ ਕਰਾਂਗੀ।

ਸੋ ਹੁਣ ਸੋਹਣੀ ਹੀ ਹਰ ਰਾਤ ਦਰਿਆ ਲੰਘ ਕੇ ਮਹੀਂਵਾਲ ਪਾਸ ਪੁੱਜਣ ਲੱਗ ਪਈ। ਉਹ ਮੱਛੀਆਂ ਦਾ ਕਬਾਬ ਬਣਾ ਰੱਖਦਾ ਸੀ ਤੇ ਇਹ ਜਾ ਕੇ ਖਾਂਦੀ ਅਤੇ ਰਾਤੋ ਰਾਤ ਫੇਰ ਘਰ ਮੁੜ ਆਉਂਦੀ। ਦਰਿਆ ਠਿਲ੍ਹਣ ਲਈ ਇਹ ਘੜਾ ਲੈ ਗਈ ਸੀ, ਸੋ ਦਰਿਆਓਂ ਉਰਾਰ ਆ ਕੇ ਝੱਲ ਵਿਚ ਕਿਸੇ ਬੂਟੇ ਵਿਚ ਘੜਾ ਲੁਕਾ ਆਉਂਦੀ ਅਤੇ ਅਗਲੀ ਰਾਤ ਉਸੇ ਘੜੇ ਨੂੰ ਲੈ ਕੇ ਫੇਰ ਪਾਰ ਚਲੀ ਜਾਂਦੀ।

ਕਬਾਬ ਖਾ ਖਾ ਕੇ ਸੋਹਣੀ ਹੁਣ ਤਕੜੀ ਹੋ ਗਈ ਹੋਈ ਸੀ। ਇਸ ਖੇਖਣ-ਹੱਥੀ ਨੇ ਇਕ ਦਿਨ ਆਪਣੇ ਪਤੀ ਨੂੰ ਕਹਿਆ ਕਿ ਮੈਂ ਆਪਣਾ ਅਸਲ ਭੇਤ ਤੈਨੂੰ ਦੱਸਦੀ ਹਾਂ। ਮੇਰੇ ਉਤੇ ਇਕ ਜਿੰਨ ਆਸ਼ਕ ਹੈ, ਜੋ ਸੱਪ ਬਣ ਕੇ ਮੇਰੇ ਅੰਦਰ ਰਹਿੰਦਾ ਹੈ ਅਤੇ ਰਾਤ ਨੂੰ ਨਿਕਲ ਕੇ ਮੇਰੇ ਨਾਲ ਸੌਂ ਜਾਂਦਾ ਹੈ। ਉਸ ਨੇ ਕਹਿਆ ਕਿ ਮੈਂ ਤਿੰਨਾਂ ਸਾਲਾਂ ਮਗਰੋਂ ਤੈਨੂੰ ਛੱਡ ਜਾਵਾਂਗਾ ਜਿਸ ਤੋਂ ਮੈਂ ਖ਼ੁਸ਼ ਹੋ ਗਈ ਹਾਂ। ਅੰਤ ਨੂੰ ਮੈਂ ਤੇਰੀ ਹੀ ਹਾਂ। ਤੂੰ ਤਿੰਨ ਸਾਲ ਹੋਰ ਸਬਰ ਕਰ !

ਇਹ ਸੋਹਣੀ ਨੇ ਚਤੁਰਾਈ ਦੀ ਗੱਲ ਕੀਤੀ ਸੀ ਕਿ ਜੇਕਰ ਕੋਈ ਘਰ ਦਾ ਰਾਤ ਨੂੰ ਕਿਸੇ ਓਪਰੇ ਨੂੰ ਮੇਰੇ ਨਾਲ ਵੇਖੇਗਾ ਤਾਂ ਮੈਂ ਕਹਿ ਦੇਵਾਂਗੀ ਕਿ ਇਹ ਉਹੋ

SikhBookClub.com

ਜਿੰਨ ਹੈ। ਪਰ ਜਦ ਸੋਹਣੀ ਹੋਰ ਵੀ ਨਸ਼ੰਗ ਹੋ ਗਈ ਤਾਂ ਫਿਰ ਆਪ ਹੀ ਦਰਿਆਓਂ ਪਾਰ ਮਹੀਂਵਾਲ ਪਾਸ ਜਾਣ ਲੱਗ ਪਈ, ਜਿਹਾ ਕਿ ਪਿਛੇ ਦੱਸਿਆ ਜਾ ਚੁਕਿਆ ਹੈ।

ਇਕ ਰਾਤ ਸੋਹਣੀ ਦੀ ਨਣਦ ਨੇ ਸੋਹਣੀ ਦਾ ਬਿਸਤਰਾ ਖਾਲੀ ਵੇਖਿਆ ਤਾਂ ਉਸ ਦੇ ਮਨ ਵਿਚ ਭਰਮ ਪੈ ਗਿਆ। ਅਗਲੀ ਰਾਤ ਉਹ ਜਾਗਦੀ ਰਹੀ ਅਤੇ ਸੋਹਣੀ ਦੇ ਮਗਰੇ ਮਗਰ ਦਰਿਆ ਤੀਕ ਗਈ। ਜਦ ਸੋਹਣੀ ਪਾਰੋਂ ਮੁੜ ਕੇ ਅਤੇ ਘੜਾ ਚੁਕ ਕੇ ਘਰ ਨੂੰ ਮੁੜੀ ਤਾਂ ਇਹ ਵੀ ਮਗਰੇ ਮਗਰ ਆ ਗਈ ਅਤੇ ਸੋਹਣੀ ਦੇ ਕਾਰੇ ਨੂੰ ਸਮਝ ਗਈ। ਸੋਹਣੀ ਹੱਥੋਂ ਸਾਰਾ ਟੱਬਰ ਔਕਿਆ ਹੋਇਆ ਸੀ ਅਤੇ ਉਹ ਚਾਹੁੰਦੇ ਸਨ ਕਿ ਇਸ ਦੀ ਕਿਵੇਂ ਅਲਖ ਲੱਥੇ। ਸੋ ਨਣਦ ਦਿਨ ਵੇਲੇ ਜਾ ਕੇ ਪੱਕਾ ਘੜਾ ਤਾਂ ਲੈ ਆਈ ਅਤੇ ਉਸ ਦੀ ਥਾਂ ਕੱਚਾ ਘੜਾ ਰੱਖ ਆਈ ਕਿ ਇਸ ਤਰ੍ਹਾਂ ਆਪੇ ਹੀ ਡੁੱਬ ਮਰੂ।

ਜਦ ਰਾਤ ਹੋਈ ਤਾਂ ਸੋਹਣੀ ਸਦਾ ਵਾਂਗ ਦਰਿਆ ਕੰਢੇ ਪੁੱਜੀ ਅਤੇ ਆਪਣਾ ਲੁਕਾਇਆ ਘੜਾ ਚੁੱਕ ਕੇ ਦਰਿਆ ਵਿਚ ਠਿਲ੍ਹ ਪਈ। ਉਹ ਐਸੀ ਬੇ-ਸੁਰਤ ਹੋ ਗਈ ਸੀ ਕਿ ਉਸ ਨੂੰ ਕੱਚੇ ਤੇ ਪੱਕੇ ਘੜੇ ਵਿਚ ਫਰਕ ਹੀ ਮਾਲੂਮ ਨਾ ਹੋਇਆ। ਅਜੇ ਥੋਹੜੀ ਦੂਰ ਹੀ ਗਈ ਸੀ ਕਿ ਘੜਾ ਖੇਰੂੰ-ਖੇਰੂੰ ਹੋ ਗਿਆ। ਹੁਣ ਸੋਹਣੀ ਨੂੰ ਸੁਰਤ ਆਈ ਅਤੇ ਲੱਗੀ ਘੜਾ ਬਦਲਣ ਵਾਲੇ ਨੂੰ ਬਦ-ਦੁਆਈਂ ਦੇਣ। ਕੁਝ ਚਿਰ ਤਰੀ ਪਰ ਝਨਾਂ ਚੜ੍ਹਾਉ ਉਤੇ ਸੀ ਸੋ ਰਹਿ ਗਈ। ਮਹੀਂਵਾਲ ਨੂੰ ਆਵਾਜ਼ ਦਿੱਤੀ। ਉਹ ਉਡੀਕ ਵਿਚ ਹੀ ਸੀ। ਉਹ ਦਰਿਆ ਵਿਚ ਕੁੱਦ ਪਿਆ ਅਤੇ ਦੋਵੇਂ ਜਣੇ ਬਚਣ ਬਚਾਣ ਦਾ ਯਤਨ ਕਰਦੇ ਹੋਏ ਰੁੜ੍ਹ ਗਏ ਤੇ ਮਰ ਗਏ।

ਇਹ ਗੱਲ ਸੰਮਤ ੧੭੮੯ ਬਿ: (੧੭੩੨ ਈ.) ਦੀ ਹੈ ਜਦ ਕਿ ਦਿੱਲੀ ਦੇ ਤਖ਼ਤ ਉਤੇ ਮੁਹੰਮਦ ਸ਼ਾਹ ਸੀ ਅਤੇ ਲਾਹੌਰ ਦਾ ਨਾਜ਼ਮ ਖਾਨ ਬਹਾਦਰ। ਐਸਾ ਮਾਲੂਮ ਹੁੰਦਾ ਹੈ ਕਿ ਇਹ ਸਾਰੀ ਘਟਨਾ ਕੁਝ ਕੁ ਮਹੀਨਿਆਂ ਵਿਚ ਹੀ ਬੀਤੀ। ਤੁੱਲੇ ਨੇ ਬਦਨਾਮੀ ਦੇ ਡਰ ਤੋਂ ਸੋਹਣੀ ਦੀ ਸ਼ਾਦੀ ਕਰ ਦਿੱਤੀ ਅਤੇ ਸਹੁਰੇ ਘਰ ਜਾ ਕੇ ਸੋਹਣੀ ਨੇ ਉਹ ਕਰਤੂਤ ਘੋਲੀ ਕਿ ਸਹੁਰੇ-ਪੇਕੇ ਉਸ ਦਾ ਮਰ ਜਾਣਾ ਹੀ ਚੰਗਾ ਸਮਝਣ ਲੱਗੇ। ਐਸਾ ਮਾਲੂਮ ਹੁੰਦਾ ਹੈ ਕਿ ਜਦ ਮਹੀਂਵਾਲ ਨੂੰ ਦਰਿਆਓਂ ਪਾਰ ਕਰ ਦਿੱਤਾ ਗਿਆ ਤਾਂ ਉਹ ਉਰਾਰ ਨਹੀਂ ਆ ਸਕਿਆ। ਇਹ ਐਵੇਂ ਲੋਕਾਂ ਦੀਆਂ ਗੱਲਾਂ ਜਾਪਦੀਆਂ ਹਨ ਕਿ ਉਹ ਮੱਛੀਆਂ ਦਾ ਕਬਾਬ ਕਰ ਕੇ ਹਰ ਰਾਤ ਉਰਾਰ ਆਉਂਦਾ ਤੇ ਸੋਹਣੀ ਨੂੰ ਖੁਆ ਜਾਂਦਾ ਸੀ ਅਤੇ ਇਹ ਤਾਂ ਮੂਲੋਂ ਹੀ ਗੱਪ ਜਾਪਦੀ ਹੈ ਕਿ ਉਸ ਨੇ ਆਪਣੇ ਪੱਟ ਦਾ ਕਬਾਬ ਬਣਾ ਕੇ ਸੋਹਣੀ ਨੂੰ ਖੁਆਇਆ। ਐਸੀਆਂ ਕਹਾਣੀਆਂ ਵਿਚ ਪੱਟ ਦਾ ਕਬਾਬ ਜ਼ਰੂਰ ਹੀ ਆ ਜਾਇਆ ਕਰਦਾ ਹੈ ਪਰ ਇਹ ਐਵੇਂ ਕਵੀਆਂ ਦੇ ਆਪਣੇ ਮਨ ਤਰੰਗ ਹੀ ਹੁੰਦੇ ਹਨ।

SikhBookClub.com

ਮੋਟੀ ਗੱਲ ਇਹ ਹੈ ਕਿ ਮਾਪਿਆਂ ਨੇ ਸੋਹਣੀ ਨੂੰ ਡਗਮਗਾਉਂਦਿਆਂ ਵੇਖ ਕੇ ਉਸ ਦੀ ਸ਼ਾਦੀ ਕਰ ਦਿੱਤੀ, ਪਰ ਸੋਹਣੀ ਸਹੁਰਿਆਂ-ਪੇਕਿਆਂ ਦੀ ਲਾਹ ਕੇ ਦਰਿਆਓਂ ਪਾਰ ਮਹੀਂਵਾਲ ਪਾਸ ਜਾਣ ਲੱਗ ਪਈ। ਅੰਤ ਜਦ ਘਰਦਿਆਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਕੱਚਾ ਘੜਾ ਰੱਖ ਕੇ ਇਸ ਔਲੋਹਾਰੀ ਦੀ ਅਲਖ ਮੁਕਾ ਦਿੱਤੀ।

ਕੁਝ ਚਿਰ ਮਗਰੋਂ ਗਲਿਆਲ ਪਿੰਡ ਦਰਿਆ ਬੁਰਦ ਹੋ ਗਿਆ ਅਤੇ ਸੋਹਣੀ ਦੇ ਸਹੁਰੇ ਘਰ ਵਿਚ ਐਸੀ ਵਬਾ ਪਈ ਕਿ ਸਾਰੇ ਪਿੰਡ ਦੇ ਘੁਮਿਆਰਾਂ ਵਿਚੋਂ ਇਕ ਵੀ ਨਾ ਬਚਿਆ। ਲੋਕਾਂ ਦਾ ਖਿਆਲ ਹੈ ਕਿ ਇਹ ਸਭ ਕੁਝ ਸੋਹਣੀ ਦੀ ਦੁਰਸੀਸ ਕਾਰਨ ਹੋਇਆ ਹੈ। ਕੁਝ ਵੀ ਹੋਵੇ, ਨਾ ਹੁਣ ਗਲਿਆਲਾ ਪਿੰਡ ਹੈ ਅਤੇ ਨਾ ਹੀ ਸੋਹਣੀ ਦੇ ਸਹੁਰਿਆਂ ਪੇਕਿਆਂ ਵਿਚੋਂ ਕੋਈ।

SikhBookClub.com

## ੧੪
# ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਨ[1]

ਬਹੁਤ ਚਿਰਾਂ ਦੀ ਗੱਲ ਹੈ ਕਿ 'ਖਾਲਸਾ ਸਮਾਚਾਰ' ਰਾਹੀਂ ਇਕ ਸੱਜਣ ਨੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਨ ਬਾਬਤ ਪਤਾ ਕੀਤਾ ਸੀ, ਜਿਸ ਦਾ ਉੱਤਰ ਮੈਂ ਵਿਸਥਾਰ ਨਾਲ ਉਦੋਂ ਉਸ ਅਖ਼ਬਾਰ ਰਾਹੀਂ ਦੇ ਦਿੱਤਾ ਸੀ। ਮੈਨੂੰ ਪਤਾ ਨਹੀਂ ਉਦੋਂ ਮੈਂ ਕਿਹੜਾ ਦਿਨ ਸਹੀ ਸਮਝਿਆ ਸੀ, ਪਰ ਇਸ ਤੋਂ ਮਗਰੋਂ ਮੈਂ ਉਮਦਾ-ਤੁਲ-ਤਵਾਰੀਖ ਦੀ ਤਰੀਕ ਨੂੰ ਹੀ ਸਹੀ ਮੰਨਦਾ ਰਿਹਾ ਹਾਂ, ਜੋ ਹਾੜ ਦੀ ਪੂਰਨਮਾਸ਼ੀ ਹੈ। ਇਹੋ ਤਾਰੀਖ ਮੈਂ ਆਪਣੇ ਲੰਡਨ ਦੇ ਮਿੱਤਰ ਨੂੰ ਲਿਖੀ ਸੀ। ਮੇਰੀ ਇਹ ਚਿੱਠੀ ਕਿਉਂਕਿ ਕੁਝ ਕੁ ਅਖਬਾਰਾਂ ਵਿਚ ਵੀ ਛਪ ਗਈ ਹੈ ਤੇ ਟਰੈਕਟ ਦੀ ਸ਼ਕਲ ਵਿਚ ਵੀ ਛਪ ਗਈ ਹੈ, ਇਸ ਲਈ ਮੈਂ ਜ਼ਰੂਰੀ ਸਮਝਿਆ ਹੈ ਕਿ ਭੁੱਲ ਦੀ ਸੋਧ ਕਰ ਦਿੱਤੀ ਜਾਵੇ।

ਚਿੱਠੀ ਦਾ ਉੱਤਰ ਲਿਖਣ ਲੱਗਿਆਂ ਮੈਂ ਕਾਹਲੀ ਵਿਚ ਉਮਦਾ-ਤੁਲ-ਤਵਾਰੀਖ ਦੀ ਤਾਰੀਖ ਲਿਖ ਦਿੱਤੀ ਸੀ। ਮੈਂ ਉਮਦਾ-ਤੁਲ-ਤਵਾਰੀਖ ਨੂੰ ਵੇਖਿਆ ਤੇ ਉਸ ਦੀ ਤਾਰੀਖ ਅਨੁਸਾਰ ਦੂਜੀਆਂ ਪਰਵਿਸ਼ਟਾਂ, ਅੰਗਰੇਜ਼ੀ ਤੇ ਹਿਜਰੀ ਤਰੀਕਾਂ ਨੀਅਤ ਕਰ ਕੇ ਲਿਖ ਦਿੱਤੀਆਂ ਸਨ, ਪਰ ਜਦ ਮੈਂ ਆਪਣੇ ਕਾਗਜ਼ ਹੁਣ ਵੇਖੇ, ਜਿਹਨਾਂ ਵਿਚ ਮੈਂ ਉਸ ਸਮੇਂ ਦੀਆਂ ਤਰੀਕਾਂ ਨੂੰ ਆਪਣੇ ਵੱਲੋਂ ਸਹੀ ਕਰ ਕੇ ਲਿਖਿਆ ਹੋਇਆ ਸੀ ਤਾਂ ਮੈਨੂੰ ਕੁਝ ਭੁੱਲ ਪਰਤੀਤ ਹੋਈ।

ਉਮਦਾ-ਤੁਲ-ਤਵਾਰੀਖ ਵਿਚ ਲਿਖਿਆ ਹੈ ਕਿ ਖਾਨ ਬਹਾਦਰ ਸੰਨ ੧੧੫੬ ਹਿਜਰੀ ਨੂੰ ਗੁਜ਼ਰਿਆ। ਅੱਗੇ ਲਿਖਿਆ ਹੈ ਕਿ ਉਹ ਹਾੜ ਸੁਦੀ ੧੫ ਸੰਮਤ ੧੮੦੧ ਬ੍ਰਿਕਮੀ (੧੭੪੪ਈ:) ਨੂੰ ਗੁਜ਼ਰਿਆ। ਇਹ ਮੈਨੂੰ ਪਤਾ ਸੀ ਕਿ ਉਹ ਹਿਜਰੀ ਤੇ ਬਿਕ੍ਰਮੀ ਸੰਮਤ ਦੋਵੇਂ ਹੀ ਅਸ਼ੁੱਧ ਹਨ। ਖਾਨ ਬਹਾਦਰ ਸੰਮਤ ੧੮੦੨ ਬਿਕ੍ਰਮੀ (੧੭੪੫ ਈਸਵੀ) ਤੇ ੧੧੫੮ ਹਿਜਰੀ ਵਿਚ ਗੁਜ਼ਰਿਆ ਸੀ, ਪਰ ਹਾੜ ਦੀ ਪੂਰਨਮਾਸ਼ੀ ਨੂੰ ਮੈਂ ਸਹੀ ਸਮਝਿਆ ਅਤੇ ਸਾਰਾ ਲੇਖਾ ਹਾੜ ਸੁਦੀ ੧੫ ਸੰਮਤ ੧੮੦੨ ਬਿਕ੍ਰਮੀ (੧੭੪੫ ਈਸਵੀ) ਅਨੁਸਾਰ ਹੀ ਲਾਇਆ, ਜੋ ਇਸ ਪ੍ਰਕਾਰ ਸੀ:-

ਹਾੜ ਸੁਦੀ ੧੫ ਮੰਗਲਵਾਰ ੨ ਸਾਵਨ। ਮੰਗਲਵਾਰ ੨ ਜੁਲਾਈ ਸੰਨ

---

੧ ਰਸਾਲਾ ਫੁਲਵਾੜੀ, ਜੂਨ ੧੯੨੯

SikhBookClub.com

੧੭੪੫ ਈਸਵੀ ਮੰਗਲਵਾਰ ੧੩ ਜਮਾਦੀ-ਉਲ-ਸਾਨੀ ਸੰ: ੧੧੫੮ ਹਿਜਰੀ।

ਜਦ ਦਿੱਲੀ ਦੇ ਮੁਸਲਮਾਨੀ ਇਤਿਹਾਸਾਂ ਨੂੰ ਵੇਖਿਆਂ ਤਾਂ ਉਨ੍ਹਾਂ ਵਿਚ ਲਿਖਿਆ ਸੀ ਕਿ ਖਾਨ ਬਹਾਦਰ ਸੋਮਵਾਰ ੧੨ ਜਮਾਦੀ-ਉਲ-ਸਾਨੀ ਨੂੰ ਲਾਹੌਰ ਗੁਜ਼ਰਿਆ ਤੇ ੧੯ ਜਮਾਦੀ-ਉਲ-ਸਾਨੀ ਨੂੰ ਇਹ ਖਬਰ ਦਿੱਲੀ ਪੁੱਜੀ। ਕਿਉਂਕਿ ਇਹ ਸਰਕਾਰੀ ਸ਼ਹਾਦਤ ਸੀ, ਮੈਂ ਇਸ ਨੂੰ ਵਧੇਰੇ ਮੰਨਣ ਯੋਗ ਸਮਝਿਆ ਤੇ ਆਪਣੇ ਨੋਟਾਂ ਵਿਚ ਇਹਨਾਂ ਗੱਲਾਂ ਦਾ ਹਵਾਲਾ ਦੇ ਕੇ ਸੋਮਵਾਰ ੧੨ ਜਮਾਦੀ-ਉਲ-ਸਾਨੀ ਨੂੰ ਹੀ ਸਹੀ ਸਮਝਿਆ।

ਮੈਨੂੰ ਨਿਸਚਾ ਹੈ ਕਿ ਉਸ ਦਿਨ ਲਾਹੌਰ ਬਿਆਸ ਪੂਜਾ ਦਾ ਤਿਉਹਾਰ ਮਨਾਇਆ ਗਿਆ ਹੋਵੇਗਾ ਪਰ ਇਸ ਵੇਲੇ ਸਾਨੂੰ ਪੂਜਾ ਦੇ ਮਗਰ ਪੈਣ ਦੀ ਜ਼ਰੂਰਤ ਨਹੀਂ। ਦੋਹਾਂ ਤਾਰੀਖਾਂ ਵਿਚ ਕੋਈ ਫਰਕ ਦੀ ਗੱਲ ਨਹੀਂ, ਕੇਵਲ ਇਕ ਦਿਨ ਦਾ ਅੱਗਾ ਪਿੱਛਾ ਹੈ ਅਤੇ ਸਾਵਣ ਦੀ ਸੰਗਰਾਂਦ ਸਗੋਂ ਵਧੇਰੇ ਸੁਖਾਲਾ ਦਿਨ ਜਾਪਦਾ ਹੈ। ਮੈਂ ਆਪਣੇ ਲੇਖਿਆਂ ਵਿਚ ਪਰਵਿਸ਼ਟਾ ਤਾਰੀਖਾਂ ਨੂੰ ਵਿਸ਼ੇਸ਼ਤਾ ਦਿੱਤੀ ਹੋਈ ਹੈ ਸੋ ਇਸ ਤਰ੍ਹਾਂ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਨ ਇਹ ਬਣਦਾ ਹੈ :-

ਸੋਮਵਾਰ ੧ ਸਾਵਨ ਸੰਮਤ ੧੮੦੨ ਬਿਕ੍ਰਮੀ।

ਸੋਮਵਾਰ ੧ ਜੁਲਾਈ ਸੰਨ ੧੭੪੫ ਈਸਵੀ।

ਸੋਮਵਾਰ ੧੨ ਜਮਾਦੀ-ਉਲ-ਸਾਨੀ ਸੰ: ੧੧੫੮ ਹਿਜਰੀ।

ਮੈਂ ਹਰ ਲੇਖੇ ਵਿਚ ਈਸਵੀ ਤੇ ਹਿਜਰੀ ਤਾਰੀਖਾਂ ਇਸ ਲਈ ਦੇ ਦਿਆ ਕਰਦਾ ਹਾਂ ਕਿ ਕਿਸੇ ਹੋਰਸ ਖੋਜੀ ਨੂੰ ਅੰਗਰੇਜ਼ੀ ਜਾਂ ਮੁਸਲਮਾਨੀ ਇਤਿਹਾਸਾਂ ਨਾਲ ਟਾਕਰਾ ਕਰਨ ਵਿਚ ਸੁਖਾਲਾ ਹੋਵੇ।

ਸੋ ਆਪਣੇ ਕੌਮੀ ਜੀਵਨ ਨੂੰ ਸੁਰਜੀਤ ਰੱਖਣ ਲਈ ਜ਼ਰੂਰੀ ਹੈ ਕਿ ਹਰ ਸਾਲ ਸਾਵਣ ਦੀ ਸੰਗਰਾਂਦ ਨੂੰ (ਜਦੋਂ ਅਵਸੋਂ ਹੀ ਹਰ ਥਾਂ ਸਿੱਖਾਂ ਦਾ ਜੋੜ-ਮੇਲ ਹੋਇਆ ਕਰਦਾ ਹੈ) ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਨ ਮਨਾਇਆ ਕਰੋ।

SikhBookClub.com

## ਮੁਨਸ਼ੀ ਪ੍ਰੇਮ ਚੰਦ ਦੀ ਇਕ ਮਨੋਹਰ ਲਿਖਤ[1]

# ਰਾਣੀ ਜਿੰਦ ਕੌਰ

## ਸਿੱਖ ਦਰਬਾਰ ਦੀ ਆਖਰੀ ਝਲਕ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਚਲਾਣਾ ਕਰ ਚੁਕੇ ਸਨ ਅਤੇ ਰਾਜ ਦੇ ਉਹ ਪਤਵੰਤੇ ਸੱਜਣ ਜਿਨ੍ਹਾਂ ਦਵਾਰਾ ਉਸ ਦਾ ਚੰਗਾ ਪ੍ਰਬੰਧ ਚਲ ਰਿਹਾ ਸੀ, ਆਪਸ ਦੀ ਈਰਖਾ ਦਵੈਖ ਅਤੇ ਅਣਬਣ ਕਰਕੇ ਮਰ ਮਿਟੇ ਸਨ। ਮਹਾਰਾਜਾ ਰਣਜੀਤ ਸਿੰਘ ਜੀ ਦਾ ਬਣਾਇਆ ਹੋਇਆ ਹਕੂਮਤ ਦਾ ਸੁੰਦਰ, ਪਰ ਵਿਚੋਂ ਖੋਖਲਾ ਮਹਿਲ ਤਬਾਹ ਹੋ ਚੁੱਕਾ ਸੀ। ਸ਼ਾਹਜ਼ਾਦਾ ਦਲੀਪ ਸਿੰਘ ਇੰਗਲੈਂਡ ਵਿਚ ਅਤੇ ਰਾਣੀ ਜਿੰਦ ਕੌਰ ਚੁਨਾਰ ਦੇ ਕਿਲ੍ਹੇ ਵਿਚ ਬੰਦ ਸਨ। ਰਾਣੀ ਜਿੰਦ ਕੌਰ ਨੇ ਰਾਜ ਨੂੰ ਬਚਾਣ ਦਾ ਬਥੇਰਾ ਹੀਲਾ ਕੀਤਾ, ਪਰ ਚੂੰਕਿ ਉਹ ਰਾਜ ਪ੍ਰਬੰਧ ਕਰਨਾ ਨਹੀਂ ਜਾਣਦੀ ਸੀ, ਇਸ ਵਾਸਤੇ ਉਸ ਤੋਂ ਕੁਝ ਨਾ ਸਰਿਆ।

ਰਾਤ ਦੇ ਬਾਰਾਂ ਵੱਜ ਚੁਕੇ ਸਨ। ਰਾਣੀ ਜਿੰਦ ਕੌਰ ਆਪਣੇ ਰਿਹੈਸ਼ੀ ਮਕਾਨ ਦੀ ਛੱਤ ਉਤੇ ਖਲੋਤੀ ਵਗਦੀ ਗੰਗਾ ਨੂੰ ਵੇਖ ਰਹੀ ਸੀ ਅਤੇ ਸੋਚ ਰਹੀ ਸੀ ਕਿ ਲਹਿਰਾਂ ਕਿਉਂ ਇਸ ਤਰ੍ਹਾਂ ਸੁਤੰਤਰ ਹਨ ? ਇਨ੍ਹਾਂ ਨੇ ਕਈ ਪਿੰਡ ਅਤੇ ਸ਼ਹਿਰ ਡੁਬਾਏ ਹਨ, ਕਈ ਜੀਅ-ਜੰਤੂ ਖਾਧੇ ਹਨ, ਪਰ ਫੇਰ ਭੀ ਇਹ ਸੁਤੰਤਰ ਹਨ !

ਕੋਈ ਇਨ੍ਹਾਂ ਨੂੰ ਰੋਕ ਨਹੀਂ ਸਕਦਾ। ਇਸੇ ਵਾਸਤੇ ਹੀ ਨਾ ਕਿ ਇਹ ਬੰਦ ਨਹੀਂ ਰਹਿ ਸਕਦੀਆਂ ! ਇਹ ਗਜਣਗੀਆਂ, ਮਰੋੜੇ ਖਾਣਗੀਆਂ ਅਤੇ ਬੰਨ੍ਹ ਦੇ ਉਪਰ ਚੜ੍ਹ ਕੇ ਉਸ ਨੂੰ ਨਸ਼ਟ ਕਰ ਦੇਣਗੀਆਂ; ਆਪਣੀ ਤਾਕਤ ਨਾਲ ਉਸ ਨੂੰ ਵਹਾ ਲੈ ਜਾਣਗੀਆਂ।

ਇਹ ਸੋਚ ਸੋਚ ਕੇ ਰਾਣੀ ਗੱਦੀ 'ਤੇ ਲੇਟ ਗਈ। ਉਸ ਦੀਆਂ ਅੱਖਾਂ ਦੇ ਸਾਹਮਣੇ ਪਹਿਲੀ ਅਵਸਥਾ ਦੇ ਨਜ਼ਾਰੇ ਸੁਫਨੇ ਦੀ ਤਰ੍ਹਾਂ ਆਉਣ ਲੱਗੇ। ਕਦੀ ਉਸ ਦੀਆਂ ਭਵਾਂ ਦੀ ਮਰੋੜ ਤਲਵਾਰ ਨਾਲੋਂ ਭੀ ਤਿੱਖੀ ਸੀ ਅਤੇ ਉਸ ਦੀ ਮੁਸਕ੍ਰਾਹਟ ਬਸੰਤ ਦੀ ਖੁਸ਼ਬੋਦਾਰ ਪੌਣ ਥੀਂ ਭੀ ਅਧਿਕ ਪਿਆਰੀ ਸੀ। ਪਰ ਹਾਂ ! ਅੱਜ ਇਨ੍ਹਾਂ ਦੀ ਤਾਕਤ-ਹੀਨ ਅਵਸਥਾ ਨੂੰ ਪਹੁੰਚ ਗਈ ਹੈ। ਰੋਵੇ ਤਾਂ ਆਪਣੇ ਆਪ ਨੂੰ ਸੁਣਾਨ

---

*੧ ਸਿੰਘ ਸਭਾ ਪਤ੍ਰਿਕਾ, ਸੰਪਾ. ਗਿ. ਗੁਰਦਿੱਤ ਸਿੰਘ, ਸ੍ਰੀ ਅੰਮ੍ਰਿਤਸਰ, ਅਪ੍ਰੈਲ ੧੯੭੭, ਪੰਨਾ ੧੨੫*

SikhBookClub.com

ਲਈ, ਜੇ ਹੱਸੇ ਤਾਂ ਆਪਣੇ ਪ੍ਰਚਾਵੇ ਲਈ, ਜੇ ਗੁੱਸੇ ਹੋਵੇ ਤਾਂ ਕਿਸੇ ਦਾ ਕੀ ਵਿਗਾੜ ਸਕਦੀ ਹੈ ਤੇ ਰਾਜ਼ੀ ਹੋਵੇ ਤਾਂ ਕਿਸੇ ਦਾ ਕੀ ਸੰਵਾਰ ਸਕਦੀ ਹੈ ? ਰਾਣੀ ਅਤੇ ਗੋਲੀ ਵਿਚ ਕਿੰਨਾ ਕੁ ਫਰਕ ਹੈ ? ਰੋਂਦੀ ਦੀਆਂ ਅੱਖਾਂ ਵਿਚੋਂ ਛਮ ਛਮ ਪਾਣੀ ਵਗਣ ਲੱਗ ਗਿਆ, ਜੋ ਕਦੀ ਜ਼ਹਿਰ ਤੋਂ ਭੀ ਅਧਿਕ ਪਰਾਣ ਨਾਸ਼ਕ ਅਤੇ ਅੰਮ੍ਰਿਤ ਤੋਂ ਭੀ ਵੱਧ ਅਮੋਲਕ ਸੀ। ਉਹ ਇਸੇ ਤਰ੍ਹਾਂ ਇਕੱਲੀ ਕਈ ਵਾਰ ਰੋਈ, ਜਦ ਕਿ ਅਸਮਾਨ ਦੇ ਤਾਰਿਆਂ ਦੇ ਬਿਨਾਂ ਉਸ ਦੇ ਕੋਲ ਹੋਰ ਕੋਈ ਦੇਖਣ ਵਾਲਾ ਨਹੀਂ ਸੀ।

ਇਸੇ ਤਰ੍ਹਾਂ ਰੋਂਦੇ-ਰੋਂਦੇ ਰਾਣੀ ਦੀ ਅੱਖ ਲੱਗ ਗਈ। ਉਸ ਦਾ ਪਿਆਰਾ, ਕਲੇਜੇ ਦਾ ਟੁਕੜਾ ਦਲੀਪ ਸਿੰਘ ਜਿਸ ਵਿਚ ਉਸ ਦੇ ਪਰਾਣ ਵਸਦੇ ਸਨ, ਉਦਾਸ ਮੁਖ ਸਾਹਮਣੇ ਆ ਕੇ ਖਲੋ ਗਿਆ। ਜਿਸ ਤਰ੍ਹਾਂ ਗਊ ਸਾਰਾ ਦਿਨ ਬਾਹਰ ਰਹਿਣ ਦੇ ਪਿੱਛੋਂ ਸੰਧਿਆ ਵੇਲੇ ਘਰ ਆਉਂਦੀ ਹੈ ਅਤੇ ਆਪਣੇ ਵੱਛੇ ਨੂੰ ਵੇਖਦਿਆਂ ਹੀ ਮੁਹੱਬਤ ਉਮੰਗ ਵਿਚ ਭਰਪੂਰ ਹੋ ਕੇ ਦੁੱਧ ਦੇ ਭਰੇ ਹੋਏ ਥਣਾਂ ਨਾਲ ਪੂਛ ਚੁੱਕੀ ਦੌੜਦੀ ਹੈ, ਉਸੇ ਤਰ੍ਹਾਂ ਰਾਣੀ ਜਿੰਦ ਕੌਰ ਆਪਣੇ ਹੱਥ ਵਧਾ ਕੇ ਪਿਆਰੇ ਸ਼ਹਿਜ਼ਾਦੇ ਨੂੰ ਛਾਤੀ ਨਾਲ ਲਾਣ ਲਈ ਦੌੜੀ, ਪਰ ਅੱਖ ਖੁਲ੍ਹ ਗਈ ਅਤੇ ਜੀਉਣ ਦੀ ਆਸਾ ਦੀ ਤਰ੍ਹਾਂ ਉਹ ਸੁਫਨਾ ਭੀ ਨਸ਼ਟ ਹੋ ਗਿਆ, ਅਤੇ ਕਿਹਾ "ਮੈਨੂੰ ਭੀ ਨਾਲ ਲੈ ਚਲ !" ਇਸ ਤੋਂ ਪਿੱਛੋਂ ਰਾਣੀ ਛੇਤੀ ਹੀ ਛੱਤ 'ਪਰੋਂ ਉਤਰੀ, ਕਮਰੇ ਵਿਚ ਇਕ ਲਾਲਟੈਣ ਜਗਦੀ ਪਈ ਸੀ। ਉਸ ਦੀ ਰੋਸ਼ਨੀ ਵਿਚ ਇਕ ਮੈਲੀ ਧੋਤੀ ਬੰਨ੍ਹੀ, ਗਹਿਣੇ ਲਾਹ ਲਏ। ਜਵਾਹਰਾਤ ਦੇ ਇਕ ਨਿੱਕੇ ਜਿਹੇ ਡੱਬੇ ਨੂੰ ਅਤੇ ਇਕ ਤੇਜ਼ ਕ੍ਰਿਪਾਨ ਨੂੰ ਲੱਕ ਨਾਲ ਬੰਨ੍ਹ ਲੀਤਾ। ਜਿਸ ਵੇਲੇ ਉਹ ਬਾਹਰ ਨਿਕਲੀ ਨਿਰਾਸਾ ਦੀ ਭਰੀ ਹੋਈ ਹੌਸਲੇ ਦੀ ਮੂਰਤ ਸੀ। ਸਿਪਾਹੀ ਨੇ ਆਵਾਜ਼ ਦਿੱਤੀ। ਰਾਣੀ ਨੇ ਜਵਾਬ ਦਿੱਤਾ, "ਮੈਂ ਹਾਂ ਝੰਗੀ"।

**ਸਿਪਾਹੀ**– ਕਿੱਥੇ ਜਾਂਦੀ ਏਂ ?

**ਰਾਣੀ**– ਗੰਗਾ ਜਲ ਲਿਆਵਾਂਗੀ, ਸੁਰਾਹੀ ਟੁੱਟ ਗਈ ਹੈ, ਰਾਣੀ ਜੀ ਪਾਣੀ ਮੰਗਦੇ ਹਨ।

ਸਿਪਾਹੀ–ਕੁਝ ਨੇੜੇ ਆ ਕੇ ਕਹਿਣ ਲੱਗਾ, ਚਲ ਮੈਂ ਭੀ ਤੇਰੇ ਨਾਲ ਚਲਦਾ ਹਾਂ, ਜ਼ਰਾ ਠਹਿਰ ਜਾ।

**ਰਾਣੀ**– ਮੇਰੇ ਨਾਲ ਨ ਆ, ਰਾਣੀ ਕੋਠੇ 'ਤੇ ਹੈ, ਦੇਖ ਲਏਗੀ। ਸਿਪਾਹੀ ਨੂੰ ਭੁਲਾ ਕੇ ਜਿੰਦ ਕੌਰ ਹਨੇਰੇ ਵਿਚ ਝਾੜੀਆਂ ਦੇ ਕੰਢੇ ਝੁਕਾਂਦੀ, ਪੱਥਰਾਂ ਨਾਲ ਠੋਕਰਾਂ ਖਾਂਦੀ, ਗੰਗਾ ਦੇ ਕਿਨਾਰੇ ਜਾ ਪਹੁੰਚੀ। ਰਾਤ ਅੱਧੀ ਤੋਂ ਵਧੀਕ ਜਾ ਚੁੱਕੀ ਸੀ। ਗੰਗਾ ਜੀ ਵਿਚ ਡੂੰਘੀ ਸ਼ਾਂਤੀ ਬਿਰਾਜ ਰਹੀ ਸੀ। ਲਹਿਰਾਂ ਤਾਰਿਆਂ ਨੂੰ ਕੁਛੜ ਲੈ ਕੇ ਸੌਂ ਰਹੀਆਂ ਸਨ। ਹਰ ਪਾਸੇ ਸਨਾਟਾ ਛਾਇਆ ਹੋਇਆ ਸੀ। ਰਾਣੀ ਨਦੀ ਦੇ ਕੰਢੇ ਕੰਢੇ ਤੁਰੀ ਜਾਂਦੀ ਸੀ, ਅਚਾਨਕ ਇਕ ਬੇੜੀ ਕਿੱਲੇ ਨਾਲ ਬੱਧੀ ਹੋਈ ਨਜ਼ਰ ਆਈ। ਰਾਣੀ

SikhBookClub.com

ਨੇ ਧਿਆਨ ਨਾਲ ਵੇਖਿਆ। ਮਲਾਹ ਸੁੱਤਾ ਹੋਇਆ ਸੀ। ਉਸ ਨੂੰ ਜਗਾਣਾ ਮੌਤ ਨੂੰ ਜਗਾਣਾ ਸੀ। ਉਹ ਛੇਤੀ ਹੀ ਰੱਸੀ ਖੋਲ੍ਹ ਕੇ ਬੇੜੀ ਉਤੇ ਚੜ੍ਹ ਬੈਠੀ। ਬੇੜੀ ਹੌਲੀ ਹੌਲੀ ਧਾਰ ਦੇ ਸਹਾਰੇ ਚਲਣ ਲੱਗੀ। ਸ਼ੌਂਕ ਅਤੇ ਅੰਧਕਾਰ ਭਰੇ ਸੁਫਨੇ ਦੀ ਤਰ੍ਹਾਂ ਜਿਵੇਂ ਵਿਚਾਰ ਦੀਆਂ ਤਰੰਗਾਂ ਵਿਚ ਕੋਈ ਰੁੜ੍ਹਦਾ ਜਾਂਦਾ ਹੋਵੇ- ਬੇੜੀ ਦੇ ਹਿੱਲਣ ਨਾਲ ਮਲਾਹ ਚੌਂਕ ਪਿਆ। ਅੱਖਾਂ ਮਲਦਿਆਂ-ਮਲਦਿਆਂ ਉਸ ਨੇ ਵੇਖਿਆ ਤਾਂ ਪਟੜੇ ਉਤੇ ਇਕ ਇਸਤ੍ਰੀ ਹੱਥ ਵਿਚ ਚੱਪੂ ਲੈ ਕੇ ਬੈਠੀ ਦਿੱਸੀ। ਘਬਰਾ ਕੇ ਪੁੱਛਿਆ ਕਿ ਤੂੰ ਕੌਣ? ਬੇੜੀ ਕਿੱਥੇ ਲਈ ਜਾਂਦੀ ਹੈਂ ? ਰਾਣੀ ਹੱਸ ਪਈ। ਡਰ ਦੇ ਅੰਤ ਨੂੰ ਸਾਹਸ ਕਹਿੰਦੇ ਹਨ। ਬੋਲੀ ਸੱਚ ਕਹਾਂ ਜਾਂ ਝੂਠ? ਮਲਾਹ ਕੁਝ ਸਹਿਮ ਕੇ ਬੋਲਿਆ, ਸੱਚ ਦੱਸ ਤੂੰ ਕੌਣ ਹੈ, ਰਾਣੀ ਬੋਲੀ, ਹੱਛਾ ਸੁਣ, ਮੈਂ ਲਾਹੌਰ ਦੀ ਰਾਣੀ ਜਿੰਦ ਕੌਰ ਹਾਂ, ਇਸ ਕਿਲ੍ਹੇ ਵਿਚ ਕੈਦ ਸਾਂ, ਅੱਜ ਨੱਸੀ ਜਾਂਦੀ ਹਾਂ। ਮੈਨੂੰ ਛੇਤੀ ਬਨਾਰਸ ਪੁਚਾ ਦੇ, ਤੈਨੂੰ ਨਿਹਾਲ ਕਰ ਦੇਵਾਂਗੀ ਅਤੇ ਜੇਕਰ ਤੂੰ ਕੋਈ ਸ਼ਰਾਰਤ ਕਰੇਂਗਾ ਤਾਂ ਵੇਖ, ਇਸੇ ਕ੍ਰਿਪਾਨ ਨਾਲ ਤੇਰਾ ਸਿਰ ਕੱਟ ਦਿਆਂਗੀ। ਸਵੇਰਾ ਹੋਣ ਤੋਂ ਪਹਿਲਾਂ ਮੈਨੂੰ ਬਨਾਰਸ ਪਹੁੰਚਣਾ ਚਾਹੀਦਾ ਹੈ। ਇਹ ਧਮਕੀ ਕੰਮ ਕਰ ਗਈ। ਮਲਾਹ ਨੇ ਅਦਬ ਨਾਲ ਆਪਣਾ ਕੰਬਲ ਵਿਛਾ ਦਿੱਤਾ ਅਤੇ ਤੇਜ਼ੀ ਨਾਲ ਚੱਪੂ ਚਲਾਣ ਲੱਗਾ। ਕਿਨਾਰੇ ਦੇ ਦਰਖਤ ਅਤੇ ਅਸਮਾਨ ਦੇ ਤਾਰੇ ਨਾਲ ਨਾਲ ਦੌੜਨ ਲੱਗੇ।

ਚੁਨਾਰ ਦੇ ਕਿਲ੍ਹੇ ਦਾ ਹਰ ਇਕ ਆਦਮੀ ਹੱਕਾ ਬੱਕਾ ਸੀ, ਸਿਪਾਹੀ, ਪਹਿਰੇਦਾਰ ਅਤੇ ਗੋਲੀਆਂ, ਬਾਂਦੀਆਂ ਸਭ ਸਿਰ ਨੀਵਾਂ ਕਰ ਕੇ ਕਿਲ੍ਹੇ ਦੇ ਮਾਲਕ ਅੱਗੇ ਹਾਜ਼ਰ ਸਨ। ਪੜਤਾਲ ਹੋ ਰਹੀ ਸੀ, ਪਰ ਕੁਝ ਪਤਾ ਨਹੀਂ ਲੱਗਦਾ ਸੀ। ਉਧਰ ਰਾਣੀ ਬਨਾਰਸ ਪਹੁੰਚੀ, ਕਿੰਤੂ ਉਥੇ ਪਹਿਲੇ ਤੋਂ ਹੀ ਪੁਲਸ ਅਤੇ ਫ਼ੌਜ ਦਾ ਜਾਲ ਵਿਛਿਆ ਹੋਇਆ ਸੀ। ਸ਼ਹਿਰ ਦੇ ਨਾਕੇ ਬੰਦ ਸਨ। ਰਾਣੀ ਦਾ ਪਤਾ ਕੱਢਣ ਵਾਲੇ ਨੂੰ ਇਕ ਵੱਡਾ ਸਾਰਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਕੈਦਖਾਨੇ ਵਿਚੋਂ ਨਿਕਲ ਕੇ ਰਾਣੀ ਨੂੰ ਪਤਾ ਲੱਗ ਗਿਆ ਕਿ ਉਹ ਇਕ ਹੋਰ ਸਖਤ ਕੈਦ ਵਿਚ ਹੈ। ਕਿਲ੍ਹੇ ਵਿਚ ਹਰ ਇਕ ਆਦਮੀ ਉਸ ਦਾ ਹੁਕਮ ਮੰਨਦਾ ਸੀ। ਕਿਲ੍ਹੇ ਦਾ ਮਾਲਕ ਭੀ ਰਾਣੀ ਨੂੰ ਇੱਜ਼ਤ ਦੀ ਨਿਗਾਹ ਨਾਲ ਵੇਖਦਾ ਸੀ, ਕਿੰਤੂ ਅੱਜ ਸੁਤੰਤਰ ਹੋ ਕੇ ਭੀ ਉਸ ਦੇ ਹੋਠ ਬੰਦ ਸਨ। ਉਸ ਨੂੰ ਹਰ ਥਾਂ ਦੁਸ਼ਮਨ ਵਿਖਾਈ ਦਿੰਦੇ ਸਨ ਪਰ ਕਦੇ ਪੰਛੀ ਨੂੰ ਪਿੰਜਰੇ ਦੀ ਨੁਕਰ ਵਿਚ ਭੀ ਸੁਖ ਹੈ? ਪੁਲਿਸ ਅਫਸਰ ਹਰ ਇਕ ਆਉਣ ਜਾਣ ਵਾਲੇ ਨੂੰ ਧਿਆਨ ਨਾਲ ਵੇਖਦੇ ਸਨ, ਕਿੰਤੂ ਉਸ ਫਕੀਰਨੀ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ ਸੀ, ਜੋ ਇਕ ਪਾਟੀ ਹੋਈ ਧੋਤੀ ਬੰਨ੍ਹ ਕੇ ਯਾਤਰੂਆਂ ਦੇ ਪਿੱਛੇ-ਪਿੱਛੇ ਹੌਲੀ-ਹੌਲੀ ਸਿਰ ਨੀਵਾਂ ਪਾਈ ਗੰਗਾ ਵੱਲ ਚੱਲੀ ਜਾਂਦੀ ਸੀ। ਇਸ ਫਕੀਰਨੀ ਦੇ ਅੰਦਰ ਰਾਣੀ ਦਾ ਖ਼ੂਨ ਹੈ। ਇਥੋਂ ਫਕੀਰਨੀ ਨੇ ਅਯੁਧਿਆ ਦਾ ਰਾਹ ਲਿਆ। ਉਹ ਸਾਰਾ ਦਿਨ ਡਾਢੇ ਔਖੇ ਅਤੇ ਪਸਿੱਤੇ ਰਸਤੇ ਚਲਦੀ ਅਤੇ ਰਾਤ ਨੂੰ

SikhBookClub.com

ਕਿਸੇ ਉਜਾੜ ਬੀਆਬਾਨ ਵਿਚ ਲੇਟ ਜਾਂਦੀ। ਮੂੰਹ ਪੀਲਾ ਪੈ ਗਿਆ। ਪੈਰੀਂ ਛਾਲੇ ਪੈ ਗਏ ਸਨ। ਫੁੱਲ ਵਰਗਾ ਬੱਦਲ ਕੁਮਲਾ ਗਿਆ। ਉਹ ਲਗਭਗ ਹਰ ਪਿੰਡ ਵਿਚ ਲਾਹੌਰ ਦੀ ਰਾਣੀ ਦੀ ਚਰਚਾ ਸੁਣਦੀ ਸੀ, ਕਦੀ ਕਦੀ ਪੁਲਸ ਦੇ ਆਦਮੀ ਭੀ ਉਸ ਨੂੰ ਰਾਣੀ ਦੀ ਖੋਜ ਵਿਚ ਲੱਗੇ ਦਿਖਾਈ ਦਿੰਦੇ ਸਨ। ਉਨ੍ਹਾਂ ਨੂੰ ਵੇਖਦਿਆਂ ਹੀ ਫਕੀਰਨੀ ਦੇ ਸੀਨੇ ਵਿਚ ਸੁੱਤੀ ਹੋਈ ਰਾਣੀ ਜਾਗ ਉਠਦੀ ਸੀ। ਉਹ ਅੱਖਾਂ ਚੁੱਕ ਕੇ ਉਨ੍ਹਾਂ ਨੂੰ ਘ੍ਰਿਣਾ ਦੀ ਨਿਗਾਹ ਨਾਲ ਵੇਖਦੀ ਅਤੇ ਸ਼ੋਕ ਤੇ ਗੁੱਸੇ ਨਾਲ ਉਸ ਦੀਆਂ ਅੱਖਾਂ ਲਾਲ ਹੋ ਜਾਂਦੀਆਂ।

ਇਕ ਦਿਨ ਅਯੁਧਿਆ ਦੇ ਕੋਲ ਪੁੱਜ ਕੇ ਰਾਣੀ ਇਕ ਰੁੱਖ ਹੇਠਾਂ ਬੈਠੀ ਹੋਈ ਸੀ। ਉਸ ਨੇ ਲੱਕ ਨਾਲੋਂ ਕ੍ਰਿਪਾਨ ਖੋਲ੍ਹ ਕੇ ਸਾਹਮਣੇ ਰੱਖ ਛਡੀ ਸੀ ਅਤੇ ਸੋਚ ਰਹੀ ਸੀ ਕਿ ਕਿੱਥੇ ਜਾਵਾਂ ? ਮੇਰੇ ਸਫਰ ਦਾ ਅੰਤ ਕਿੱਥੇ ਹੈ ? ਕੀ ਸੰਸਾਰ ਵਿਚ ਹੁਣ ਮੇਰੇ ਵਾਸਤੇ ਕਿਤੇ ਭੀ ਟਿਕਾਣਾ ਨਹੀਂ ਹੈ ? ਉਥੋਂ ਥੋੜ੍ਹੀ ਦੂਰ ਅੰਬਾਂ ਦਾ ਇਕ ਬਹੁਤ ਵੱਡਾ ਬਾਗ ਸੀ। ਉਸ ਵਿਚ ਬੜੇ ਬੜੇ ਤੰਬੂ ਅਤੇ ਕਨਾਤਾਂ ਲੱਗੀਆਂ ਹੋਈਆਂ ਸਨ, ਕਈ ਕੁ ਸਿਪਾਹੀ ਖੂਬ ਚਮਕਦਾਰ ਵਰਦੀਆਂ ਪਾ ਕੇ ਇਧਰ-ਉਧਰ ਟਹਿਲ ਰਹੇ ਸਨ। ਕਈ ਘੋੜੇ ਬੱਝੇ ਹੋਏ ਸਨ। ਰਾਣੀ ਨੇ ਉਸ ਠਾਠ-ਬਾਠ ਨੂੰ ਅਫਸੋਸ ਦੀ ਨਿਗ੍ਹਾ ਨਾਲ ਵੇਖਿਆ। ਇਕ ਵਾਰੀ ਉਹ ਕਸ਼ਮੀਰ ਗਈ ਸੀ। ਉਸ ਦਾ ਡੇਰਾ ਇਸ ਤੋਂ ਕਿਤੇ ਵੱਧ ਸੀ। ਬੈਠਿਆਂ ਬੈਠਿਆਂ ਸੰਧਿਆ ਹੋ ਗਈ। ਰਾਣੀ ਨੇ ਉਥੇ ਹੀ ਰਾਤ ਕੱਟਣ ਦਾ ਨਿਸਚਾ ਕੀਤਾ। ਇਤਨੇ ਵਿਚ ਇਕ ਬੁੱਢਾ ਆਦਮੀ ਟਹਿਲਦਾ ਹੋਇਆ ਉਸ ਦੇ ਸਾਹਮਣੇ ਆਇਆ ਅਤੇ ਖਲੋ ਗਿਆ। ਤ੍ਰਿਖੀ ਦਾੜ੍ਹੀ ਤੇ ਬਦਨ ਤੇ ਮਿਲਵਾਂ ਅੰਗਰੱਖਾ ਸੀ। ਲੱਕ ਨਾਲ ਤਲਵਾਰ ਲਟਕ ਰਹੀ ਸੀ। ਇਸ ਆਦਮੀ ਨੇ ਵੇਖ ਕੇ ਪੁੱਛਿਆ –"ਧੀਏ ਕਿਥੋਂ ਆ ਰਹੀ ਏਂ ?"

**ਰਾਣੀ**–ਬਹੁਤ ਦੂਰੋਂ।

**ਸਿਪਾਹੀ**–ਕਿੱਥੇ ਜਾਵੇਂਗੀ ?

**ਰਾਣੀ**–ਇਹ ਨਹੀਂ ਕਹਿ ਸਕਦੀ, ਬਹੁਤ ਦੂਰ।

ਸਿਪਾਹੀ ਨੇ ਰਾਣੀ ਨੂੰ ਫਿਰ ਧਿਆਨ ਨਾਲ ਵੇਖਿਆ ਤੇ ਕਿਹਾ, ਜ਼ਰਾ ਆਪਣੀ ਕਿਰਪਾਨ ਮੈਨੂੰ ਦੱਸ ਨਾ ! ਰਾਣੀ ਕਿਰਪਾਨ ਸੰਭਾਲ ਕੇ ਖਲੋ ਗਈ ਅਤੇ ਤੇਜ਼ ਆਵਾਜ਼ ਨਾਲ ਬੋਲੀ "ਸੱਜਣ ਹੋ ਯਾ ਦੁਸ਼ਮਣ ?"

ਸਿਪਾਹੀ ਨੇ ਜਵਾਬ ਦਿੱਤਾ, ਸੱਜਣ'।

ਸਿਪਾਹੀ ਦੇ ਗੱਲਬਾਤ ਕਰਨ ਦੇ ਢੰਗ ਅਤੇ ਚੇਹਰੇ ਤੇ ਕੁਝ ਅਜੇਹਾ ਭਾਵ ਸੀ ਕਿ ਰਾਣੀ ਨੂੰ ਮਜਬੂਰਨ ਉਸ 'ਪੁਰ ਇਤਬਾਰ ਕਰਨਾ ਪਿਆ। ਰਾਣੀ ਬੋਲੀ– ਵਿਸ਼ਵਾਸ ਘਾਤ ਨ ਕਰਨਾ। ਇਹ ਵੇਖੋ। ਸਿਪਾਹੀ ਨੇ ਕਿਰਪਾਨ ਹੱਥ ਫੜੀ। ਉਸ ਨੂੰ ਉਲਟ ਪੁਲਟ ਕੇ ਵੇਖਿਆ ਅਤੇ ਬੜੀ ਇਜ਼ਤ ਨਾਲ ਉਸ ਨੂੰ ਅੱਖਾਂ ਨਾਲ ਲਾਇਆ।

SikhBookClub.com

ਫੇਰ ਬੜੇ ਨਿਮਰ ਭਾਵ ਨਾਲ ਕਹਿਣ ਲੱਗਾ-ਮਹਾਰਾਣੀ ਜਿੰਦ ਕੌਰ ? ਰਾਣੀ ਨੇ ਭਰੇ ਦਿਲ ਨਾਲ ਕਿਹਾ, ਨਹੀਂ। ਅਨਾਥ ਫਕੀਰਨੀ। ਤੁਸੀਂ ਕੌਣ ਹੋ? ਸਿਪਾਹੀ ਨੇ ਜਵਾਬ ਦਿੱਤਾ, 'ਤੁਹਾਡਾ ਇਕ ਨੌਕਰ।' ਰਾਣੀ ਨੇ ਉਸ ਵੱਲ ਨਿਰਾਸਾ ਭਰੀ ਨਿਗਾਹ ਨਾਲ ਵੇਖਿਆ ਅਤੇ ਕਿਹਾ, "ਬਦਕਿਸਮਤੀ ਤੋਂ ਬਿਨਾਂ ਇਸ ਸੰਸਾਰ ਵਿਚ ਮੇਰਾ ਕੋਈ ਨਹੀਂ।"

**ਸਿਪਾਹੀ**–ਮਹਾਰਾਣੀ ਜੀ! ਅਜੇਹਾ ਨਾ ਕਹੋ, ਸ਼ੇਰਿ ਪੰਜਾਬ ਦੀ ਮਹਾਰਾਣੀ ਦੇ ਹੁਕਮ ਤੇ ਹੁਣ ਭੀ ਸੈਂਕੜੇ ਸਿਰ ਝੁਕ ਸਕਦੇ ਹਨ। ਦੇਸ਼ ਵਿਚ ਅਜੇਹੇ ਲੋਕੀਂ ਮੌਜੂਦ ਹਨ ਜਿਨ੍ਹਾਂ ਨੇ ਤੁਹਾਡਾ ਲੂਣ ਖਾਧਾ ਹੈ ਤੇ ਭੁੱਲੇ ਨਹੀਂ ਹਨ।

**ਰਾਣੀ**–ਹੁਣ ਕਿਸੇ ਚੀਜ਼ ਦੀ ਚਾਹ ਨਹੀਂ ਹੈ, ਕੇਵਲ ਇਕ ਨਵੇਕਲੀ ਜਗ੍ਹਾ ਚਾਹੁੰਦੀ ਹਾਂ, ਜਿਥੇ ਕਿ ਇਕ ਕੁਟੀਆ ਤੋਂ ਬਿਨਾਂ ਹੋਰ ਕੁਝ ਨਾ ਹੋਵੇ।

**ਸਿਪਾਹੀ**–ਅਜੇਹੀ ਜਗ੍ਹਾ ਪਹਾੜਾਂ ਵਿਚ ਹੀ ਮਿਲ ਸਕਦੀ ਹੈ, ਹਿਮਾਲਯ ਵਿਚ ਚੱਲੋ, ਉਥੇ ਹੀ ਤੁਸੀਂ ਉਪੱਦ੍ਰਵਾਂ ਤੋਂ ਬਚ ਸਕਦੇ ਹੋ।

**ਰਾਣੀ**–ਹੈਰਾਨ ਹੋ ਕੇ। ਦੁਸ਼ਮਣਾਂ ਵਿਚ ਜਾਵਾਂ? ਨਿਪਾਲ ਕਦ ਸਾਡਾ ਸਜਣ ਰਿਹਾ ਹੈ ?

**ਸਿਪਾਹੀ**–ਰਾਣੀ ਜੀ! ਜੰਗ ਬਹਾਦਰ ਬਚਨ ਦਾ ਪੂਰਾ ਰਾਜਪੂਤ ਹੈ।

**ਰਾਣੀ**–ਕਿੰਤੂ ਓਹੀ ਜੰਗ ਬਹਾਦਰ ਹੈ ਨਾ, ਜੋ ਹੁਣੇ ਹੁਣੇ ਸਾਡੇ ਵਿਰੁੱਧ ਲਾਰਡ ਡਲਹੌਜ਼ੀ ਨੂੰ ਮਦਦ ਦੇਣ ਲਈ ਤਿਆਰ ਸੀ?

**ਸਿਪਾਹੀ**–*(ਕੁਝ ਸ਼ਰਮਾ ਕੇ)* ਤਦ ਆਪ ਰਾਣੀ ਜਿੰਦ ਕੌਰ ਸਾਓ ਅਤੇ ਹੁਣ ਇਕ ਫਕੀਰਨੀ ਹੋ? ਐਸ਼ਵਰਯ ਤੇ ਈਰਖਾ ਅਤੇ ਦੁਸ਼ਮਣ ਹਰ ਥਾਂ ਹੁੰਦੇ ਹੀ ਹਨ, ਲੋਕ ਬਲਦੀ ਹੋਈ ਅੱਗ ਨੂੰ ਪਾਣੀ ਨਾਲ ਬੁਝਾਉਂਦੇ ਹਨ, ਪਰ ਸੁਆਹ ਮੱਥੇ 'ਤੇ ਲਾਉਂਦੇ ਹਨ। ਤੁਸੀਂ ਜ਼ਰਾ ਜਿੰਨੀ ਭੀ ਸੋਚ ਵਿਚਾਰ ਨ ਕਰੋ। ਨਿਪਾਲ ਵਿੱਚੋਂ ਅਜੇ ਧਰਮ ਲੋਪ ਨਹੀਂ ਹੋਇਆ, ਤੁਸੀਂ ਡਰ ਨੂੰ ਛੱਡ ਦਿਓ ਅਤੇ ਚਲ ਕੇ ਵੇਖੋ ਕਿ ਕਿਸ ਤਰ੍ਹਾਂ ਉਹ ਤੁਹਾਨੂੰ ਸਿਰ-ਮੱਥੇ 'ਤੇ ਬਹਾਉਂਦਾ ਹੈ। ਰਾਣੀ ਨੇ ਰਾਤ ਉਸੇ ਰੁੱਖ ਹੇਠ ਕਟੀ। ਸਿਪਾਹੀ ਭੀ ਉਥੇ ਹੀ ਸੁੱਤਾ। ਪ੍ਰਭਾਤੇ ਦੋ ਤੇਜ਼ ਘੋੜੇ ਨਜ਼ਰੀਂ ਆਏ। ਇਕ ਉਤੇ ਸਿਪਾਹੀ ਸਵਾਰ ਸੀ ਅਤੇ ਦੂਜੇ ਉਤੇ ਇਕ ਡਾਢਾ ਸੋਹਣਾ ਨੌਂਜਵਾਨ ਗਭਰੂ। ਇਹ ਰਾਣੀ ਜਿੰਦ ਕੌਰ ਸੀ, ਜੋ ਆਪਣੀ ਰੱਖਿਆ ਦੀ ਥਾਂ ਢੂੰਢਣ ਲਈ ਨਿਪਾਲ ਜਾ ਰਹੀ ਸੀ। ਕੁਝ ਦੇਰ ਪਿੱਛੋਂ ਰਾਣੀ ਨੇ ਪੁੱਛਿਆ ਇਹ ਪੜਾ ਕਿਸ ਦਾ ਹੈ? ਸਿਪਾਹੀ ਨੇ ਜਵਾਬ ਦਿੱਤਾ- ਰਾਣਾ ਜੰਗ ਬਹਾਦਰ ਦਾ। ਉਹ ਤੀਰਥ ਯਾਤਰਾ ਕਰਨ ਆਏ ਹਨ, ਪਰ ਸਾਥੋਂ ਪਹਿਲਾਂ ਪਹੁੰਚ ਜਾਣਗੇ।

**ਰਾਣੀ**- ਤੁਸਾਂ ਉਨ੍ਹਾਂ ਨਾਲ ਮੇਰੀ ਇਥੇ ਹੀ ਮੁਲਾਕਾਤ ਕਿਉਂ ਨਾ ਕਰਾ ਦਿਤੀ, ਤਾਂ ਜੋ ਉਨ੍ਹਾਂ ਦੇ ਦਿਲ ਦੇ ਭਾਵ ਤਾਂ ਜ਼ਾਹਰ ਹੋ ਜਾਂਦੇ ?

SikhBookClub.com

**ਸਿਪਾਹੀ–** ਐਥੇ ਉਨ੍ਹਾਂ ਨੂੰ ਮਿਲਣਾ ਅਣਹੋਣੀ ਗੱਲ ਸੀ, ਆਪ ਜਸੂਸਾਂ ਦੀਆਂ ਅੱਖਾਂ ਤੋਂ ਬਚ ਨਾ ਸਕਦੇ!

ਉਸ ਵੇਲੇ ਯਾਤਰਾ ਕਰਨਾ ਪ੍ਰਾਣਾਂ ਨੂੰ ਅਰਪਨ ਕਰ ਦੇਣਾ ਸੀ। ਦੋਹਾਂ ਯਾਤਰੂਆਂ ਨੂੰ ਬਹੁਤ ਵਾਰੀ ਡਾਕੂਆਂ ਦਾ ਸਾਹਮਣਾ ਕਰਨਾ ਪਿਆ। ਉਸ ਵੇਲੇ ਰਾਣੀ ਦੀ ਬਹਾਦਰੀ, ਉਸ ਦਾ ਯੁੱਧ ਕੌਸ਼ਲ ਤਥਾ ਫੁਰਤੀ ਵੇਖ ਕੇ ਬੁੱਢਾ ਸਿਪਾਹੀ ਦੰਦਾਂ ਹੇਠ ਉਂਗਲੀਆਂ ਦਬਾਉਂਦਾ ਸੀ। ਕਦੀ ਉਨ੍ਹਾਂ ਦੀ ਤਲਵਾਰ ਕੰਮ ਕਰ ਜਾਂਦੀ ਤੇ ਕਦੀ ਘੋੜਿਆਂ ਦੀ ਚਾਲ। ਯਾਤਰਾ ਬੜੀ ਲੰਮੀ ਸੀ। ਜੇਠ ਦਾ ਮਹੀਨਾ ਰਾਹ ਵਿੱਚ ਹੀ ਬੀਤ ਗਿਆ, ਬਾਰਸ਼ ਆਈ, ਅਕਾਸ਼ ਵਿੱਚ ਬਦਲਾਂ ਦੀ ਮਾਲਾ ਪਰੋਈ ਜਾਣ ਲੱਗੀ। ਸੁੱਕੀਆਂ ਨਦੀਆਂ ਭਰ ਚਲੀਆਂ। ਪਹਾੜੀ ਨਾਲੇ ਗੱਜਣ ਲੱਗੇ। ਨਾ ਨਦੀਆਂ 'ਤੇ ਬੇੜੀ, ਨਾ ਨਾਲਿਆਂ ਦੇ ਘਾਟ। ਪਰ ਘੋੜੇ ਸਿਖੇ ਹੋਏ ਸਨ, ਉਹ ਆਪਣੇ ਆਪ ਪਾਣੀ ਵਿੱਚ ਉਤਰ ਜਾਂਦੇ ਅਤੇ ਡੁਬਦੇ, ਤਰਦੇ, ਰੁਕਦੇ ਘੁੰਮਣਘੇਰ ਖਾਂਦੇ ਪਾਰ ਜਾ ਪਹੁੰਚਦੇ। ਇਕ ਵਾਰੀ ਬਿਛੂ ਨੇ ਕਛੂਕੁੰਮੇ ਦੀ ਪਿੱਠ ਤੇ ਨਦੀ ਦੀ ਯਾਤਰਾ ਕੀਤੀ ਸੀ। ਇਹ ਯਾਤਰਾ ਉਸ ਤੋਂ ਘਟ ਡਰਾਉਣੀ ਨਹੀਂ ਸੀ। ਕਿਤੇ ਉਚੇ ਉਚੇ ਸੁਕੇ ਮਹੂਏ ਦੇ ਜੰਗਲ ਸਨ ਅਤੇ ਕਿਤੇ ਹਰੇ ਭਰੇ ਜੰਮੂਆਂ ਦੇ ਜੰਗਲ। ਉਨ੍ਹਾਂ ਦੀ ਗੋਦੀ ਵਿਚ ਹਾਥੀਆਂ ਅਤੇ ਹਰਨਾਂ ਦੇ ਝੁੰਡ ਕਲੋਲ ਕਰ ਰਹੇ ਸਨ। ਝੋਨੇ ਦੀਆਂ ਕਿਆਰੀਆਂ ਪਾਣੀ ਨਾਲ ਭਰੀਆਂ ਪਈਆਂ ਸਨ। ਕਿਸਾਨਾਂ ਦੀਆਂ ਤਰੀਮਤਾਂ ਝੋਲਾਂ ਛੜਦੀਆਂ ਤੇ ਸੋਹਣੇ ਸੋਹਣੇ ਗੀਤ ਗਾਉਂਦੀਆਂ ਸਨ। ਕਿਤੇ ਕਿਤੇ ਉਨ੍ਹਾਂ ਮਨਭਾਉਣੀਆਂ ਅਵਾਜ਼ਾਂ ਵਿੱਚ ਫਸਲਾਂ ਦੀਆਂ ਛਾਂਵਾਂ ਵਿੱਚ ਬੈਠੇ ਹੋਏ ਜ਼ਿਮੀਦਾਰਾਂ ਦੇ ਕਠੋਰ ਲਫਜ਼ ਸੁਣਾਈ ਦਿੰਦੇ ਸਨ। ਇਸ ਤਰ੍ਹਾਂ ਯਾਤਰਾ ਦੀ ਮੁਸੀਬਤ ਸਹਾਰਦੇ ਹੋਏ ਕਈ ਅਜੀਬ ਨਜ਼ਾਰੇ ਵੇਖਦੇ ਹੋਵੇ ਯਾਤਰੂ ਹੱਦ ਪਾਰ ਕਰ ਕੇ ਨੇਪਾਲ ਦੀ ਧਰਤੀ ਵਿੱਚ ਦਾਖਲ ਹੋਏ।

ਪਰਭਾਤ ਦਾ ਸੋਹਣਾ ਸਮਾਂ ਸੀ। ਨਿਪਾਲ ਦੇ ਮਹਾਰਾਜ ਸੁਰਿੰਦਰ ਵਿਕ੍ਰਮ ਸਿੰਘ ਦਾ ਦਰਬਾਰ ਸਜਿਆ ਹੋਇਆ ਸੀ। ਰਾਜ ਦੇ ਪਤਵੰਤੇ ਵਜ਼ੀਰ ਆਪਣੇ ਆਪਣੇ ਟਿਕਾਣੇ ਪੁਰ ਬੈਠੇ ਹੋਏ ਸਨ। ਨਿਪਾਲ ਨੇ ਇਕ ਵੱਡੀ ਲੜਾਈ ਤੋਂ ਉਪਰੰਤ ਤਿੱਬਤ 'ਪੁਰ ਫਤਹ ਪਾਈ ਸੀ। ਉਸ ਵੇਲੇ ਸੁਲਹ ਦੀਆਂ ਸ਼ਰਤਾਂ 'ਤੇ ਬਹਿਸ ਛਿੜੀ ਹੋਈ ਸੀ। ਕੋਈ ਲੜਾਈ ਦੇ ਖਰਚ ਦਾ ਚਾਹਵਾਨ ਸੀ, ਕੋਈ ਰਾਜ ਵਧਾਣ ਦਾ। ਕੋਈ ਕੋਈ ਸੱਜਣ ਸਾਲਾਨਾ ਟੈਕਸ 'ਤੇ ਜ਼ੋਰ ਦੇ ਰਿਹਾ ਸੀ, ਕੇਵਲ ਰਾਣਾ ਜੰਗ ਬਹਾਦਰ ਦੇ ਆਉਣ ਦੀ ਉਡੀਕ ਸੀ। ਉਹ ਕਈ ਮਹੀਨਿਆਂ ਦੇ ਸਫਰ ਦੇ ਉਪਰੰਤ ਅਜ ਰਾਤ ਨੂੰ ਹੀ ਆਏ ਸਨ ਅਤੇ ਇਹ ਵਿਚਾਰ ਉਨ੍ਹਾਂ ਦੇ ਆਉਣ ਦੀ ਉਡੀਕ ਕਰ ਕੇ ਲਮਕ ਰਹੀ ਸੀ। ਹੁਣ ਮੰਤਰੀ ਸਭਾ ਵਿੱਚ ਪੇਸ਼ ਸੀ। ਤਿੱਬਤ ਦੇ ਯਾਤਰੂ ਆਸ਼ਾ ਤੇ ਡਰ ਦੀ ਹਾਲਤ ਵਿੱਚ ਮੁੱਖ ਵਜ਼ੀਰ ਦੇ ਮੂੰਹੋਂ ਆਖਰੀ ਫੈਸਲਾ ਸੁਣਨ ਨੂੰ ਬਹੁਤ

SikhBookClub.com

ਕਾਹਲੇ ਪੈ ਰਹੇ ਸਨ। ਸਮੇਂ ਸਿਰ ਰਾਜਾ ਦੇ ਆਉਣ ਦੀ ਖਬਰ ਪਹੁੰਚੀ। ਦਰਬਾਰੀ ਲੋਕ ਉਨ੍ਹਾਂ ਦੀ ਇਜ਼ਤ ਲਈ ਖੜ੍ਹੇ ਹੋ ਗਏ। ਮਹਾਰਾਜ ਨੂੰ ਪ੍ਰਣਾਮ ਕਰਨ ਤੋਂ ਉਪਰੰਤ, ਉਹ ਸਜੇ ਹੋਏ ਆਸਨ ਤੇ ਬਹਿ ਗਏ, ਮਹਾਰਾਜਾ ਨੇ ਕਿਹਾ "ਰਾਣਾ ਜੀ, ਤੁਸੀਂ ਸੁਲਾਹ ਵਾਸਤੇ ਕੀ ਕੀ ਸ਼ਰਤਾਂ ਪੇਸ਼ ਕਰਨੀਆਂ ਚਾਹੁੰਦੇ ਹੋ?" ਰਾਣਾ ਨੇ ਅਧੀਨਗੀ ਨਾਲ ਕਿਹਾ, "ਮੇਰੀ ਤੁਛ ਬੁੱਧੀ ਵਿਚ ਤਾਂ ਇਸ ਵਕਤ ਸਖਤੀ ਦਾ ਵਤੀਰਾ ਧਾਰਨਾ ਠੀਕ ਨਹੀਂ, ਅਫਸੋਸ ਵਿਚ ਡੁੱਬੇ ਦੁਸ਼ਮਣ ਨਾਲ ਦਿਆਲਤਾ ਦਾ ਵਤੀਰਾ ਕਰਨਾ ਸਦਾ ਹੀ ਸਾਡਾ ਮੰਤਵ ਰਿਹਾ ਹੈ। ਕੀ ਇਸ ਮੌਕੇ 'ਤੇ ਅਸੀਂ ਖੁਦਗਰਜ਼ੀ ਦੇ ਮੋਹ ਵਿਚ ਆਪਣੇ ਕੀਮਤੀ ਮੰਤਵ ਨੂੰ ਭੁਲ ਜਾਵਾਂਗੇ ? ਅਸੀਂ ਸਦਾ ਹੀ ਅਜੇਹੀ ਸੁਲਹ ਚਾਹੁੰਦੇ ਹਾਂ ਜੋ ਸਾਡੇ ਦੋਹਾਂ ਦੇ ਦਿਲਾਂ ਨੂੰ ਸਾਫ ਕਰ ਦੇਵੇ। ਜੇ ਤਿੱਬਤ ਦੀ ਕੌਂਸਲ ਸਾਨੂੰ ਵਪਾਰ ਸਬੰਧੀ ਸਹੂਲਤਾਂ ਦੇਣ ਲਈ ਤਿਆਰ ਹੈ ਤਾਂ ਅਸੀਂ ਸੁਲਾਹ ਕਰਨ ਲਈ ਸਦਾ ਹੀ ਤਿਆਰ ਹਾਂ।" ਮੰਤਰੀ ਮੰਡਲ ਵਿਚ ਬਹਿਸ ਛਿੜੀ। ਸਰਬ ਸੰਮਤੀ ਦਿਆਲਤਾ ਦੇ ਪੱਖ ਵਿੱਚ ਨਹੀਂ ਸੀ, ਕਿੰਤੂ ਮਹਾਰਾਜਾ ਨੇ ਰਾਣਾ ਦੇ ਕਹੇ ਦੀ ਤਾਈਦ ਕੀਤੀ। ਭਾਵੇਂ ਬਹੁ-ਸੰਮਤੀ ਨੂੰ ਦੁਸ਼ਮਨ ਨਾਲ ਅਜੇਹੀ ਨਰਮੀ ਪਸੰਦ ਨਹੀਂ ਸੀ, ਤਾਂ ਭੀ ਮਹਾਰਾਜਾ ਦੇ ਵਿਰੁੱਧ ਬੋਲਣ ਦਾ ਕਿਸੇ ਨੂੰ ਹੀਆ ਨ ਪਿਆ। ਯਾਤਰੂਆਂ ਦੇ ਚਲੇ ਜਾਣ ਪਿੱਛੋਂ ਰਾਣਾ ਜੰਗ ਬਹਾਦਰ ਨੇ ਖਲੋ ਕੇ ਕਿਹਾ, "ਸੱਜਣੋਂ, ਅੱਜ ਨਿਪਾਲ ਦੇ ਇਤਿਹਾਸ ਵਿਚ ਇਕ ਨਵੀਂ ਘਟਨਾ ਹੋਣ ਵਾਲੀ ਹੈ, ਜਿਸ ਨੂੰ ਮੈਂ ਆਪ ਦੇ ਇਮਤਿਹਾਨ ਦਾ ਵੇਲਾ ਸਮਝਦਾ ਹਾਂ, ਇਸ ਵਿਚ ਕਾਮਯਾਬ ਹੋਣਾ ਆਪ ਦੇ ਕਰਤਵ 'ਤੇ ਹੀ ਨਿਰਭਰ ਹੈ।" ਅਜ ਰਾਜ ਸਭਾ ਵਿਚ ਆਉਣ ਸਮੇਂ ਮੈਨੂੰ ਇਹ ਆਵੇਦਨ-ਪੱਤਰ ਮਿਲਿਆ ਹੈ, ਜਿਸ ਨੂੰ ਮੈਂ ਆਪ ਸੱਜਣਾਂ ਦੇ ਸਾਹਮਣੇ ਪੇਸ਼ ਕਰਦਾ ਹਾਂ। ਨਿਵੇਦਕ ਨੇ ਤੁਲਸੀ ਦਾਸ ਦੀ ਇਹ ਚੌਪਈ ਲਿਖ ਦਿਤੀ ਹੈ :

"ਧੀਰਜ ਧਰਮ ਮਿਤ੍ਰ ਅਰ ਨਾਰੀ, ਆਪਤ ਕਾਲ ਪਰਖੀਏ ਚਾਰੀ।

ਮਹਾਰਾਜ ਨੇ ਪੁੱਛਿਆ : ਇਹ ਆਵੇਦਨ-ਪੱਤਰ ਕਿਸ ਨੇ ਭੇਜਿਆ ਹੈ ?

**ਰਾਣਾ**– ਇਕ ਫਕੀਰਨੀ ਨੇ।

**ਮਹਾਰਾਜਾ**– ਫਕੀਰਨੀ ਕੌਣ ਹੈ ?

**ਰਾਣਾ**– ਮਹਾਰਾਣੀ ਜਿੰਦ ਕੌਰ।

ਕਟਬਢ ਖੱਤਰੀ ਨੇ ਅਚੰਭੇ ਨਾਲ ਪੁੱਛਿਆ : ਜੋ ਸਾਡੀ ਦੋਸਤ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਹੋ ਕੇ ਨੱਸ ਆਈ ਹੈ ?

ਰਾਣਾ ਜੰਗ ਬਹਾਦਰ ਨੇ ਸ਼ਰਮਾ ਕੇ ਕਿਹਾ — ਜੀ ਹਾਂ। ਭਾਵੇਂ ਅਸੀਂ ਇਨ੍ਹਾਂ ਵਿਚਾਰਾਂ ਨੂੰ ਦੂਸਰੇ ਲਫ਼ਜ਼ਾਂ ਵਿਚ ਪ੍ਰਗਟ ਕਰ ਸਕਦੇ ਹਾਂ।

**ਕਟਬਢ ਖਤਰੀ**– ਅੰਗਰੇਜ਼ਾਂ ਨਾਲ ਸਾਡੀ ਦੋਸਤੀ ਹੈ ਅਤੇ ਦੋਸਤ ਦੇ ਦੁਸ਼ਮਨ ਦੀ ਮਦਦ ਕਰਨੀ ਦੋਸਤੀ ਦੇ ਨਿਯਮਾਂ ਦੇ ਵਿਰੁੱਧ ਹੈ।

SikhBookClub.com

**ਜਨਰਲ ਸ਼ਮਸ਼ੇਰ ਬਹਾਦਰ–** ਇਸ ਹਾਲਤ ਵਿਚ ਇਸ ਗੱਲ ਦਾ ਡਰ ਹੈ ਕਿ ਅੰਗਰੇਜ਼ੀ ਸਰਕਾਰ ਨਾਲ ਸਾਡਾ ਸੰਬੰਧ ਟੁੱਟ ਨ ਜਾਏ !

**ਰਾਜ ਕੁਮਾਰ ਰਣਬੀਰ ਸਿੰਘ–** ਅਸੀਂ ਇਹ ਮੰਨਦੇ ਹਾਂ, ਕਿ ਅਤਿਥੀ ਸਤਕਾਰ ਸਾਡਾ ਧਰਮ ਹੈ, ਕਿੰਤੂ ਉਸੇ ਵੇਲੇ ਜਦ ਤੱਕ ਕਿ ਸਾਡੇ ਦੋਸਤਾਂ ਨੂੰ ਸਾਡੇ 'ਪੁਰ ਸ਼ੱਕ ਕਰਨ ਦਾ ਮੌਕਾ ਨਾ ਮਿਲੇ।

ਇਸ ਮਾਮਲੇ 'ਤੇ ਇਥੋਂ ਤਕ ਮੱਤਭੇਦ ਅਤੇ ਬਹਿਸ ਮੁਬਾਹਿਸਾ ਹੋਇਆ ਕਿ ਇਕ ਸ਼ੋਰ ਜਿਹਾ ਮੱਚ ਗਿਆ ਅਤੇ ਕਈ ਸੱਜਣ ਇਹ ਕਹਿੰਦੇ ਸੁਣੇ ਗਏ ਕਿ ਮਹਾਰਾਣੀ ਦਾ ਇਸ ਵੇਲੇ ਆਉਣਾ ਦੇਸ਼ ਵਾਸਤੇ ਕਦਾਚਿਤ ਮੁਫੀਦ ਸਾਬਤ ਨਹੀਂ ਹੋ ਸਕਦਾ। ਫਿਰ ਰਾਣਾ ਜੰਗ ਬਹਾਦਰ ਉਠੇ। ਉਨ੍ਹਾਂ ਦਾ ਮੂੰਹ ਲਾਲ ਹੋਇਆ ਹੋਇਆ ਸੀ। ਉਨ੍ਹਾਂ ਦਾ ਸਦ ਵੀਚਾਰ ਗੁੱਸੇ 'ਤੇ ਕਬਜ਼ਾ ਕਰਨ ਲਈ ਬੇਅਰਥ ਕੋਸ਼ਿਸ਼ ਕਰ ਰਿਹਾ ਸੀ। ਉਹ ਬੋਲੇ—"ਭਾਈਓ, ਇਸ ਵੇਲੇ ਮੇਰੀਆਂ ਗੱਲਾਂ ਅਗਰ ਤੁਹਾਨੂੰ ਡਾਢੀਆਂ ਕੌੜੀਆਂ ਲੱਗਣ ਤਾਂ ਮੈਨੂੰ ਮਾਫ ਕੀਤਾ ਜਾਵੇ, ਚੂੰਕਿ ਹੁਣ ਮੇਰੇ ਵਿਚ ਹੋਰ ਸੁਣਨ ਦੀ ਤਾਕਤ ਨਹੀਂ ਰਹੀ। ਆਪਣੀ ਜਾਤੀ ਦੀ ਸਾਹਸਹੀਨਤਾ ਇਹ ਸ਼ਰਮਨਾਕ ਨਜ਼ਾਰਾ ਹੁਣ ਮੈਥੋਂ ਦੇਖਿਆ ਨਹੀਂ ਜਾਂਦਾ ! ਅਗਰ ਨਿਪਾਲ ਦਰਬਾਰ ਵਿਚ ਇੰਨਾ ਭੀ ਹੌਂਸਲਾ ਨਹੀਂ ਹੈ ਕਿ ਉਹ ਅਤਿਥੀ ਆਉਭਗਤ ਅਤੇ ਸਹਾਇਤਾ ਦੇ ਨਿਯਮਾਂ ਨੂੰ ਨਿਭਾ ਸਕੇ ਤਾਂ ਮੈਂ ਇਸ ਘਟਨਾ ਦੇ ਬਾਰੇ ਵਿਚ ਸਭ ਤਰ੍ਹਾਂ ਦਾ ਭਾਰ ਆਪਣੇ ਉਪਰ ਲੈਣ ਨੂੰ ਤਿਆਰ ਹਾਂ। ਦਰਬਾਰ ਆਪਣੇ ਆਪ ਨੂੰ ਇਸ ਬਾਰੇ ਵਿਚ ਨਿਰਦੋਸ਼ ਸਮਝੇ ਅਤੇ ਇਸ ਦਾ ਆਮ ਜਨਤਾ ਵਿਚ ਐਲਾਨ ਕਰ ਦੇਵੇ।

**ਕਟਬਢ ਖਤਰੀ** *(ਗਰਮ ਹੋ ਕੇ)* ਕੇਵਲ ਇਹ ਐਲਾਨ ਦੇਸ਼ ਨੂੰ ਡਰ ਤੋਂ ਨਹੀਂ ਬਚਾ ਸਕਦਾ।

ਰਾਣਾ ਜੰਗ ਬਹਾਦਰ ਨੇ ਗੁੱਸੇ ਵਿਚ ਹੋਠ ਚੱਬ ਲੀਤੇ, ਕਿੰਤੂ ਸ਼ਾਂਤੀ ਨਾਲ ਕਿਹਾ ਕਿ 'ਦੇਸ਼ ਦੀ ਹਕੂਮਤ ਦਾ ਬੋਝ ਆਪਣੇ ਸਿਰ 'ਤੇ ਲੈਣ ਵਾਲੇ ਲਈ ਅਜਿਹੀਆਂ ਹਾਲਤਾਂ ਲਾਜ਼ਮੀ ਹੁੰਦੀਆਂ ਹਨ, ਅਸੀਂ ਉਨ੍ਹਾਂ ਨਿਯਮਾਂ ਵਿਚੋਂ ਜਿਨ੍ਹਾਂ ਦਾ ਪਾਲਨ ਕਰਨਾ ਸਾਡਾ ਫਰਜ਼ ਹੈ।

ਮਹਾਰਾਣੀ ਜਿੰਦ ਕੌਰ। ਸਾਡੇ ਬਜ਼ੁਰਗ ਸਦਾ ਇਨ੍ਹਾਂ ਨਿਯਮਾਂ 'ਤੇ ਪ੍ਰਾਣ ਦੇਣ ਤਕ ਤਿਆਰ ਰਹਿੰਦੇ ਸਨ। ਆਪਣੇ ਮੰਨੇ ਹੋਏ ਧਰਮ ਨੂੰ ਤੋੜਨਾ ਇਕ ਸੁਤੰਤਰ ਜਾਤੀ ਲਈ ਸ਼ਰਮਨਾਕ ਹੈ। ਅੰਗਰੇਜ਼ ਸਾਡੇ ਦੋਸਤ ਹਨ, ਅਤੀ ਡਾਢੀ ਖੁਸ਼ੀ ਦਾ ਮੁਕਾਮ ਹੈ ਕਿ ਡਾਢੇ ਸਮਝਦਾਰ ਦੋਸਤ ਹਨ। ਮਹਾਰਾਣੀ ਜਿੰਦ ਕੌਰ ਨੂੰ ਆਪਣੀ ਹਿਰਾਸਤ ਵਿਚ ਰਖਣਾ ਉਨ੍ਹਾਂ ਦਾ ਮਤਲਬ ਸਿਰਫ ਇਹੋ ਸੀ ਕਿ ਬਾਗੀਆਂ ਦੇ ਟੋਲੇ ਦਾ ਕੋਈ ਬਾਕੀ ਨਾ ਰਹੇ। ਅਗਰ ਉਨ੍ਹਾਂ ਦਾ ਇਹ ਮਤਲਬ ਭੰਗ ਨਾ ਹੋਵੇ ਤਾਂ ਸਾਡੀ ਤਰਫੋਂ ਸ਼ੱਕ ਹੋਣ ਦਾ ਕੋਈ ਮੌਕਾ ਨਹੀਂ ਅਤੇ ਨਾ ਸਾਨੂੰ ਉਨ੍ਹਾਂ ਤੋਂ ਸ਼ਰਮਿੰਦਾ ਹੋਣ ਦੀ

SikhBookClub.com

ਲੋੜ ਹੈ।

**ਕਟਬਢ–** ਮਹਾਰਾਣੀ ਜਿੰਦ ਕੌਰ ਇਥੇ ਕਿਸ ਵਾਸਤੇ ਆਈ ਹੈ ?

**ਰਾਣਾ ਜੰਗ–** ਕੇਵਲ ਇਕ ਸ਼ਾਂਤੀਮਈ ਸੁਖ-ਅਸਥਾਨ ਦੀ ਭਾਲ ਵਿਚ, ਜਿਥੇ ਉਨ੍ਹਾਂ ਨੂੰ ਆਪਣੀ ਬੁਰੀ ਹਾਲਤ ਤੋਂ ਆਜ਼ਾਦ ਹੋਣ ਦਾ ਮੌਕਾ ਮਿਲੇ। ਉਹ ਰਾਣੀ ਜੋ ਰੰਗ ਮਹਿਲ ਵਿਚ ਸੁਖ ਨਾਲ ਰਹਿੰਦੀ ਸੀ, ਜਿਸ ਨੂੰ ਫੁੱਲਾਂ ਦੀ ਸੇਜ 'ਤੇ ਭੀ ਚੈਨ ਨਹੀਂ ਆਉਂਦਾ ਸੀ, ਅੱਜ ਸੈਂਕੜੇ ਕੋਹਾਂ ਦੇ ਹਨੇਰੇ ਪੈਂਡੇ ਕਟਦੀ, ਕਸ਼ਟ ਝਲਦੀ, ਨਦੀ ਨਾਲੇ ਪਹਾੜ ਜੰਗਲ ਛਾਣਦੀ ਇਥੇ ਫਕਤ ਸੁਰਖਤ ਸਥਾਨ ਦੀ ਖੋਜ ਵਿਚ ਆਈ ਹੈ। ਚੜ੍ਹੀਆਂ ਹੋਈਆਂ ਨਦੀਆਂ ਨਾਲੇ, ਬਰਸਾਤ ਦੇ ਦਿਨ ਇਨ੍ਹਾਂ ਤਕਲੀਫਾਂ ਨੂੰ ਤੁਸੀਂ ਜਾਣਦੇ ਹੀ ਹੋ, ਇਹ ਫਕਤ ਇਕ ਸੁਰਖਤ ਅਸਥਾਨ ਦੇ ਲਈ ਭੂਮੀ ਦੇ ਇਕ ਟੁਕੜੇ ਦੀ ਆਸ਼ਾ 'ਤੇ ਆਈ ਹੈ, ਕਿੰਤੂ ਅਸੀਂ ਅਜਿਹੇ ਨਿਕੰਮੇ ਹਾਂ ਕਿ ਉਸ ਦੀ ਇਹ ਚਾਹਨਾ ਭੀ ਪੂਰੀ ਨਹੀਂ ਕਰ ਸਕਦੇ। ਮੁਨਾਸਬ ਤਾਂ ਇਹ ਸੀ ਕਿ ਅਸੀਂ ਉਸ ਨੂੰ ਭੂਮੀ ਦੇ ਬਦਲੇ ਆਪਣਾ ਦਿਲ ਖੋਹਲ ਕੇ ਦੇ ਦਿੰਦੇ ! ਸੋਚੋ ਕਿੰਨੇ ਕੁ ਫਖਰ ਦੀ ਗੱਲ ਹੈ ਕਿ ਇਕ ਬਿਪਤਾ ਵਿਚ ਫਸੀ ਹੋਈ ਰਾਣੀ ਆਪਣੇ ਦੁੱਖਾਂ ਦੇ ਦਿਨਾਂ ਵਿਚ ਜਿਸ ਨੂੰ ਯਾਦ ਕਰਦੀ ਹੈ, ਉਹ ਇਹੋ ਪਵਿੱਤਰ ਦੇਸ਼ ਹੈ ! ਰਾਣੀ ਜਿੰਦ ਕੌਰ ਨੂੰ ਸਾਡੇ ਮਹਿਫੂਜ਼ ਅਸਥਾਨ ਅਤੇ ਸਾਡੀ ਪਨਾਹਗੀਰਾਂ ਦੀ ਰੱਖਿਆ 'ਤੇ ਪੂਰਾ-ਪੂਰਾ ਭਰੋਸਾ ਸੀ ਅਤੇ ਉਹ ਯਕੀਨ ਉਹਨੂੰ ਇਥੋਂ ਤੱਕ ਲਿਆਇਆ ਹੈ। ਇਸ ਆਸ਼ਾ 'ਤੇ ਕਿ ਪਸ਼ੂ ਪਤੀ ਨਾਥ ਦੀ ਸ਼ਰਨ ਵਿਚ ਮੈਨੂੰ ਸ਼ਾਂਤੀ ਮਿਲੇਗੀ, ਉਹ ਇਥੋਂ ਤਕ ਆਈ ਹੈ। ਆਪ ਨੂੰ ਹੱਕ ਹੈ, ਚਾਹੇ ਉਸ ਦੀ ਇਹ ਆਸ਼ਾ ਪੂਰੀ ਕਰੋ ਜਾਂ ਖਾਕ ਵਿਚ ਮਿਲਾ ਦੇਵੋ ! ਚਾਹੇ ਪਨਾਹਗੀਰਾਂ ਦੀ ਰੱਖਿਆ ਦੇ ਨਾਲ ਸਦਾਚਾਰ ਦੇ ਨਿਯਮਾਂ ਨੂੰ ਨਿਭਾ ਕੇ ਇਤਿਹਾਸ ਦੇ ਪੰਨਿਆਂ ਤੇ ਆਪਣਾ ਨਾਉਂ ਛੱਡ ਜਾਵੋ ਜਾਂ ਇਸ ਦੇ ਉਲਟ ਚਲ ਕੇ ਖੁਦ ਆਪਣੇ ਆਪ ਨੂੰ ਗਿਰਿਆ ਹੋਇਆ ਸਾਬਤ ਕਰੋ ! ਮੈਨੂੰ ਯਕੀਨ ਨਹੀਂ ਸੀ ਕਿ ਇਥੇ ਇਕ ਆਦਮੀ ਭੀ ਅਜਿਹਾ ਨਹੀਂ ਹੈ ਕਿ ਜੋ ਇਸ ਮੌਕੇ 'ਤੇ ਸ਼ਰਨਾਗਤ-ਪਾਲਨ ਧਰਮ ਨੂੰ ਭੁਲਾ ਕੇ ਆਪਣਾ ਸਿਰ ਉੱਚਾ ਕਰ ਸਕੇ। ਹੁਣ ਮੈਂ ਆਪ ਦੇ ਆਖਰੀ ਫੈਸਲੇ ਦੀ ਇੰਤਜ਼ਾਰ ਕਰਦਾ ਹਾਂ ਕਹੋ ਆਪ ਆਪਣੀ ਕੌਮ ਅਤੇ ਦੇਸ਼ ਦਾ ਨਾਉਂ ਰੋਸ਼ਨ ਕਰੋਗੇ ਜਾਂ ਸਦਾ ਲਈ ਆਪਣੇ ਮੱਥੇ 'ਤੇ ਬਦਨਾਮੀ ਦਾ ਟਿੱਕਾ ਲਗਾਵੋਗੇ ?

ਰਾਜ ਕੁਮਾਰ ਨੇ ਉਮੰਗ ਨਾਲ ਕਿਹਾ—"ਅਸੀਂ ਮਹਾਰਾਣੀ ਦੇ ਚਰਨਾਂ ਤਲੇ, ਅੱਖਾਂ ਵਿਛਾਵਾਂਗੇ !"

**ਕਪਤਾਨ ਬਿਕ੍ਰਮ ਸਿੰਘ–** ਅਸੀਂ ਉਸ ਨੂੰ ਅਜਿਹੀ ਧੂਮ-ਧਾਮ ਨਾਲ ਲਿਆਵਾਂਗੇ ਕਿ ਸੰਸਾਰ ਹੈਰਾਨ ਹੋ ਜਾਵੇਗਾ !

ਰਾਣਾ ਜੰਗ ਬਹਾਦਰ ਨੇ ਕਿਹਾ, "ਮੈਂ ਆਪਣੇ ਦੋਸਤ ਕਟਬਢ ਖੱਤਰੀ ਦੇ ਮੂੰਹੋਂ

SikhBookClub.com

ਉਨ੍ਹਾਂ ਦਾ ਫੈਸਲਾ ਸੁਣਨਾ ਚਾਹੁੰਦਾ ਹਾਂ।"

ਕਟਬਦ ਖੱਤਰੀ ਇਕ ਪ੍ਰਤਿਭਾਸ਼ਾਲੀ ਪੁਰਖ ਸੀ। ਮੰਤਰੀ-ਮੰਡਲ ਵਿਚ ਉਹ ਰਾਜਾ ਜੰਗ ਬਹਾਦਰ ਦੇ ਬਰਖਿਲਾਫ਼ ਧੜੇ ਦਾ ਮੁਖੀਆ ਸੀ। ਉਹ ਸ਼ਰਮ ਭਰੇ ਲਫਜ਼ਾਂ ਵਿਚ ਬੋਲਿਆ, "ਭਾਵੇਂ ਮੈਂ ਮਹਾਰਾਣੀ ਦੇ ਆਗਮਨ ਨੂੰ ਡਰ ਭਰਿਆ ਨਹੀਂ ਸਮਝਦਾ, ਕਿੰਤੂ ਇਸ ਮੌਕੇ 'ਤੇ ਸਾਡਾ ਇਹੀ ਧਰਮ ਹੈ ਕਿ ਅਸੀਂ ਮਹਾਰਾਣੀ ਨੂੰ ਆਸਰਾ ਦੇਵੀਏ। ਧਰਮ ਤੋਂ ਮੂੰਹ ਮੋੜਨਾ ਕਿਸੇ ਕੌਮ ਲਈ ਇਜ਼ਤ ਦਾ ਕਾਰਨ ਨਹੀਂ ਹੋ ਸਕਦਾ ਹੈ।"

ਕਈ ਆਵਾਜ਼ਾਂ ਨੇ ਉਮੰਗ ਭਰੇ ਲਫਜ਼ਾਂ ਵਿਚ ਇਸ ਪ੍ਰਸੰਗ ਦੀ ਪ੍ਰੋੜ੍ਹਤਾ ਕੀਤੀ। ਮਹਾਰਾਜਾ ਸੁਰਿੰਦਰ ਬਿਕ੍ਰਮ ਸਿੰਘ ਨੇ ਇਹ ਬਹਿਸ-ਮੁਬਾਹਿਸੇ ਨੂੰ ਬੜੇ ਗੌਰ ਨਾਲ ਸੁਣਿਆ ਅਤੇ ਕਿਹਾ, "ਧਰਮ ਵੀਰੋ, ਮੈਂ ਤੁਹਾਨੂੰ ਇਸ ਫੈਸਲੇ 'ਤੇ ਵਧਾਈ ਦੇਂਦਾ ਹਾਂ। ਤੁਸਾਂ ਨੇ ਕੌਮ ਦਾ ਨਾਉਂ ਰਖ ਲੀਤਾ ਹੈ ! ਪਸ਼ੂ ਪਤੀ ਇਸ ਉਤਮ ਕੰਮ ਵਿਚ ਤੁਹਾਡੀ ਸਹਾਇਤਾ ਕਰਨਗੇ !"

ਸਭਾ ਸਮਾਪਤ ਹੋਈ, ਕਿਲ੍ਹੇ ਵਿਚੋਂ ਤੋਪਾਂ ਛੁੱਟਣ ਲਗੀਆਂ। ਨਗਰ ਵਿਚ ਖਬਰ ਫੈਲ ਗਈ ਕਿ ਮਹਾਰਾਣੀ ਜਿੰਦ ਕੌਰ ਦਾ ਸ਼ੁਭ ਆਗਮਨ ਹੋਇਆ ਹੈ। ਜਨਰਲ ਰਣਬੀਰ ਸਿੰਘ ਤੇ ਜਨਰਲ ਸਮਧੀਰ ਸਿੰਘ ਬਹਾਦਰ ਪੰਜ ਹਜ਼ਾਰ ਫੌਜ ਦੇ ਨਾਲ ਮਹਾਰਾਣੀ ਦੀ ਆਉ ਭਗਤ ਕਰਨ ਚਲੇ ਹਨ।

ਅਤਿਥੀ ਭਵਨ (ਰੈਸਟ ਹਾਊਸ) ਦੀ ਸਜਾਵਟ ਹੋਣ ਲੱਗੀ। ਬਜ਼ਾਰ ਵਧੀਆ ਤਰੀਕਿਆਂ ਨਾਲ ਸਜਾਏ ਗਏ। ਐਸ਼ਵਰਜ ਦੀ ਇਜ਼ਤ ਤਥਾ ਮਾਨ ਸਭ ਥਾਈਂ ਹੁੰਦਾ ਹੈ, ਕਿੰਤੂ ਕਿਸੇ ਨੇ ਫਕੀਰਨੀ ਦੀ ਅਜਿਹੀ ਇਜ਼ਤ ਦੇਖੀ ਹੈ? ਜਨਤਾ ਬੈਂਡ ਵਜਾਉਂਦੀ ਤੇ ਝੰਡੇ ਝੁਲਾਉਂਦੀ ਹੋਈ ਉਮਡੀ ਹੋਈ ਨਦੀ ਦੀ ਤਰ੍ਹਾਂ ਚਲੀ ਜਾਂਦੀ ਸੀ, ਸਾਰੇ ਨਗਰ ਵਿਚ ਅਨੰਦ ਹੀ ਅਨੰਦ ਸੀ। ਦੋਨੋਂ ਤਰਫ ਸੋਹਣੇ-ਸੋਹਣੇ ਕਪੜੇ ਅਤੇ ਗਹਿਣਿਆਂ ਨਾਲ ਸਜਿਆ ਹੋਇਆ ਦਰਸ਼ਕਾਂ ਦਾ ਸਮੂਹ ਖੜ੍ਹਾ ਸੀ। ਫੌਜ ਦੇ ਕਮਾਂਡਰ ਅੱਗੇ-ਅੱਗੇ ਘੋੜਿਆਂ 'ਤੇ ਸਵਾਰ ਸਨ। ਸਭ ਤੋਂ ਅੱਗੇ ਰਾਣਾ ਜੰਗ ਬਹਾਦਰ ਕੌਮੀ ਅਭਿਮਾਨ ਦੇ ਮਦ ਵਿਚ ਭਰਿਆ ਹੋਇਆ ਆਪਣੇ ਸੁਨਹਿਰੀ ਹੌਦੇ ਵਿਚ ਬੈਠਾ ਹੋਇਆ ਸੀ। ਇਹ ਉਦਾਰਤਾ ਦਾ ਇਕ ਪਵਿੱਤਰ ਨਜ਼ਾਰਾ ਸੀ। ਧਰਮਸਾਲਾ ਦੇ ਦਰਵਾਜ਼ੇ 'ਤੇ ਜਲੂਸ ਰੁਕਿਆ। ਰਾਣਾ ਹਾਥੀ ਤੋਂ ਉਤਰਿਆ। ਮਹਾਰਾਣੀ ਜਿੰਦ ਕੌਰ ਕੋਠੜੀ ਵਿਚੋਂ ਬਾਹਰ ਨਿਕਲੀ। ਰਾਣਾ ਨੇ ਨਿਉਂ ਕੇ ਮੱਥਾ ਟੇਕਿਆ। ਰਾਣੀ ਉਸ ਦੀ ਤਰਫ ਅਚੰਭੇ ਨਾਲ ਵੇਖਣ ਲੱਗੀ। ਇਹ ਉਹੀ ਉਨ੍ਹਾਂ ਦਾ ਸੱਜਣ ਉਨ੍ਹਾਂ ਦਾ ਬੁੱਢਾ ਸਿਪਾਹੀ ਸੀ। ਅੱਖਾਂ ਭਰ ਆਈਆਂ ਤੇ ਹੱਸੀ। ਖਿੜੇ ਹੋਏ ਫੁੱਲਾਂ ਤੋਂ ਤਰੇਲ ਦੀਆਂ ਬੂੰਦਾਂ ਟਪਕੀਆਂ। ਰਾਣੀ ਬੋਲੀ, "ਮੇਰੇ ਬੁੱਢੇ ਸਿਪਾਹੀ, ਮੇਰੀ ਬੇੜੀ ਪਾਰ ਲਾਣ ਵਾਲੇ, ਕਿਸ ਤਰ੍ਹਾਂ ਤੇਰੇ ਗੁਣ ਗਾਵਾਂ ?"

SikhBookClub.com

ਰਾਣਾ ਨੇ ਸਿਰ ਝੁਕਾ ਕੇ ਕਿਹਾ, "ਆਪ ਦੇ ਚਰਨ ਪਾਉਣ ਨਾਲ ਸਾਡੇ ਭਾਗ ਉਦੈ ਹੋ ਗਏ !"

ਨਿਪਾਲ ਰਾਜ ਸਭਾ ਨੇ ਪੰਝੀ ਹਜ਼ਾਰ ਰੁਪਏ ਨਾਲ ਮਹਾਰਾਣੀ ਦੇ ਵਾਸਤੇ ਇਕ ਆਲੀਸ਼ਾਨ ਮਕਾਨ ਬਣਾ ਦਿਤਾ। ਇਹ ਮਹਿਲ ਅੱਜ ਤੱਕ ਮੌਜੂਦ ਹੈ ਅਤੇ ਨਿਪਾਲ ਦੀ ਸ਼ਰਨਾਗਤ-ਪ੍ਰੀਯਤਾ ਤਥਾ ਪਰਜਾ-ਪਾਲਣ ਤਤਪਰਤਾ ਦੀ ਯਾਦਗਾਰ ਹੈ। ਪੰਜਾਬ ਦੀ ਰਾਣੀ ਨੂੰ ਲੋਕੀਂ ਅੱਜ ਤਕ ਯਾਦ ਕਰਦੇ ਹਨ। ਇਹ ਪੌੜੀ ਹੈ ਜਿਸ ਦਵਾਰਾ ਕੌਮਾਂ ਜਸ ਦੀ ਸੁਨਹਿਰੀ ਚੋਟੀ ਤਕ ਪਹੁੰਚਦੀਆਂ ਹਨ, ਜਿਨ੍ਹਾਂ ਨਾਲ ਕੌਮੀ ਇਤਿਹਾਸ ਨੂੰ ਪ੍ਰਕਾਸ਼ ਅਤੇ ਮਹੱਤਵ ਮਿਲਦਾ ਹੈ। ਪੁਲੀਟੀਕਲ ਏਜੰਟ ਨੇ ਗਵਰਨਮੈਂਟ ਨੂੰ ਰਿਪੋਰਟ ਕੀਤੀ। ਇਸ ਗੱਲ ਦਾ ਸ਼ੱਕ ਸੀ ਕਿ ਗਵਰਨਮੈਂਟ ਆਫ ਇੰਡੀਆ ਅਤੇ ਨਿਪਾਲ ਦੇ ਵਿਚ ਕੁਝ ਖਿੱਚਮ-ਖਿੱਚੀ ਹੋਵੇਗੀ, ਕਿੰਤੂ ਗਵਰਨਮੈਂਟ ਨੂੰ ਰਾਣਾ ਜੰਗ ਬਹਾਦਰ 'ਤੇ ਪੂਰਨ ਭਰੋਸਾ ਸੀ ਅਤੇ ਜਦ ਨਿਪਾਲ ਦੀ ਰਾਜ ਸਭਾ ਨੇ ਯਕੀਨ ਅਤੇ ਸੰਤੋਖ ਦਵਾ ਦਿਤਾ ਕਿ ਮਹਾਰਾਣੀ ਜਿੰਦ ਕੌਰ ਨੂੰ ਕਿਸੇ ਦੁਸ਼ਮਣੀ ਭਾਵ ਦੇ ਹੀਲੇ ਦਾ ਮੌਕਾ ਨਹੀਂ ਦਿਤਾ ਜਾਵੇਗਾ ਤਾਂ ਭਾਰਤ ਸਰਕਾਰ ਨੂੰ ਭੀ ਸੰਤੋਖ ਹੋ ਗਿਆ। ਇਸ ਘਟਨਾ ਨੂੰ ਭਾਰਤ ਦੀ ਇਤਿਹਾਸ ਦੀ ਹਨੇਰੀ ਰਾਤ ਵਿਚ ਟਟਹਿਣੇ ਦੀ ਚਮਕ ਕਹਿਣਾ ਚਾਹੀਦਾ ਹੈ।

SikhBookClub.com

SikhBookClub.com